13ਵਾਂ ਸਾਲ
ਹਫਤਾਵਾਰੀ
# ਦੇਸ਼ ਦੁਆਬਾ
VOL -13 ISSUE - 20
August 21, 2024
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com



ਐਡਮਿੰਟਨ ਦਾ ਸਭ ਤੋਂ ਪਹਿਲਾ ਗੁਰਦੁਆਰਾ ਸ੍ਰੀ ਗੁਰੂ ਨਾਨਕ ਸਿੱਖ ਗੁਰਦੁਆਰਾ ਆਫ਼ ਅਲਬਰਟਾ, ਐਡਮਿੰਟਨ, ਕਨੇਡਾ। (ਰਿਪੋਰਟ ਅਤੇ ਤਸਵੀਰਾਂ ਅੰਦਰ ਦੇਖੋ)




ਅੰਬੇਡਕਰ ਭਵਨ ਜਲੰਧਰ ਵਿਖੇ 1960 ਦੇ ਦਹਾਕੇ ਤੋਂ ਹੀ ਹੋ ਰਿਹਾ ਮਿਸ਼ਨ ਦਾ ਪ੍ਰਚਾਰ-ਪ੍ਰਸਾਰ।
(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 2 'ਤੇ)

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ

## ਕਲਕੱਤਾ ਰੇਪ ਅਤੇ ਕਤਲ ਮਾਮਲੇ ਕਾਰਨ ਭਾਰਤ ਦੀਆਂ ਮੈਡੀਕਲ ਸੇਵਾਵਾਂ ਪ੍ਰਭਾਵਿਤ

### ਸੁਪਰੀਮ ਕੋਰਟ ਨੇ ਡਾਕਟਰਾਂ ਨੂੰ ਕੰਮ 'ਤੇ ਪਰਤਣ ਲਈ ਕਿਹਾ

**ਨਵੀਂ ਦਿੱਲੀ-** ਕੋਲਕਾਤਾ ਦੇ ਆਰਜੀ ਕਰ ਮੈਡੀਕਲ ਕਾਲਜ ਵਿਚ ਪੋਸਟ ਗ੍ਰੈਜੂਏਟ ਮਹਿਲਾ ਡਾਕਟਰ ਦੇ ਬਲਾਤਕਾਰ ਅਤੇ ਹੱਤਿਆ ਦੇ ਮਾਮਲੇ ਨੂੰ ਲੈ ਕੇ ਪ੍ਰਦਰਸ਼ਨਾਂ ਕਾਰਨ ਪੂਰੇ ਭਾਰਤ ਵਿਚ ਮੈਡੀਕਲ ਸੇਵਾਵਾਂ ਬੁਰੀ ਤਰਾਂ ਪ੍ਰਭਾਵਿਤ ਹੋ ਗਈਆਂ ਹਨ। ਸੁਪਰੀਮ ਕੋਰਟ ਨੇ ਹੜਤਾਲ ਕਰ ਰਹੇ ਡਾਕਟਰਾਂ ਨੂੰ ਮੁੜ ਕੰਮ




ਸ਼ੁਰੂ ਕਰਨ ਲਈ ਕਿਹਾ। ਅਦਾਲਤ ਨੇ ਡਾਕਟਰਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੇ ਦੁਬਾਰਾ ਜੁਆਇਨ ਕਰਨ 'ਤੇ ਕੋਈ ਵਿਰੋਧੀ ਕਾਰਵਾਈ ਨਹੀਂ ਕੀਤੀ ਜਾਵੇਗੀ। ਚੀਫ਼ ਜਸਟਿਸ ਡੀਵਾਈ ਚੰਦਰਚੂੜ ਦੀ ਅਗਵਾਈ ਵਾਲੇ ਬੈਂਚ ਨੂੰ ਏਮਜ਼ ਨਾਗਪੁਰ ਦੇ ਰੈਜ਼ੀਡੈਂਟ ਡਾਕਟਰਾਂ ਦੇ ਵਕੀਲ ਨੇ ਦੱਸਿਆ ਕਿ ਕੋਲਕਾਤਾ ਬਲਾਤਕਾਰ-ਕਤਲ ਮਾਮਲੇ ਨੂੰ ਲੈ ਕੇ ਹੋਏ ਵਿਰੋਧ ਪ੍ਰਦਰਸ਼ਨਾਂ ਦਾ ਉਨ੍ਹਾਂ ਨੂੰ ਸ਼ਿਕਾਰ ਬਣਾਇਆ ਜਾ ਰਿਹਾ ਹੈ।

ਇਸ 'ਤੇ ਜਸਟਿਸ ਜੇਬੀ ਪਾਰਦੀਵਾਲਾ ਅਤੇ ਮਨੋਜ ਮਿਸ਼ਰਾ ਦੀ ਬੈਂਚ ਨੇ ਕਿਹਾ, ''ਇੱਕ ਵਾਰ ਜਦੋਂ ਉਹ ਡਿਊਟੀ 'ਤੇ ਪਰਤ ਜਾਣਗੇ ਤਾਂ ਅਸੀਂ ਅਧਿਕਾਰੀਆਂ 'ਤੇ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਾ ਕਰਨ ਲਈ ਦਬਾਅ ਪਾਵਾਂਗੇ। ਉਨ੍ਹਾਂ ਨਾਲ ਹੀ ਇਹ ਵੀ ਕਿਹਾ ਕਿ ਜੇ ਡਾਕਟਰ ਕੰਮ ਨਹੀਂ ਕਰਨਗੇ ਤਾਂ ਜਨਤਕ ਸਿਹਤ ਬੁਨਿਆਦੀ ਢਾਂਚਾ ਕਿਵੇਂ ਚੱਲੇਗਾ।'' ਬੈਂਚ ਨੇ ਕਿਹਾ, ''ਜੇ ਉਸ ਤੋਂ ਬਾਅਦ ਕੋਈ ਮੁਸ਼ਕਲ ਆਉਂਦੀ ਹੈ ਤਾਂ ਸਾਡੇ ਕੋਲ ਆਓ, ਪਰ ਉਨ੍ਹਾਂ ਨੂੰ ਪਹਿਲਾਂ ਕੰਮ ਕਰਨ ਲਈ ਰਿਪੋਰਟ ਕਰਨ ਦਿਓ।''

ਕੋਲਕਾਤਾ ਦੀ ਇੱਕ ਪੋਸਟ-ਗ੍ਰੈਜੂਏਟ ਸਿਖਿਆਰਥੀ ਮਹਿਲਾ ਡਾਕਟਰ ਨਾਲ ਜਬਰ ਜਨਾਹ ਅਤੇ ਕਤਲ ਦੇ ਮਾਮਲੇ ਵਿੱਚ ਆਰਜੀ ਕਾਰ ਹਸਪਤਾਲ ਦੇ ਸਾਬਕਾ ਡਿਪਟੀ ਸੁਪਰਡੈਂਟ ਡਾ: ਅਖਤਰ ਅਲੀ ਨੇ ਹਸਪਤਾਲ ਦੇ ਸਾਬਕਾ ਪ੍ਰਿੰਸੀਪਲ ਡਾ. ਸੰਦੀਪ ਘੋਸ਼ 'ਤੇ ਵਿੱਤੀ ਬੇਨਿਯਮੀਆਂ ਦੇ ਕਈ ਗੰਭੀਰ ਦੋਸ਼ ਲਾਏ ਹਨ। ਉਸ ਨੇ ਦੋਸ਼ ਲਾਇਆ ਹੈ ਕਿ ਸਾਬਕਾ ਪ੍ਰਿੰਸੀਪਲ ਲਾਵਾਰਸ ਲਾਸ਼ਾਂ ਦਾ ਸੌਦਾ ਕਰਦਾ ਸੀ। ਇਸ ਤੋਂ ਇਲਾਵਾ ਕਈ ਅਨੈਤਿਕ ਗਤੀਵਿਧੀਆਂ ਵਿੱਚ ਸ਼ਾਮਲ ਸਨ।

## ਬਿਹਾਰ, ਝਾਰਖੰਡ ਤੇ ਕਬਾਇਲੀ ਇਲਾਕਿਆਂ 'ਚ ਭਾਰਤ ਬੰਦ ਨੂੰ ਭਰਵਾਂ ਹੁੰਗਾਰਾ

### ਰਾਖਵੇਂਕਰਨ ਦਾ ਕੋਟਾ ਵੰਡਣ ਅਤੇ 'ਕ੍ਰੀਮੀ ਲੇਅਰ' ਸਬੰਧੀ ਐਸ.ਸੀ/ਐਸ.ਟੀ ਭਾਈਚਾਰੇ ਦੀ ਇਕਰਾਇ ਨਹੀਂ

**ਨਵੀਂ ਦਿੱਲੀ/ਪਟਨਾ (ਬਿਊਰੋ)-** ਰਾਖਵੇਂਕਰਨ ਦਾ ਕੋਟਾ ਵੰਡਣ ਅਤੇ 'ਕ੍ਰੀਮੀ ਲੇਅਰ' ਸਬੰਧੀ ਸੁਪਰੀਮ ਕੋਰਟ ਵੱਲੋਂ ਸੁਣਾਏ ਗਏ ਫ਼ੈਸਲੇ ਖ਼ਿਲਾਫ਼ ਭਾਰਤ ਬੰਦ ਨੂੰ ਬਿਹਾਰ, ਝਾਰਖੰਡ ਅਤੇ ਵੱਖ ਵੱਖ ਸੂਬਿਆਂ ਦੇ ਕਬਾਇਲੀ ਇਲਾਕਿਆਂ ਵਿੱਚ ਭਰਵਾਂ ਹੁੰਗਾਰਾ ਮਿਲਿਆ। ਬੰਦ ਕਾਰਨ ਇਥੇ ਆਮ ਜਨਜੀਵਨ ਠੱਪ ਰਿਹਾ। ਪਟਨਾ, ਦਰਭੰਗਾ ਅਤੇ ਬੇਗੂਸਰਾਏ ਸਣੇ ਬਿਹਾਰ ਦੇ ਕਈ ਜ਼ਿਲ੍ਹਿਆਂ ਵਿੱਚ ਪੁਲੀਸ ਨੇ ਪ੍ਰਦਰਸ਼ਨਕਾਰੀਆਂ 'ਤੇ ਲਾਠੀਚਾਰਜ ਕੀਤਾ ਤੇ ਪਾਣੀ ਦੀਆਂ ਬੁਛਾੜਾਂ ਕੀਤੀਆਂ। ਲਾਠੀਚਾਰਜ ਦੀ ਘਟਨਾ ਪਟਨਾ ਦੇ ਡਾਕ ਬੰਗਲਾ ਚੌਕ 'ਤੇ ਵਾਪਰੀ, ਜਿੱਥੇ ਵੱਡੀ ਗਿਣਤੀ 'ਚ ਪ੍ਰਦਰਸ਼ਨਕਾਰੀ ਇਕੱਠੇ ਹੋਏ ਸਨ।



ਪ੍ਰਦਰਸ਼ਨ ਕਾਰੀਆਂ ਦੀ ਵੱਡੀ ਭੀੜ ਨੂੰ ਖਿੰਡਾਉਣ ਲਈ ਪੁਲੀਸ ਨੇ ਲਾਠੀਚਾਰਜ ਕੀਤਾ ਅਤੇ ਜਲ ਤੋਪਾਂ ਦੀ ਵਰਤੋਂ ਕੀਤੀ। ਬਿਹਾਰ ਦੇ ਦਰਭੰਗਾ, ਹਾਜੀਪੁਰ, ਜਹਾਨਾਬਾਦ, ਨਵਾਦਾ ਅਤੇ ਹੋਰ ਜ਼ਿਲ੍ਹਿਆਂ ਵਿੱਚ ਵੀ ਇਸ ਦਾ ਅਸਰ ਦੇਖਿਆ ਗਿਆ। ਝਾਰਖੰਡ ਅਤੇ ਉੜੀਆ ਵਿੱਚ ਟਰਾਂਸਪੋਰਟ ਸੇਵਾਵਾਂ ਅੰਸ਼ਕ ਤੌਰ 'ਤੇ ਪ੍ਰਭਾਵਿਤ ਹੋਈਆਂ। ਉੜੀਸਾ ਵਿੱਚ ਰੇਲ ਅਤੇ ਟਰਾਂਸਪੋਰਟ ਸੇਵਾ ਅੰਸ਼ਕ ਤੌਰ 'ਤੇ ਪ੍ਰਭਾਵਿਤ ਰਹੀ। ਦਾਂਤੇਵਾੜਾ ਵਿੱਚ ਵੱਡੀ ਮੋਟਰਸਾਈਕਲ ਰੈਲੀ ਕੱਢੀ ਗਈ। ਗੁਜਰਾਤ ਅਤੇ ਉੱਤਰਪ੍ਰਦੇਸ਼ ਵਿੱਚ ਵੀ ਬੰਦ ਦਾ ਕੁਝ ਅਸਰ ਦੇਖਣ ਨੂੰ ਮਿਲਿਆ। ਭੀਮ ਆਰਮੀ ਨੇ ਪੱਛਮੀ ਉਤਰ ਪ੍ਰਦੇਸ਼ ਵਿੱਚ ਰੋਸ ਮੁਜ਼ਾਹਰੇ ਕੀਤੇ। ਆਜ਼ਾਦ ਸਮਾਜ ਪਾਰਟੀ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਚੰਦਰ ਸ਼ੇਖਰ ਆਜ਼ਾਦ ਨੇ ਐਕਸ 'ਤੇ ਕਿਹਾ ਕਿ ਅੱਜ ਦੇ ਅੰਦੋਲਨ ਨੇ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਸਪਸ਼ਟ ਸੁਨੇਹਾ ਦਿੱਤਾ ਹੈ ਕਿ ਹੁਣ ਬਹੁਜਨ ਸਮਾਜ ਵੰਡ ਤੇ ਰਾਜ ਕਰੋ ਦੀ ਸਾਜ਼ਿਸ਼ ਬਰਦਾਸ਼ਤ ਨਹੀਂ ਕਰੇਗਾ। ਹੋਰਨਾਂ ਉੱਤਰੀ ਸੂਬਿਆਂ ਰਾਜਸਥਾਨ ਤੇ ਹਰਿਆਣਾ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਬੰਦ ਦਾ ਮੱਠਾ ਅਸਰ ਰਿਹਾ। ਪੰਜਾਬ ਦੇ ਲੁਧਿਆਣਾ, ਪਟਿਆਲਾ, ਸੰਗਰੂਰ ਅਤੇ ਬਾਕੀ ਜ਼ਿਲ੍ਹਿਆਂ ਵਿੱਚ ਅੱਜ ਮੱਠਾ ਹੁੰਗਾਰਾ ਮਿਲਿਆ। ਬਹੁਗਿਣਤੀ ਦਲਿਤ ਵੱਸੋਂ ਵਾਲੇ ਜਲੰਧਰ ਜ਼ਿਲ੍ਹੇ ਵਿੱਚ ਵੀ ਬੰਦ ਨੂੰ ਬਹੁਤਾ ਹੁੰਗਾਰਾ ਨਹੀਂ ਮਿਲਿਆ। ਹਾਲਾਂਕਿ ਬਸਪਾ ਆਗੂਆਂ ਤੇ ਵਰਕਰਾਂ ਨੇ ਸਵੇਰੇ 9 ਵਜੇ ਤੋਂ ਸ਼ਾਮ ਤਿੰਨ ਵਜੇ ਤੱਕ ਰੋਸ ਪ੍ਰਦਰਸ਼ਨ ਕੀਤੇ ਤੇ ਕੁੱਝ ਇਲਾਕਿਆਂ 'ਚ ਦੁਕਾਨਾਂ ਬੰਦ ਕਰਵਾਈਆਂ ਗਈਆਂ। ਉਧਰ ਵਾਲਮੀਕਿ ਭਾਈਚਾਰੇ ਨੇ ਸੁਪਰੀਮ ਕੋਰਟ ਦੇ ਫ਼ੈਸਲੇ ਦਾ ਡਟ ਕੇ ਸਮਰਥਨ ਕੀਤਾ। ਮਹਾਰਾਸ਼ਟਰ ਪੁਲਿਸ ਨੇ ਪ੍ਰਦਰਸ਼ਨਾਂ ਅਤੇ ਭੰਨਤੋੜ ਦੇ ਮਾਮਲੇ ਵਿੱਚ ਸਖ਼ਤ ਕਾਰਵਾਈ ਕੀਤੀ ਹੈ। ਪ੍ਰਦਰਸ਼ਨ ਕਰ ਰਹੇ 300 ਲੋਕਾਂ ਖਿਲਾਫ ਐਫਆਈਆਰ ਦਰਜ ਕੀਤੀ ਗਈ ਹੈ। ਇਸ ਦੇ ਨਾਲ ਹੀ ਪੁਲਿਸ ਨੇ 40 ਲੋਕਾਂ ਨੂੰ ਗ੍ਰਿਫਤਾਰ ਵੀ ਕੀਤਾ ਹੈ। ਗ੍ਰਿਫਤਾਰ ਵਿਅਕਤੀਆਂ ਨੂੰ ਅੱਜ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

## ਕੇਂਦਰ ਸਰਕਾਰ ਵੱਲੋਂ ਪ੍ਰਸ਼ਾਸਨਿਕ ਅਹੁਦਿਆਂ 'ਤੇ ਪਿਛਲੇ ਦਰਵਾਜਿਉਂ ਨਿਯੁਕਤੀਆਂ ਸਵਾਲਾਂ ਦੇ ਘੇਰੇ 'ਚ

**ਚੰਡੀਗੜ੍ਹ-**ਕੇਂਦਰ ਸਰਕਾਰ ਵੱਲੋਂ ਪ੍ਰਸ਼ਾਸਨਿਕ ਅਹੁਦਿਆਂ 'ਤੇ ਪਿਛਲੇ ਦਰਵਾਜਿਉਂ ਕੀਤੀਆਂ ਜਾ ਰਹੀਆਂ ਨਿਯੁਕਤੀਆਂ ਸਵਾਲਾਂ ਦੇ ਘੇਰੇ ਵਿਚ ਆ ਗਈਆਂ ਹਨ। ਕੇਂਦਰ ਸਰਕਾਰ ਵੱਲੋਂ ਪ੍ਰਸ਼ਾਸਨਿਕ ਅਹੁਦਿਆਂ 'ਤੇ ਪਿਛਲੇ ਦਰਵਾਜਿਉਂ ਨਿਯੁਕਤੀ ਦਾ ਵਿਰੋਧ ਪੰਜਾਬ ਤੋਂ ਸ਼ੁਰੂ ਹੋ ਗਿਆ ਹੈ। ਕੇਂਦਰ ਦੀ ਇਸ ਨੀਤੀ 'ਤੇ ਸਵਾਲ ਖੜ੍ਹੇ ਹੋਣ ਲੱਗੇ ਹਨ। ਮਿਲੀ ਜਾਣਕਾਰੀ ਅਨੁਸਾਰ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂ. ਪੀ. ਐਸ. ਸੀ.) ਨੇ ਕੇਂਦਰੀ ਮੰਤਰਾਲਿਆਂ ਵਿਚ 10 ਜਾਇੰਟ ਸੈਕਟਰੀਆਂ ਅਤੇ 35 ਡਾਇਰੈਕਟਰਾਂ/ਸਕੱਤਰਾਂ ਦੀ ਠੇਕਾ ਆਧਾਰਿਤ ਸਿੱਧੀ ਭਰਤੀ ਲਈ ਪਿਛਲੇ ਦਿਨੀਂ ਇਕ ਇਸ਼ਤਿਹਾਰ ਦਿੱਤਾ ਹੈ।

ਦੱਸਿਆ ਜਾ ਰਿਹਾ ਹੈ ਕਿ ਪਹਿਲਾਂ ਅਜਿਹੀਆਂ ਪੋਸਟਾਂ ਨੂੰ ਆਈ. ਏ. ਐਸ., ਆਈ. ਪੀ. ਐਸ. ਆਦਿ ਭਾਰਤੀ ਪ੍ਰਸ਼ਾਸਨਿਕ ਸੇਵਾਵਾਂ ਦੇ ਅਧਿਕਾਰੀਆਂ ਨਾਲ ਭਰਿਆ ਜਾਂਦਾ ਰਿਹਾ ਹੈ, ਪਰ ਹੁਣ ਮੋਦੀ ਸਰਕਾਰ ਨੇ ਨਿੱਜੀ ਖੇਤਰ ਵਿਚੋਂ ਹੋਣਹਾਰ ਵਿਅਕਤੀਆਂ ਦੀਆਂ ਸੇਵਾਵਾਂ ਲੈਣ ਦੇ ਨਾਂ 'ਤੇ 'ਲੇਟਰਲ ਐਂਟਰੀ ਯੋਜਨਾ' ਰਾਹੀਂ ਇਹਨਾਂ ਨੂੰ ਪਿਛਲੇ ਦਰਵਾਜਿਉਂ ਨਿਯੁਕਤੀ ਦੇਣ ਦਾ ਨਵਾਂ ਢੰਗ ਕੱਢਿਆ ਹੈ।

ਇਸ ਮਸਲੇ 'ਤੇ ਹੋਰ ਖੁਲਾਸਾ ਕਰਦੇ ਹੋਏ ਡੈਮੋਕ੍ਰੇਟਿਥ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਤੇ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਸੰਵਿਧਾਨਕ ਅਦਾਰਿਆਂ ਰਾਹੀਂ ਪਾਰਦਰਸ਼ੀ ਭਰਤੀ ਪ੍ਰਕਿਰਿਆ ਚਲਾਉਣ ਦੀ ਜ਼ਿੰਮੇਵਾਰੀ ਨਿਭਾਉਣ ਦੀ ਥਾਂ ਭਾਜਪਾ ਤੇ ਕਾਰਪੋਰੇਟ ਦੇ ਚਹੇਤਿਆਂ ਨੂੰ ਪ੍ਰਸ਼ਾਸਨਿਕ ਅਹੁਦਿਆਂ ਨਾਲ ਨਿਵਾਜਣ ਅਤੇ ਐਸ. ਸੀ., ਐਸ. ਟੀ., ਪੱਛੜੇ ਵਰਗਾਂ ਤੇ ਦਿਵਿਆਂਗਾਂ ਨੂੰ ਰਾਖਵਾਂਕਰਨ ਪਾਲਸੀ ਤਹਿਤ ਮਿਲਦੀ ਸੁਰੱਖਿਆ ਦੀਆਂ ਸ਼ਰੇਆਮ ਧੱਜੀਆਂ ਉਡਾਉਣ 'ਤੇ ਲੱਗ ਗਈ ਹੈ। ਇਸ ਯੋਜਨਾ ਤਹਿਤ 63 ਨਿਯੁਕਤੀਆਂ ਕੀਤੀਆਂ ਜਾ ਚੁੱਕੀਆਂ ਹਨ।

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

# ਅੰਬੇਡਕਰ ਭਵਨ ਜਲੰਧਰ ਵਿਖੇ 1960 ਦੇ ਦਹਾਕੇ ਤੋਂ ਹੀ ਹੋ ਰਿਹਾ ਮਿਸ਼ਨ ਦਾ ਪ੍ਰਚਾਰ-ਪ੍ਰਸਾਰ


## ਸਮਾਜ ਪ੍ਰਤੀ ਚਿੰਤਤ ਲੋਕਾਂ ਨੂੰ ਸੁਚੇਤ ਰਹਿਣ ਦੀ ਅਪੀਲ- ਡਾ. ਕੌਲ










ਡਾ. ਜੀ. ਸੀ. ਕੌਲ



ਅੰਬੇਡਕਰ ਭਵਨ ਟਰੱਸਟ (ਰਜਿ.) ਦੇ ਜਨਰਲ ਸਕੱਤਰ ਡਾ. ਜੀ. ਸੀ. ਕੌਲ ਨੇ ਇੱਕ ਪ੍ਰੈਸ ਬਿਆਨ ਵਿੱਚ ਕਿਹਾ ਕਿ ਸਾਡਾ ਟਰੱਸਟ , ਅੰਬੇਡਕਰ ਭਵਨ, ਡਾ। ਅੰਬੇਡਕਰ ਮਾਰਗ, ਜਲੰਧਰ ਵਿਖੇ ਸੰਨ 1972 ਤੋਂ ਅੰਬੇਡਕਰ ਮਿਸ਼ਨ ਦੇ ਪ੍ਰਚਾਰ ਅਤੇ ਪ੍ਰਸਾਰ ਵਾਸਤੇ ਨਿਰੰਤਰ ਕੰਮ ਕਰ ਰਿਹਾ ਹੈ। ਯਾਦ ਰਹੇ ਕਿ ਪੰਜਾਬ ਵਿੱਚ ਆਰਪੀਆਈ ਦੇ 1964 ਦੇ ਸਰਵ ਹਿੰਦ ਮੋਰਚੇ ਦੀ ਸ਼ੁਰੂਆਤ ਵੀ ਇਸੇ ਅੰਬੇਡਕਰ ਭਵਨ ਤੋਂ ਹੋਈ ਸੀ। ਬਾਬਾ ਸਾਹਿਬ ਡਾ। ਭੀਮ ਰਾਓ ਅੰਬੇਡਕਰ ਨੇ ਇਸੇ ਹੀ ਜਗ੍ਹਾ 27 ਅਕਤੂਬਰ 1951 ਨੂੰ ਜਲੰਧਰ ਵਿਖੇ ਆ ਕੇ ਲੱਖਾਂ ਲੋਕਾਂ ਨੂੰ ਸੰ-ਬੋਧਨ ਕੀਤਾ ਸੀ। ਉੱਘੇ ਅੰਬੇਡਕਰਵਾਦੀ ਸ੍ਰੀ ਲਾਹੌਰੀ ਰਾਮ ਬਾਲੀ, ਜਿਨ੍ਹਾਂ ਨੇ ਬਾਬਾ ਸਾਹਿਬ ਦੇ ਪ੍ਰੀ ਨਿਰਵਾਣ ਵਾਲੇ ਦਿਨ 6 ਦਸੰਬਰ 1956 ਨੂੰ ਆਪਣੀ ਸਰਕਾਰੀ ਪੱਕੀ ਨੌਕਰੀ ਛੱਡ ਕੇ ਅੰਬੇਡਕਰ ਮਿਸ਼ਨ ਦੇ ਪ੍ਰਚਾਰ-ਪ੍ਰਸਾਰ ਦਾ ਕੰਮ ਸ਼ੁਰੂ ਕੀਤਾ ਅਤੇ ਸ੍ਰੀ ਕਰਮ ਚੰਦ ਬਾਠ ਦੇ ਸਹਿਯੋਗ ਨਾਲ ਸੰਨ 1963 ਵਿੱਚ ਇਹ ਭੂਮੀ ਖਰੀਦ ਕੇ ਸੰਨ 1972 ਵਿੱਚ ਇਸ ਦਾ ਟਰੱਸਟ ਬਣਾ ਦਿੱਤਾ ਅਤੇ ਇਸ ਟਰੱਸਟ ਦੀ ਮਦਦ ਨਾਲ ਇਸ ਭੂਮੀ ਉੱਪਰ ਇੱਕ ਸ਼ਾਨਦਾਰ ਭਵਨ ਉਸਾਰਿਆ। ਡਾ. ਕੌਲ ਨੇ ਕਿਹਾ ਕਿ ਵਰਤਮਾਨ ਵਿਚ ਅੰਬੇਡਕਰ ਭਵਨ ਕੋਲ ਦੋ ਹਾਲ ਕਮਰੇ ਹਨ ਜੋ ਆਪਣੇ ਸਮਾਜ ਦੇ ਲੋਕਾਂ ਨੂੰ ਅਤੇ ਸਮਾਜਿਕ ਜਥੇਬੰਦੀਆਂ ਨੂੰ ਪਰਿਵਾਰਕ ਅਤੇ ਸਮਾਜਿਕ ਫੰਕਸ਼ਨਾ ਵਾਸਤੇ ਨਾਮਾਤਰ ਕਿਰਾਏ ਤੇ ਮੁਹਈਆ ਕਰਾਏ ਜਾਂਦੇ ਹਨ। ਇਸ ਸਹੂਲਤ ਦਾ ਲਾਭ ਲੈਣ ਲਈ, ਭਵਨ ਟਰੱਸਟ ਦੀਆਂ ਕੁਝ ਸ਼ਰਤਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ। ਡਾ. ਕੌਲ ਨੇ ਅੱਗੇ ਕਿਹਾ ਕਿ 1960 ਦੇ ਦਹਾਕੇ ਤੋਂ ਹੀ ਅੰਬੇਡਕਰ ਮਿਸ਼ਨ ਦੇ ਪ੍ਰਚਾਰ ਪ੍ਰਸਾਰ ਦਾ ਕੰਮ ਇਸ ਅੰਬੇਡਕਰ ਭਵਨ ਤੋਂ ਨਿਰੰਤਰ ਜਾਰੀ ਹੈ। ਇਸ ਇਤਿਹਾਸਕ ਭਵਨ ਤੋਂ ਪ੍ਰੇਰਨਾ ਲੈ ਕੇ ਅਨੇਕਾਂ ਸੰਸਥਾਵਾਂ ਅੱਜ ਅੰਬੇਡਕਰ ਮਿਸ਼ਨ ਦਾ ਪ੍ਰਚਾਰ-ਪ੍ਰਸਾਰ ਕਰ ਰਹੀਆਂ ਹਨ। ਇਹ ਅੰਬੇਡਕਰ ਭਵਨ ਆਪਣੀ ਨਿਰੋਲ ਵਿਚਾਰਧਾਰਾ ਕਰਕੇ ਪੰਜਾਬ ਵਿੱਚ ਹੀ ਨਹੀਂ, ਬਲਕਿ ਉੱਤਰੀ ਭਾਰਤ ਵਿੱਚ ਅੰਬੇਡਕਰੀ ਵਿਚਾਰਧਾਰਾ ਦਾ ਕੇਂਦਰ ਬਿੰਦੂ ਹੈ।

ਇੱਥੇ ਪਿਛਲੀ ਅੱਧੀ ਸਦੀ ਤੋਂ ਦੇਸ਼ ਦੇ ਮਹਾਨ ਬੁੱਧੀਜੀਵੀ ਆਪਣੇ ਵਿਚਾਰ ਰੱਖ ਚੁੱਕੇ ਹਨ। ਇਹ ਭਵਨ ਇਸ ਗੱਲ ਦਾ ਵੀ ਗਵਾਹ ਹੈ ਕਿ ਬਾਲੀ ਸਾਹਿਬ ਦੇ ਵੱਡੇ ਭਾਈ ਬਿਹਾਰੀ ਲਾਲ ਖਾਰ ਜੀ ਨੇ ਮਰਨ ਵਰਤ ਰੱਖ ਕੇ 14 ਅਪ੍ਰੈਲ 1982 ਨੂੰ ਬਾਬਾ ਸਾਹਿਬ ਦੇ ਜਨਮਦਿਨ ਦੀ ਗ਼ਜ਼ੇਟਿਡ ਛੁੱਟੀ ਮਨਜ਼ੂਰ ਕਰਵਾਈ ਸੀ।

ਉਨ੍ਹਾਂ ਨੇ ਕਿਹਾ ਕਿ ਕੁਝ ਮੁੱਠੀ ਭਰ ਚੁਨਿੰਦਾ ਲੋਕ ਆਪਣੇ ਨਿੱਜੀ ਹਿੱਤਾਂ ਦੀ ਖਾਤਰ ਅੰਬੇਡਕਰ ਭਵਨ ਦਾ ਅਕਸ ਧੁੰਦਲਾ ਕਰਨ ਲਈ ਬਿਨਾਂ ਸੋਚੇ-ਸਮਝੇ ਅਤੇ ਬਿਨਾ ਸਬੂਤ ਮਨ-ਘੜੰਤ ਆਡੀਓ/ਵੀਡੀਓ ਪੋਸਟਾਂ ਸੋਸ਼ਲ ਮੀਡੀਆ ਤੇ ਪਾ ਰਹੇ ਹਨ। ਅਜਿਹੇ ਲੋਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਮ ਪਬਲਿਕ ਵਿੱਚ ਭਰਮ ਫੈਲਾਉਣ ਦੀ ਬਜਾਏ ਟਰੱਸਟ ਨਾਲ ਬੈਠ ਕੇ ਗੱਲ ਕਰ ਸਕਦੇ ਹਨ, ਨਹੀਂ ਤਾਂ ਉਨ੍ਹਾਂ ਖਿਲਾਫ ਸਾਈਬਰ ਕ੍ਰਾਈਮ ਤਹਿਤ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ। ਡਾ. ਜੀ. ਸੀ. ਕੌਲ ਨੇ ਅੱਗੇ ਕਿਹਾ ਕਿ ਅੰਬੇਡਕਰ ਭਵਨ ਟਰੱਸਟ ਨੇ ਸਮਾਜ ਪ੍ਰਤੀ ਚਿੰਤਤ ਸੂਝਵਾਨ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਜਿਹੇ ਝੂਠੇ, ਮੌਕਾ ਪ੍ਰਸਤ ਅਤੇ ਅੰਬੇਡਕਰ ਭਵਨ ਬਾਰੇ ਗਲਤ ਅਫਵਾਹਾਂ ਫੈਲਾਉਣ ਵਾਲੇ ਲੋਕਾਂ ਤੋਂ ਸੁਚੇਤ ਰਹਿਣ।

**ਡਾ. ਜੀ. ਸੀ. ਕੌਲ**
**ਜਨਰਲ ਸਕੱਤਰ**
**ਅੰਬੇਡਕਰ ਭਵਨ ਟਰੱਸਟ (ਰਜਿ.)**

# ਐੱਸ.ਸੀ./ਐੱਸ.ਟੀ. ਪੱਛੜੇ ਵਰਗਾਂ ਤੇ ਦਿਵੀਆਂਗਾ ਨੂੰ ਰਿਜ਼ਰਵੇਸ਼ਨ ਪਾਲਿਸੀ ਤਹਿਤ ਮਿਲਣ ਵਾਲੀਆਂ ਸੁਰੱਖਿਆ ਦੀਆਂ ਸ਼ਰੇਆਮ ਉੱਡ ਰਹੀਆਂ ਧੱਜੀਆਂ - ਡੀਟੀਐੱਫ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)-** ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਤੇ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਦੱਸਿਆ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਸੰਵਿਧਾਨਕ ਅਦਾਰਿਆਂ ਰਾਹੀਂ ਪਾਰਦਰਸ਼ੀ ਭਰਤੀ ਪ੍ਰਕਿਰਿਆ ਚਲਾਉਣ ਦੀ ਜਿੰਮੇਵਾਰੀ ਨਿਭਾਉਣ ਦੀ ਥਾਂ ਬੀ.ਜੇ.ਪੀ. ਅਤੇ ਕਾਰਪੋਰੇਟ ਦੇ ਚਹੇਤਿਆਂ ਨੂੰ ਪ੍ਰਸ਼ਾਸ਼ਨਿਕ ਅਹੁਦਿਆਂ ਨਾਲ ਨਿਵਾਜ਼ਨ ਅਤੇ ਐੱਸ.ਸੀ., ਐੱਸ.ਟੀ., ਪੱਛੜੇ ਵਰਗਾਂ ਤੇ ਦਿਵੀਆਂਗਾ ਨੂੰ ਰਿਜ਼ਰਵੇਸ਼ਨ ਪਾਲਿਸੀ ਤਹਿਤ ਮਿਲਦੀ ਸੁਰੱਖਿਆ ਦੀਆਂ ਸ਼ਰੇਆਮ ਧੱਜੀਆਂ ਉਡਾਉਣ, ਨੀਤੀਗਤ ਤੇ ਅਹਿਮ ਜਿੰਮੇਵਾਰੀ ਨਾਲ ਸੰਬੰਧਿਤ ਅਹੁਦਿਆਂ 'ਤੇ ਆਰ.ਐੱਸ.ਐੱਸ. ਦੀ ਭਗਵੀਂ ਵਿਚਾਰਧਾਰਾ ਵਾਲੇ ਵਿਅਕਤੀ ਬਿਠਾਉਣ ਦੀ ਸਾਜ਼ਿਸ਼ ਤਹਿਤ ਲੇਟਰਲ ਐਂਟਰੀ ਯੋਜਨਾ ਲਾਗੂ ਕਰ ਰਹੀ ਹੈ। ਇਸ ਬਾਰੇ ਵਿਸਤ੍ਰਿਤ ਜਾਣਕਾਰੀ ਦਿੰਦਿਆਂ ਡੀ।ਟੀ।ਐੱਫ ਆਗੂਆ ਸੁਖਦੇਵ ਡਾਨਸੀਵਾਲ, ਇੰਦਰਸੁਖਦੀਪ ਸਿੰਘ ਓਡਰਾ, ਮਨਜੀਤ ਸਿੰਘ ਦਸੂਹਾ, ਵਰਿੰਦਰ ਸਿੰਘ, ਰੇਸ਼ਮ ਸਿੰਘ, ਮਨਜੀਤ ਸਿੰਘ ਬਾਬਾ, ਬਲਜੀਤ ਸਿੰਘ, ਪ੍ਰਵੀਨ ਕੁਮਾਰ, ਅਸ਼ਨੀ ਕੁਮਾਰ, ਬਲ-ਜੰਦਰ ਸਿੰਘ, ਕਰਨੈਲ ਸਿੰਘ, ਪ੍ਰਦੀਪ ਸਿੰਘ, ਬਲਜਿੰਦਰ ਸਿੰਘ, ਸੰਦੀਪ ਕੁਮਾਰ, ਜਗਦੀਪ ਕੁਮਾਰ ਨੇ ਦੱਸਿਆ ਕਿ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂ ਪੀ ਐੱਸ ਸੀ) ਨੇ ਕੇਂਦਰੀ ਮੰਤਰਾਲਿਆਂ ਵਿਚ 10 ਜਾਇੰਟ ਸੈਕਟਰੀਆਂ ਅਤੇ 35 ਡਾਇਰੈਕਟਰਾਂ/ਸੈਕਟਰੀਆਂ ਦੀ ਠੇਕਾ ਅਧਾਰਿਤ ਸਿੱਧੀ ਭਰਤੀ ਲਈ ਪਿਛਲੇ ਸ਼ਨੀਵਾਰ ਇਕ ਇਸ਼ਤਿਹਾਰ ਦਿੱਤਾ ਹੈ। ਪਹਿਲਾਂ ਅਜਿਹੀਆਂ ਪੋਸਟਾਂ ਨੂੰ ਆਈ ਏ ਐੱਸ, ਆਈ ਪੀ ਐੱਸ ਆਦਿ ਭਾਰਤੀ ਪ੍ਰਸ਼ਾਸਨਿਕ ਸੇਵਾਵਾਂ ਦੇ ਅਧਿਕਾਰੀਆਂ ਨਾਲ ਭਰਿਆ ਜਾਂਦਾ ਰਿਹਾ ਹੈ। ਪਰ ਹੁਣ ਮੋਦੀ ਸਰਕਾਰ ਨੇ ਨਿੱਜੀ ਖੇਤਰ ਵਿੱਚੋਂ ਹੋਣਹਾਰ ਵਿਅਕਤੀਆਂ ਦੀਆਂ ਸੇਵਾਵਾਂ ਲੈਣ ਦੇ ਨਾਂ 'ਤੇ 'ਲੇਟਰਲ ਐਂਟਰੀ ਯੋਜਨਾ' ਰਾਹੀਂ ਇੰਨ੍ਹਾਂ ਨੂੰ ਪਿਛਲੇ ਦਰਵਾਜ਼ਿਓਂ ਨਿਯੁਕਤੀ ਦੇਣ ਦਾ ਨਵਾਂ ਢੰਗ ਕੱਢਿਆ ਹੈ। 2018 ਵਿਚ ਸ਼ੁਰੂ ਕੀਤੀ ਗਈ ਇਸ ਯੋਜਨਾ ਤਹਿਤ ਹੁਣ ਤੱਕ 63 ਨਿਯੁਕਤੀਆਂ ਕੀਤੀਆਂ ਜਾ ਚੁੱਕੀਆਂ ਹਨ। ਇਸ ਯੋਜਨਾ ਦਾ ਸ਼ੁਰੂ ਤੋਂ ਹੀ ਵਿਰੋਧ ਹੋ ਰਿਹਾ ਹੈ ਕਿਉਂਕਿ ਇਹ ਪ੍ਰਣਾਲੀ ਭਾਰਤੀ ਸੰਵਿਧਾਨ ਤਹਿਤ ਬਣੀ ਰਿਜ਼ਰਵੇਸ਼ਨ ਨੀਤੀ ਨੂੰ ਬਾਈਪਾਸ ਕਰਦਿਆਂ ਹਾਸ਼ੀਏ 'ਤੇ ਰਹਿਣ ਵਾਲੇ ਭਾਈਚਾਰਿਆਂ ਲਈ ਸਰਕਾਰੀ ਨੌਕਰੀਆਂ ਵਿਚ ਰਿਜ਼ਰਵੇਸ਼ਨ ਰਾਹੀਂ ਅੱਗੇ ਵਧਣ ਦੇ ਰਾਹ ਨੂੰ ਬੰਦ ਕਰਦੀ ਹੈ।



ਇੰਨ੍ਹਾਂ ਢੰਗਾਂ ਨਾਲ ਸਰਕਾਰ ਅਨੁਸੂਚਿਤ ਜਾਤਾਂ, ਅਨੁਸੂਚਿਤ ਜਨਜਾਤੀਆਂ ਤੇ ਪੱਛੜਿਆਂ ਤੋਂ ਸ਼ਰੇਆਮ ਰਿਜ਼ਰਵੇਸ਼ਨ ਦਾ ਹੱਕ ਖੋਹ ਰਹੀ ਹੈ ਅਤੇ ਇਸ ਮੁਲਕ ਨੂੰ ਫਾਸ਼ੀਵਾਦੀ ਸੱਤਾ ਵਿੱਚ ਤਬਦੀਲ ਕਰਨ ਦੀ ਇੱਛਾ ਤਹਿਤ ਪ੍ਰਸ਼ਾਸ਼ਨਿਕ ਢਾਂਚੇ ਵਿੱਚ ਨਿਯਮਾਂ ਨੂੰ ਤੋੜ ਮਰੋੜ ਕੇ ਮਨਚਾਹੀ ਤਬਦੀਲੀਆਂ ਕਰ ਰਹੀ ਹੈ।

# ਬਹੁਜਨ ਸਮਾਜ ਪਾਰਟੀ ਸੰਵਿਧਾਨ ਨਾਲ ਛੇੜਛਾੜ ਬਰਦਾਸ਼ਤ ਨਹੀਂ ਕਰੇਗੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਹੁਸ਼ਿਆਰਪੁਰ ਵੱਲੋਂ ਸੰਵਿਧਾਨ ਨਾਲ ਛੇੜਛਾੜ ਦੇ ਵਿਰੋਧ ਵਿੱਚ ਜਿਲ੍ਹਾ ਪ੍ਰਧਾਨ ਦਲਜੀਤ ਰਾਏ ਦੀ ਪ੍ਰਧਾਨਗੀ ਹੇਠ ਵਿਧਾਨ ਸਭਾ ਕਮੇਟੀ ਵਲੋਂ ਐਸ ਡੀ ਐਮ ਨੂੰ ਮੰਗ ਪੱਤਰ ਦਿੱਤਾ। ਜਿਸ ਵਿੱਚ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਡੀ।ਵਾਈ। ਚੰਦਰਚੂੜ ਦੀ ਅਗਵਾਈ ਵਿੱਚ ਸੱਤ ਜੱਜਾਂ ਦੀ ਬੈਂਚ ਵੱਲੋਂ ਅਨੁਸੂਚਿਤ ਜਾਤੀ ਦੀ ਸੂਚੀ ਦੀ ਉਪ-ਵਰਗੀਕਰਨ ਦਾ ਆਇਆ ਫੈਸਲਾ ਸੰਵਿਧਾਨ ਵਿਰੋਧੀ ਹੈ। ਸੁਪਰੀਮ ਕੋਰਟ ਦਾ ਇਹ ਫੈਸਲਾ ਆਰਟੀਕਲ 341 ਅਤੇ ਆਰਟੀਕਲ 342 ਦੀ ਉਲੰਘਣਾ ਹੈ ਅਤੇ ਅਨੁਸੂਚਿਤ ਜਾਤੀ ਵਰਗਾਂ ਤੇ ਕਰੀਮੀਲੇਅਰ ਲਗਾਉਣਾ, ਜਿੱਥੇ ਸੰਵਿਧਾਨ ਵਿਰੋਧੀ ਫੈਸਲਾ ਹੈ, ਉੱਥੇ ਹੀ ਅਨੁਸੂਚਿਤ ਜਾਤੀ ਵਰਗਾਂ ਨੂੰ



ਮਿਲ ਰਹੇ ਸੰਵਿਧਾਨਕ ਹੱਕਾਂ ਤੋਂ ਵਾਂਝਾ ਕਰਨ ਦੀ ਸਾਜਿਸ਼ ਹੈ। ਬਸਪਾ ਨੇ ਮੰਗ ਕੀਤੀ ਸੁਪਰੀਮ ਕੋਰਟ ਦੇ ਬੈਚ ਵਿੱਚ ਸ਼ਾਮਲ ਜੱਜਾਂ ਤੇ ਦੇਸ਼ ਧ੍ਰੋਹ ਦਾ ਮੁਕ-ਦਮਾ ਚਲਾਇਆ ਜਾਵੇ। ਇਸ ਮੌਕੇ 'ਤੇ ਸੁਖਦੇਵ ਸਿੰਘ ਬਿੱਟਾ ਸੀਨੀਅਰ ਬਸਪਾ ਆਗੂ, ਮਦਨ ਸਿੰਘ ਬੈਂਸ ਜਿਲਾ ਇੰਚਾਰਜ, ਜਿਲ੍ਹਾ ਇੰਚਾਰਜ ਨਿਸ਼ਾਨ ਚੌਧਰੀ, ਸੋਮ ਨਾਥ ਬੈਂਸ ਜਿਲ੍ਹਾ ਵਾਇਸ ਪ੍ਰਧਾਨ, ਹਲਕਾ ਪ੍ਰਧਾਨ ਹੈਪੀ ਫੰਬੀਆਂ ਸ਼ਾਮਚੁਰਾਸੀ, ਹਲਕਾ ਪ੍ਰਧਾਨ ਚੱਬੇਵਾਲ ਯੱਸ਼ ਭੱਟੀ, ਹਲਕਾ ਪ੍ਰਧਾਨ ਹੁਸ਼ਿਆਰਪੁਰ ਡਾ। ਰਤਨ ਚੰਦ, ਹੈਪੀ ਬੱਧਣ ਸਿਟੀ ਪ੍ਰਧਾਨ, ਹਰਜੀਤ ਲਾਡੀ, ਸਾਬੀ ਸਤੌਰ, ਸੁਰਜੀਤ ਮਹਿਮੀ, ਬਲਵਿੰਦਰ ਫਾਂਬੜਾ, ਜੋਗਿੰਦਰ ਚੱਕ ਲਾਦੀਆਂ, ਜੈ ਪਾਲ ਮੱਛਰੀਵਾਲ, ਸੁਰਜੀਤ ਮਹਿਮੀ, ਨਿਰਮਲ ਸਿੰਘ, ਵਿਜੈ ਖਾਨਪੁਰੀ ਜ਼ਿਲ੍ਹਾ ਇੰਚਾਰਜ ਸ਼ੋਸ਼ਲ ਮੀਡੀਆ ਅਤੇ ਹੋਰ ਵੀ ਬਸਪਾ ਆਹੁਦੇਦਾਰ ਹਾਜ਼ਰ ਸਨ।

# ਫਰਿਜ਼ਨੋ ਵਿਖੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਬਰਸੀ 21 ਸਤੰਬਰ ਨੂੰ ਮਨਾਈ ਜਾਵੇਗੀ



**ਫਰਿਜਨੋ (ਕੈਲੀਫੋਰਨੀਆਂ) (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ)–** ਇੰਡੋ-ਯੂ. ਐਸ. ਹੈਰੀਟੇਜ਼ ਫਰਿਜਨੋ, ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ, ਜੈਕਾਰਾ ਮੂਵਮੈਂਟ ਦੇ ਉਪਰਾਲੇ ਸਦਕਾ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਬਰਸੀ ਮੌਕੇ ਉਹਨਾਂ ਨੂੰ ਸ਼ਰਧਾਂਜਲੀ ਦੇਣ ਅਤੇ ਮਨੁੱਖੀ ਅਧਿਕਾਰ ਦਿਵਸ ਮਨਾਉਣ ਲਈ ਵਿਸ਼ੇਸ਼ ਪ੍ਰੋਗਰਾਮ ਖਾਲੜਾ ਪਾਰਕ ਫਰਿਜ਼ਨੋ ਜੋ ਕਿ ਕਲਿੰਟਨ ਅਤੇ ਬਰਾਉਲੀ ਤੇ ਸਥਿਤ ਹੈ, ਵਿਖੇ ਮਿੱਤੀ 21 ਸਤੰਬਰ ਦਿਨ ਸ਼ਨੀਵਾਰ ਦੁਪਿਹਰ 12 ਵਜੇ ਹੋਣ ਜਾ ਰਿਹਾ ਹੈ।

ਇਸ ਸ਼ਹੀਦੀ ਸਮਾਗਮ ਵਿੱਚ ਖਾਲੜਾ ਸਾਹਿਬ ਦੇ ਧਰਮ-ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਅਤੇ ਉਹਨਾਂ ਦੀ ਬੇਟੀ ਨਵਕਿਰਨ ਕੌਰ ਵੀ ਉਚੇਚੇ ਤੌਰ 'ਤੇ ਪਹੁੰਚ ਰਹੇ ਹਨ।

ਇਸ ਮੌਕੇ 911 ਦੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਵੀ ਦਿੱਤੀ ਜਾਵੇਗੀ। ਸੋ ਹਿਊਮਨ ਰਾਈਟਸ ਦੇ ਅਲੰਬਰਦਾਰ ਸ਼ਹੀਦ ਜਸਵੰਤ ਸਿੰਘ ਖਾਲੜਾ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਸਭਨਾਂ ਭਰਾਤਰੀ ਜਥੇਬੰਦੀਆਂ ਅਤੇ ਸਮੂਹ ਭਾਈਚਾਰੇ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਇਸ ਪ੍ਰੋਗਰਾਮ ਸਬੰਧੀ ਖਾਲੜਾ ਪਾਰਕ ਵਿੱਚ ਇੰਡੋ ਯੂ ਐਸ ਹੈਰੀਟੇਜ ਫਰਿਜਨੋ, ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ, ਜੈਕਾਰਾ ਜਥੇਬੰਦੀ ਦੇ ਮੈਂਬਰਾਂ ਦੀ ਮੀਟਿੰਗ ਹੋਈ। ਜਿਸ ਵਿੱਚ , ਲਾਵਾਰਸ ਲਾਸ਼ਾਂ ਕਹਿ ਕੇ ਸਾੜ ਦਿੱਤੇ ਗਏ ਸਿੱਖ ਨੌਜੁਆਨਾ ਦਾ ਰਿਕਾਰਡ ਇਕੱਠਾ ਕਰਦੇ ਹੋਏ ਸ਼ਹੀਦ ਕਰ ਦਿੱਤੇ ਗਏ, ਜਸਵੰਤ ਸਿੰਘ ਖਾਲੜਾ ਦੇ ਸ਼ਹੀਦੀ ਦਿਹਾੜੇ ਦੇ ਆਯੋਜਨ ਨੂੰ ਲੈ ਕੇ ਵੀਚਾਰ ਵਟਾਂਦਰਾ ਕੀਤਾ ਗਿਆ। ਪ੍ਰਬੰਧਕਾਂ ਨੇ ਦੱਸਿਆ ਕਿ ਸਮਾਗਮ ਸਬੰਧੀ ਸਾਰੇ ਤਰਾਂ ਦੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਅਤੇ ਵਲੰਟੀਅਰਾਂ ਦੀਆਂ ਡਿਊਟੀਆਂ ਲਾ ਦਿੱਤੀਆਂ ਗਈਆਂ ਹਨ। ਇੱਥੇ ਇਹ ਵੀ ਜਿਕਰਯੋਗ ਹੈ ਕਿ ਇਸ ਖੂਬਸੂਰਤ ਪਾਰਕ ਦੀ ਦੇਖ ਭਾਲ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ ਕਰਦੀ ਆ ਰਹੀ। ਸਿਟੀ ਦੇ ਸਹਿਯੋਗ ਨਾਲ ਇੱਥੇ ਛਾਂ ਦਰ ਦਰਖ਼ਤਾਂ ਦੇ ਝੁੰਡ ਗਰਮੀ ਵਿੱਚ ਠੰਢਕ ਵਰਤਾਉਂਦੇ ਹਰਰੋਜ ਸੈਂਕੜੇ ਲੋਕਾਂ ਨੂੰ ਆਪਣੀ ਗੋਦੀ ਵਿੱਚ ਬਿਠਾਉਂਦੇ ਹਨ, ਇਸ ਤੋ ਬਿਨਾਂ ਬੱਚਿਆਂ ਲਈ ਬਣੇ ਝੂਲੇ ਅਤੇ ਤੁਰਨ ਲਈ ਬਣੇ ਵਾਕ-ਵੇਅ ਫਰਿਜਨੋ ਨਿਵਾਸੀਆਂ ਲਈ ਖ਼ਾਸ ਖਿੱਚ ਦਾ ਕੇਂਦਰ ਬਣੇ ਹੋਏ ਨੇ। ਇਹ ਪਾਰਕ ਪੰਜਾਬੀ ਬਜ਼ੁਰਗਾਂ ਲਈ ਇੱਕ ਕਮਿਊਨਟੀ ਸੈਂਟਰ ਬਣਿਆ ਹੋਇਆ ਹੈ। ਵੱਡੀ ਕੰਧ ਤੇ ਖਾਲੜਾ ਸਹਿਬ ਦੀ ਉਲੀਕੀ ਤਸਵੀਰ ਸਾਨੂੰ ਮਨੁੱਖੀ ਅਧਿਕਾਰਾਂ ਲਈ ਲੜਨ ਲਈ ਪ੍ਰੇਰਨਾ ਸ੍ਰੋਤ ਬਣੀ ਹੋਈ ਹੈ।

ਵਧੇਰੇ ਜਾਣਕਾਰੀ ਲਈ ਕਾਲ,
ਨਿਰਮਲ ਸਿੰਘ ਧਨੌਲਾ (559) 270-9880 ,
ਹਰਦੇਵ ਸਿੰਘ ਰਸੂਲਪੁਰ (559) 803-8586,
ਨੈਂਣਦੀਪ ਸਿੰਘ ਚੰਨ (559) 647 4700
ਮਾਸਟਰ ਸੁਲੱਖਣ ਸਿੰਘ ਗਿੱਲ (559) 548-5924

# ਧੰਨ ਧੰਨ ਬਾਬਾ ਗੰਗਾ ਰਾਮ ਜੀ ਦੀ 66ਵੀਂ ਬਰਸੀ ਫਰਿਜਨੋ ਵਿਖੇ ਮਨਾਈ ਗਈ




**ਫਰਿਜਨੋ (ਕੈਲੀਫੋਰਨੀਆਂ) (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ)** – ਜ਼ਿਲ੍ਹਾ ਮੋਗਾ ਦੇ ਪਿੰਡ ਸੈਦੋਕੇ ਦੀ ਫਰਿਜਨੋ ਨਿਵਾਸੀ ਸੰਗਤ ਵੱਲੋ ਧੰਨ ਧੰਨ ਬਾਬਾ ਗੰਗਾ ਰਾਮ ਜੀ ਦੀ ਬਰਸੀ ਬੜੀ ਸ਼ਰਧਾ ਭਾਵਨਾ ਨਾਲ, ਸਥਾਨਿਕ ਗੁਰਦਵਾਰਾ ਨਾਨਕਸਰ ਚੈਰੀ ਰੋਡ ਵਿਖੇ ਸ਼੍ਰੀ ਅਖੰਡ ਪਾਠ ਸਹਿਬ ਦੇ ਭੋਗ ਪਾਕੇ ਮਨਾਈ ਗਈ। ਇਸ ਮੌਕੇ ਪੰਜਾਬ ਤੋਂ ਖਾਸ ਕਰਕੇ ਸੰਤ ਧਰਮ ਦਾਸ ਜੀ ਪਹੁੰਚੇ ਹੋਏ ਸਨ। ਉਹਨਾਂ ਨੇ ਸੰਗਤਾਂ ਨੂੰ ਸੰਬੋਧਨ ਕੀਤਾ ਅਤੇ ਬਾਬਾ ਗੰਗਾ ਰਾਮ ਜੀ ਦੇ ਜੀਵਨ ਤੇ ਪੰਛੀ ਝਾਤ ਪਵਾਈ। ਉਹਨਾਂ ਪਿੰਡ ਸੈਦੋਕੇ ਦੇ ਉੱਦਮ ਦੀ ਸ਼ਲਾਘਾ ਕੀਤੀ ਅਤੇ ਨਗਰ ਨਿਵਾਸੀ ਸੰਗਤ ਨੂੰ ਅਸ਼ੀਰਵਾਦ ਵੀ ਦਿੱਤਾ। ਇਸ ਮੌਕੇ ਕੀਰਤਨ ਦਰਬਾਰ ਸਜਾਇਆ ਗਿਆ। ਕੜ੍ਹਾਹ ਪ੍ਰਸ਼ਾਦ ਦੀ ਦੇਗ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ। ਇਸ ਮੌਕੇ ਸਮਾਜਸੇਵੀ ਪੰਮਾ ਸੈਦੋਕੇ ਨੇ ਸਭਨਾਂ ਸੰਗਤਾਂ ਦਾ ਧੰਨਵਾਦ ਕੀਤਾ, ਉਪਰੰਤ ਸੰਤ ਧਰਮ ਦਾਸ ਨੇ ਸ਼ਹੀਦ ਜਸਵੰਤ ਸਿੰਘ ਖਾਲੜਾ ਪਾਰਕ ਦਾ ਦੌਰਾਨ ਕੀਤਾ ਅਤੇ ਸ਼ਹੀਦ ਜਸਵੰਤ ਸਿੰਘ ਖਾਲੜਾ ਨੂੰ ਸ਼ਰਧਾਂਜਲੀ ਫੁੱਲ ਭੇਂਟ ਕੀਤੇ। ਇਸ ਸਮਾਗਮ ਨੂੰ ਕਾਮਯਾਬ ਕਰਨ ਦਾ ਸਿਹਰਾ ਸੁੱਖਾ ਸੈਦੋਕੇ, ਗੁਰਸੇਵਕ ਸਿੰਘ ਸੈਦੋਕੇ, ਗੋਗੀ ਸੈਦੋਕੇ, ਕਰਨੈਲ ਸਿੰਘ ਡੋਡ ਸਿਰ ਜਾਂਦਾ ਹੈ।


SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

WE PROVIDE ALL TRUCKING RELATED PERMITS AND SERVICES
SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਅਸ਼ੋਕਾ ਬੁੱਧ ਵਿਹਾਰ ਨਕੋਦਰ ਬਾਰੇ ਜਾਣਕਾਰੀ



ਪੰਜਾਬ ਦੇ ਬੁੱਧ ਵਿਹਾਰਾਂ ਬਾਰੇ ਜਾਣਕਾਰੀ ਦੀ ਲੜੀ ਤਹਿਤ ਅੱਜ ਆਪਾਂ ਅਸ਼ੋਕਾ ਬੁੱਧ ਵਿਹਾਰ ਨਕੋਦਰ ਬਾਰੇ ਜਾਣਕਾਰੀ ਲਵਾਂਗੇ। ਇਸ ਬੁੱਧ ਵਿਹਾਰ ਦੀ ਸਥਾਪਨਾ 26 ਫਰਵਰੀ 2006 ਨੂੰ ਮਾਣਯੋਗ ਭਿਖਸ਼ੂ ਜਗਤਾ ਨੰਦ ਥੇਰੋ ਜੀ ਨੇ ਆਪਣੇ ਕਰ ਕਮਲਾਂ ਨਾਲ ਕੀਤੀ ਸੀ ਜੋ 2 ਸਾਲ ਵਿਚ ਬਣ ਕੇ ਤਿਆਰ ਹੋ ਗਿਆ, ਜਿਸ ਦਾ ਉਦਘਾਟਨ 26 ਅਕਤੂਬਰ 2008 ਨੂੰ ਉਪਾਸਕ ਅਵਤਾਰ ਸਿੰਘ ਆਈ. ਏ. ਐਸ. ਨੇ ਆਪਣੇ ਕਰ ਕਮਲਾਂ ਨਾਲ ਕੀਤਾ ਸੀ। ਇਸ ਬੁੱਧ ਵਿਹਾਰ ਦੀ ਸਥਾਪਨਾ ਮਹਾਂਦਾਨੀ ਸ੍ਰੀ ਪ੍ਰੀਤਮ ਦਾਸ ਚਾਹਲ ਤੋਂ ਬਿਨਾਂ ਸੰਭਵ ਨਹੀਂ ਸੀ ਹੋ ਸਕਦੀ। ਮਾਣਯੋਗ ਪ੍ਰੀਤਮ ਦਾਸ ਚਾਹਲ ਜੀ ਨੇ 18 ਮਰਲੇ ਥਾਂ ਇਸ ਬੁੱਧ ਵਿਹਾਰ ਦੇ ਨਿਰਮਾਣ ਲਈ ਦਾਨ ਕੀਤੀ ਸੀ, ਜਿਸ ਤੋਂ ਬਾਅਦ ਦਾਨੀ ਸੱਜਣ ਸ੍ਰੀ ਤਰਸੇਮ ਲਾਲ ਚਾਹਲ (ਯੂ. ਕੇ.), ਸਾਧੂ ਰਾਮ ਜੱਖੂ ਪਰਿਵਾਰ, ਬੰਤਾ ਰਾਮ ਜੱਖੂ (ਕਨੇਡਾ), ਲਾਲ ਚੰਦ ਜੱਖੂ ਪਰਿਵਾਰ, ਬਾਰੂ ਰਾਮ ਪਰਿਵਾਰ ਤੇ ਇੰਗਲੈਂਡ, ਕੈਨੇਡਾ, ਅਮਰੀਕਾ, ਇਟਲੀ ਅਤੇ ਹੋਰ ਦੇਸ਼ਾਂ ਤੋਂ ਉਪਾਸਕਾਂ ਨੇ ਦਾਨ ਦੇ ਕੇ ਇਸ ਬੁੱਧ ਵਿਹਾਰ ਦੀ ਸਥਾਪਨਾ ਕਰਵਾਈ ਜੋ ਨਕੋਦਰ ਬੱਸ ਸਟੈਂਡ ਤੋਂ ਮਾਹਿਲਪੁਰ ਨੂੰ ਜਾਂਦੀ ਸੜਕ ਉਪਰ ਸਥਿਤ ਮੁਹੱਲਾ ਰਵਿਦਾਸ ਨਗਰ ਵਿਚ ਸਥਿਤ ਹੈ। ਅਸ਼ੋਕਾ ਬੁੱਧ ਵਿਹਾਰ ਨਕੋਦਰ ਬਹੁਤ ਵੱਡਾ ਅਤੇ ਬਹੁਤ ਸੁੰਦਰ ਹੈ, ਜਿਸ ਦਾ ਪ੍ਰਬੰਧ ਵਿਸ਼ਵ ਬੋਧ ਸੰਘ, ਪੰਜਾਬ ਵੱਲੋਂ ਕੀਤਾ ਜਾਂਦਾ ਹੈ।

ਸ੍ਰੀ ਬਾਰੂ ਰਾਮ ਪ੍ਰਧਾਨ, ਐਕਟਿੰਗ ਜਨਰਲ ਸਕੱਤਰ ਡਾ. ਜਸਪਾਲ ਪੀ. ਐਚ. ਡੀ. ਅਤੇ ਖਜਾਨਚੀ ਸ੍ਰੀਮਤੀ ਜਗਦੀਸ਼ ਰਾਣੀ ਅਤੇ ਲਾਲ ਚੰਦ ਜੱਖੂ ਜੀ ਹਨ ਅਤੇ ਹੋਰ ਬਹੁਤ ਸਾਰੇ ਉਪਾਸਕ ਆਪਣਾ-ਆਪਣਾ ਯੋਗਦਾਨ ਪਾ ਰਹੇ ਹਨ।

ਇਸ ਬੁੱਧ ਵਿਹਾਰ ਵਿਚ ''ਬੁੱਧ ਪੂਰਣਿਮਾ'' ਅਤੇ ਹੋਰ ਮੂਲਨਿਵਾਸੀ ਗੁਰੂਆਂ ਅਤੇ ਬੁੱਧੀਜੀਵੀਆਂ ਦੇ ਯਾਦਗਾਰੀ ਦਿਵਸ ਮਨਾਏ ਜਾਂਦੇ ਹਨ। ਇਹ ਬੁੱਧ ਵਿਹਾਰ ਹਰ ਰੋਜ਼ ਸਵੇਰੇ-ਸ਼ਾਮ ਖੁੱਲ੍ਹਾ ਰਹਿੰਦਾ ਹੈ। ਇੱਥੇ ਸਰਾਮਨੇਰ ਟ੍ਰੇਨਿੰਗ ਕੈਂਪ ਭਿਖਸ਼ੂ ਕਰੁਣਾ ਸ਼ੀਲ ਦੀ ਰਹਿਨੁਮਾਈ ਵਿਚ ਲਗਾਇਆ ਗਿਆ ਸੀ, ਜਿਸ ਵਿਚ 35 ਦੇ ਕਰੀਬ ਉਪਾਸਕਾਂ ਨੇ 10 ਦਿਨ ਲਈ ਚੀਵਰ ਧਾਰਨ ਕੀਤਾ ਸੀ। ਆਉਣ ਵਾਲੇ ਸਮੇਂ ਵਿਚ ਹਰ ਸਾਲ ਸਰਾਮਨੇਰ ਟ੍ਰੇਨਿੰਗ ਕੈਂਪ ਲਗਾਉਣ ਦੀ ਯੋਜਨਾ ਹੈ। ਇਸ ਬੁੱਧ ਵਿਹਾਰ ਦੇ ਨਜ਼ਦੀਕ ਹੀ ਡਾ. ਅੰਬੇਡਕਰ ਭਵਨ ਅਤੇ ਡਾ. ਅੰਬੇਡਕਰ ਮਾਡਲ ਸਕੂਲ ਵੀ ਹੈ, ਜਿਸ ਦਾ ਨੀਂਹ ਪੱਥਰ ਸ੍ਰੀ ਤਰਸੇਮ ਚਾਹਲ (ਯੂ. ਕੇ.) ਅਤੇ ਸ੍ਰੀ ਲਸ਼ਮਣ ਦਾਸ ਚੌਹਾਨ ਇੰਗਲੈਂਡ ਜੀ ਨੇ ਰੱਖਿਆ ਸੀ। ਨਕੋਦਰ ਸਰਾਮਨੇਰ ਟ੍ਰੇਨਿੰਗ ਦੀ ਹੀ ਦੇਣ ਹੈ ਜੋ ਸ੍ਰੀ ਰਮੇਸ਼ ਲਾਲ ਰੱਤੂ ਟ੍ਰੇਨਿੰਗ ਲੈ ਕੇ ਭਿਖਸ਼ੂ ਬਣ ਗਏ ਹਨ, ਜਿਨ੍ਹਾਂ ਦਾ ਨਾਂ ਭਿਖਸ਼ੂ ਰੇਵਤ ਹੈ ਅਤੇ ਇਸ ਸਮੇਂ ਸਿਧਾਰਥ ਨਗਰ ਬੂਟਾ ਮੰਡੀ ਜਲੰਧਰ ਦੇ ਬੁੱਧ ਵਿਹਾਰ ਵਿਚ ਰਹਿ ਰਹੇ ਹਨ। ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਮਾਣਯੋਗ ਸ੍ਰੀ ਸੋਹਣ ਲਾਲ ਰੱਤੂ (ਇੰਗਲੈਂਡ) ਵੀ ਨਕੋਦਰ ਦੇ ਹੀ ਮਿਸ਼ਨਰੀ ਸਾਥੀ ਹਨ, ਜਿਨ੍ਹਾਂ ਨੇ ਬਾਬਾ ਸਾਹਿਬ ਡਾ. ਅੰਬੇਡਕਰ ਅਤੇ ਤਥਾਗਤ ਬੁੱਧ ਦੇ ਗੀਤਾਂ ਦੀ ਪਹਿਲੀ ਕੈਸਿਟ ਸਾਡੀ ਝੋਲੀ ਪਾਈ, ਜਿਸ ਦੇ ਮਸ਼ਹੂਰ ਗੀਤ ''ਭੀਮ ਭਗਵਾਨਾ ਸਾਨੂੰ ਤੇਰੇ ਉਤੇ ਮਾਣ ਵੇ, ਦਿੰਦਾ ਹੈ ਗਵਾਹੀ ਅੱਜ ਹਿੰਦ ਦਾ ਵਿਧਾਨ ਵੇ'' ਅਤੇ ਹੋਰ 10-12 ਗੀਤ ਸਾਨੂੰ ਵਾਰ-ਵਾਰ ਸੁਣਨ ਲਈ ਮਿਲੇ। ਇਹ ਗੀਤਾਂ ਦੀ ਕੈਸਿਟ ਅਸ਼ੋਕਾ ਅਤੇ ਰੱਤੂ ਦੇ ਨਾਮ ਉਪਰ ਮਸ਼ਹੂਰ ਹੋਈ ਸੀ। ਰੇਲਵੇ ਸਟੇਸ਼ਨ ਨਕੋਦਰ ਦੇ ਨਜ਼ਦੀਕ ਹੀ ਜੈਤਵਨ ਬੁੱਧ ਵਿਹਾਰ ਬਣ ਰਿਹਾ ਹੈ। ਅਸ਼ੋਕਾ ਬੁੱਧ ਵਿਹਾਰ ਨਕੋਦਰ ਦੇ ਪ੍ਰਬੰਧਕਾਂ ਵੱਲੋਂ ਡਾ. ਅੰਬੇਡਕਰ ਜੀ ਦੇ ਮਿਸ਼ਨ ਦੇ ਪ੍ਰਚਾਰ ਲਈ ਅਤੇ ਬੁੱਧ ਧੰਮ ਦੇ ਪ੍ਰਚਾਰ ਲਈ ਤਨ, ਮਨ, ਧਨ ਨਾਲ ਸੇਵਾ ਕੀਤੀ ਜਾ ਰਹੀ ਹੈ। ਸਮੂਹ ਸੰਗਤਾਂ ਨੂੰ ਅਸ਼ੋਕਾ ਬੁੱਧ ਵਿਹਾਰ ਨਕੋਦਰ ਦੇ ਦਰਸ਼ਨ ਜ਼ਰੂਰ ਕਰਨੇ ਚਾਹੀਦੇ ਹਨ। **-ਐਡਵੋਕੇਟ ਹਰਭਜਨ ਸਾਂਪਲਾ**

## ਅਮਰੀਕਾ ਦੇ ਬਾਲਟੀਮੋਰ ਸ਼ਹਿਰ ਵਿਚ ਹੋਈ ਗੋਲੀਬਾਰੀ ਵਿਚ ਇਕ ਮੌਤ ਤੇ 7 ਹੋਰ ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਅਮਰੀਕੀ ਰਾਜ ਮੈਰੀਲੈਂਡ ਦੇ ਸ਼ਹਿਰ ਪੂਰਬੀ ਬਾਲਟੀਮੋਰ ਵਿਚ ਇਕ ਇਕੱਠ ਉਪਰ ਕੀਤੀ ਗੋਲੀਬਾਰੀ ਵਿਚ ਇਕ ਵਿਅਕਤੀ ਦੇ ਮਾਰੇ ਜਾਣ ਤੇ 7 ਹੋਰਨਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਇਹ ਜਾਣਕਾਰੀ ਪੁਲਿਸ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਬਾਲਟੀ-ਮੋਰ ਦੇ ਪੁਲਿਸ ਕਮਿਸ਼ਨਰ ਰਿਚਰਡ ਵੋਰਲੇਅ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਗੋਲੀਬਾਰੀ ਦੀ ਘਟਨਾ ਲੰਘੀ ਰਾਤ 8 ਵਜੇ ਦੇ ਆਸਪਾਸ 1300 ਬਲਾਕ ਸਪਰਿੰਗ ਸਟਰੀਟ ਬਾਲਟੀਮੋਰ ਵਿਚ ਵਾਪਰੀ। ਪੁਲਿਸ ਕਮਿਸ਼ਨਰ ਨੇ ਇਕੱਠ ਜਿਸ ਉਪਰ ਗੋਲੀਬਾਰੀ ਹੋਈ ਜਾਂ ਗੋਲੀਬਾਰੀ ਵਿਚ ਸ਼ਾਮਿਲ ਸ਼ੱਕੀਆਂ ਦੀ ਗਿਣਤੀ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ। ਕਮਿਸ਼ਨਰ ਨੇ ਕਿਹਾ ਕਿ ਮੌਕੇ ਤੋਂ ਕਈ ਕਿਸਮ ਦੇ ਅਗਨ ਸ਼ਸ਼ਤਰ ਮਿਲੇ ਹਨ। ਕਮਿਸ਼ਨਰ ਨੇ ਆਮ ਲੋਕਾਂ ਨੂੰ ਅਪੀਲੀ ਕੀਤੀ ਹੈ ਕਿ ਜੇਕਰ ਕਿਸੇ ਕੋਲ ਘਟਨਾ ਸਬੰਧੀ ਕੋਈ ਜਾਣਕਾਰੀ ਹੋਵੇ ਤਾਂ ਉਹ ਪੁਲਿਸ ਨਾਲ ਸੰਪਰਕ ਕਰੇ। ਪੁਲਿਸ ਦਾ ਕਹਿਣਾ ਹੈ ਕਿ ਗੋਲੀਬਾਰੀ ਵਿਚ ਇਕ ਤੋਂ ਵਧ ਲੋਕ ਸ਼ਾਮਿਲ ਸਨ। ਪੁਲਿਸ ਦੁਆਰਾ ਜਾਰੀ ਬਿਆਨ ਅਨੁਸਾਰ ਜਦੋਂ ਪੁਲਿਸ ਘਟਨਾ ਸਥਾਨ ਤੇ ਪੁੱਜੀ ਤਾਂ ਉਥੇ ਕਈ ਪੀੜਤ ਮੌਜੂਦ ਸਨ ਜਿਨਾਂ ਦੇ ਗੋਲੀਆਂ ਵੱਜੀਆਂ ਹੋਈਆਂ ਸਨ। ਇਨਾਂ ਸਾਰਿਆਂ ਨੂੰ ਹਸਪਤਾਲ ਲਿਜਾਇਆ ਗਿਆ। ਕੁਝ ਜ਼ਖਮੀ ਖੁਦ ਹੀ ਹਸਪਤਾਲ ਪਹੁੰਚ ਗਏ ਸਨ। ਜ਼ਖਮੀਆਂ ਵਿਚੋਂ ਇਕ ਐਨਥਨੀ ਮਾਰਟਿਨ (36) ਨਾਮੀ ਵਿਅਕਤੀ ਨੂੰ ਹਸਪਤਾਲ ਵਿਚ ਮ੍ਰਿਤਕ ਐਲਾਨ ਦਿੱਤਾ ਗਿਆ ਜਦ ਕਿ ਬਾਕੀ ਜ਼ਖਮੀਆਂ ਦੀ ਹਾਲਤ ਸਥਿੱਰ ਹੈ। ਜ਼ਖਮੀਆਂ ਵਿਚ ਇਕ ਔਰਤ (41) ਤੇ ਬਾਕੀ ਮਰਦ ਸ਼ਾਮਿਲ ਹਨ ਜਿਨਾਂ ਦੀ ਉਮਰ 21 ਤੋਂ 46 ਸਾਲਾਂ ਦੇ ਦਰਮਿਆਨ ਹੈ।



## ਅਮਰੀਕਾ ਦੇ ਟੈਕਸਾਸ ਰਾਜ ਵਿਚ ਇਕ ਭਿਆਨਕ ਸੜਕ ਹਾਦਸੇ ਵਿਚ 2 ਬੱਚਿਆਂ ਸਮੇਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਫੋਰਟ ਵਰਥ, ਟੈਕਸਾਸ ਵਿਚ 2 ਕਾਰਾਂ ਦੀ ਆਪਸ ਵਿਚ ਹੋਈ ਟੱਕਰ ਦੇ ਸਿੱਟੇ ਵਜੋਂ 2 ਬੱਚਿਆਂ ਸਮੇਤ 5 ਵਿਅਕਤੀਆਂ ਦੀ ਮੌਤ ਹੋ ਗਈ ਜਦ ਕਿ ਇਕ ਵਿਅਕਤੀ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ ਹੈ। ਇਕ ਕਾਰ ਦੇ 19 ਸਾਲਾ ਡਰਾਈਵਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ । ਇਹ ਹਾਦਸਾ ਇੰਟਰਸਟੇਟ 35 ਡਬਲਯੂ ਉਪਰ ਹੋਇਆ ਜਿਸ ਕਾਰਨ ਇਹ ਸੜਕ ਕਈ ਘੰਟੇ ਬੰਦ ਰਹੀ। ਗ੍ਰਿਫਤਾਰ ਕੀਤੇ ਐਡੂਆਰਡੋ ਗੋਨਜ਼ਾਲੇਜ਼ ਵਿਰੁੱਧ ਨਸ਼ੇ ਵਿਚ ਕਾਰ ਚਲਾਉਣ ਤੇ 5 ਜਣਿਆਂ ਦੀ ਹੱਤਿਆ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਗੋਨਜ਼ਾਲੇਜ਼ ਖੁਦ ਵੀ ਇਸ ਹਾਦਸੇ ਵਿਚ ਜ਼ਖਮੀ ਹੋ ਗਿਆ ਹੈ ਜਿਸ ਦੀ ਸਥਾਨਕ ਹਸਪਤਾਲ ਵਿਚ ਮਰਹਮ ਪੱਟੀ ਕੀਤੀ ਗਈ ਹੈ।


SUNSHINE AUTO CARE INC.
WE REPAIR ALL MAKES & MODELS. AUTO, DIESEL TRUCK & TRAILERS
- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

We do Truck Smoke Test & Alignment FOR ALL CUSTOMERS
hablamos español
We Speak English, Spanish & Punjabi
We Provide Towing & 24/7 Mobile Road Services For All Autos, Trucks & Trailers
Open Monday to Saturday
Com-Check T-Check EFS Check
ACCEPTED HERE VISA MasterCard AMERICAN EXPRESS DISCOVER NETWORK


209-239-1551
1003 MOFFAT BLVD., MANTECA, CA 95336

# ਪੰਜਾਬੀ ਸਾਹਿਤ, ਸੰਗੀਤ ਤੇ ਕਲਾ ਮੰਚ ਬੈਲਿੰਗਹੈਮ (ਸਿਆਟਲ) ਰਜਿ: ਦਾ ਵੱਡਾ ਪ੍ਰਦਰਸ਼ਨ ਨਾਟਕ ਤੇ ਧਾਰਮਿਕ ਕਾਵਿ ਸੰਮੇਲਨ





**ਸਿਆਟਲ (ਵਾਸ਼ਿੰਗਟਨ)** ਕਨੇਡਾ ਅਮਰੀਕਾ ਦੇ ਬਾਰਡਰ ਉੱਪਰ ਅਮਰੀਕਾ ਦੇ ਘੁੱਗ ਵਸਦੇ ਸ਼ਹਿਰ ਬੈਲਿੰਗਹੈਮ ਦੇ ਮਰੀਡੀਅਨ ਹਾਈ ਸਕੂਲ ਦੇ ਥੀਏਟਰ ਵਿਚ ਪੰਜਾਬੀ ਸਾਹਿਤ ,ਸੰਗੀਤ ਤੇ ਕਲਾ ਮੰਚ ਬੈਲਿੰਗਹੈਮ ਰਜਿ: ਵੱਲੋਂ ਧਾਰਮਿਕ, ਇਤਿਹਾਸਕ ਨਾਟਕ ਤੇ ਕਵੀ ਦਰਬਾਰ ਕਰਵਾਇਆ ਗਿਆ।ਪੰਜਾਬ ਲੋਕ ਰੰਗ ਮੰਚ ਦੀ ਟੀਮ ਵੱਲੋਂ ਸੁਰਿੰਦਰ ਸਿੰਘ ਧਨੋਆ ਦੀ ਲੇਖਣੀ ਤੇ ਨਿਰਦੇਸ਼ਨਾ ਥੱਲੇ ਤਿਆਰ ਨਾਟਕ ਜ਼ਫ਼ਰਨਾਮਾ ਸੋਨੂੰ ਰਾਣਾ ਦੇ ਪ੍ਰਬੰਧ ਹੇਠ ਸਫਲਤਾ ਪੂਰਵਕ ਖੇਡਿਆ ਗਿਆ। ਦੋ ਘੰਟੇ ਦਸ ਮਿੰਟ ਦੇ ਇਸ ਨਾਟਕ ਤੋਂ ਪਹਿਲਾਂ ਦਰਸ਼ਕਾਂ ਨੇ ਪਤਵੰਤੇ ਸੱਜਣਾਂ ਦੇ ਵਿਚਾਰ, ਮਾਣ ਸਨਮਾਨ ਅਤੇ ਧਾਰਮਿਕ ਕਵੀ ਦਰਬਾਰ ਦਾ ਅਨੰਦ ਮਾਣਿਆ ।ਏ ਸੀ ਖਰਾਬ ਹੋਣ ਦੇ ਬਾਵਜੂਦ ਵੀ ਦਰਸ਼ਕਾਂ ਨੇ ਪ੍ਰਬੰਧਕਾਂ ਦਾ ਪੂਰਨ ਸਹਿਯੋਗ ਦਿੱਤਾ , ਕੁੱਝ ਕੁ ਲੋਕਾਂ ਨੂੰ ਕੰਮਾਂ ਕਾਰਜਾਂ ਦੀਆਂ ਮਜਬੂਰੀਆਂ ਕਰਕੇ ਜਾਣਾ ਪਿਆ ਪਰ ਫਿਰ ਵੀ ਥੀਏਟਰ ਅਖੀਰ ਤੱਕ ਪੂਰਾ ਭਰਿਆ ਰਿਹਾ। ਪੰਜਾਬੀਆਂ ਦੇ ਸੌ ਸਾਲਾਂ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਵੱਡਾ ਉਪਰਾਲਾ ਬੀਹਲਾ, ਬੈਂਸ ਤੇ ਜੌਹਲ ਟੀਮ ਨੇ ਉੱਘੇ ਬਿਜਨਸਮੈਨ ਅਜਮੇਰ ਸਿੰਘ ਗਿੱਲ , ਦਵਿੰਦਰ ਸਿੰਘ ਸਹੋਤਾ, ਕੁਲਜਿੰਦਰ ਸਿੰਘ ਦੁਸਾਂਝ , ਟੀ ਜੇ ਬਰਾੜ , ਅਮਰਜੀਤ ਸਿੰਘ ਖੁਣ-ਖੁਣ , ਮੰਗਲ ਸਿੰਘ ਸਮਰਾ, ਸੁਖਵੰਤ ਸਿੰਘ ਗਿੱਲ, ਈਲਾਈਟ ਮੂਵੀ , ਬਲਬੀਰ ਸਿੰਘ ਸੰਧੂ,ਜੇ ਦੱਤ, ਹਾਰਡੀ ਸੰਘਾ, ਦਵਿੰਦਰ ਕੌਰ ਗੰਢਮ, ਗੋਰਾ ਸਿੰਘ ਧਨੇਰ ,ਇੰਟਰਕੌਂਟੀਨੈਨਟਲ ਇੰਡੀਅਨ ਗਰੋਸਰੀ ਸਟੋਰ ਦੇ ਥਾਪੜੇ ਸਦਕਾ ਕੀਤਾ। ਇਸ ਪ੍ਰੋਗਰਾਮ ਦਾ ਮੁੱਖ ਮਕਸਦ ਬੱਚਿਆਂ, ਨੌਜਵਾਨਾਂ ਨੂੰ ਸਿੱਖ ਧਰਮ ,ਇਤਿਹਾਸ ਅਤੇ ਸਾਡੇ ਅਮੀਰ ਵਿਰਸੇ ਨਾਲ ਜੋੜਨਾ ਸੀ ਤਾਂ ਜੋ ਸਾਡੇ ਇਹ ਵਾਰਸ ਸਾਡੀ ਅਮੀਰ ਵਿਰਾਸਤ ਨੂੰ ਅੱਗੇ ਲੈ ਕੇ ਜਾ ਸਕਣ ।ਸਭਾ ਦੇ ਮੁੱਖ ਪ੍ਰਬੰਧਕ ਡਾ ਸੁਖਵੀਰ ਬੀਹਲਾ , ਪਰਮਜੀਤ ਸਿੰਘ ਜੌਹਲ, ਭੁਪਿੰਦਰ ਸਿੰਘ ਬੈਂਸ , ਰਾਜਪਾਲ ਕੌਰ ਰੰਧਾਵਾ ,ਕੁਲਵਿੰਦਰ ਕੌਰ ਜੌਹਲ, ਸੁਖਵੀਰ ਕੌਰ ਬੈਂਸ ਨੇ ਦਿਨ ਰਾਤ ਇਕ ਕਰਕੇ ਦਰਸ਼ਕਾਂ ਲਈ ਤੇ ਨਾਟਕੀ ਟੀਮ ਲਈ ਖਾਣੇ ਦਾ ਬੰਦੋਬਸਤ ਅਤੇ ਬਾਕੀ ਤਿਆਰੀਆਂ ਮੁਕੰਮਲ ਕੀਤੀਆਂ ।ਪ੍ਰੋਗਰਾਮ ਦਾ ਆਗਾਜ਼ ਵਾਟਕਾਮ ਕਾਉਂਟੀ ਦੇ ਅਗਜੈਕਟਿਵ ਸਤਪਾਲ ਸਿੰਘ ਸਿੱਧੂ ਅਤੇ ਮੁੱਖ ਮਹਿਮਾਨ ਬਿਜ਼ਨਸਮੈਨ ਅਜਮੇਰ ਸਿੰਘ ਗਿੱਲ ਨੇ ਰੀਬਨ ਕੱਟ ਕੇ ਅਤੇ ਜੋਤ ਜਗਾ ਕੇ ਕੀਤਾ । ਇਸ ਸਮੇਂ ਗੁਰਮਤਿ ਸੰਗੀਤ ਦੇ ਧਨੀ ਇਕੱਤੀ ਰਾਗਾਂ ਦੇ ਗਿਆਤਾ ਭਾਈ ਨਿਰਮਲ ਸਿੰਘ ਖ਼ਾਲਸਾ ਦੁਆਰਾ ਗਾਇਨ ਸ਼ਬਦ ਸਭਾ ਦੀ ਪ੍ਰਵਾਨ ਧੁਨੀ ‘ਗਗਨ ਮੇ ਥਾਲ’ਨਾਲ ਕੀਤਾ ਗਿਆ ਅਤੇ ਵਾਟ ਕਾਮ ਕਾਉਂਟੀ ਦੀ ਜਾਣੀ ਪਹਿਚਾਣੀ ਹਸਤੀ ਮਹਿੰਦਰ ਸਿੰਘ ਸੰਘਾ ਨੇ ਕੁੰਜੀਵੰਤ ਭਾਸ਼ਣ ਦਿੱਤਾ । ਇਸ ਸਮੇਂ ਉੱਘੀਆਂ ਲੇਖਕਾਵਾਂ ਮਨਜੀਤ ਕੌਰ ਗਿੱਲ, ਹਰਕੀਰਤ ਕੌਰ ਚਾਹਲ ,ਫਿਲਮੀ ਸਟਾਰ ਅਮਨ ਧਾਲੀਵਾਲ, ਸਮਾਜ ਸੇਵੀ ਟੀ ਜੇ ਬਰਾੜ, ਕਮ਼ਲਾ ਕੌਰ,ਨੌਜਵਾਨ ਸਿਆਸਤਦਾਨ ਕਮਲ ਭੱਚੂ,ਉੱਘੇ ਬਿਜਨਸਮੈਨ ਤੇ ਸਿਆ-ਸਤਦਾਨ ਸੁਖਵੰਤ ਸਿੰਘ ਗਿੱਲ , ਕਾਕਾ ਮੇਹਰਬੀਰ ਸੰਘੇੜਾ , ਮਾਸਟਰ ਗੁਰਇਕਬਾਲ ਸਿੰਘ ਅਤੇ ਮੱਖਣ ਸਿੰਘ ਜੌਹਲ ਨੂੰ ਸੁਣਨ ਅਤੇ ਸਨਮਾਨਿਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਉੱਘੇ ਬਿਜ਼ਨਸਮੈਨ ਤੇ ਹਾਕੀ ਉਲਿੰਪੀਅਨ ਦਵਿੰਦਰ ਸਿੰਘ ਸਹੋਤਾ ਦੀ ਗੈਰਹਾਜ਼ਰੀ ਵਿੱਚ ਸਹੋਤਾ ਪਰਿਵਾਰ ਦਾ ਸਨਮਾਨ ਕੀਤਾ ਗਿਆ।ਸਭਾ ਵੱਲੋਂ ਰੱਖੇ ਇਸ ਪ੍ਰੋਗਰਾਮ ਨੂੰ ਸਫ਼ਲ ਕਰਨ ਲਈ ਸਭ ਨੇ ਆਪਣੇ ਆਪਣੇ ਰੋਲ ਬਾਖੂਬੀ ਨਿਭਾਏ ਹਨ , ਜਿਨਾਂ ਵਿਚ ਕਾਮਰੇਡ ਬਲਦੇਵ ਸਿੰਘ ਸਮਰਾ , ਗੁਰ ਇਕਬਾਲ ਕੂਨਰ,ਬਲਜੀਤ ਕੋਰ ਸੰਘੇੜਾ,ਰਣਜੀਤ ਸਿੰਘ ਸੰਘੇੜਾ, ਰਛਪਾਲ ਸਿੰਘ ਸੰਧੂ,ਗੁਰਦਿਆਲ ਸਿੰਘ ਮੱਟੂ,ਪਵਿੱਤਰ ਸਿੰਘ ਬਦੇਸ਼ਾ, ਅਜੀਤਪਾਲ ਸਿੰਘ ਲਿੱਧੜ,ਜੁਗਿੰਦਰ ਸਿੰਘ ਟੁੱਟ, ਮਨਜੀਤ ਸਿੰਘ ਔਲਖ, ਜਸਵਿੰਦਰ ਸਿੰਘ ਬਾਸੀ,ਕੁਲਵੀਰ ਸਿੰਘ ਸੋਮਲ,ਰਣਜੀਤ ਸਿੰਘ ਬਾਹਗਾ,ਤੀਰਥ ਸਿੰਘ ਬਾਸੀ,ਅਵਤਾਰ ਸਿੰਘ ਦੂਲ੍ਹੇ, ਗੁਰਪ੍ਰੀਤ ਕੌਰ ਗਰੇਵਾਲ, ਪਰਮਜੀਤ ਸਿੰਘ ਰੋਮਾਣਾ,ਬਲਦੇਵ ਸਿੰਘ ਸਰਪੰਚ, ਲਖਵਿੰਦਰ ਸਿੰਘ ਭੱਚੂ ,ਬਲਵੰਤ ਸਿੰਘ ਕਲਸੀ, ਸੰਨੀ ਬਾਹੀਆ, ਭਾਈ ਜਗਦੀਸ਼ ਸਿੰਘ, ਜੱਗਾ ਸਿੰਘ ਬਰਾੜ, ਅਮਰਜੀਤ ਸਿੰਘ ਬਰਾੜ,ਭਿੰਦਾ ਗਿੱਲ, ਜ਼ੋਰਾ ਸਿੰਘ ਧਾਲੀਵਾਲ,ਟਹਿਲ ਸਿੰਘ ਦੁਸਾਂਝ, ਚਤਰ ਸਿੰਘ ਪਤਾਰਾ, ਐਲ ਕੇ ਕਿਉ ਕੰਪਨੀ ਦੀ ਪੂਰੀ ਟੀਮ, ਗਿਆਨੀ ਬਲਕਾਰ ਸਿੰਘ,ਹਾਕਮ ਸਿੰਘ,ਜੇ ਦੱਤ,ਹਾਰਡੀ ਸੰਘਾ,ਗੁਰਬਚਨ ਸਿੰਘ ਸਹੋਤਾ ਦਾ ਭਰਪੂਰ ਸਹਿਯੋਗ ਰਿਹਾ।



ਨੌਜਵਾਨ ਪੀੜ੍ਹੀ ਦੀ ਪ੍ਰਤੀਨਿਧਤਾ ਕਰਦਿਆਂ ਪ੍ਰਬੰਧ ਵਿਚ ਅਰਮਾਨ ਸਿੰਘ ਜੌਹਲ, ਚਰਨਜੀਤ ਸਿੰਘ ਮੱਟੂ, ਮਨਵੀਰ ਸਿੰਘ ਰੈਹਲ,ਕਰਮਵੀਰ ਸਿੰਘ ਧਾਲੀਵਾਲ, ਸਾਹਿਬ ਸਿੰਘ ਬੈਂਸ , ਸੁਖਰਾਜ ਸਿੰਘ ਰੰਧਾਵਾ, ਸਾਗਰ ਸਿੰਘ ਵਿਰਕ ਨੇ ਹੱਥ ਵਟਾਉਂਦਿਆਂ ਦੱਸ ਦਿੱਤਾ ਕਿ ਤੁਸੀਂ ਸਾਨੂੰ ਦੱਸੀ ਜਾਓ ਬਾਕੀ ਸਾਡੇ ‘ਤੇ ਛੱਡ ਦਿਓ।ਐਲ ਏ ਮੂਵੀ ਵਾਲੇ ਸੁਖਵਿੰਦਰ ਸਿੰਘ ਅਤੇ ਇਰਮਾਨਦੀਪ ਸਿੰਘ ਸਰਾਂ ਨੇ ਪੂਰੇ ਪੋਗਰਾਮ ਦੀ ਵੀਡੀਓਗ੍ਰਾਫੀ ਤੇ ਫੋਟੋਗ੍ਰਾਫੀ ਕੀਤੀ। ਮੀਡੀਆ ਕਵਰੇਜ ਪੀ ਟੀ ਸੀ ਚੈਨਲ , ਲਾਈਵ ਪੰਜਾਬੀ ਟੀ ਵੀ ਤੇ ਪੰਜਾਬੀ ਪਹਿਚਾਣ ਲਈ ਗੁਰਪ੍ਰੀਤ ਸਿੰਘ ਧੰਜੂ ਅਤੇ ਮਿਸਜ ਧੰਜੂ ਵੱਲੋਂ ਕੀਤੀ ਗਈ। ਮੰਚ ਸੰਚਾਲਨ ਦੀ ਜ਼ੁੰਮੇਵਾਰੀ ਡਾ ਸੁਖਵੀਰ ਸਿੰਘ ਬੀਹਲਾ ਤੇ ਜਸਜੋਤ ਕੌਰ ਸੰਘੇੜਾ ਨੇ ਬਾਖੂਬੀ ਨਿਭਾਈ।


Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਪ੍ਰਾਧੀਨਤਾ ਪਾਪ ਹੈ ਜਾਨ ਲਿਓ ਰੇ ਮੀਤ

ਸੱਚੇ ਪਾਤਸ਼ਾਹ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਅਤੇ ਉਨ੍ਹਾਂ ਦਾ ਜੀਵਨ ਅਤੇ ਸਿੱਖਿਆਵਾਂ ਜਿਸ ਖ਼ਾਸ ਨੁਕਤੇ ਦੇ ਉੱ ਕੇਂਦਰਿਤ ਹਨ, ਉਹ ਹੈ ਇਨਸਾਨ ਦੇ ਅੰਦਰ ਸਵੈ-ਮਾਣ, ਸਵੈ-ਨਿਰਭਰਤਾ ਅਤੇ ਕਿਰਤ ਦੇ ਮਾਧਿਅਮ ਰਾਹੀਂ ਇੱਕ ਅਜਿਹੇ ਰਾਜ ਦਾ ਨਿਰਮਾਣ ਕਰਨਾ ਹੈ ਜਿਸ ਵਿੱਚ ਕੋਈ ਵੀ ਕਿਸੇ ਕਿਸਮ ਦੀ ਨੀਚ-ਊਚ, ਭੇਦ ਭਾਵ ਨਾ ਹੋਵੇ ਜਿਵੇਂ ਕਿ ਉਨ੍ਹਾਂ ਨੇ ਆਪਣੇ ਪਾਵਨ ਸ਼ਬਦ 'ਬੇਗਮਪੁਰਾ ਸਹਰ ਕੋ ਨਾਉ' ਵਿੱਚ ਵਿਆਖਿਆਨ ਕੀਤਾ ਹੈ। ਸ੍ਰੀ ਗੁਰੂ ਰਵਿਦਾਸ ਜੀ ਨੇ ਆਪਣੇ ਜੀਵਨ ਕਾਲ ਦੇ ਦੌਰਾਨ ਭਾਰਤ ਦੇ ਬਿਪਰਵਾਦੀ ਕੇਂਦਰ ਕਾਂਸ਼ੀ ਵਿਖੇ ਵੱਡੇ-ਵੱਡੇ ਬਿਪਰਾਂ ਨੂੰ ਇਸ ਗੱਲ ਦਾ ਅਹਿਸਾਸ ਚੰਗੀ ਤਰ੍ਹਾਂ ਕਰਵਾ ਦਿੱਤਾ ਸੀ ਕਿ ਵਡਿਆਈ, ਨਾ ਬਰਾਬਰਤਾ ਵਿੱਚ ਨਹੀਂ ਹੈ, ਸਗੋਂ ਬਰਾਬਰਤਾ ਦਾ ਹੀ ਦੂਸਰਾ ਨਾਂ ਵਡਿਆਈ ਹੈ। ਗੁਰੂ ਜੀ ਨੇ ਬਰਾਬਰਤਾ ਦਾ ਨਾਹਰਾ ਬੁਲੰਦ ਕਰਦੇ ਹੋਏ ਕਾਂਸ਼ੀ ਵਿਖੇ ਇੱਕ ਨਵੀਂ ਤਰ੍ਹਾਂ ਦੀ ਸ਼ਾਂਤੀ ਲਹਿਰ ਦਾ ਆਗਾਜ਼ ਕਰਕੇ ਭਾਰਤ ਦੀ ਮੂਲਨਿਵਾਸੀ ਕੌਮ ਨੂੰ ਉਤਸ਼ਾਹਿਤ ਕੀਤਾ। ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ।।

ਪ੍ਰਾਧੀਨਤਾ ਪਾਪ ਹੈ ਜਾਨ ਲਿਓ ਰੇ ਮੀਤ।। ਇਸ ਗੱਲ ਦੀ ਗਵਾਹ ਹੈ ਕਿ ਜਦ ਤੱਕ ਇਨਸਾਨ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਬਾਹਰ ਨਹੀਂ ਆ ਜਾਂਦਾ, ਉਦੋਂ ਤੱਕ ਉਸ ਦੀ ਕਿਸੇ ਵੀ ਤਰ੍ਹਾਂ ਕਿਸੇ ਵੀ ਪੱਧਰ ਤੇ ਬਰਾਬਰਤਾ ਦੀ ਗੱਲ ਕਰਨਾ ਤੱਥਾਂ ਤੋਂ ਦੂਰ ਹੋਣਾ ਹੈ। ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੇ ਗੁਲਾਮੀ ਤੋਂ ਛੁਟਕਾਰਾ ਦਵਾਉਣ ਲਈ ਜਿਸ ਮਾਰਗ ਨੂੰ ਚੁਣਿਆ ਉਹ ਸੀ ਕਿਰਤ, ਸਵੈ-ਆਤਮ ਵਿਸ਼ਵਾਸ ਅਤੇ ਨਿਡਰਤਾ। ਉਨ੍ਹਾਂ ਦਾ ਬਰਾਬਰਤਾ ਨੂੰ ਹਾਸਿਲ ਕਰਨ ਦਾ ਸਿਧਾਂਤ ਆਪਣੇ ਆਪ ਵਿੱਚ ਅਲੱਗ ਕਿਸਮ ਦੀ ਮਿਸਾਲ ਪੇਸ਼ ਕਰਦਾ ਹੈ। ਉਹ ਚਾਹੁੰਦੇ ਸਨ ਜਿਸ ਜਾਤ ਪਾਤ ਸਿਧਾਂਤ ਨੇ ਭਾਰਤ ਦੇ ਮੂਲਨਿਵਾਸੀ ਵਰਗ ਨੂੰ ਗੁਲਾਮੀ ਦੀਆਂ ਕਾਲ-ਕੋਠੜੀਆਂ ਵਿੱਚ ਸਦੀਆਂ ਤੋਂ ਬੰਦ ਕੀਤਾ ਹੈ, ਉਸ ਨੂੰ ਜਿਸ ਤਰੀਕੇ ਨਾਲ ਗੁਲਾਮੀ ਤੋਂ ਮੁਕਤ ਕਰਵਾਉਣਾ ਹੈ, ਉਹ ਤਰੀਕਾ ਸੱਚਾ ਤੇ ਸੁੱਚਾ ਹੀ ਨਹੀਂ ਹੋਣਾ ਚਾਹੀਦਾ, ਬਲਕਿ ਅਪਰਾਧੀਆਂ ਨੂੰ ਵੀ ਉਨ੍ਹਾਂ ਦੇ ਅਪਰਾਧ ਤੋਂ ਅਜ਼ਾਦ ਕਰਵਾ ਕੇ ਬਰਾਬਰਤਾ ਦੇ ਸਮਾਜ ਵਿੱਚ ਉਨ੍ਹਾਂ ਦਾ ਯੋਗਦਾਨ ਹਾਸਿਲ ਕਰੇ। ਗੁਰੂ ਜੀ ਦਾ ਜਾਤ ਪਾਤ ਨੂੰ ਖਤਮ ਕਰਨ ਦਾ ਸਿਧਾਂਤ ਜ਼ਾਤ ਅਭਿਮਾਨੀਆਂ ਨੂੰ ਭਗਤੀ ਦੇ ਮਾਧਿਅਮ ਰਾਹੀਂ ਸੋਝੀ ਦੇ ਕੇ ਇੱਕ ਵਿਸ਼ਾਲ ਅਤੇ ਨਿਰਮਾਣ ਦਾ ਮੌਕਾ ਦਿੰਦਾ ਹੈ। ਸ੍ਰੀ ਗੁਰੂ ਰਵਿਦਾਸ ਜੀ ਦੇ ਇਹ ਸ਼ਬਦ ।। ਜੋ ਹਮ ਸਹਰੀ ਸੋ ਮੀਤ ਹਮਾਰਾ।। ਦੀ ਗਵਾਹੀ ਭਰਦੇ ਹਨ। ਉਨ੍ਹਾਂ ਦੇ ਸ਼ਹਿਰ ਵਿੱਚ ਜੋ ਸ਼ਖਸ ਉਨ੍ਹਾਂ ਦੇ ਇਸ ਸਿਧਾਂਤ ਨੂੰ ਅਪਨਾਉਂਦਾ ਗੁਰੂ ਰਵਿਦਾਸ ਜੀ ਉਸ ਨੂੰ ਆਪਣਾ ਮਿੱਤਰ ਸਮਝਦੇ ਹਨ ਅਤੇ ਉਨ੍ਹਾਂ ਦੀ ਮਿੱਤਰਤਾ ਦਾ ਹੱਕਦਾਰ ਉਹੀ ਬਣ ਸਕਦਾ ਹੈ, ਜਿਸ ਨੇ ਜਾਤੀ ਪਾਤੀ ਘਿਨਾਉਣੀ ਵੰਡ ਨੂੰ ਤਿਆਗ ਕੇ ਬਰਾਬਰਤਾ ਦਾ ਸਿਧਾਂਤ ਅਪਨਾ ਲਿਆ ਹੈ। ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਪਾਵਨ ਸਿੱਖਿਆਵਾਂ ਤੋਂ ਸਬਕ ਸਿਖਦੇ ਹੋਏ ਜਿਸ ਆਦਿ ਧਰਮ ਲਹਿਰ ਦੀ ਉਸਾਰੀ ਕਰਦੇ ਹਨ, ਉਸ ਦੀ ਸ਼ੁਰੂਆਤ ਅਤੇ ਅੰਤ ਦਾ ਰਸਤਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਦਰਸਾਏ ਬਰਾਬਰਤਾ ਦੇ ਸਿਧਾਂਤਾਂ ਵਿੱਚੋਂ ਹੀ ਹੋ ਕੇ ਜਾਂਦਾ ਹੈ। ਬਾਬਾ ਮੁਗੋਵਾਲੀਆ ਜੀ ਨੇ ਆਦਿ ਧਰਮ ਦੀ ਲਹਿਰ ਦਾ ਪ੍ਰਤੀਕ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਨੂੰ ਅਪਨਾਇਆ, ਜਿਸ ਵਿੱਚੋਂ ਸੋਹੰ ਦਾ ਚਿੰਨ੍ਹ ਚੁਣ ਕੇ ਬ੍ਰਾਹਮਣਵਾਦੀ ਕਾਣੀ ਵੰਡ ਦੇ ਖਾਤਮੇ ਦਾ ਬਿਗਲ ਵਜਾਇਆ।

ਉਨ੍ਹਾਂ ਦੀ ਆਦਿ ਧਰਮ ਦੀ ਲਹਿਰ ਜਿੱਥੇ ਅੰਗਰੇਜ਼ ਸਰਕਾਰ ਤੋਂ ਵੱਖਰੇ ਧਰਮ ਦੀ ਮੰਗ ਕਰਦੇ ਹੋਏ ਦਲਿਤ ਮੁਕਤੀ ਦਾ ਆਦੀ ਬਾਣ ਛੱਡਦੀ ਹੈ। ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਜੀਵਨ ਸਿੱਖਿਆਵਾਂ ਨੂੰ ਅਪਨਾਉਂਦੇ ਹੋਏ ਦਲਿਤ ਸ਼ਕਤੀ ਕਰਨ ਦਾ ਨਵਾਂ, ਅਨੋਖਾ ਤੇ ਸਵੈ-ਮਾਨ ਭਰਿਆ ਮਾਰਗ ਦਿਖਾਉਂਦੀ। ਅੱਜ ਭਾਵੇਂ ਆਦਿ ਧਰਮ ਦੀ ਲਹਿਰ ਅਪਨੇ ਜਲਾਓ 'ਚ ਨਹੀਂ ਹੈ, ਪ੍ਰੰਤੂ ਜਿਸ ਕਦਰ ਪੰਜਾਬ ਦੇ ਤਕਰੀਬਨ ਹਰ ਪਿੰਡ ਕਸਬੇ ਸ਼ਹਿਰ ਅੰਦਰ ਸ੍ਰੀ ਗੁਰੂ ਰਵਿਦਾਸ ਜੀ ਨੂੰ ਮੰਨਣ ਵਾਲੇ ਡੇਰਿਆਂ ਅੰਦਰ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਦਾ ਸੰਗ ਜੁੜਦਾ ਹੈ। ਉਹ ਜਿੱਥੇ ਆਦਿ ਧਰਮ ਦੀ ਲਹਿਰ ਦੀ ਵਿਰਾਸਤ ਦੀ ਤਸਵੀਰ ਪੇਸ਼ ਕਰਦਾ ਹੈ, ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਵਿਚਲੇ ਬਰਾਬਰਤਾ ਦੇ ਸਿਧਾਂਤ ਦੀ ਮੂੰਹ ਬੋਲਦੀ ਤਸਵੀਰ ਹੈ।

**– ਪ੍ਰੇਮ ਕੁਮਾਰ ਚੁੰਬਰ**

# ਔਰਤਾਂ ਵਿਰੁੱਧ ਅਪਰਾਧ-ਸਰਕਾਰਾਂ ਦੇ ਨਾਲ ਸਮਾਜ ਵੀ ਸੁਧਰੇ

**ਰਾਜੀਵ ਸਚਾਨ**

ਸਾਲ 2012 ਦੇ ਨਿਰਭੈਆ ਕਾਂਡ ਨੇ ਜਿਸ ਤਰ੍ਹਾਂ ਦੇਸ਼ ਨੂੰ ਗੁੱਸੇ ਤੇ ਗ਼ਮ ਨਾਲ ਭਰ ਦਿੱਤਾ ਸੀ, ਉਹੀ ਕੰਮ ਕੋਲਕਾਤਾ ਦੇ ਆਰ ਜੀ ਕਰ ਮੈਡੀਕਲ ਕਾਲਜ ਦੀ ਇਕ ਟਰੇਨੀ ਮਹਿਲਾ ਡਾਕਟਰ ਦੀ ਜਬਰ-ਜਨਾਹ ਮਗਰੋਂ ਹੱਤਿਆ ਨੇ ਕੀਤਾ। ਨਿਰਭੈਆ ਕਾਂਡ ਤੋਂ ਬਾਅਦ ਜਸਟਿਸ ਜੇਐੱਸ ਵਰਮਾ ਦੀ ਅਗਵਾਈ ਹੇਠ ਇਕ ਕਮੇਟੀ ਬਣਾਈ ਗਈ ਜਿਸ ਨੇ ਮਹਿਲਾਵਾਂ ਵਿਰੁੱਧ ਹੋਣ ਵਾਲੇ ਸੈਕਸ ਸੋਸ਼ਣ ਦੇ ਅਪਰਾਧਾਂ ਦੇ ਦੋਸ਼ੀਆਂ ਨੂੰ ਸਮੇਂ ਸਿਰ ਸਖ਼ਤ ਸਜ਼ਾ ਦੇਣ ਲਈ ਅਪਰਾਧਕ ਕਾਨੂੰਨਾਂ ਵਿਚ ਤਰਮੀਮ ਦੇ ਸੁਝਾਅ ਦਿੱਤੇ। ਇਨ੍ਹਾਂ ਸੁਝਾਵਾਂ ਅਨੁਸਾਰ ਕਾਨੂੰਨਾਂ ਨੂੰ ਸੱਚਮੁੱਚ ਕਠੋਰ ਬਣਾਇਆ ਗਿਆ ਅਤੇ ਕੁਝ ਸੂਬਾ ਸਰਕਾਰਾਂ ਨੇ ਤਾਂ ਬੱਚੀਆਂ ਤੇ ਨਾਬਾਲਗ ਕੁੜੀਆਂ ਨਾਲ ਜਬਰ-ਜਨਾਹ ਕਰਨ ਵਾਲਿਆਂ ਨੂੰ ਫਾਂਸੀ ਦੀ ਸਜ਼ਾ ਦੀ ਵਿਵਸਥਾ ਵੀ ਕੀਤੀ। ਕਈ ਬਲਾਤਕਾਰੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਵੀ ਗਈ।

ਇਸ ਤੋਂ ਇਲਾਵਾ ਨਿਰਭੈਆ ਕਾਂਡ ਦੇ ਦੋਸ਼ੀਆਂ ਨੂੰ ਦੇਸ਼ ਨੂੰ ਝੰਜੋੜਨ ਵਾਲੀ ਇਸ ਘਟਨਾ ਦੇ ਅੱਠ ਸਾਲ ਬਾਅਦ ਫਾਂਸੀ ਦੀ ਸਜ਼ਾ ਵੀ ਦੇ ਦਿੱਤੀ ਗਈ ਪਰ ਆਰ ਜੀ ਕਰ ਮੈਡੀਕਲ ਕਾਲਜ ਦੀ ਘਟਨਾ ਤੋਂ ਬਾਅਦ ਇਹੀ ਲੱਗਦਾ ਹੈ ਕਿ ਮਹਿਲਾਵਾਂ ਵਿਰੁੱਧ ਹੋਣ ਵਾਲੇ ਜਿਨਸੀ ਅਪਰਾਧਾਂ ਦੇ ਮਾਮਲੇ ਵਿਚ ਦੇਸ਼ ਓਥੇ ਹੀ ਖੜ੍ਹਾ ਹੈ ਜਿੱਥੇ 12 ਵਰ੍ਹੇ ਪਹਿਲਾਂ ਸੀ। ਇਸ ਦੀ ਪੁਸ਼ਟੀ ਛੇੜਛਾੜ, ਜਬਰ-ਜਨਾਹ, ਅਗਵਾ ਤੇ ਬਲਾਤਕਾਰ ਤੇ ਹੱਤਿਆ ਦੇ ਵਧਦੇ ਮਾਮ-ਲਿਆਂ ਤੋਂ ਹੁੰਦੀ ਹੈ। ਰਾਸ਼ਟਰੀ ਅਪਰਾਧ ਰਿਕ-ਾਰਡ ਬਿਊਰੋ ਦੇ ਅੰਕੜੇ ਦੱਸਦੇ ਹਨ ਕਿ ਮਹਿਲਾ ਅੱਤਿਆਚਾਰ ਰੋਕੂ ਕਾਨੂੰਨਾਂ ਨੂੰ ਸਖ਼ਤ ਬਣਾਏ ਜਾਣ ਤੋਂ ਬਾਅਦ ਵੀ ਸੈਕਸ ਅਪਰਾਧ ਲਗਾਤਾਰ ਵਧ ਰਹੇ ਹਨ।




ਕਿਸੇ ਵੀ ਦਿਨ ਦੀ ਅਖ਼ਬਾਰ ਚੁੱਕ ਕੇ ਦੇਖ ਲਓ। ਸੈਕਸ ਸਬੰਧੀ ਅਪਰਾਧਾਂ ਦੀਆਂ ਦੋ-ਚਾਰ ਖ਼ਬਰਾਂ ਦਿਖਾਈ ਦੇਣੀਆਂ ਆਮ ਗੱਲ ਹੈ। ਮੁਰਾਦਾਬਾਦ ਵਿਚ ਹਸਪਤਾਲ ਵਿਚ ਡਾਕਟਰ ਵੱਲੋਂ ਨਰਸ ਨਾਲ ਬਲਾਤਕਾਰ, ਗਾਜ਼ੀਆਬਾਦ ਦੇ ਮੋਦੀ ਨਗਰ ਵਿਚ ਗੂੰਗੀ-ਬੋਲ਼ੀ ਲੜਕੀ ਨੂੰ ਅਗਵਾ ਕਰਨ ਦੀ ਕੋਸ਼ਿਸ਼, ਥਾਨੇ ਵਿਚ ਸੌਤੇਲੀ ਬੇਟੀ ਨਾਲ ਬਲਾਤਕਾਰ ਕਰਨ ਵਾਲੇ ਨੂੰ 20 ਸਾਲ ਦੀ ਕੈਦ, ਰੋਹਤਕ ਵਿਚ ਸਾਥੀ ਡਾਕਟਰ ਦੁਆਰਾ ਬੀਡੀਐੱਸ ਵਿਦਿਆਰਥਣ ਨੂੰ ਅਗਵਾ ਕਰਨਾ, ਝਾਰਖੰਡ ਦੇ ਸਾਹਿਬਗੰਜ ਵਿਚ ਪੰਚਾਇਤ ਵੱਲੋਂ ਬਲਾਤਕਾਰੀ ਨੂੰ ਜੁਰਮਾਨਾ ਲਗਾ ਕੇ ਛੱਡ ਦੇਣ ਕਾਰਨ ਦੁਖੀ ਲੜਕੀ ਨੇ ਦੇ ਦਿੱਤੀ ਜਾਨ, ਤਾਮਿਲਨਾਡੂ ਦੇ ਕ੍ਰਿਸ਼ਨਾਗਿਰੀ ਜ਼ਿਲ੍ਹੇ ਵਿਚ ਫ਼ਰਜ਼ੀ ਐੱਨਸੀਸੀ ਕੈਂਪ ਵਿਚ ਲੜਕੀ ਦੇ ਸੈਕਸ ਸ਼ੋਸ਼ਣ 'ਤੇ 11 ਗ੍ਰਿਫ਼ਤਾਰ।।।।ਇਹ ਸਾਰੀਆਂ ਖ਼ਬਰਾਂ ਬੀਤੇ ਕੱਲ੍ਹ ਅਰਥਾਤ ਮੰਗਲਵਾਰ ਨੂੰ ਦਿੱਲੀ ਦੇ ਸਿਰਫ਼ ਇਕ ਅਖ਼ਬਾਰ ਦੀਆਂ ਹਨ। ਇਹ ਸਮਝਿਆ ਜਾ ਸਕਦਾ ਹੈ ਕਿ ਦੇਸ਼ ਵਿਚ ਅਜਿਹੀਆਂ ਹੋਰ ਵਾਰਦਾਤਾਂ ਵੀ ਹੋਈਆਂ ਹੋਣਗੀਆਂ। ਔਰਤਾਂ ਵਿਰੁੱਧ ਵਧਦੇ ਸੈਕਸ ਅਪਰਾਧ ਇਹੀ ਬਿਆਨ ਕਰਦੇ ਹਨ ਕਿ ਸਿਰਫ਼ ਕਾਨੂੰਨਾਂ ਨੂੰ ਸਖ਼ਤ ਬਣਾਉਣ ਨਾਲ ਗੱਲ ਨਹੀਂ ਬਣ ਰਹੀ ਹੈ। ਇਸ ਦਾ ਇਹ ਮਤਲਬ ਨਹੀਂ ਕਿ ਕਾਨੂੰਨ ਸਖ਼ਤ ਨਹੀਂ ਹੋਣੇ ਚਾਹੀਦੇ। ਕਾਨੂੰਨ ਨਾ ਸਿਰਫ਼ ਸਖ਼ਤ ਹੋਣੇ ਚਾਹੀਦੇ ਹਨ ਬਲਕਿ ਇਹ ਵੀ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਸੈਕਸ ਅਪਰਾਧੀਆਂ ਨੂੰ ਜਲਦ ਤੋਂ ਜਲਦ ਸਖ਼ਤ ਸਜ਼ਾ ਮਿਲੇ। ਹਾਲੇ ਅਜਿਹਾ ਨਹੀਂ ਹੁੰਦਾ। ਜੇ ਅਜਿਹਾ ਹੋਣ ਲੱਗੇ ਤਾਂ ਹਾਲਾਤ ਵਿਚ ਕੁਝ ਸੁਧਾਰ ਹੋ ਸਕਦਾ ਹੈ ਪਰ ਹੋਰ ਵੀ ਬਹੁਤ ਕੁਝ ਕਰਨਾ ਹੋਵੇਗਾ। ਘਰ ਤੋਂ ਬਾਹਰ ਲੜਕੀਆਂ ਤੇ ਮਹਿਲਾਵਾਂ ਖ਼ੁਦ ਨੂੰ ਸੁਰੱਖਿਅਤ ਮਹਿਸੂਸ ਕਰਨ, ਇਸ ਵਾਸਤੇ ਹਾਲੇ ਬਹੁਤ ਕੁਝ ਕਰਨ ਦੀ ਜ਼ਰੂਰਤ ਹੈ।


ਇਸ ਦੀ ਲੋੜ ਘਰ-ਪਰਿਵਾਰ ਦੇ ਨਾਲ-ਨਾਲ ਜਨਤਕ ਥਾਵਾਂ 'ਤੇ ਵੀ ਹੈ ਅਤੇ ਕੰਮ ਵਾਲੇ ਸਥਾਨਾਂ 'ਤੇ ਵੀ। ਕੋਈ ਵੀ ਹਸਪਤਾਲ ਮਹਿਲਾਵਾਂ ਦੀ ਸੁਰੱਖਿਆ ਲਈ ਸੁਰੱਖਿਅਤ ਹੀ ਮੰਨਿਆ ਜਾਵੇਗਾ ਪਰ ਕੋਲਾਕਾਤਾ ਤੇ ਮੁਰਾਦਾਬਾਦ ਦੀਆਂ ਘਟਨਾਵਾਂ ਇਹ ਦੱਸਦੀਆਂ ਹਨ ਕਿ ਅਜਿਹੇ ਕੰਮ ਵਾਲੇ ਸਥਾਨ ਵੀ ਔਰਤਾਂ ਲਈ ਸੁਰੱਖਿਅਤ ਨਹੀਂ ਰਹਿ ਗਏ ਹਨ ਜਿਨ੍ਹਾਂ ਨੂੰ ਉਮੀਦ ਮੁਤਾਬਕ ਉਨ੍ਹਾਂ ਲਈ ਸੁਰੱਖਿਅਤ ਮੰਨਿਆ ਜਾਂਦਾ ਹੈ। ਆਰ ਜੀ ਕਰ ਮੈਡੀਕਲ ਕਾਲਜ ਤਾਂ ਬੰਗਾਲ ਦਾ ਇਕ ਵੱਡਾ ਸਰਕਾਰੀ ਮੈਡੀਕਲ ਕਾਲਜ ਹੈ।

ਉੱਥੇ ਦੀ ਟਰੇਨੀ ਮਹਿਲਾ ਡਾਕਟਰ ਦੀ ਬਲਾਤਕਾਰ ਮਗਰੋਂ ਹੱਤਿਆ ਐਮਰਜੈਂਸੀ ਵਾਰਡ ਨਾਲ ਲੱਗਦੇ ਸੈਮੀਨਾਰ ਹਾਲ ਵਿਚ ਹੋਈ। ਬਲਾਤਕਾਰ ਤੇ ਕਤਲ ਦਾ ਮੁਲਜ਼ਮ ਸੰਜੇ ਰਾਏ ਕੋਲਕਾਤਾ ਪੁਲਿਸ ਦਾ ਵਲੰਟੀਅਰ ਸੀ ਯਾਨੀ ਉਸ ਦੀ ਜ਼ਿੰਮੇਵਾਰੀ ਸੁਰੱਖਿਆ ਦੇਣ ਦੀ ਸੀ ਪਰ ਉਹੀ ਸੁਰੱਖਿਆ ਲਈ ਖ਼ਤਰਾ ਬਣ ਗਿਆ। ਇਹ ਮੰਨਣ ਦੇ ਚੰਗੇ-ਭਲੇ ਕਾਰਨ ਹਨ ਕਿ ਮਮਤਾ ਸਰਕਾਰ ਤੇ ਉਨ੍ਹਾਂ ਦੀ ਕੋਲਕਾਤਾ ਪੁਲਿਸ ਨੇ ਇਸ ਹੌਲਨਾਕ ਅਪਰਾਧ 'ਤੇ ਪਰਦਾ ਪਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ। ਇਸੇ ਕਾਰਨ ਇਸ ਘਟਨਾ ਨੂੰ ਲੈ ਕੇ ਦੇਸ਼ ਭਰ ਵਿਚ ਉਸੇ ਤਰ੍ਹਾਂ ਦਾ ਗੁੱਸਾ ਦੇਖਣ ਨੂੰ ਮਿਲਿਆ ਜਿਹੋ ਜਿਹਾ ਨਿਰਭੈਆ ਕਾਂਡ ਤੋਂ ਬਾਅਦ ਦੇਖਣ ਨੂੰ ਮਿਲਿਆ ਸੀ। ਨਿਰਭੈਆ ਕਾਂਡ ਤੋਂ ਬਾਅਦ ਸ਼ਾਸਕ ਵਰਗ ਸੈਕਸ ਅਪਰਾਧਾਂ ਵਿਰੁੱਧ ਆਮ ਲੋਕਾਂ ਦੇ ਰੋਸ-ਗੁੱਸੇ ਦਾ ਸਾਹਮਣਾ ਕਈ ਵਾਰ ਕਰ ਚੁੱਕਾ ਹੈ ਪਰ ਹਾਲਾਤ ਵਿਚ ਕੋਈ ਸਿਰਜਣਾਤਮਕ ਤਬਦੀਲੀ ਨਹੀਂ ਦਿਸ ਰਹੀ ਹੈ। ਇਸ ਦਾ ਕਾਰਨ ਸਿਰਫ਼ ਇਹ ਨਹੀਂ ਹੈ ਕਿ ਸਰਕਾਰਾਂ ਜਨਤਕ ਥਾਵਾਂ ਅਤੇ ਕੰਮ ਵਾਲੇ ਸਥਾਨਾਂ 'ਤੇ ਮਹਿਲਾਵਾਂ ਲਈ ਸੁਰੱਖਿਆ ਦਾ ਢੁੱਕਵਾਂ ਮਾਹੌਲ ਬਣਾਉਣ ਵਿਚ ਨਾਕਾਮ ਹਨ ਬਲਕਿ ਇਹ ਵੀ ਹੈ ਕਿ ਸਮਾਜ ਆਪਣੇ ਹਿੱਸੇ ਦੀ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਤਿਆਰ ਨਹੀਂ ਹੈ। ਜੇ ਇਹ ਸੋਚਿਆ ਜਾ ਰਿਹਾ ਹੈ ਕਿ ਚੱਪੇ-ਚੱਪੇ 'ਤੇ ਪੁਲਿਸ ਤਾਇਨਾਤ ਕਰ ਦੇਣ ਨਾਲ ਸੈਕਸ ਅਪਰਾਧਾਂ 'ਤੇ ਲਗਾਮ ਲੱਗ ਜਾਵੇਗੀ ਤਾਂ ਅਜਿਹਾ ਹੋਣ ਵਾਲਾ ਨਹੀਂ ਹੈ।

ਸੰਭਵ ਹੈ ਕਿ ਸੁਪਰੀਮ ਕੋਰਟ ਵੱਲੋਂ ਗਠਿਤ ਟਾਸਕ ਫੋਰਸ ਹਸਪਤਾਲਾਂ ਵਿਚ ਡਾਕਟਰਾਂ ਅਤੇ ਹੋਰ ਮੈਡੀਕਲ ਸਟਾਫ ਦੀ ਸੁਰੱਖਿਆ ਲਈ ਅਜਿਹੇ ਉਪਾਅ ਸੁਝਾਉਣ ਵਿਚ ਕਾਮਯਾਬ ਰਹੇ ਜਿਨ੍ਹਾਂ 'ਤੇ ਅਮਲ ਨਾਲ ਹਾਲਾਤ ਕੁਝ ਬਦਲਣ ਪਰ ਸਵਾਲ ਸਿਰਫ਼ ਮੈਡੀਕਲ ਖੇਤਰ ਨਾਲ ਸਬੰਧਤ ਮਹਿਲਾ ਮੁਲਾਜ਼ਮਾਂ ਦੀ ਸੁਰੱਖਿਆ ਦਾ ਹੀ ਨਹੀਂ ਹੈ। ਸਵਾਲ ਤਾਂ ਸਾਰੀਆਂ ਲੜਕੀਆਂ-ਮਹਿਲਾਵਾਂ ਦੀ ਸੁਰੱਖਿਆ ਦਾ ਹੈ। ਨਾਰੀ ਸ਼ਕਤੀ ਦੀ ਸੁਰੱਖਿਆ ਉਦੋਂ ਯਕੀਨੀ ਬਣੇਗੀ ਜਦ ਸਮਾਜ ਵੀ ਇਸ ਦੀ ਚਿੰਤਾ ਕਰੇਗਾ। ਇਹ ਸਮਾਜ ਦੀ ਤਰਜੀਹ ਹੋਣੀ ਚਾਹੀਦੀ ਹੈ ਕਿ ਘਰ-ਪਰਿਵਾਰ ਦੇ ਨਾਲ-ਨਾਲ ਸਕੂਲੀ ਸਿੱਖਿਆ-ਦੀਕਸ਼ਾ ਅਤੇ ਸਮਾਜਿਕ-ਸੱਭਿਆਚਾਰਕ-ਰਾਜਨੀਤਕ ਆਯੋਜਨਾਂ ਵਿਚ ਮਹਿਲਾਵਾਂ ਪ੍ਰਤੀ ਨਜ਼ਰੀਆ ਬਦਲਣ ਦਾ ਕੰਮ ਹੋਵੇ। ਬੇਸ਼ੱਕ ਲਿੰਗ ਸਬੰਧੀ ਭੇਦਭਾਵ ਇਕ ਹੱਦ ਤੱਕ ਦੂਰ ਹੋਇਆ ਹੈ ਪਰ ਪੂਰੀ ਤਰ੍ਹਾਂ ਨਹੀਂ। ਸੈਕਸ ਅਪਰਾਧਾਂ ਦਾ ਇਕ ਵੱਡਾ ਕਾਰਨ ਔਰਤਾਂ ਨੂੰ ਕਮਜ਼ੋਰ, ਘੱਟ ਹੈਸੀਅਤ ਵਾਲੀਆਂ, ਹੀਣ ਅਤੇ ਭੋਗ-ਵਿਲਾਸ ਦੀ ਵਸਤੂ ਸਮਝਣ ਵਾਲੀ ਮਾਨਸਿਕਤਾ ਹੈ।

ਇਸੇ ਕਾਰਨ ਉਹ ਘਰੇਲੂ ਹਿੰਸਾ ਤੋਂ ਲੈ ਕੇ ਜਨਤਕ ਥਾਵਾਂ 'ਤੇ ਜਿਨਸੀ ਹਿੰਸਾ ਦਾ ਸ਼ਿਕਾਰ ਬਣਦੀਆਂ ਹਨ। ਜਦ ਤੱਕ ਮਹਿਲਾਵਾਂ ਪ੍ਰਤੀ ਮਾਨਸਿਕਤਾ ਨਹੀਂ ਬਦਲੇਗੀ, ਉਦੋਂ ਤੱਕ ਹਾਲਾਤ ਬਦਲਣ ਵਾਲੇ ਨਹੀਂ ਹਨ। ਹਾਲਾਤ ਬਦਲਣ ਲਈ ਭਾਵੀ ਪੀੜ੍ਹੀ ਨੂੰ ਨੈਤਿਕਤਾ, ਸੰਸਕਾਰ, ਸਦਾਚਾਰ ਦੇ ਨਾਲ-ਨਾਲ ਲਿੰਗਕ ਸਮਾਨਤਾ ਦੀ ਸਿੱਖਿਆ ਦੇਣੀ ਹੋਵੇਗੀ। ਅੱਜ ਸਥਿਤੀ ਇਹ ਹੈ ਕਿ ਜੇ ਕਿਤੇ ਨੈਤਿਕ ਸਿੱਖਿਆ ਅਤੇ ਸੰਸਕਾਰਾਂ ਦੀ ਮਹੱਤਤਾ 'ਤੇ ਚਰਚਾ ਚੱਲ ਨਿਕਲੇ ਤਾਂ ਉਸ ਦਾ ਮਜ਼ਾਕ ਉਡਾਇਆ ਜਾਣ ਲੱਗਦਾ ਹੈ।

# IVACC ਦੀ ਸਾਲਾਨਾ ਪਿਕਨਿਕ ਐਤਵਾਰ, 25 ਅਗਸਤ, 2024 ਨੂੰ ਹੋਵੇਗੀ












**ਸੈਕਰਾਮੈਂਟੋ (ਡੀਡੀਬੀ)–** ਆਈਵੀਏਸੀਸੀ ਦੇ ਜਨਰਲ ਸਕੱਤਰ ਸ਼੍ਰੀ ਸੁਖਚੈਨ ਸਿੰਘ ਅਨੁਸਾਰ ਪ੍ਰਧਾਨ ਸ਼੍ਰੀ ਕੇਵਲ ਬੋਲੀਨਾ ਦੁਆਰਾ ਆਈਵੀਏਸੀਸੀ ਦੀ ਸਾਲਾਨਾ ਪਿਕਨਿਕ ਦੀ ਤਿਆਰੀ ਲਈ ਇਕ ਸ਼ਪੈਸ਼ਲ ਮੀਟਿੰਗ ਬੁਲਾਈ ਗਈ । ਇਸ ਮੀਟਿੰਗ ਵਿੱਚ 32 ਬੋਰਡ ਮੈਂਬਰਾਂ ਨੇ ਹਿੱਸਾ ਲਿਆ ਅਤੇ ਇਸ ਮੀਟਿੰਗ ਦੀ ਸ਼ੁਰੂਆਤ ਨਵ-ਵਿਆਹੇ ਜੋੜੇ ਸ਼੍ਰੀ ਅਤੇ ਸ਼੍ਰੀਮਤੀ ਸਤਪਾਲ ਵਿਰਕ ਅਤੇ ਮਨਜੀਤ ਵਿਰਕ ਦੇ ਸਨਮਾਨ ਵਿੱਚ ਕੇਕ ਕੱਟਣ ਦੀ ਰਸਮ ਨਾਲ ਹੋਈ। ਇਹ ਜਸ਼ਨ ਪੈਰੀ ਸੋਹੀ ਦੁਆਰਾ ਸੋਚ-ਸਮਝ ਕੇ ਆਯੋਜਿਤ ਕੀਤਾ ਗਿਆ ਸੀ। ਮੀਟਿੰਗ ਦੌਰਾਨ ਪਿਕਨਿਕ ਦੀਆਂ ਡਿਊਟੀਆਂ ਸਬੰਧਤ ਮੈਂਬਰਾਂ ਨੂੰ ਦਿੱਤੀਆਂ ਗਈਆਂ। ਇਸ ਤੋਂ ਇਲਾਵਾ, ਜੇਪੀ ਸਿੰਘ ਅਤੇ ਸ਼ਸ਼ੀ ਪਾਲ ਨੇ ਪਿਕਨਿਕ ਟੂਰਨਾਮੈਂਟ ਦੇ ਜੇਤੂਆਂ ਅਤੇ ਉਪ ਜੇਤੂਆਂ ਨੂੰ ਵਾਲੀਬਾਲ ਟਰਾਫੀਆਂ ਦੇਣ ਦੀ ਪੇਸ਼ਕਸ਼ ਕੀਤੀ। ਮੀਟਿੰਗ ਦੀ ਸਮਾਪਤੀ ਪੂਨਮ, ਜੋਤੀ, ਮਲਿਕ ਅਤੇ ਬਿੱਕਰ ਦੁਆਰਾ ਪੇਸ਼ ਕੀਤੇ ਗਏ ਗੀਤ ਨਾਲ ਹੋਈ। ਪੀ. ਨਾਹਲ ਨੇ ਸਭ ਦਾ ਧੰਨਵਾਦ ਦਾ ਕੀਤਾ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਵਰਜੀਨੀਆ ਵਿਚ ਡੋਨਲਡ ਟਰੰਪ ਦੇ ਚੋਣ ਮੁਹਿੰਮ ਦਫਤਰ ਵਿੱਚ ਲਾਈ ਸਨ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਰਾਸ਼ਟਰਪਤੀ ਅਹੁੱਦੇ ਲਈ ਰਿਪਬਲੀਕਨ ਉਮੀਦਵਾਰ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੇ ਐਸ਼ਬਰਨ, ਵਿਰਜੀਨੀਆ ਸਥਿੱਤੀ ਚੋਣ ਮੁਹਿੰਮ ਦਫਤਰ ਵਿਚ ਚੋਰ ਵੱਲੋਂ ਸਨ ਲਾਉਣ ਦੀ ਖਬਰ ਹੈ। ਮਾਮਲੇ ਦੀ ਲਾਅ ਇਨਫੋਰਸਮੈਂਟ ਅਫਸਰ ਜਾਂਚ ਕਰ ਰਹੇ ਹਨ। ਲੌਡਾਊਨ ਕਾਊਂਟੀ ਸ਼ੈਰਿਫ ਦੇ ਦਫਤਰ ਅਨੁਸਾਰ ਰਾਤ 9 ਵਜੇ ਦੇ ਆਸਪਾਸ ਦਫਤਰ ਵਿਚ ਚੋਰੀ ਹੋਣ ਦੀ ਸੂਚਨਾ ਮਿਲੀ ਸੀ ਜੋ ਦਫਤਰ ਟਰੰਪ ਦੇ ਚੋਣ ਮੁਹਿੰਮ ਸੰਚਾਲਕਾਂ ਨੇ ਪਟੇ ਉਪਰ ਲਿਆ ਹੈ ਤੇ ਇਸ ਦਫਤਰ ਨੂੰ ਵਿਰਜੀਨੀਆ ਟੈਂਥ ਡਿਸਟ੍ਰਿਕਟ ਰਿਪਬਲੀਕਨ ਕਮੇਟੀ ਵੱਲੋਂ ਆਪਣੇ ਹੈਡਕੁਆਰਟਰ ਵਜੋਂ ਵੀ ਵਰਤਿਆ ਜਾ ਰਿਹਾ ਹੈ। ਜਾਂਚਕਾਰ ਪੁਲਿਸ ਅਫਸਰਾਂ ਨੇ ਕਿਹਾ ਹੈ ਕਿ ਉਨਾਂ ਨੇ ਘਟਨਾ ਦੀ ਸੀ ਸੀ ਟੀ ਵੀ ਵੀਡੀਓ ਪ੍ਰਾਪਤ ਕਰ ਲਈ ਹੈ ਜਿਸ ਵਿਚ ਚੋਰ ਦਫਤਰ ਵਿਚ ਨਜਰ ਆ ਰਿਹਾ ਹੈ ਤੇ ਉਸ ਨੇ ਕਾਲੇ ਰੰਗ ਦੇ ਕਪੜੇ ਪਾਏ ਹਨ ਤੇ ਕਾਲੀ ਟੋਪੀ ਲਈ ਹੋਈ ਹੈ ਤੇ ਇਕ ਬੈਗ ਲਟਕਾਇਆ ਹੋਇਆ ਹੈ। ਸ਼ੈਰਿਫ ਮਾਈਕ ਚੈਪਮੈਨ ਨੇ ਇਕ ਜਾਰੀ ਬਿਆਨ ਵਿਚ ਕਿਹਾ ਹੈ ਕਿ ਕਿਸੇ ਰਾਜਸੀ ਪਾਰਟੀ ਦੇ ਦਫਤਰ ਵਿਚ ਇਸ ਤਰਾਂ ਦੀ ਸਨ ਲੱਗਣ ਦੀ ਇਹ ਇਕ ਟਾਵੀਂ-ਵਿਰਲੀ ਘਟਨਾ ਹੈ। ਅਸੀਂ ਸ਼ੱਕੀ ਦੀ ਪਛਾਣ ਕਰਨ ਲਈ ਦ੍ਰਿੜ ਹਾਂ ਤੇ ਇਹ ਘਟਨਾ ਕਿਉਂ ਵਾਪਰੀ ਇਸ ਦੀ ਵੀ ਜਾਂਚ ਹੋ ਰਹੀ ਹੈ। ਜਾਂਚਕਾਰ ਸ਼ੱਕੀ ਦੀ ਪਛਾਣ ਲਈ ਆਮ ਜਨਤਾ ਤੋਂ ਮੱਦਦ ਲੈ ਰਹੇ ਹਨ। ਉਨਾਂ ਕਿਹਾ ਕ ਅਜੇ ਇਹ ਸਪੱਸ਼ਟ ਨਹੀਂ ਹੈ ਕਿ ਚੋਰ ਦਫਤਰ ਵਿਚੋਂ ਕੀ ਲੈ ਕੇ ਗਿਆ ਹੈ।




# ਅਰਕੰਸਾਸ ਵਿਚ ਇਕ ਗਸ਼ਤੀ ਗੱਡੀ ਵਿੱਚ ਇਕ ਵਿਅਕਤੀ ਦੀ ਕੁੱਟਮਾਰ ਦੇ ਮਾਮਲੇ ਵਿਚ ਪੁਲਿਸ ਅਫਸਰ ਬਰਖਾਸਤ


**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਅਮਰੀਕਾ ਦੇ ਅਰਕੰਸਾਸ ਰਾਜ ਵਿਚ ਪੁਲਿਸ ਦੀ ਗਸ਼ਤੀ ਗੱਡੀ ਦੇ ਪਿੱਛੇ ਡਿੱਗੀ ਵਿਚ ਇਕ ਪੁਲਿਸ ਅਫਸਰ ਵੱਲੋਂ ਇਕ ਗ੍ਰਿਫਤਾਰ ਵਿਅਕਤੀ ਦੀ ਕੀਤੀ ਜਾ ਰਹੀ ਕੁੱਟਮਾਰ ਦੀ ਵੀਡੀਓ ਵਾਇਰਲ ਹੋਣ ਉਪਰੰਤ ਸਬੰਧਤ ਪੁਲਿਸ ਅਫਸਰ ਨੂੰ ਬਰਖਾਸਤ ਕਰ ਦੇਣ ਦੀ ਖਬਰ ਹੈ। ਜੋਨਸਬੋਰੋ ਪੁਲਿਸ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਉਸ ਨੂੰ ਘਟਨਾ ਦੀ ਜਾਣਕਾਰੀ ਮਿਲਣ ਉਪਰੰਤ ਮਾਮਲੇ ਦੀ ਗੰਭੀਰਤਾ ਨੂੰ ਵੇਖਦੇ ਹੋਏ ਸਬੰਧਿਤ ਪੁਲਿਸ ਅਫਸਰ ਜੋਸਫ ਹੈਰਿਸ ਨੂੰ ਫੌਰੀ ਬਰਖਾਸਤ ਕਰ ਦਿੱਤਾ ਗਿਆ ਹੈ। ਵਿਭਾਗ ਨੇ ਕਿਹਾ ਹੈ ਕਿ ਉਸ ਨੇ ਘਟਨਾ ਦੀ ਸੰਭਾਵੀ ਤੇਜੀ ਨਾਲ ਜਾਂਚ ਉਪਰੰਤ ਘਟਨਾ ਦੀ ਵੀਡੀਓ ਯੂ ਟਿਊਬ ਚੈਨਲ ਉਪਰ ਪਾ ਦਿੱਤੀ ਸੀ। ਵੀਡੀਓ ਵਿਚ ਨਜਰ ਆ ਰਿਹਾ ਹੈ ਕਿ ਗ੍ਰਿਫਤਾਰ ਵਿਅਕਤੀ ਦੇ ਹੱਥਕੜੀ ਲਾਈ ਹੋਈ ਹੈ ਤੇ ਉਸ ਨੇ ਹਸਪਤਾਲ ਵਾਲਾ ਚੋਗਾ ਪਾਇਆ ਹੋਇਆ ਹੈ। ਉਹ ਪੁਲਿਸ ਅਫਸਰ ਨੂੰ ਕਹਿੰਦਾ ਸੁਣਾਈ ਦਿੰਦਾ ਹੈ ਕਿ ਉਸ ਨੇ ਇਕ ਦਿਨ ਪਹਿਲਾਂ ਫੈਂਟਾਨਾਇਲ ਖਾਧੀ ਸੀ ਤੇ ਜੇਕਰ ਉਸ ਨੂੰ ਹਸਪਤਾਲ ਵਾਪਿਸ ਨਾ ਲਿਜਾਇਆ ਗਿਆ ਤਾਂ ਉਹ ਮਰ ਜਾਵੇਗਾ। ਇਸ 'ਤੇ ਇਕ ਪੁਲਿਸ ਅਫਸਰ ਉਸ ਨੂੰ ਮਾਰਨਾ ਕੁੱਟਣਾ ਸ਼ੁਰੂ ਕਰ ਦਿੰਦਾ ਹੈ। ਉਹ ਉਸ ਦੇ ਸਿਰ ਵਿਚ ਵਾਰ ਵਾਰ ਘਸੁੰਨ ਮਾਰਦਾ ਹੈ। ਇਕ ਸਮੇ ਕੈਦੀ ਬੇਹਰਕਤ ਹੋ ਜਾਂਦਾ ਹੈ। ਜੋਨਸਬੋਰੋ ਪੁਲਿਸ ਮੁੱਖੀ ਰਿਕ ਏਲੀਆਟ ਨੇ ਕਿਹਾ ਹੈ ਕਿ ਉਸ ਨੇ ਐਫ ਬੀ ਆਈ ਨੂੰ ਸੂਚਿਤ ਕਰ ਦਿੱਤਾ ਹੈ ਤੇ ਉਸ ਦੇ ਲਿਟਲ ਰਾਕ ਦਫਤਰ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਕੋਲੋਰਾਡੋ ਵਿਚ ਡਰੱਗ ਤਸਕਰੀ ਗਿਰੋਹ ਦੇ ਸਰਗਨੇ ਨੂੰ 376 ਸਾਲ ਜੇਲ ਦੀ ਸਜ਼ਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਕੋਲੋਰਾਡੋ ਵਿਚ ਇਕ ਡਰੱਗ ਤਸਕਰੀ ਗਿਰੋਹ ਦੇ ਸਰਗਨੇ ਨੂੰ 376 ਸਾਲ ਕੈਦ ਦੀ ਸਜ਼ਾ ਸੁਣਾਏ ਜਾਣ ਦੀ ਖਬਰ ਹੈ। ਇਹ ਜਾਣਕਾਰੀ ਕਾਊਂਟੀ ਅਧਿਕਾਰੀਆਂ ਨੇ ਦਿੱਤੀ ਹੈ। ਕਾਊਂਟੀ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਨੇ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਇਕ ਜਿਊਰੀ ਨੇ ਇਸ ਸਾਲ ਜੂਨ ਵਿਚ ਜੋਸ ਅਰੇਲਾਨੋ-ਅਰੇਡੋਨਡੋ (67) ਨੂੰ ਡਰੱਗ ਨਾਲ ਸਬੰਧਿਤ ਤੇ ਕਾਲੇ ਧੰਨ ਨੂੰ ਚਿੱਟਾ ਕਰਨ ਸਬੰਧੀ 40 ਦੋਸ਼ਾਂ ਤਹਿਤ ਦੋਸ਼ੀ ਐਲਾਨਿਆ ਸੀ। ਚੀਫ ਡਿਪਟੀ ਡਿਸਟ੍ਰਿਕਟ ਅਟਾਰਨੀ ਮਾਈਕਲ ਪਿਰਾਗਲੀਆ ਨੇ ਬਿਆਨ ਵਿਚ ਕਿਹਾ ਹੈ ਕਿ ਇਸ ਆਦਮੀ ਨੇ ਕਈ ਸਾਲ ਅਮਰੀਕੀਆਂ ਨੂੰ ਭਾਰੀ ਮਾਤਰਾ ਵਿਚ ਜ਼ਹਿਰ ਵੰਡੀ ਹੈ। ਉਨਾਂ ਕਿਹਾ ਕਿ ਇਸ ਨੇ ਕਿੰਨੇ ਲੋਕਾਂ ਦੀਆਂ ਜਿੰਦਗੀਆਂ ਤਬਾਹ ਕੀਤੀਆਂ ਹਨ ਇਸ ਬਾਰੇ ਕਦੀ ਵੀ ਸੱਚ ਸਾਹਮਣੇ ਨਹੀਂ ਆਵੇਗਾ। ਇਸ ਨੇ ਆਪਣੇ ਨਿੱਜੀ ਮੁਨਾਫੇ ਲਈ ਲੋਕਾਂ ਨੂੰ ਨਸ਼ੇ ਦਾ ਆਦੀ ਬਣਾਇਆ ਤੇ ਉਨਾਂ ਦਾ ਸੋਸ਼ਣ ਕੀਤਾ। ਬਿਆਨ ਅਨੁਸਾਰ ਅਰੇਲਾਨੋ-ਅਰੇਡੋਨਡੋ ਨੂੰ ਕਾਊਂਟੀ ਵੱਲੋਂ ਗਠਿਤ ਇਕ ਡੱਰਗ ਟਾਸਕ ਫੋਰਸ ਵੱਲੋਂ ਲੁਕਵੇਂ ਢੰਗ ਨਾਲ ਕੀਤੀ ਜਾਂਚ ਜੋ ਜਾਂਚ 2019 ਵਿਚ ਸ਼ੁਰੂ ਹੋਈ ਸੀ, ਉਪਰੰਤ ਕਾਬੂ ਕੀਤਾ ਸੀ। ਇਸ ਜਾਂਚ ਵਿਚ ਪਤਾ ਲੱਗਾ ਕਿ ਡਰੱਗ ਮੈਕਸੀਕੋ ਤੋਂ ਨੇਵਾਡਾ ਤੇ ਐਰੀਜ਼ੋਨਾ ਲਿਜਾਏ ਜਾਂਦੇ ਸਨ ਤੇ ਇਸ ਤੋਂ ਬਾਅਦ ਇਹ ਡਰੱਗ ਅਰੇਲਾਨੋ-ਅਰੇਡੋਨਡ ਕੋਲ ਗਰੀਲੇ, ਕੋਲੋਰਾਡੋ ਪਹੁੰਚਦੇ ਸਨ। ਅਧਿਕਾਰੀਆਂ ਨੇ ਸਤੰਬਰ 2020 ਵਿਚ ਅਰੇਲਾਨੋ ਅਰੇਡੋਨਡੋ ਦੇ ਘਰ ਦੀ ਤਲਾਸ਼ੀ ਲੈਣ ਤੋਂ ਪਹਿਲਾਂ ਉਸ ਕੋਲੋਂ ਗਾਹਕ ਬਣ ਕੇ ਡਰੱਗ ਵੀ ਖਰੀਦੇ ਸਨ।

# ਕਮਲਾ ਹੈਰਿਸ ਦਾ ਆਖਰੀ ਨਾਂ ਕੋਈ ਨਹੀਂ ਜਾਣਦਾ- ਟਰੰਪ ਵੱਲੋਂ ਡੈਮੋਕਰੈਟਿਕ ਉਮੀਦਵਾਰ 'ਤੇ ਨਿੱਜੀ ਹਮਲੇ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਰਾਸ਼ਟਰਪਤੀ ਅਹੁੱਦੇ ਲਈ ਰਿਪਬਲੀਕਨ ਉਮੀਦਵਾਰ ਡੋਨਲਡ ਟਰੰਪ ਵੱਲੋਂ ਆਪਣੇ ਵਿਰੋਧੀ ਡੈਮੋਕਰੈਟਿਕ ਉਮੀਦਵਾਰ ਤੇ ਮੌਜੂਦਾ ਉਪ ਰਾਸ਼ਟਰਪਤੀ ਕਮਲਾ ਹੈਰਿਸ 'ਤੇ ਨਿਰੰਤਰ ਨਿੱਜੀ ਹਮਲੇ ਕੀਤੇ ਜਾ ਰਹੇ ਹਨ ਜਿਸ ਦਾ ਸੋਸ਼ਲ ਮੀਡੀਆ ਉਪਰ ਮਜ਼ਾਕ ਵੀ ਉਡਾਇਆ ਜਾ ਰਿਹਾ ਹੈ। ਪਹਿਲਾਂ ਇਕ ਰੈਲੀ ਦੌਰਾਨ ਟਰੰਪ ਨੇ ਕਮਲਾ ਹੈਰਿਸ ਦੀ ਨਸਲ ਬਾਰੇ ਸਵਾਲ ਖੜੇ ਕੀਤੇ ਸਨ ਤੇ ਹੁਣ ਉਸ ਨੇ ਦਾਅਵਾ ਕਰਦਿਆਂ ਕਿਹਾ ਹੈ ਕਿ ਲੋਕ ਉਸ ਦਾ ਆਖਰੀ ਨਾਂ ਨਹੀਂ ਜਾਣਦੇ। ਬੋਜ਼ਮੈਨ, ਮੋਨਟਾਨਾ ਵਿਚ ਇਕ ਰੈਲੀ ਨੂੰ ਸੰਬੋਧਨ ਕਰਦਿਆਂ ਟਰੰਪ ਨੇ ਕਿਹਾ ਕਮਲਾ ਹੈਰਿਸ, ਤੁਸੀਂ ਜਾਣਦੇ ਹੋ ਕਿ ਇਹ ਬਹੁਤ ਦਿਲਚਸਪ ਹੈ ਕਿ ਕੋਈ ਵੀ ਤੁਹਾਡਾ ਆਖਰੀ ਨਾਂ ਨਹੀਂ ਜਾਣਦਾ। ਉਨਾਂ ਕਿਹਾ ਜੇਕਰ ਤੁਸੀਂ ਲੋਕਾਂ ਨੂੰ ਪੁੱਛੋ ਕਿ ਉਸ ਦੇ ਨਾਂ ਦੇ ਆਖਰੀ ਸ਼ਬਦ ਕੀ ਹਨ ਤਾਂ ਕਿਸੇ ਨੂੰ ਵੀ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੋਵੇਗੀ। ਉਨਾਂ ਕਿ ਮੈ ਨਹੀਂ ਜਾਣਦਾ, ਇਹ ਮੰਦਭਾਗਾ ਕਿਵੇਂ ਵਾਪਰਿਆ ਹੈ? ਟਰੰਪ ਦੀ ਇਸ ਟਿੱਪਣੀ ਤੋਂ ਬਾਅਦ ਦੇਰ ਰਾਤ ਤੱਕ ਸੋਸ਼ਲ ਮੀਡੀਆ ਉਪਰ ਚੁਟਕੀਆਂ ਲੈਣ ਵਾਲਿਆਂ ਨੂੰ ਕਾਫੀ ਮਸਾਲਾ ਮਿਲ ਗਿਆ। ਸੋਸ਼ਲ ਮੀਡੀਆ ਉਪਰ ਟਰੰਪ ਦੇ ਕਈ ਆਖਰੀ ਨਾਂ ਰਖੇ ਗਏ ਜੋ ਮਜ਼ਾਕੀਆ ਵੀ ਹਨ ਤੇ ਅਪਮਾਣਜਨਕ ਵੀ।





# ਡਾ. ਅੰਬੇਡਕਰ ਸਕੂਲ ਬੁਲੰਦਪੁਰ ਵਿੱਚ ਆਜ਼ਾਦੀ ਦਿਵਸ ਮਨਾਇਆ ਗਿਆ





**ਜਲੰਧਰ (ਜੱਸਲ)–** ਅੱਜ ਡਾ. ਬੀ. ਆਰ. ਅੰਬੇਡਕਰ ਪਬਲਿਕ ਸਕੂਲ ਬੁਲੰਦਪੁਰ ਜਲੰਧਰ ਵਲੋਂ 78ਵਾਂ ਆਜ਼ਾਦੀ ਦਿਵਸ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੌਕੇ 'ਤੇ ਮੁੱਖ ਮਹਿਮਾਨ ਮਾਨਯੋਗ ਸ਼੍ਰੀਮਤੀ ਰਜਨੀ ਜੀ ਸਰਪੰਚ ਪਿੰਡ ਬੁਲੰਦਪੁਰ ਸਨ, ਨੇ ਦੇਸ਼ ਦੀ ਸ਼ਾਨ ਤੇ ਆਨ ਦੇ ਪ੍ਰਤੀਕ ਤਿਰੰਗਾ ਝੰਡਾ ਲਹਿਰਾਇਆ। ਉਹਨਾਂ ਦੇਸ਼ ਦੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਅਤੇ ਕਿਹਾ ਕਿ ਸਾਨੂੰ ਦੇਸ਼ ਦੀ ਏਕਤਾ ਤੇ ਅਖੰਡਤਾ ਬਣਾਈ ਰੱਖਣ ਦੀ ਬਹੁਤ ਵੱਡੀ ਲੋੜ ਹੈ। ਮੁੱਖ ਮਹਿਮਾਨ ਤੇ ਵਿਸ਼ੇਸ਼ ਮਹਿਮਾਨਾਂ ਵੱਲੋਂ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਤਸਵੀਰ 'ਤੇ ਫੁੱਲ ਮਾਲਾਵਾਂ ਵੀ ਭੇਂਟ ਕੀਤੀਆਂ।



ਵਿਸ਼ੇਸ਼ ਮਹਿਮਾਨ ਐਡਵੋਕੇਟ ਹਰਭਜਨ ਸਾਹਿਬ ਨੇ ਕਿਹਾ ਕਿ ਆਜ਼ਾਦੀ ਦਿਵਸ 'ਤੇ ਵਿਦਿਆਰਥੀਆਂ ਨੂੰ ਪ੍ਰਣ ਕਰਨਾ ਚਾਹੀਦਾ ਹੈ ਕਿ ਉਹ ਵੱਧ ਤੋਂ ਵੱਧ ਸਮਾਂ ਪੜ੍ਹਾਈ 'ਤੇ ਲਗਵਾਉਣਗੇ ,ਤਾਂ ਹੀ ਉਹ ਆਪਣੀ ਜ਼ਿੰਦਗੀ ਵਿੱਚ ਕਾਮਯਾਬੀ ਹਾਸਿਲ ਕਰ ਸਕਦੇ। ਜਿਸ ਨਾਲ ਉਹ ਮਾਪਿਆਂ ਦਾ ਸਹਾਰਾ ਬਣ ਸਕਦੇ ਹਨ। ਸ੍ਰੀ ਸ਼ਾਦੀ ਲਾਲ ਬਸਪਾ ਆਗੂ ਨੇ ਕਿਹਾ ਕਿ ਪਿੰਡਾਂ ਵਿੱਚ ਜਿਹੜੀਆਂ ਫੈਕਟਰੀਆਂ ਲੱਗ ਰਹੀਆਂ ਹਨ ,ਉਹਨਾਂ ਦਾ ਗੰਦਾ ਪਾਣੀ ਮਾਲਕ ਧਰਤੀ ਵਿੱਚ ਪਾ ਰਹੇ ਹਨ ।ਜਿਸ ਨਾਲ ਧਰਤੀ ਹੇਠਲਾ ਪਾਣੀ ਜ਼ਹਿਰੀਲਾ ਹੋ ਰਿਹਾ ਹੈ। ਇਸ ਤੋਂ ਸੁਚੇਤ ਹੋਣ ਦੀ ਲੋੜ ਹੈ ।ਦੇਸ਼ ਨੂੰ ਆਜ਼ਾਦ ਹੋਇਆ ਅੱਜ ਭਾਵੇਂ 77 ਸਾਲ ਪੂਰੇ ਹੋ ਚੁੱਕੇ ਹਨ ਪਰ ਸਾਡੀਆਂ ਸਰਕਾਰਾਂ ਅਜੇ ਤੱਕ ਪੀਣ ਵਾਲੇ ਸ਼ੁੱਧ ਪਾਣੀ ਦਾ ਪ੍ਰਬੰਧ ਵੀ ਨਹੀਂ ਕਰ ਸਕੀਆਂ। ਇਸ 'ਤੇ ਚਿੰਤਾ ਕਰਨ ਦੀ ਜਰੂਰਤ ਹੈ।

ਇਸ ਮੌਕੇ 'ਤੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ, ਕਵਿਤਾਵਾਂ ਤੇ ਭਾਸ਼ਣ ਦਿੱਤੇ ਗਏ ।ਬੱਚਿਆਂ ਦੀ ਪੇਸ਼ਕਾਰੀ ਦੇਖ ਕੇ ਬੱਚਿਆਂ ਦੇ ਮਾਪੇ, ਅਧਿਆਪਕ ,ਸਟਾਫ ਅਤੇ ਮਹਿਮਾਨ ਬਹੁਤ ਖੁਸ਼ ਹੋਏ। ਬੱਚਿਆਂ ਨੇ ਪ੍ਰਣ ਕੀਤਾ ਕਿ ਦੇਸ਼ ਦੀ ਏਕਤਾ, ਅਖੰਡਤਾ, ਧਰਮ ਨਿਰਪੇਖਤਾ ਨੂੰ ਹੋਰ ਮਜ਼ਬੂਤ ਕਰਾਂਗੇ ।ਪੜ੍ਹਾਈ ਮਨ ਲਗਾ ਕੇ ਕਰਾਂਗੇ ।ਬਾਬਾ ਸਾਹਿਬ ਜੀ ਦੇ ਸੰਦੇਸ਼ 'ਪੜ੍ਹੋ -ਲਿਖੋ' ਨੂੰ ਪੂਰਾ ਕਰਾਂਗੇ।

ਸਕੂਲ ਦੇ ਪ੍ਰਿੰਸੀਪਲ ਪਰਮਜੀਤ ਜੱਸਲ ਨੇ ਅੱਜ ਦੇ ਸਮਾਗਮ ਵਿੱਚ ਪਹੁੰਚੇ ਮੁੱਖ ਮਹਿਮਾਨ ਤੇ ਵਿਸ਼ੇਸ਼ ਮਹਿਮਾਨਾਂ ਨੂੰ ਜੀ ਆਇਆ ਕਿਹਾ ਤੇ ਧੰਨਵਾਦ ਵੀ ਕੀਤਾ। ਆਜ਼ਾਦੀ ਦਿਵਸ ਦੀ ਵਧਾਈ ਦਿੰਦਿਆਂ ਪ੍ਰਿੰਸੀਪਲ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਸਿੱਖਿਆ ਹਾਸਲ ਕਰਨੀ ਚਾਹੀਦੀ ਹੈ।" ਸਿੱਖਿਆ ਹੀ ਐਸਾ ਸ਼ੇਰਨੀ ਦਾ ਦੁੱਧ ਹੈ, ਜੋ ਪੀਵੇਗਾ ਉਹੀ ਦਹਾੜੇਗਾ।" ਭਾਵ ਸਿੱਖਿਆ ਨਾਲ ਹੀ ਸਾਡੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਕੱਢਿਆ ਜਾ ਸਕਦਾ ਹੈ। ਦਾਨੀ ਸੱਜਣ ਸ਼੍ਰੀ ਰਵਿੰਦਰ ਕੁਮਾਰ ਬਿਰਦੀ ਪਿੰਡ ਬੱਲਾਂ ਵੱਲੋਂ ਵਿਦਿਆਰਥੀਆਂ ਨੂੰ ਫਰੀ ਕਾਪੀਆਂ, ਪੈੱਨ ਤੇ ਪੈਨਸਲਾਂ ਵੰਡੀਆਂ ਗਈਆਂ ।ਜਿਸ ਨਾਲ ਬੱਚੇ ਬਹੁਤ ਖੁਸ਼ ਨਜ਼ਰ ਆਏ। ਸ੍ਰੀ ਰਜਿੰਦਰ ਕੁਮਾਰ ਤੇ ਸ੍ਰੀਮਤੀ ਸੋਨੀਆ ਰਾਣੀ (ਇਟਲੀ) ਨੇ ਸਕੂਲ ਵਿੱਚ ਪੌਦੇ ਲਗਾ ਕੇ ਆਜ਼ਾਦੀ ਦਿਵਸ 'ਤੇ ਵਧਾਈ ਦਿੱਤੀ। ਸਕੂਲ ਦੇ ਪ੍ਰਿੰਸੀਪਲ ਤੇ ਸਟਾਫ ਵੱਲੋਂ ਮੁੱਖ ਮਹਿਮਾਨ ਮਾਨਯੋਗ ਰਜਨੀ ਜੀ ਸਰਪੰਚ ਬੁਲੰਦਪੁਰ, ਵਿਸ਼ੇਸ਼ ਮਹਿਮਾਨ ਐਡਵੋਕੇਟ ਹਰਭਜਨ ਸਾਂਪਲਾ ਜੀ, ਸ੍ਰੀ ਸ਼ਾਦੀ ਲਾਲ ਜੀ, ਸ੍ਰੀ ਰਵਿੰਦਰ ਕੁਮਾਰ ਬਿਰਦੀ , ਪਿੰਡ ਬੱਲਾਂ (ਦਾਨੀ ਸੱਜਣ), ਸ੍ਰੀ ਮਨੋਜ ਕੁਮਾਰ ਕਲੇਰ (ਡੈਂਟਲ ਕਲੀਨਿਕ), ਸ੍ਰੀ ਰਜਿੰਦਰ ਕੁਮਾਰ ਮਡਾਰ ਅਤੇ ਸ਼੍ਰੀਮਤੀ ਸੋਨੀਆ ਰਾਣੀ (ਇਟਲੀ) ਆਦਿ ਨੂੰ ਸਰੋਪਿਆਂ ਅਤੇ ਟਰਾਫ਼ੀਆਂ ਨਾਲ ਸਨਮਾਨਿਤ ਕੀਤਾ ਗਿਆ। ਸਮਾਗਮ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਇਨਾਮ ਵੰਡੇ ਗਏ। ਸਕੂਲ ਦੀ ਵਾਈਸ ਪ੍ਰਿੰਸੀਪਲ ਸ਼੍ਰੀਮਤੀ ਸਤਵਿੰਦਰ ਕੌਰ ਅਤੇ ਸਕੂਲ ਦੇ ਮਿਹਨਤੀ ਸਟਾਫ ਵਲੋਂ ਸਮਾਗਮ ਲਈ ਬੱਚਿਆਂ ਦੀ ਤਿਆਰੀ ਵਿੱਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ। ਅੰਤ ਵਿੱਚ ਹਾਜ਼ਰ ਸਾਰੇ ਵਿਦਿਆਰਥੀਆਂ ,ਮਾਪਿਆਂ ਅਤੇ ਅਧਿਆਪਕਾਂ ਨੂੰ ਫਰੂਟ ਵੀ ਵੰਡਿਆ ਗਿਆ।

# ਅਦਾਰਾ ਪੈਗ਼ਾਮ-ਏ -ਜਗਤ ਦੀ ਪਹਿਲੀ ਵਰ੍ਹੇਗੰਢ ਮੌਕੇ ਸਵੈ-ਇੱਛੁਕ ਖ਼ੂਨਦਾਨ ਕੈਂਪ 25 ਅਗਸਤ ਨੂੰ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਅਦਾਰਾ ਪੈਗ਼ਾਮ-ਏ -ਜਗਤ ਦੀ ਪਹਿਲੀ ਵਰ੍ਹੇਗੰਢ ਅਤੇ ਪੁੱਤਰ ਵਿਭੂ ਦੇ ਜਨਮਦਿਨ ਮੌਕੇ ਸਵੈ-ਇੱਛੁਕ ਖ਼ੂਨਦਾਨ ਕੈਂਪ 25 ਅਗਸਤ ਨੂੰ ਪਿੰਡ ਸਾਧੋਵਾਲ ਸਮੂਹ ਪਿੰਡ ਵਾਸੀਆਂ ਅਤੇ ਭਾਈ ਘਨ੍ਹਈਆ




ਚੈਰੀਟੇਬਲ ਬਲੱਡ ਬੈਂਕ ਹੁਸ਼ਿਆਰਪੁਰ ਅਦਾਰਾ ਪੈਗ਼ਾਮ-ਏ -ਜਗਤ ਤੋਂ ਮੁੱਖ ਸੰਪਾਦਕ ਦਵਿੰਦਰ ਕੁਮਾਰ ਅਤੇ ਸੁਰਿੰਦਰ ਪਾਲ ਝੱਲ ਇਨ੍ਹਾਂ ਦੇ ਸਹਿਯੋਗ ਨਾਲ 25 ਅਗਸਤ ਦਿਨ ਐਤਵਾਰ ਨੂੰ ਪਿੰਡ ਸਾਧੋਵਾਲ ਵਿਖੇ ਲਗਾਇਆ ਜਾ ਰਿਹਾ। ਇਸ ਮੌਕੇ ਅਤੇ ਹੈਪੀ ਸਾਧੋਵਾਲ ਨੇ ਸਮੂਹ ਖ਼ੂਨਦਾਨੀ ਵੀਰਾਂ ਭੈਣਾਂ ਨੂੰ ਇਸ ਖ਼ੂਨਦਾਨ ਕੈਂਪ ਵਿੱਚ ਪਹੁੰਚਣ ਲਈ ਅਪੀਲ ਕੀਤੀ ਤੇ ਇਨ੍ਹਾਂ ਕਿਹਾ ਕਿ ਕੋਈ ਸ਼ੱਕ ਨਹੀਂ ਕਿ ਖ਼ੂਨਦਾਨ ਕਰਨ ਨਾਲ ਮਾਨਸਿਕ ਸੰਤੁਸ਼ਟੀ ਮਿਲਦੀ ਹੈ ਕਿਉਂਕਿ ਖ਼ੂਨਦਾਨ ਕਰਨ ਵਾਲਾ ਕਿਸੇ ਦੀ ਜਾਨ ਬਚਾਉਣ ਵਿੱਚ ਆਪਣਾ ਮਹੱਤਵਪੂਰਨ ਯੋਗਦਾਨ ਦਿੰਦਾ ਹੈ।ਖ਼ੂਨਦਾਨ ਇੱਕ ਮਹਾਨ ਦਾਨ ਹੈ। ਜੇਕਰ ਲੋਕ ਸੇਵਾ ਕਰਨੀ ਹੈ ਤਾਂ ਖ਼ੂਨਦਾਨ ਇੱਕ ਉੱਤਮ ਸੇਵਾ ਹੈ। ਅਖੀਰ ਵਿੱਚ ਗੱਲਬਾਤ ਕਰਦਿਆਂ ਦਰਸ਼ਨ ਸਿੰਘ ਮੱਟੂ ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ, ਭੁਪਿੰਦਰ ਸਿੰਘ ਰਾਣਾ ਉਪਕਾਰ ਚੈਰੀਟੇਬਲ ਟਰੱਸਟ, ਸਤੀਸ਼ ਸੋਨੀ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ (ਰਜਿ), ਡਾਕਟਰ ਲਖਵਿੰਦਰ ਸਿੰਘ ਲੱਕੀ ਬਿਲੜੋ, ਸਰਪੰਚ ਹਰਪ੍ਰੀਤ ਸਿੰਘ ਬੈਂਸ ਸਾਧੋਵਾਲ ਨੇ ਕਿਹਾ ਕਿ ਖ਼ੂਨਦਾਨ ਦੀ ਮੁਹਿੰਮ ਹਰ ਸਾਲ ਲੱਖਾਂ ਜਾਨਾਂ ਬਚਾਉਂਦੀ ਹੈ ਅਤੇ ਖ਼ੂਨ ਪ੍ਰਾਪਤ ਕਰਨ ਵਾਲੇ ਵਿਅਕਤੀ ਨੂੰ ਨਵੀਂ ਜ਼ਿੰਦਗੀ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਚਿਹਰੇ 'ਤੇ ਮੁਸਕਾਨ ਪ੍ਰਦਾਨ ਕਰਦੀ ਹੈ।

# ਕਿਸੇ ਵੀ ਜਾਤੀ ਜਾਂ ਸਮਾਜ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ ਤਾਂ ਇਸ 'ਤੇ ਮੈਨੂੰ ਅਫਸੋਸ ਹੈ - ਜਿੰਪਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਪਿਛਲੇ ਦਿਨੀਂ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਅਤੇ ਸਾਂਸਦ ਡਾਕਟਰ ਰਾਜ ਕੁਮਾਰ ਚੱਬੇਵਾਲ ਦੀ ਇੱਕ ਆਡੀਓ ਕਲਿੱਪ ਵਾਇਰਲ ਹੋਣ ਤੇ ਰਾਮਦਾਸੀਆ ਸਿੱਖ ਸਮਾਜ ਵੱਲੋਂ ਬ੍ਰਹਮ ਸ਼ੰਕਰ ਜਿੰਪਾ ਉੱਤੇ ਇਕ ਵਿਸ਼ੇਸ਼ ਸਮਾਜ ਦੇ ਪ੍ਰਤੀ ਅਪਮਾਨ-ਜਨਕ ਸ਼ਬਦਾਂ ਦੀ ਵਰਤੋਂ ਕਰਨ ਦੇ ਦੋਸ਼ ਲਾਏ ਗਏ ਸਨ। ਇਸ ਸਬੰਧ ਵਿੱਚ ਕੈਬਨਿਟ ਮੰਤਰੀ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਹੈ, ਕਿ ਹਰ ਵਰਗ-ਧਰਮ ਅਤੇ ਸਮਾਜ ਮੇਰੇ ਲਈ ਇਕ ਬਰਾਬਰ 'ਤੇ ਸਨਮਾਨਜਨਕ ਹੈ। ਉਹਨਾਂ ਨੇ ਕਿਹਾ ਕਿ ਉਹਨਾਂ ਨੇ ਆਪਣੇ ਸਿਆਸੀ ਸਫ਼ਰ ਦੌਰਾਨ ਕਦੇ ਵੀ ਕਿਸੇ ਜਾਤ-ਵਰਗ ਲਈ ਕੋਈ ਗਲਤ ਜਾਂ ਅਪਮਾਨ-ਜਨਕ ਟਿੱਪਣੀ ਨਹੀਂ ਕੀਤੀ ਹੈ ਅਤੇ ਨਾ ਹੀ ਕਿਸੇ ਵੀ ਸਮਾਜ ਲਈ ਗਲਤ ਭਾਸ਼ਾ ਦੀ ਵਰਤੋਂ ਕੀਤੀ ਹੈ।



# ਵਿਪਸਾਅ ਵੱਲੋਂ ਪ੍ਰੋ ਪਿਆਰਾ ਸਿੰਘ ਕੁੱਦੋਵਾਲ ਨਾਲ ਵਿਸ਼ੇਸ਼ ਸਾਹਿਤਕ ਮਿਲ਼ਣੀ

**ਹੇਵਰਡ–** ਬੀਤੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਵੱਲੋਂ ਫੇਵਰਟ ਇੰਡੀਆ ਰੈਸਟੋਰੈਂਟ ਹੇਵਰਡ ਵਿਖੇ ਇੱਕ ਵਿਸ਼ੇਸ਼ ਮਿਲ਼ਨੀ ਆਯੋਜਿਤ ਕੀਤੀ ਗਈ। ਜਿਸ ਦੇ ਆਰੰਭ ਵਿੱਚ ਹਾਜ਼ਰ ਸਾਹਿਤਕਾਰਾਂ ਵੱਲੋਂ ਮਰਹੂਮ ਸ਼ਾਇਰ ਹਰਭਜਨ ਢਿੱਲੋਂ ਦੀ ਵਿਛੜੀ ਰੂਹ ਨੂੰ ਮੋਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਡਾ. ਸੁਖਵਿੰਦਰ ਕੰਬੋਜ ਨੇ ਕਿਹਾ ਕਿ ਹਰਭਜਨ ਢਿੱਲੋਂ ਦੇ ਅਚਾਨਕ ਸਦੀਵੀ ਵਿਛੋੜੇ ਨੇ ਇੱਕ ਖਲਾਅ ਪੈਦਾ ਕਰ ਦਿੱਤਾ ਹੈ। ਸੰਗੀਤ ਨੂੰ ਪਿਆਰ ਕਰਨ ਵਾ਼ਲੇ ਇਸ ਸ਼ਾਇਰ ਦੇ ਸ਼ਬਦ ਰਹਿੰਦੀ ਦੁਨੀਆ ਤੱਕ ਜਿਊਂਦੇ ਰਹਿਣਗੇ।





ਇਸ ਉਪਰੰਤ ਪੰਜਾਬੀ ਲੇਖਕ ਪਿਆਰਾ ਸਿੰਘ ਕੁੱਦੋਵਾਲ ਨਾ਼ਲ ਵਿਸ਼ੇਸ਼ ਮੁਲਾਕਾਤ ਕੀਤੀ ਗਈ। ਉਨ੍ਹਾਂ ਆਪਣੇ ਸਾਹਿਤਕ ਸਫ਼ਰ ਦੀ ਦਾਸਤਾਨ ਸਾਂਝੀ ਕਰਦੇ ਹੋਏ ਕਿਹਾ ਕਿ ਉਹ ਪਰਵਾਸ ਧਾਰਨ ਕਰਨ ਤੋਂ ਪਹਿਲਾਂ ਇੰਡੀਆ ਦੀਆਂ ਸਾਹਿਤਕ ਸਭਾਵਾਂ ਵਿੱਚ ਸਰਗਰਮ ਸਨ। ਥਾਈਲੈਂਡ ਜਾ ਕੇ ਇਹ ਸਰਗਰਮੀਆਂ ਘਟ ਗਈਆਂ। ਉਨ੍ਹਾਂ ਅਮਰੀਕਾ ਆ ਕੇ ਆਪਣਾ ਸਾਹਿਤਕ ਸਫ਼ਰ ਸੁਰਜੀਤ ਕੀਤਾ। ਉਹ ਆਪਣੀ ਹਮਸਫ਼ਰ ਸ਼ਾਇਰਾ ਸੁਰਜੀਤ ਦੇ ਨਾ਼ਲ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀਆਂ ਸਰਗਰਮੀਆਂ ਵਿੱਚ ਹਿੱਸਾ ਲੈਣ ਲੱਗੇ। ਏਥੇ ਉਨ੍ਹਾਂ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਦੀਆਂ ਸੇਵਾਵਾਂ ਨਿਭਾਈਆਂ। ਉਹ 2008 ਵਿੱਚ ਅਮਰੀਕਾ ਤੋਂ ਕੈਨੇਡਾ ਜਾ ਵਸੇ। ਇਸ ਵਕਤ ਇੱਕ ਸਹਿਤਕ ਮਿਲ਼ਨੀ ਵਿੱਚ ਉਨ੍ਹਾਂ ਦੀ ਮੁਲਕਾਤ ਅਜੀਤ ਅਖ਼ਬਾਰਾ ਦੇ ਫਾਊਂਡਰ ਪ੍ਰਧਾਨ ਡਾ. ਦਰਸ਼ਨ ਸਿੰਘ ਦੇ ਨਾ਼ਲ ਹੋਈ ਅਤੇ ਉਨ੍ਹਾਂ ਨਾ਼ਲ ਮਿਲ਼ ਕੇ 'ਕਲਮ' ਨਾਮ ਦੀ ਸੰਸਥਾ ਦਾ ਮੁੱਢ ਬੰਨ੍ਹਿਆ। ਇਸ ਸਮੇਂ ਦੌਰਾਨ ਉਨ੍ਹਾਂ ਦੇ ਕਾਵਿ ਸੰਗ੍ਰਹਿ 'ਸਮਿਆਂ ਤੋਂ ਪਾਰ' ਅਤੇ 'ਸੂਰਜ ਨਹੀਂ ਮੋਇਆ' ਪ੍ਰਕਾਸ਼ਿਤ ਹੋਏ। ਉਨ੍ਹਾਂ ਪੰਜਾਬੀ ਨਾਟਕ 'ਸਰਹੰਦ ਫਤਿਹ' ਲਿਖਿਆ ਅਤੇ ਉਸਦੀ ਸਫ਼ਲ ਪੇਸ਼ਕਾਰੀ ਵੀ ਕੀਤੀ। ਉਨ੍ਹਾਂ ਇੱਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਉਨ੍ਹਾਂ ਨੇ ਮਸੂਰੀ ਅਤੇ ਥਾਈਲੈਂਡ ਦੇ ਕਾਰਜ ਕਾਲ ਦੌਰਾਨ ਬੱਚਿਆਂ ਨੂੰ ਪੜ੍ਹਾਉਣ ਦੇ ਮਕਸਦ ਨਾ਼ਲ ਮਹਾਰਾਜ ਰਣਜੀਤ ਸਿੰਘ ਬਾਰੇ ਨਾਟਕ ਲਿਖੇ ਅਤੇ ਪੇਸ਼ ਕੀਤੇ। ਉਹ ਭੰਗੜਾ ਨਾਟ ਵੀ ਕਰਵਾ ਚੁੱਕੇ ਹਨ। ਉਨ੍ਹਾਂ ਦੇ ਵਿਦਿਆਰਥੀਆਂ ਨੇ ਨੈਸ਼ਨਲ ਟੀ ਵੀ 'ਤੇ ਭੰਗੜਾ ਵੀ ਪਾਇਆ। ਉਨ੍ਹਾਂ ਕੈਨੇਡਾ ਦੀਆਂ ਸਾਹਿਤਕ ਸਭਾਵਾਂ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬਹੁਤ ਸਾਰੇ ਪ੍ਰੋਫ਼ੈਸਰ ਸੇਵਾ-ਮੁਕਤ ਹੋ ਕੇ ਕੈਨੇਡਾ ਵਿੱਚ ਆਪਣੇ ਬੱਚਿਆਂ ਕੋਲ ਰਹਿ ਰਹੇ ਹਨ ਜਿਵੇਂ ਵਰਿਆਮ ਸੰਧੂ, ਨਾਹਰ ਸਿੰਘ, ਵਿਰਕ ਆਦਿ। ਉਹ ਕੈਨੇਡਾ ਵਿੱਚ ਰਚੇ ਜਾ ਰਹੇ ਸਾਹਿਤ ਦੀ ਸੁੱਚਜੀ ਅਲੋਚਨਾ ਕਰਦੇ ਹਨ ਜੋ ਮਿਆਰੀ ਸਾਹਿਤ ਰਚਣ ਵਿੱਚ ਸਹਾਈ ਹੁੰਦੀ ਹੈ। ਸੋਸ਼ਲ ਮੀਡੀਆ ਨੇ ਸਾਹਿਤ ਉੱਤੇ ਮਾਰੂ ਪ੍ਰਭਾਵ ਪਾਇਆ ਹੈ। ਇਸਦੇ ਬਾਵਜੂਦ ਤਸੱਲੀ ਹੈ ਕਿ ਬਹੁਤ ਕੁਝ ਚੰਗਾ ਵੀ ਸਿਰਜਿਆ ਜਾ ਰਿਹਾ ਹੈ। ਇਸ ਉਪਰੰਤ ਪ੍ਰਿੰ. ਹਜ਼ੂਰਾ ਸਿੰਘ, ਮੁਕੇਸ਼ ਕੁਮਾਰ ਅਤੇ ਅਮਰਜੀਤ ਸਿੰਘ ਜੌਹਲ ਨੇ ਤਰਨੁਮ ਵਿੱਚ ਕਲਾਮ ਪੇਸ਼ ਕੀਤੇ। ਉਨ੍ਹਾਂ ਡਾ. ਨਿਰਮਲ ਜਸਵਾਲ ਵਲੋਂ ਸੰਪਾਦਿਤ ਅੰਗ਼ਰੇਜ਼ੀ ਕਹਾਣੀ ਸੰਗ੍ਰਿਹ 'Rustilng Alphabets' ਅਕਾਦਮੀ ਦੇ ਮੈਂਬਰਾਂ ਨੂੰ ਭੇਟ ਕੀਤਾ। ਇਸ ਵਿੱਚ ਉਨ੍ਹਾਂ ਦੀ ਕਹਾਣੀ ਵੀ ਸ਼ਾਮਲ ਹੈ। ਅੰਤ ਵਿੱਚ ਅਕਾਦਮੀ ਦੇ ਪ੍ਰਧਾਨ ਕੁਲਵਿੰਦਰ ਨੇ ਸਭ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰੋ. ਸੁਰਿੰਦਰ ਸਿੰਘ ਸੀਰਤ, ਪ੍ਰਿੰਸੀਪਲ ਹਜ਼ੂਰਾ ਸਿੰਘ, ਪੰਜਾਬ ਲੋਕ ਰੰਗ ਦੇ ਸੁਰਿੰਦਰ ਧਨੋਆ, ਜਸਵਿੰਦਰ ਧਨੋਆ, ਮਨਜੀਤ ਪਲਾਹੀ, ਤਾਰਾ ਸਿੰਘ ਸਾਗਰ, ਪ੍ਰੋ. ਬਲਜਿੰਦਰ ਸਿੰਘ ਸਵੈਚ, ਗੁਲਸ਼ਨ ਦਿਆਲ, ਪ੍ਰੋ. ਦਲਬੀਰ ਸਿੰਘ, ਪ੍ਰੋ. ਸੁਖਦੇਵ ਸਿੰਘ, ਅਭੀਤਾਬ ਸੈਣੀ ਅਤੇ ਲਾਜ ਨੀਲਮ ਸੈਣੀ ਆਦਿ ਹਾਜ਼ਰ ਸਨ।

**ਰਿਪੋਰਟ: ਲਾਜ ਨੀਲਮ ਸੈਣੀ (ਸਾਹਿਤ ਸਕੱਤਰ ਵਿਪਸਾਅ) 510-502-0551**

# ਭਾਜਪਾ ਵੱਲੋਂ ਰਵਨੀਤ ਬਿੱਟੂ ਨੂੰ ਰਾਜਸਥਾਨ ਤੋਂ ਰਾਜ ਸਭਾ 'ਚ ਭੇਜਣ ਦੀ ਤਿਆਰੀ



**ਨਵੀਂ ਦਿੱਲੀ (ਬਿਊਰੋ)–** ਭਾਜਪਾ ਨੇ ਪੰਜਾਬ ਕਾਂਗਰਸ ਛੱਡ ਕੇ ਆਏ ਰਵਨੀਤ ਬਿੱਟੂ ਨੂੰ ਰਾਜਸਥਾਨ ਤੋਂ ਰਾਜ ਸਭਾ ਦਾ ਮੈਂਬਰ ਬਣਾਉਣ ਦਾ ਫੈਸਲਾ ਕੀਤਾ ਹੈ। ਇਸ ਦੌਰਾਨ ਸਾਬਕਾ ਕੇਂਦਰੀ ਮੰਤਰੀ ਉਪੇਂਦਰ ਕੁਸ਼ਵਾਹਾ ਅਤੇ ਸੁਪਰੀਮ ਕੋਰਟ ਦੇ ਵਕੀਲ ਮਨਨ ਕੁਮਾਰ ਮਿਸ਼ਰਾ ਨੇ ਬਿਹਾਰ ਦੀਆਂ ਦੋ, ਭਾਜਪਾ ਉਮੀਦਵਾਰ ਧੈਰਿਆਸ਼ੀਲ ਪਾਟਿਲ ਅਤੇ ਐੱਨਸੀਪੀ ਉਮੀਦਵਾਰ ਨਿਤਿਨ ਪਾਟਿਲ ਨੇ ਮਹਾਰਾਸ਼ਟਰ ਦੀਆਂ ਦੋ ਅਤੇ ਭਾਜਪਾ ਦੇ ਮਿਸ਼ਨ ਰੰਜਨ ਦਾਸ ਤੇ ਰਾਮੇਸ਼ਵਰ ਤੇਲੀ ਨੇ ਅਸਾਮ ਦੀਆਂ ਦੋ ਸੀਟਾਂ ਲਈ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ ਸਨ। ਇਸੇ ਤਰ੍ਹਾਂ ਕੇਂਦਰੀ ਮੰਤਰੀ ਜੌਰਜ ਕੁਰੀਅਨ ਨੇ ਮੱਧ ਪ੍ਰਦੇਸ਼, ਸਾਬਕਾ ਵਿਧਾਇਕ ਕਿਰਨ ਚੌਧਰੀ ਨੇ ਹਰਿਆਣਾ ਅਤੇ ਰਾਜਿਬ ਭੱਟਾਚਾਰਜੀ ਨੇ ਤ੍ਰਿਪੁਰਾ ਤੋਂ ਭਾਜਪਾ ਉਮੀਦਵਾਰ ਵਜੋਂ ਨਾਮਜ਼ਦਗੀ ਭਰੀ ਸੀ। ਉਧਰ ਉੜੀਸਾ ਤੋਂ ਮਮਤਾ ਮੋਹੰਤਾ ਨੇ ਭਾਜਪਾ ਅਤੇ ਇੱਕ ਹੋਰ ਭਾਜਪਾ ਆਗੂ ਜਗਨਨਾਥ ਪ੍ਰਧਾਨ ਨੇ ਆਜ਼ਾਦ ਉਮੀਦਵਾਰ ਵਜੋਂ ਨਾਮਜ਼ਦਗੀ ਭਰੀ। ਭਾਜਪਾ ਦੀ ਉੜੀਸਾ ਇਕਾਈ ਦੇ ਪ੍ਰਧਾਨ ਵਿਜੈ ਪਾਲ ਸਿੰਘ ਤੋਮਰ ਨੇ ਦੱਸਿਆ ਕਿ ਮੋਹੰਤਾ ਉਨ੍ਹਾਂ ਦੀ ਅਧਿਕਾਰਤ ਉਮੀਦਵਾਰ ਹੈ ਜਦਕਿ ਪ੍ਰਧਾਨ 'ਡੰਮੀ ਉਮੀਦਵਾਰ' ਹਨ। 22 ਅਗਸਤ ਨੂੰ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਹੋਵੇਗੀ ਜਦਕਿ 27 ਅਗਸਤ ਤੱਕ ਉਮੀਦਵਾਰ ਆਪਣੇ ਨਾਮ ਵਾਪਸ ਲੈ ਸਕਦੇ ਹਨ। ਜੇ ਲੋੜ ਪਈ ਤਾਂ 3 ਸਤੰਬਰ ਨੂੰ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਵੋਟਿੰਗ ਹੋਵੇਗੀ। ਇਸੇ ਦਿਨ ਵੋਟਾਂ ਦੀ ਗਿਣਤੀ ਹੋਵੇਗੀ।

**'ਦੇਸ਼ ਦੁਆਬਾ'**
**'ਅੰਬੇਦਕਰ ਟਾਈਮਜ਼'**
**ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:**
**www.deshdoaba.com**
**www.ambedkartimes.com**


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ
ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ
ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ
ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor
Recap Truck Tire $ 249 + Labor
Recap Trailar Tires and Kind $ 199 + Labor

NEW & USED TIRES
WASH, LUBE, BRAKES

Call: 530-824-5134
LUCAS OIL LUCAS INJECTOR CLEANER $28.99
Call: 650-642-0697

3525 Highway 99, West Corning, CA 96021
Across the Street from TA Truck Stop

# ਯਾਦਾਂ ਦੀਆਂ ਪੈੜਾਂ ਵਾਹ ਗਿਆ ਪੰਜਾਬੀ ਲਿਖਾਰੀ ਸਭਾ (ਰਜਿ.) ਸਿਆਟਲ ਦਾ ਸਾਹਿਤਕ ਅਤੇ ਸੱਭਿਆਚਾਰਕ ਪ੍ਰੋਗਰਾਮ

**ਸਿਆਟਲ–** ਸਾਲ ਭਰ ਸਾਉਣ ਦੀਆਂ ਫੁਹਾਰਾਂ ਨੂੰ 'ਜੀ ਆਇਆਂ' ਕਹਿਣ ਵਾਲੇ ਅਮਰੀਕਾ ਦੇ ਸ਼ਹਿਰ ਸਿਆਟਲ ਵਿਖੇ ਮਾਂ ਬੋਲੀ ਪੰਜਾਬੀ ਦੇ ਸਰਵਪੱਖੀ ਵਿਕਾਸ ਲਈ ਨਿਰੰਤਰ ਯਤਨ ਕਰ ਰਹੀ ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ.) ਵੱਲੋਂ Coirander Indian Curry House, 20934,108TH Ave SE KENT WA 98031 ਸਿਆਟਲ ਵਿਖੇ, ਅਗਸਤ ਮਹੀਨੇ ਸਾਹਿਤਕ ਅਤੇ ਸੱਭਿਆਚਾਰਕ ਪ੍ਰੋਗਰਾਮ ਕੀਤਾ ਗਿਆ। ਸਮਾਜਿਕ ਸੱਭਿਆਚਾਰਕ ਹਲਕਿਆਂ ਵਿੱਚ ਸਿਆਟਲ ਇਲਾਕੇ ਦੀ ਹਰਮਨ ਪਿਆਰੀ ਰਹੀ ਸ਼ਖਸ਼ੀਅਤ ਸਵਰਗੀ ਪ੍ਰੋ. ਨਿਰੰਜਨ ਸਿੰਘ ਸਹੋਤਾ (ਐਮ।ਏ। ਪੰਜਾਬੀ ਅਤੇ ਹਿਸਟਰੀ,) ਜੋ ਕਿ ਰੀਟਾਇਰਮੈਂਟ ਤੋਂ ਬਾਅਦ ਆਪਣੇ ਅੰਤਲੇ ਸੁਵਾਸਾਂ 1999 ਤੱਕ, ਸਿਆਟਲ ਦੀ ਮੋਹ-ਜਕੜ ਵਿੱਚ ਰਹੇ। ਉਹਨਾਂ ਦੀ ਨਿੱਘੀ ਯਾਦ ਵਿੱਚ ਪਰਿਵਾਰ ਦੇ ਸਹਿਯੋਗ ਨਾਲ ਸਭਾ ਨੇ ਯਾਦਗਾਰੀ ਸਮਾਗਮ ਰਚਾਇਆ ਜਿਸ ਵਿੱਚ ਸ਼੍ਰੀਮਤੀ ਕੁਲਵੰਤ ਕੌਰ ਸਹੋਤਾ ਸੁਪਤਨੀ ਸਵ। ਨਿਰੰਜਨ ਸਿੰਘ ਸਹੋਤਾ, ਅੰਮ੍ਰਿਤਪਾਲ ਸਿੰਘ ਸਹੋਤਾ ਅਤੇ ਕਮਲਜੀਤ ਸਿੰਘ ਸਹੋਤਾ ਸਮੇਤ ਸਮੂਹ ਪਰਿਵਾਰ ਹਾਜ਼ਰ ਰਹੇ। ਨਿਰੰਤਰ ਵਹਿੰਦੀ ਕਾਵਿ ਦੀ ਧਾਰਾ, ਸੰਗੀਤਮਈ ਫ਼ਿਜ਼ਾ, ਸੱਭਿਆਚਾਰਕ ਰੰਗਤ ਵਾਲੇ ਇਸ ਸਮਾਗਮ ਵਿੱਚ ਸ਼ਬਦ-ਖਜ਼ਾਨਾ, ਪੁਸਤਕਾਂ ਦੇ ਰੂਪ ਵਿੱਚ ਮਾਂ ਬੋਲੀ ਪੰਜਾਬੀ ਦੀ ਝੋਲੀ ਪਾਇਆ ਗਿਆ।

ਅਟੱਲ ਸਚਾਈਆਂ ਅਤੇ ਜ਼ਿੰਦਗੀ ਨੂੰ ਖੁਸ਼ੀਆਂ ਭਰਪੂਰ ਬਣਾਉਣ ਦੇ ਵਿਦਵਾਨਾਂ ਵੱਲੋਂ ਪੇਸ਼ ਵਿਚਾਰਾਂ ਨੂੰ ਸਾਂਝੇ ਕਰਦਿਆਂ ਸਭਾ ਦੇ ਸਕੱਤਰ ਪ੍ਰਿਤਪਾਲ ਸਿੰਘ ਟਿਵਾਣਾ ਨੇ ਪੰਜਾਬੀ ਨੂੰ ਪਿਆਰ ਕਰਨ ਵਾਲੇ ਸੱਜਣਾਂ ਦੇ ਆਗਮਨ ਤੇ ਅਦਬੀ-ਸਤਿਕਾਰ ਕਰਦਿਆਂ ਪ੍ਰੋਗਰਾਮ ਦਾ ਆਗ਼ਾਜ਼ ਗੀਤਾਂ ਵਰਗੇ ਸ਼ਬਦਾਂ ਨਾਲ ਕੀਤਾ। ਸਭਾ ਦੇ ਪ੍ਰਧਾਨ ਬਲਿਹਾਰ ਲੇਹਲ ਨੇ ਆਏ ਹੋਏ ਮਹਿਮਾਨਾਂ ਨੂੰ 'ਜੀ ਆਇਆਂ' ਕਿਹਾ ਅਤੇ ਪ੍ਰੋਗਰਾਮ ਦੀ ਰੂਪ ਰੇਖਾ ਸਾਂਝੀ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਛੋਟੀ ਜਿਹੀ ਬੱਚੀ ਬਿਸਮਨ ਕੌਰ ਟਿਵਾਣਾ ਨੇ ਆਪਣੀ ਮਾਂ ਬੋਲੀ ਪੰਜਾਬੀ ਨੂੰ ਸਿਰ ਝੁਕਾਉਂਦਿਆ ਕੀਤੀ।

ਸਹੋਤਾ ਪਰਿਵਾਰ ਵੱਲੋਂ ਸਹੋਤਾ ਜੀ ਦੀ ਕਲਮ-ਪੂੰਜੀ ਸਾਰੀਆਂ ਰਚਨਾਵਾਂ ਨੂੰ ਕਿਤਾਬੀ ਰੂਪ ਦੇ ਕੇ ਤਿੰਨ ਪੁਸਤਕਾਂ 'ਮਜਬੂਰੀਆਂ', 'ਕਿੰਤੂ ਪ੍ਰੰਤੂ', 'ਕੀ ਕਰਾਂ' ਕਾਵਿ-ਸੰਗ੍ਰਹਿ ਪੰਜਾਬੀ-ਸਾਹਿਤ ਭੰਡਾਰ ਵਿੱਚ ਸੁਰੱਖਿਅਤ ਕੀਤੇ ਗਏ। ਇਹਨਾਂ ਕਿਤਾਬਾਂ ਉਪਰ ਵਿਚਾਰ ਚਰਚਾ ਕਰਦਿਆਂ ਸ਼ਿੰਦਰਪਾਲ ਸਿੰਘ ਲੇਖਿਕਾ ਰਾਜਦੇਵ ਕੌਰ ਸਿੱਧੂ ਅਤੇ ਰਾਜੇਸ਼ ਕੌਰ ਵਿਰਕ ਨੇ ਕਰਵਾਈ, ਜਦੋਂ ਕਿ ਬਲਿਹਾਰ ਸਿੰਘ ਲੇਹਲ ਨੇ ਸੁਖਵੀਰ ਕੌਰ ਸਰਾਂ ਦੀ ਸਮੁੱਚੀ ਸ਼ਖਸ਼ੀਅਤ 'ਤੇ ਚਾਨਣਾ ਪਾਇਆ।




ਔਜਲਾ,ਅਵਤਾਰ ਸਿੰਘ ਆਦਮਪੁਰੀ, ਹਰਦਿਆਲ ਸਿੰਘ ਚੀਮਾ,ਮਿੱਤਰਪਾਲ ਸਿੰਘ, ਹਰਰਤਨ ਸਿੰਘ, ਮਲਕੀਤ ਸਿੰਘ ਗਿੱਲ, ਜਸਕਰਨ ਸਿੰਘ ਸਰਾਓ ਅਤੇ ਪ੍ਰਿਤਪਾਲ ਸਿੰਘ ਟੀਵਾਣਾ ਸਿਰਕੱਢ-ਸ਼ਖਸ਼ੀਅਤਾਂ ਨੇ ਕਿਤਾਬਾਂ ਦੇ ਵਿਸ਼ੇ ਅਤੇ ਕਲਾ ਪੱਖਾਂ ਤੇ ਚਾਨਣਾ ਪਾਉਦਿਆਂ ਸਹੋਤਾ ਜੀ ਦੀਆਂ ਕਈ ਰਚਨਾਵਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ।

ਬਠਿੰਡਾ (ਭਾਰਤ) ਤੋਂ ਵਿਸ਼ੇਸ਼ ਤੌਰ ਤੇ ਸਿਆਟਲ ਪਹੁੰਚੇ ਅਤੇ ਅੱਜ ਦੇ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਸ਼ਿਰਕਤ ਕਰ ਰਹੀ ਲੇਖਿਕਾ, ਨਿਰਦੇਸ਼ਕਾ, ਅਦਾਕਾਰਾ ਅਤੇ ਸਮਾਜ ਸੇਵਿਕਾ ਸੁਖਵੀਰ ਕੌਰ ਸਰਾਂ, ਆਪਣੇ ਪਰਿਵਾਰ ਸਮੇਤ ਹਾਜ਼ਰ ਸੀ। ਉਹਨਾਂ ਦੀਆਂ ਹੁਣੇ ਜਿਹੇ ਛਪੀਆਂ ਦੋ ਕਾਵਿ-ਪੁਸਤਕਾਂ 'ਰੀਝਾਂ ਦੀ ਫੁਲਕਾਰੀ' ਅਤੇ 'ਰੇਤ 'ਤੇ ਪੈੜਾਂ' ਨੂੰ ਲੋਕ-ਅਰਪਣ ਕੀਤਾ ਗਿਆ। ਕਿਤਾਬਾਂ ਬਾਰੇ ਜਾਣ ਪਹਿਚਾਣ

ਕਵਿਤਾਵਾਂ ਅਤੇ ਗੀਤ-ਸੰਗੀਤ ਨਾਲ ਭਰਪੂਰ ਕਵੀ ਦਰਬਾਰ ਵਿੱਚ ਹਾਜ਼ਰ ਕਵੀਆਂ ਅਤੇ ਗਾਇਕਾਂ ਵੱਲੋਂ ਵੱਖ ਵੱਖ ਵਿਸ਼ਿਆਂ ਨਾਲ ਸੰਬੰਧਿਤ ਰਚਨਾਵਾਂ ਵਿੱਚ ਕਾਵਿ ਦੀ ਹਰ ਇਕ ਵੰਨਗੀ ਕਵਿਤਾ, ਗੀਤ, ਗ਼ਜ਼ਲ ਆਦਿ ਦਾ ਰੰਗ ਹਾਜ਼ਰ ਸੀ। ਸਭਾ ਦੇ ਸਹਾਇਕ ਸਕੱਤਰ ਸਾਧੂ ਸਿੰਘ ਝੱਜ, ਪ੍ਰਸਿੱਧ ਗਾਇਕ ਅਤੇ ਗੀਤਕਾਰ ਬਲਬੀਰ ਸਿੰਘ ਲਹਿਰਾ,ਸਾਬਕਾ ਪ੍ਰਧਾਨ ਹਰਦਿਆਲ ਸਿੰਘ ਚੀਮਾ ਵਹਿਣੀਵਾਲ, ਸਾਬਕਾ ਪ੍ਰਧਾਨ ਅਵਤਾਰ ਸਿੰਘ ਆਦਮਪੁਰੀ, ਜਗੀਰ ਸਿੰਘ, ਕਵਿੱਤਰੀ ਨਵਦੀਪ ਕੌਰ ਭੰਦੋਲ ਅਤੇ ਜਸਵਿੰਦਰ ਕੌਰ ਲੇਹਲ ਦੀਆਂ ਪੇਸ਼ ਰਚਨਾਵਾਂ--ਹਰ ਇਕ ਦੀ ਪੇਸ਼ਕਾਰੀ ਨਵੇਂ ਅੰਦਾਜ਼ ਵਿੱਚ ਸੀ।ਸਭਾ ਦੇ ਸਤਿਕਾਰਿਤ ਮੈਂਬਰ ਜੰਗਪਾਲ ਸਿੰਘ ਹਰੀ ਨਾਉ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ, ਡਾ. ਜਸਬੀਰ ਕੌਰ ਨੇ ਆਪਣੇ ਕਾਵਿ ਰਾਹੀਂ ਗੁਰੂ ਸਾਹਿਬਾਨਾਂ ਨੂੰ ਯਾਦ ਕਰਦਿਆਂ ਸਮਾਜ ਦੀ ਦਸ਼ਾ ਦਾ ਵਿਖਿਆਨ ਕੀਤਾ। ਸਾਰੇ ਸਮਾਗਮ ਨੂੰ ਕੈਮਰੇ ਦੀ ਅੱਖ ਵਿੱਚ ਕੈਦ ਕੀਤਾ ਗਿਆ ਅਤੇ ਸੋਸ਼ਲ ਮੀਡੀਏ ਦੇ ਵਿਹੜੇ ਲੈ ਜਾਇਆ ਗਿਆ। ਸਿਆਟਲ ਦੀਆਂ ਜਾਣੀਆ ਪਹਿਚਾਣੀਆਂ ਹਸਤੀਆਂ ਜਿਹਨਾਂ ਵਿੱਚ ਸਾਡੀਆਂ ਭੈਣਾਂ ਅਤੇ ਬੱਚੇ ਵੀ ਸ਼ਾਮਿਲ ਸਨ, ਲਾਲੀ ਸੰਧੂ, ਜਸਬੀਰ ਕੌਰ, ਅਮਰ ਸਿੰਘ ਖ਼ੈਰਾ, ਹਿੰਮਤ ਸਿੰਘ, ਰਣਜੀਤ ਸਿੰਘ ਮਲ੍ਹੀ, ਪਰਮਜੀਤ ਕੌਰ ਟਿਵਾਣਾ, ਫ਼ਤਹਿਜੀਤ ਸਿੰਘ ਸਰਾਂ, ਯਸ਼ਲੀਨ ਕੌਰ ਸਰਾਂ, ਜਗਦੀਪ ਸਿੰਘ ਵਿਰਕ ਬਠਿੰਡਾ, ਅਰਸ਼ਪ੍ਰੀਤ ਕੌਰ ਭੰਦੋਲ, ਸ਼ਾਹ ਨਿਵਾਜ਼, ਸੁਖਦਰਸ਼ਨ ਸਿੰਘ, ਕੁਲਦੀਪ ਸਿੰਘ ਸਰਾਂ, ਮਨਜੀਤ ਕੌਰ, ਰਵਿੰਦਰਜੀਤ ਸਹੋਤਾ, ਕੁਲਵੰਤ ਕੌਰ, ਸੀਤਲ ਸਹੋਤਾ, ਹਰਕੀਰਤ ਕੌਰ, ਸੁਖਦਰਸ਼ਨ ਸਿੰਘ, ਸ਼ਵਿੰਦਰਪਾਲ ਕੌਰ, ਰਮਿੰਦਰ ਕੌਰ ਸੰਧੂ, ਦਲਜੀਤ ਸਿੰਘ ਅਤੇ ਹੋਰ ਬਹੁਤ ਸਾਰੇ ਸਰੋਤੇ ਸਮਾਗਮ ਦੀ ਸ਼ੋਭਾ ਵਧਾ ਰਹੇ ਸਨ।

ਸਵ. ਨਿਰੰਜਨ ਸਿੰਘ ਸਹੋਤਾ ਜੀ ਦੀ ਸੁਪਤਨੀ ਕੁਲਵੰਤ ਕੌਰ ਸਹੋਤਾ ਜੀ ਅਤੇ ਮੁੱਖ ਮਹਿਮਾਨ ਸਾਹਿਤਕਾਰਾ ਸੁਖਵੀਰ ਕੌਰ ਸਰਾਂ ਨੂੰ ਸਭਾ ਵੱਲੋਂ ਸਨਮਾਨ ਚਿੰਨ ਦੇ ਕੇ ਸਨ-ਮਾਨਿਤ ਕੀਤਾ ਗਿਆ। ਅੰਮ੍ਰਿਤਪਾਲ ਸਿੰਘ ਸਹੋਤਾ ਅਤੇ ਸਹੋਤਾ ਪਰਿਵਾਰ ਵੱਲੋਂ ਆਏ ਹੋਏ ਮਹਿਮਾਨਾਂ ਲਈ ਚਾਹ ਪਾਣੀ ਦਾ ਇੰਤਜ਼ਾਮ ਕੀਤਾ ਗਿਆ।

ਸਭਾ ਦਾ ਧੰਨਵਾਦ ਕਰਦਿਆਂ ਸਹੋਤਾ ਪਰਿਵਾਰ ਅਤੇ ਸੁਖਵੀਰ ਕੌਰ ਸਰਾਂ ਨੇ ਪ੍ਰੋਗਰਾਮ ਨੂੰ ਆਪਣੀ ਜ਼ਿੰਦਗੀ ਦੇ ਯਾਦਗਾਰੀ ਪਲ ਕਿਹਾ। ਸਟੇਜ ਸੰਚਾਲਨ ਕਰਿਦਆਂ ਪ੍ਰਿਤਪਾਲ ਸਿੰਘ ਟਿਵਾਣਾ ਅਤੇ ਨਵਦੀਪ ਕੌਰ ਭੰਦੋਲ ਨੇ ਰੌਚਕਤਾ ਬਣਾਈ ਰੱਖੀ। ਅੰਤ ਵਿੱਚ ਸਭਾ ਦੇ ਪ੍ਰਧਾਨ ਬਲਿਹਾਰ ਸਿੰਘ ਲੇਹਲ ਨੇ ਸਭਾ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਸਭਾ ਨੂੰ ਸਿਖਰ ਤੇ ਪਹੁੰਚਾਉਣ ਦੀ ਆਪਣੀ ਪ੍ਰਤੀਬੱਧਤਾ ਨੂੰ ਦੁਹਰਾਇਆ, ਆਪਣੀਆਂ ਰਚਨਾਵਾਂ ਨਾਲ ਸਰੋਤਿਆਂ ਦੀ ਸਾਂਝ ਪਵਾਉਂਦਿਆਂ ਉਹਨਾਂ ਆਏ ਹੋਏ ਪਤਵੰਤਿਆਂ ਦਾ ਧੰਨਵਾਦ ਖ਼ੂਬਸੂਰਤ ਸ਼ਬਦਾਂ ਵਿੱਚ ਕੀਤਾ।

**ਬਲਿਹਾਰ ਸਿੰਘ ਲ੍ਹੇਲ ਪ੍ਰਧਾਨ**+1 206 244 4663
**ਪ੍ਰਿਤਪਾਲ ਸਿੰਘ ਟਿਵਾਣਾ ਸਕੱਤਰ**+ 1 206 765 9069
**ਮੰਗਤ ਕੁਲਜਿੰਦ ਪ੍ਰੈ. ਸਕੱਤਰ** +1 425 286 0163

# ਕਲਕੱਤਾ ਵਿਖੇ ਬਲਾਤਕਾਰ ਤੇ ਬੇਰਹਿਮੀ ਨਾਲ ਕੀਤੇ ਮਹਿਲਾ ਡਾਕਟਰ ਦੇ ਕਤਲ ਦੇ ਰੋਸ ਵਜੋਂ ਸੇਵਾਵਾਂ ਠੱਪ ਕੀਤੀਆਂ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੁੰਗੜਾ)–** ਕੋਲਕਾਤਾ ਆਰ।ਜੀ ਕਾਰ ਮੈਡੀਕਲ ਕਾਲਜ ਅਤੇ ਹਪਸਤਾਲ ਵਿਖੇ ਮਹਿਲਾ ਡਾਕਟਰ ਨਾਲ ਵਾਪਰੀ ਦਰਦਨਾਕ ਘਟਨਾ ਅਤੇ ਹੱਤਿਆ ਦੇ




ਰੋਸ਼ ਵੱਜੋ ਪੀ ਸੀ ਐਮ ਐਸ ਐਸੋਸੀਏਸ਼ਨ ਪੰਜਾਬ ਦੀ ਕਾਲ ਤੇ ਜ਼ਿਲ੍ਹਾ ਹੁਸ਼ਿਆਰਪੁਰ ਦੀਆਂ ਸਮੂਹ ਸੀ.ਐਚ.ਸੀ, ਪੀ.ਐਚ.ਸੀ, ਐਸ.ਡੀ.ਐਚ ਅਤੇ ਜ਼ਿਲ੍ਹਾ ਹਸਪਤਾਲ ਵਿਖੇ ਓ.ਪੀ.ਡੀ ਸੇਵਾਂਵਾਂ ਅਤੇ ਇਲੈਕਟਿਵ ਸਰਜਰੀ ਮੁੱਕਮਲ ਤੌਰ ਤੇ ਬੰਦ ਰੱਖੀਆਂ ਗਈਆਂ। ਇਸ ਸੰਬੰਧ ਵਿੱਚ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਵੱਖ-ਵੱਖ ਸਿਹਤ ਸੰਗਠਨਾਂ ਪੀ ਸੀ ਐਮ ਐਸ ਏ ਐਸੋਸੀਏਸ਼ਨ, ਨਰਸਿੰਗ, ਫਾਰਮਾਸਿਸਟ, ਦੰਦਾਂ ਦਾ ਵਿਭਾਗ, ਲੈਬੋਰੇਟਰੀਟੈਕਨੀਸ਼ੀਅਨ, ਆਮ ਆਦਮੀ ਕਲੀਨਿਕ ਮੈਡੀਕਲ, ਡਰੱਗ ਡੀ ਅਡੀਕਸ਼ਨਯੂਨੀਅਨ, ਨਰਸਿੰਗ ਸਟੂਡੈਂਟਸ ਐਸੋਸੀਏਸ਼ਨਸ ਵਲੋਂ ਰੋਸ ਵਿੱਚ ਸਮੂਲਿਅਤ ਕੀਤੀ ਗਈ। ਇਸ ਮੌਕੇ ਡਾ. ਮਨਮੋਹਨ ਸਿੰਘ ਚੀਫ ਐਡਵਾਈਜ਼ਰ ਪੀ ਸੀ ਐਮ ਐਸ ਏ ਨੇ ਇਸ ਘਟਨਾ ਨੂੰ ਮੰਦ ਭਾਗੀ ਦੱਸਦੇ ਹੋਏ ਸਰਕਾਰ ਕੋਲੋ ਨਿਰਪੱਖ ਜਾਂਚ ਦੀ ਮੰਗ ਕੀਤੀ ਤਾਂ ਜੋ ਦੋਸ਼ੀਆਂ ਦੀ ਪਹਿਚਾਣ ਕਰਕੇ ਉਨਾਂ ਨੂੰ ਸਖਤ ਤੋ ਸਖਤ ਸਜਾ ਦਿੱਤੀ ਜਾ ਸਕੇ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸਿਵਲ ਹਸਪਤਾਲ ਹੁਸ਼ਿਆਰਪੁਰ ਡਾ।ਸਵਾਤੀ ਨੇ ਕਿਹਾ ਕਿ ਮਹਿਲਾਵਾਂ ਅਤੇ ਬੱਚੀਆਂ ਨੂੰ ਸਮਾਜ ਵਿੱਚ ਸਹੀ ਅਤੇ ਗਲਤ ਅਨਸਰਾਂ ਦੀ ਪਛਾਣ ਕਰਕੇ ਸਤੱਰਕ ਰਹਿਣ ਦੀ ਸੇਧ ਦਿੱਤੀ। ਇਸ ਮੌਕੇ ਪੀ ਸੀ ਐਮ ਐਸ ਏ ਹੁਸ਼ਿਆਰਪੁਰ ਦੇ ਜਨਰਲ ਸਕੱਤਰ ਡਾ।ਮੁਨੀਸ਼ ਕੁਮਾਰ ਨੇ ਕਿਹਾ ਕਿ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਨਾਲ ਸਿਹਤ ਸੰਸਥਾਂ ਦੀ ਪਰਾਪਰਟੀ ਸੰਬੰਧੀ ਕਾਨੂੰਨ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇ ਅਤੇ ਸੈਂਟਰਲ ਹੈਲਥ ਕੇਅਰ ਪ੍ਰੋਟੈਕਸ਼ਨ ਐਕਟ ਜਲਦ ਲਾਗੂ ਕੀਤਾ ਜਾਵੇ ਜਿਸ ਵਿੱਚ ਦੋਸ਼ੀਆਂ ਦੀ ਪੁਸ਼ਟੀ ਹੋਣ ਤੋਂ ਬਾਅਦ ਉਨਾਂ ਨੂੰ ਸਖਤ ਤੋ ਸਖਤ ਸਜਾ ਦਿੱਤੀ ਜਾਵੇ। ਇਸ ਮੌਕੇ ਪੀ ਸੀ ਐਮ ਐਸ ਏ ਹੁਸ਼ਿਆਰ-ਪੁਰ ਦੇ ਪ੍ਰਧਾਨ ਡਾ. ਕਰਤਾਰ ਸਿੰਘ ਨੇ ਕਿਹਾ ਕਿ ਅਗਾਂਹ ਤੋਂ ਜੇਕਰ ਇਹੋ ਜਿਹੀ ਘਟਨਾਵਾਂ ਤੇ ਰੋਕ ਨਹੀ ਲਗਾਈ ਗਈ ਤਾਂ ਸਾਨੂੰ ਆਪਣਾ ਸਘੰਰਸ਼ ਹੋਰ ਤੇਜ ਅਤੇ ਸਖਤ ਕਰਨਾ ਪਵੇਗਾ। ਇਸ ਮੌਕੇ ਡਾ।ਗੁਰਸ਼ਰਨ,ਡਾ।ਬਿਮਲ ਰਾਏ ਸਿੰਘ ਅਤੇ ਡਾ।ਰਵਨੀਤ ਕੌਰ ਆਮ ਆਦਮੀ ਕਲੀਨਿਕ ਐਸੋਸੀਏਸ਼ਨ ਪੰਜਾਬ ਵਲੋਂ ਜਲਦ ਇਨਸਾਫ ਦੇਣ ਦੀ ਮੰਗ ਕੀਤੀ ਗਈ।

# ਸੀਬਾ ਸਕੂਲ ਦੀ ਅੰਡਰ-19 ਕੁੜੀਆਂ ਦੀ ਕਬੱਡੀ ਟੀਮ ਜਿਲ੍ਹਾ ਚੈਂਪੀਅਨ ਬਣੀ

**ਲਹਿਰਾਗਾਗਾ, (ਦਲਜੀਤ ਕੌਰ)** ਬੀਤੇ ਦਿਨ ਚੀਮਾ ਵਿਖੇ ਹੋਈ ਜਿਲ੍ਹਾ ਪੱਧਰੀ ਸਕੂਲ ਖੇਡਾਂ ਵਿੱਚ ਸੀਬਾ ਸਕੂਲ ਲਹਿਰਾਗਾਗਾ ਦੀ ਅੰਡਰ 19 ਕੁੜੀਆਂ ਦੀ ਕਬੱਡੀ ਟੀਮ ਫਸਵੇਂ ਫਾਈਨਲ ਮੁਕਾਬਲੇ ਵਿੱਚ ਬੰਗਾ ਦੀ ਟੀਮ ਨੂੰ 15 ਅੰਕਾਂ ਨਾਲ ਹਰਾ ਕੇ ਜਿਲ੍ਹਾ ਚੈਪੀਅਨ ਬਣੀ। ਟੀਮ ਕੈਪਟਨ ਚਾਰੂ ਭਾਈ ਕੀ ਪਿਸ਼ੋਰ, ਪਾਰਸਪ੍ਰੀਤ ਕੌਰ ਭੁਟਾਲ, ਰਮਨਪ੍ਰੀਤ ਕੌਰ ਕਲਰ ਭੈਣੀ, ਜੈਸਮੀਨ ਕੌਰ ਸੰਗਤਪੁਰਾ, ਕਮਲਪ੍ਰੀਤ ਕੌਰ ਅਤੇ ਮਹਿਕਪ੍ਰੀਤ ਕੌਰ ਜਵਾਹਰਵਾਲਾ ਰਾਜ ਪੱਧਰੀ ਮੁਕਾਬਲੇ ਲਈ ਚੁਣੇ ਗਏ।

ਇਸ ਮੌਕੇ ਪ੍ਰਬੰਧਕ ਕੰਵਲਜੀਤ ਸਿੰਘ ਢੀਂਡਸਾ, ਮੈਡਮ ਅਮਨ ਢੀਂਡਸਾ, ਪ੍ਰਿੰਸੀਪਲ ਸੁਨੀਤਾ ਨੰਦਾ, ਖੇਡ ਕੋਆਰਡੀਨੇਟਰ ਨਰੇਸ਼ ਚੌਧਰੀ ਨੇ ਖਿਡਾਰਣਾਂ ਨੂੰ ਮੁਬਾਰਕਬਾਦ ਦਿੰਦੇ ਹੋਏ ਵਧੇਰੇ ਮਿਹਨਤ ਅਤੇ ਹੌਂਸਲੇ ਨਾਲ ਖੇਡਣ ਲਈ ਪ੍ਰੇਰਿਤ ਕੀਤਾ।





## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

**ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ**

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920,**
**(ਫੈਕਸ) 1-916-238-1393**

**www.deshdoaba.com**
**www.ambedkartimes.com**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਕੋਲਕਾਤਾ ਦੀ ਮਹਿਲਾ ਡਾਕਟਰ ਨਾਲ ਬਲਾਤਕਾਰ ਪਿਛੋਂ ਮਾਰਨ ਦੇ ਰੋਸ ਵਜੋਂ ਢਾਹਾਂ ਕਲੇਰਾਂ ਦੇ ਡਾਕਟਰਾਂ ਵੱਲੋਂ ਰੋਸ ਪ੍ਰਦਰਸ਼ਨ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਤਾਇਨਾਤ ਸਮੂਹ ਡਾਕ-ਟਰਾਂ ਵੱਲੋਂ ਕੋਲਕਾਤਾ ਦੇ ਘਿਨੌਣੇ ਘਟਨਾਕ੍ਰਮ ਦੇ ਸਬੰਧ ਵਿੱਚ ਰੋਸ ਪ੍ਰਦਰਸ਼ਨ ਕੀਤਾ ਗਿਆ। ਡਾਕਟਰ ਬਲਵਿੰਦਰ ਸਿੰਘ ਡਿਪਟੀ ਮੈਡੀਕਲ ਸੁਪਰਡੈਂਟ ਨੇ ਸੰਬੋਧਨ ਕਰਦੇ ਕੋਲਕਾਤਾ ਦੇ ਆਰ।ਜੀ।ਕਰ। ਮੈਡੀਕਲ ਕਾਲਜ ਵਿੱਚ ਇੱਕ ਮਹਿਲਾ ਪੋਸਟ ਗਰੈਜੂਏਟ ਡਾਕਟਰ ਨਾਲ ਡਿਊਟੀ ਸਮੇਂ ਕੀਤੇ ਜਬਰ ਜਿਨਾਹ ਅਤੇ ਕਤਲ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਹਨਾਂ ਦੱਸਿਆ ਕਿ ਇੰਡੀਅਨ ਮੈਡੀਕਲ ਐਸੋਸ਼ੀਏਸ਼ਨ (ਆਈ. ਐਮ. ਏ।) ਦੇ ਸੱਦੇ 'ਤੇ ਦੇਸ਼ ਦੇ ਸਮੂਹ ਡਾਕਟਰਾਂ ਵੱਲੋਂ ਰੋਸ ਵਜੋਂ ਅੱਜ ਤੋਂ 18 ਅਗਸਤ ਸਵੇਰੇ 6 ਵਜੇ ਤੱਕ 24 ਘੰਟੇ ਲਈ ਉ.ਪੀ.ਡੀ. ਮੈਡੀਕਲ ਸੇਵਾਵਾਂ ਬੰਦ ਰਹਿਣਗੀਆਂ। ਪਰ ਇਸ ਸਮੇਂ ਦੌਰਾਨ ਹਸਪਤਾਲਾਂ ਵਿਚ ਐਮਰਜੈਂਸੀ ਸੇਵਾਵਾਂ ਨਿਰਵਿਘਨ ਚਲਦੀਆਂ ਰਹਿਣਗੀਆਂ। ਡਾਕਟਰ ਬਲਵਿੰਦਰ ਸਿੰਘ ਨੇ ਕਿਹਾ ਕਿ ਦੇਸ਼ ਭਰ ਵਿਚ ਇਸ ਦੁਖਦਾਈ ਘਟਨਾ ਦੇ ਵਿਰੋਧ ਵਿੱਚ ਅਤੇ ਔਰਤਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਇਸ ਮੌਕੇ ਸਮੂਹ ਡਾਕਟਰਾਂ ਵੱਲੋਂ ਇਸ ਘਟਨਾ 'ਤੇ ਤੁਰੰਤ ਕਾਰਵਾਈ ਦੀ ਮੰਗ ਵੀ ਕੀਤੀ ਗਈ । ਗੌਰਤਲਬ ਹੈ ਕਿ ਬੀਤੀ 14-15 ਅਗਸਤ ਦੀ ਰਾਤ ਨੂੰ ਕੋਲਕਾਤਾ ਉਕਤ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਗੁੰਡਾ ਅਨਸਰਾਂ ਵੱਲੋਂ ਹਸਪਤਾਲ ਵਿੱਚ ਦਾਖ਼ਲ ਹੋਕੇ ਡਾਕਟਰਾਂ ਦੀ ਕੁੱਟ ਮਾਰ ਅਤੇ ਹਸਪਤਾਲ ਦੀ ਕੀਤੀ ਭੰਨਤੋੜ ਕਰਕੇ ਡਾਕਟਰਾਂ ਨੂੰ ਦਹਿਸ਼ਤਜਦਾ ਕਰਨ ਦੀ ਕਾਰਵਾਈ ਉੱਤੇ ਹਾਜ਼ਰ ਡਾਕਟਰਾਂ ਵੱਲੋਂ ਗਹਿਰੀ ਚਿੰਤਾ ਪ੍ਰਗਟਾਈ ਗਈ। ਇਸ ਰੋਸ ਪ੍ਰਦਰਸ਼ਨ ਮੌਕੇ ਡਾਕਟਰ ਜਸਦੀਪ ਸਿੰਘ ਸੈਣੀ, ਡਾਕਟਰ ਵਿਵੇਕ ਗੁੰਬਰ, ਡਾਕਟਰ ਸ਼ਵੇਤਾ ਬਾਗੜਿਆ, ਡਾਕਟਰ ਨਵਜੋਤ ਸਿੰਘ ਸਹੋਤਾ, ਡਾਕਟਰ ਰਾਹੁਲ ਗੋਇਲ, ਡਾਕਟਰ ਹਰਤੇਸ਼ ਪਾਹਵਾ, ਡਾਕਟਰ ਰਵੀਨਾ, ਡਾਕਟਰ ਕੁਲਦੀਪ ਸਿੰਘ, ਡਾਕਟਰ ਜਗਜੀਤ ਸਿੰਘ, ਡਾਕਟਰ ਮਨਦੀਪ ਕੌਰ, ਡਾਕਟਰ ਆਕ੍ਰਿਤੀ ਸਿੰਘ, ਡਾਕਟਰ ਨਵਦੀਪ ਕੌਰ, ਡਾਕਟਰ ਵਿਭੂ ਚੌਧਰੀ ਅਤੇ ਮੈਡੀਕਲ ਸਟਾਫ ਵੀ ਹਾਜ਼ਰ ਸੀ।



## ਮਸਲਾ ! ਗ੍ਰਾਂਟਾਂ ਵਾਪਿਸ ਲੈਣ ਨਾਲ ਸਕੂਲਾਂ ਦੇ ਅਧੂਰੇ ਪਏ ਕੰਮਾਂ ਦਾ

# ਸਮੱਗਰਾ ਅਧੀਨ 2023-24 ਦੀਆਂ ਵਾਪਿਸ ਲਈਆਂ ਗ੍ਰਾਂਟਾ ਸਕੂਲਾਂ ਨੂੰ ਵਾਪਿਸ ਜਾਰੀ ਕਰੇ ਭਗਵੰਤ ਮਾਨ ਸਰਕਾਰ - ਸਤਵੰਤ ਟੂਰਾ

**ਫਗਵਾੜਾ (ਬੀ.ਕੇ. ਰੱਤੂ)** ਐਸ. ਸੀ / ਬੀ. ਸੀ. ਸਮਾਜ ਦੇ ਮੁਲਾਜ਼ਮ ਵਰਗ ਅਤੇ ਸਮਾਜ ਦੀਆਂ ਜਾਇਜ਼ ਅਤੇ ਸੰਵਿਧਾਨਿਕ ਮੰਗਾਂ ਲਈ ਆਵਾਜ਼ ਬੁਲੰਦ ਕਰਨ ਵਾਲੀ ਗਜ਼ਟਿਡ ਅਤੇ ਨਾਨ ਗ਼ਜ਼ਟਿਡ ਐਸ.ਸੀ/ਬੀ.ਸੀ ਇੰਪਲਾਇਜ਼ ਵੈਲਫ਼ੇਅਰ ਫੈਡਰੇਸ਼ਨ ਇਕਾਈ ਕਪੂਰਥਲਾ ਦੇ ਪ੍ਰਧਾਨ ਅਤੇ ਐਡੀਸ਼ਨਲ ਸਟੇਟ ਪ੍ਰਧਾਨ ਪੰਜਾਬ ਸ੍ਰੀ ਸਤਵੰਤ ਟੂਰਾ, ਮਨਜੀਤ ਗਾਟ, ਗਿਆਨ ਚੰਦ ਵਾਹਦ, ਲਖਵੀਰ ਚੰਦ, ਬਲਵਿੰਦਰ ਨਿਧੜਕ, ਵਿਨੋਦ ਕੁਮਾਰ, ਸੁਖਦੇਵ ਸਿੰਘ ਬੋਹਾਨੀ, ਸਤਨਾਮ ਗਿੱਲ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਕੇਂਦਰੀ ਸ਼ੇਅਰ ਅਧੀਨ ਚੱਲ ਰਹੀ ਸਮੱਗਰਾ ਸਿੱਖਿਆ ਅਧੀਨ ਹਰ ਸਾਲ ਸਰਕਾਰੀ ਸਕੂਲਾਂ ਨੂੰ ਵਧੀਆ ਬਣਾਉਣ ਅਤੇ ਬੁਨਿਆਦੀ ਲੋੜਾਂ ਪੂਰੀਆਂ ਕਰਨ ਲਈ ਗ੍ਰਾਂਟਾਂ ਜਾਰੀ ਕੀਤੀਆਂ ਜਾਂਦੀਆਂ ਹਨ, ਪਰ ਸੈਸ਼ਨ 2023-24 ਅਧੀਨ ਗ੍ਰਾਂਟਾਂ ਤਾਂ ਜ਼ਾਰੀ ਕਰ ਦਿੱਤੀਆਂ, ਲੱਗਭਗ ਫਰਵਰੀ ਮਾਰਚ 2024 ਵਿਚ ਮੈਸਜ ਵੀ ਪਾ ਦਿੱਤੇ ਕਿ ਕੋਈ ਵੀ ਪੀ.ਪੀ.ਏ. ਜਨਰੇਟ ਨਾ ਕੀਤਾ ਜਾਵੇ । ਜਿਸ ਤੇ ਚੱਲਦੇ ਹੋਏ ਹਜ਼ਾਰਾਂ ਸਕੂਲਾਂ ਵਲੋਂ ਵੱਖ ਵੱਖ ਮੱਦਾਂ ਅਧੀਨ ਸਾਮਾਨ ਤਾਂ ਦੁਕਾਨਦਾਰਾਂ ਤੋਂ ਖਰੀਦ ਲਿਆ, ਬਿੱਲ ਵੀ ਲੈ ਲਏ ਪਰ ਵਿਭਾਗ ਦੇ ਡਰ ਕਾਰਨ ਪੈਸਿਆਂ ਦੀ ਅਦਾਇਗੀ ਨਾ ਕਰ ਸਕੇ। ਜਿਸ ਨਾਲ ਜੋ ਵੀ ਬੈਲੇਂਸ ਰਾਸ਼ੀ ਬਕਾਇਆ ਖਾਤਿਆਂ ਵਿਚ ਪਈ ਸੀ ਉਹ ਕਰੋੜਾਂ ਰੁਪਏ ਸਿੱਖਿਆ ਵਿਭਾਗ ਵਲੋਂ ਲਿਮਟ ਵਾਪਿਸ ਲੈ ਲਈ ਗਈ। ਹੁਣ ਦੁਕਾਨਦਾਰ ਵਾਰ ਵਾਰ ਸਕੂਲ ਮੁੱਖੀਆਂ ਕੋਲੋਂ ਪੈਸੇ ਦੀ ਮੰਗ ਕਰ ਰਹੇ ਹਨ, ਪਰ ਵਿਭਾਗ ਵੱਲੋਂ ਚੁੱਪ ਧਾਰੀ ਹੋਈ ਹੈ। ਮਨਜੀਤ ਗਾਟ ਤੇ ਗਿਆਨ ਚੰਦ ਵਾਹਦ ਵਲੋਂ ਅੱਗੇ ਜਾਣਕਾਰੀ ਦਿੰਦਿਆਂ ਕਿਹਾਂ ਕਿ ਭਾਂਵੇ ਬਿੱਲਾਂ ਦੀਆਂ ਕਾਪੀਆਂ ਅਤੇ ਰਕਮ ਗਰਾਂਟ ਜੋ ਦੇਣਦਾਰੀ ਹੈ, ਵਿਭਾਗ ਨੂੰ ਭੇਜੇ ਚਾਰ ਮਹੀਨੇ ਤੋਂ ਵੱਧ ਦਾ ਸਮਾਂ ਹੋ ਗਿਆ ਹੈ ਪਰ ਗਰਾਂਟ ਅਜੇ ਤੱਕ ਜਾਰੀ ਨਹੀਂ ਹੋਈ। ਇਸੇ ਤਰ੍ਹਾਂ ਸਿਵਿਲ ਵਰਕਸ ਅਧੀਨ ਵਾਧੂ ਕਲਾਸ ਰੂਮ ਦੇ ਕੰਮ ਵੀ ਅਧੂਰੇ ਪਏ ਹਨ ਕਿਉਂਕਿ ਸਰਕਾਰ ਵੱਲੋਂ ਫਿਰ ਤੋਂ ਗਰਾਂਟਾਂ ਜਾਰੀ ਨਹੀਂ ਕੀਤੀਆਂ ਗਈਆਂ। ਸ੍ਰੀ ਟੂਰਾ ਨੇ ਮਾਣਯੋਗ ਮੁੱਖ ਮੰਤਰੀ ਪੰਜਾਬ ਅਤੇ ਸਿੱਖਿਆਂ ਮੰਤਰੀ ਸ੍ਰੀ ਹਰਜੋਤ ਬੈਂਸ ਨੂੰ ਅਪੀਲ ਕਰਦਿਆਂ ਕਿਹਾ ਕਿ ਸਕੂਲਾਂ ਦੀਆਂ ਸਮੱਗਰਾ ਅਧੀਨ ਸੈਸ਼ਨ 2023-24 ਦੀਆਂ ਕੇਂਦਰ ਸਰਕਾਰ ਦੀਆਂ ਗਰਾਂਟਾਂ ਜਾਰੀ ਕਰਵਾਉਂਦੇ ਹੋਏ ਪਹਿਲ ਕਦਮੀਂ ਕੀਤੀ ਜਾਵੇ ਤਾਂ ਕੇ ਜਿੱਥੇ ਸਕੂਲਾਂ ਦੇ ਅਧੂਰੇ ਵਿਕਾਸ ਕਾਰਜਾ ਨੂੰ ਪੂਰਾ ਕੀਤਾ ਜਾ ਸਕੇ ਅਤੇ ਨਾਲ ਹੀ ਦੁਕਾਨਦਾਰਾਂ ਦੀਆਂ ਦੇਣਦਾਰੀਆਂ ਦੇਣ ਨਾਲ ਸਕੂਲ ਮੁੱਖੀਆਂ ਨੂੰ ਵੀ ਪਰੇਸ਼ਾਨੀ ਤੋਂ ਮੁਕਤ ਕੀਤਾ ਜਾਵੇ । ਇਸ ਮੌਕੇ ਅਮਰੀਕ ਅਜਨੋਹਾ, ਸੋਹਣ ਲਾਲ, ਬਲਵਿੰਦਰ ਮਸੀਹ, ਕਮਲੇਸ਼ ਸੰਧੂ, ਮਨਿੰਦਰ ਕੌਰ, ਅਸ਼ੋਕ ਵਾਹਿਦ, ਗ਼ੁਰਸੇਵਕ, ਪਵਨ ਕੁਮਾਰ, ਗੁਰਦਿਆਲ ਹੀਰ, ਪਰਵੀਨ, ਜਸਵੀਰ ਖਲਵਾੜਾ, ਰਾਮ ਪਾਲ ਅਤੇ ਕੁਲਦੀਪ ਕੁਮਾਰ ਹਾਜ਼ਰ ਸਨ।




HAPPY BAZAAR
HAPPY BAZAR
Indian, Pakistani & Fijjian Groceries
WE ARE OPEN
7 DAYS A WEEK
9:00 am to 8:30 pm
RENT DVDS & BUY CLOTHES
ENJOY YOUR DAY WITH HOPES
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ
CALL US
Ph: (209) 478-0285
Fax: (209) 477-3206
EVERY SATURDAY & SUNDAY
SPECIAL DISCOUNT ON GROCERIES
1304 E Hammer Lane # 7 Stockton CA 95212
EMAIL : indiabazaar08@yahoo.com

# ਕਲਕੱਤਾ ਮੈਡੀਕਲ ਕਾਲਜ ਦੀ ਡਾਕਟਰ ਦੇ ਸਮੂਹਕ ਬਲਾਤਕਾਰ ਅਤੇ ਹੱਤਿਆਰੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣ ਦੀ ਮੰਗ

**ਸੰਗਰੂਰ, (ਦਲਜੀਤ ਕੌਰ)** ਅੱਜ ਸੰਗਰੂਰ ਜ਼ਿਲ੍ਹੇ ਦੀਆਂ ਵੱਖ-ਵੱਖ ਜਨਤਕ ਜਮਹੂਰੀ ਜਥੇਬੰਦੀਆਂ ਦੇ ਆਗੂਆਂ ਨੇ ਬਰਨਾਲਾ ਕੈਂਚੀਆਂ ਸੰਗਰੂਰ ਵਿਖੇ ਇਕੱਠੇ ਹੋ ਕੇ ਕਲਕੱਤਾ ਦੇ ਆਰ ਜੀ ਕਰ ਮੈਡੀਕਲ ਕਾਲਜ ਵਿੱਚ ਇੱਕ ਮਹਿਲਾ ਰੈਜੀਡੈਂਟ ਡਾਕਟਰ ਨਾਲ ਡਿਊਟੀ ਸਮੇਂ ਕੀਤੇ ਸਮੂਹਿਕ ਬਲਾਤਕਾਰ ਅਤੇ ਕਤਲ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਇਸ ਘਟਨਾ ਖ਼ਿਲਾਫ਼ ਲੜੇ ਜਾ ਰਹੇ ਸੰਘਰਸ਼ ਨਾਲ ਇਕਮੁੱਠਤਾ ਦਾ ਪ੍ਰਗਟਾਵਾ ਕੀਤਾ।

ਜਥੇਬੰਦੀਆਂ ਦੇ ਆਗੂਆਂ ਨੇ ਕਲਕੱਤਾ ਮੈਡੀਕਲ ਕਾਲਜ ਵਿੱਚ ਇਸ ਘਟਨਾ ਦੇ ਵਿਰੋਧ ਵਿੱਚ ਪ੍ਰਦਰਸ਼ਨ ਕਰ ਰਹੇ ਜੂਨੀਅਰ ਡਾਕਟਰਾਂ ਉੱਤੇ 14-15 ਅਗਸਤ ਦੀ ਅੱਧੀ ਰਾਤ ਨੂੰ ਗੁੰਡਾ ਅਨਸਰਾਂ ਵੱਲੋਂ ਹਸਪਤਾਲ ਵਿੱਚ ਦਾਖ਼ਲ ਹੋਕੇ ਡਾਕਟਰਾਂ ਦੀ ਕੁੱਟ ਮਾਰ ਕਰਨ ਅਤੇ ਹਸਪਤਾਲ ਦੀ ਭੰਨਤੋੜ ਕਰਕੇ ਡਾਕਟਰਾਂ ਨੂੰ ਦਹਿਸ਼ਤਜਦਾ ਕਰਨ ਦੀ ਕਾਰਵਾਈ ਦਾ ਗੰਭੀਰ ਨੋਟਿਸ ਲੈਂਦਿਆਂ ਕਿਹਾ ਕਿ 9 ਅਗਸਤ ਦੀ ਰਾਤ ਨੂੰ ਕਲਕੱਤੇ ਦੇ ਆਰਜੀ ਕਰ ਮੈਡੀਕਲ ਕਾਲਜ ਤੇ ਹਸਪਤਾਲ ਵਿੱਚ ਇੱਕ ਡਾਕਟਰ ਜੋ ਲਗਾਤਾਰ 36 ਘੰਟੇ ਦੀ ਡਿਊਟੀ ਦੌਰਾਨ ਹਸਪਤਾਲ ਅੰਦਰਲੇ ਸੈਮੀਨਾਰ ਰੂਮ ਵਿੱਚ ਆਰਾਮ ਕਰ ਰਹੀ ਸੀ, ਨਾਲ ਵਹਿਸ਼ੀਆਨਾ ਢੰਗ ਨਾਲ ਨਾ ਸਿਰਫ ਸਮੂਹਿਕ ਬਲਾਤਕਾਰ ਕੀਤਾ ਗਿਆ ਸਗੋਂ ਅੰਤਾਂ ਦੀ ਬੇਰਹਿਮੀ ਨਾਲ ਉਸਦਾ ਕਤਲ ਵੀ ਕਰ ਦਿੱਤਾ ਗਿਆ।

ਕਾਲਜ ਪ੍ਰਸ਼ਾਸ਼ਨ ਨੇ ਪਹਿਲਾਂ ਇਸਨੂੰ ਆਤਮਹੱਤਿਆ ਦਾ ਮਾਮਲਾ ਕਹਿਕੇ ਦਬਾਉਣ ਦੀ ਕੋਸ਼ਿਸ਼ ਕੀਤੀ ਪਰ ਜਦੋਂ ਮੈਡੀਕਲ ਜਾਂਚ ਵਿੱਚ ਬਲਾਤਕਾਰ ਤੇ ਨਿਰਦਈ ਵਹਿਸ਼ੀਪੁਣੇ ਨਾਲ ਕੀਤੇ ਕਤਲ ਦੇ ਤੱਥ ਸਾਹਮਣੇ ਆਏ ਤਾਂ ਸੰਜੇ ਰਾਏ ਨਾਮ ਦੇ ਦੋਸ਼ੀ ਜੋ ਪੁਲੀਸ ਦਾ ਵਲੰਟੀਅਰ ਦੱਸਿਆ ਜਾ ਰਿਹਾ ਹੈ, ਨੂੰ ਗ੍ਰਿਫ਼ਤਾਰ ਕਰਕੇ ਮਾਮਲਾ ਟਾਲਣ ਦੀ ਕੋਸ਼ਿਸ਼ ਕੀਤੀ ਗਈ। ਜਦੋਂ ਇਸ ਮਾਮਲੇ ਨੇ ਦੇਸ਼ ਭਰ ਦੇ ਮੈਡੀਕਲ ਕਾਲਜਾਂ ਤੇ ਹਸਪਤਾਲਾਂ ਵਿੱਚ ਰਾਤ ਦੀ ਡਿਊਟੀ ਸਮੇਂ ਔਰਤ ਡਾਕਟਰਾਂ ਅਤੇ ਨਰਸਾਂ ਤੇ ਸਿਹਤ ਕਰਮਚਾਰੀਆਂ ਦੀ ਸੁਰੱਖਿਆ ਦੇ ਮਾਮਲੇ ਨੂੰ ਲੈ ਕੇ ਆਵਾਜ਼ ਉਠਾਈ ਅਤੇ ਇਸ ਘਿਣਾਉਣੇ ਕਾਂਡ ਵਿੱਚ ਸ਼ਾਮਲ ਹੋਰ ਦੋਸ਼ੀਆਂ ਦੀ ਪਹਿਚਾਣ ਕਰਨ ਤੇ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਤਾਂ ਸਰਕਾਰ ਵੱਲੋਂ ਹੜਤਾਲੀ ਡਾਕਟਰਾਂ ਨੂੰ ਸੁਪਰੀਮ ਕੋਰਟ ਦੇ ਫੈਸਲਿਆਂ ਨੂੰ ਅਧਾਰ ਬਣਾ ਕੇ ਉਨ੍ਹਾਂ ਖਿਲਾਫ ਕਾਰਵਾਈ ਕਰਨ ਦੀਆਂ ਧਮਕੀਆਂ ਦੇ ਕੇ ਹੜਤਾਲ ਨੂੰ ਖ਼ਤਮ ਕਰਨ ਲਈ ਕਿਹਾ ਅਤੇ ਇਸ ਕਾਲਜ ਦੇ ਪ੍ਰਿੰਸੀਪਲ ਨੂੰ ਕਿਸੇ ਦੂਸਰੇ ਕਾਲਜ ਵਿੱਚ ਬਦਲ ਕੇ ਵੀ ਉਸ ਸਚਾਈ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਹੈ।




ਆਰਜੀ ਕਰ ਕਾਲਜ ਵਿੱਚ ਹਿੰਸਕ ਹਜ਼ੂਮ ਨੇ ਅੱਧੀ ਰਾਤ ਦਾਖ਼ਲ ਹੋ ਕਾਲਜ ਦੇ ਡਾਕਟਰ, ਨਰਸਾਂ ਅਤੇ ਔਰਤ ਕਰਮਚਾਰੀਆਂ ਦੀ ਕੁਟਮਾਰ ਕੀਤੀ ਅਤੇ ਕਾਲਜ ਦੇ ਐਮਰਜੈਂਸੀ ਵਾਰਡ, ਗਾਇਨੀ, ਈ ਐਨ ਟੀ ਵਾਰਡ ਦੀ ਭੰਨ ਤੋੜ ਕੀਤੀ, ਡਾਕਟਰਾਂ, ਕਰਮਚਾਰੀਆਂ ਮਰੀਜਾਂ ਤੇ ਮਰੀਜਾਂ ਦੇ ਰਿਸ਼ਤੇਦਾਰਾਂ ਨੂੰ ਵੀ ਕੁੱਟਿਆ ਤੇ ਇਸ ਅੰਦਰਲੇ ਸਮਾਨ ਨੂੰ ਭੰਨਿਆ ਤੋੜਿਆ। ਇਸ ਹਿੰਸਕ ਭੀੜ ਨੇ ਘਟਨਾ ਵਾਲੇ ਸੈਮੀਨਾਰ ਰੂਮ ਦੀ ਭੰਨ ਤੋੜ ਕੀਤੀ, ਕਾਰਾਂ ਤੇ ਗੱਡੀਆਂ ਨੂੰ ਨੁਕਸਾਨ ਪਹੁੰਚਾਇਆ, ਨਰਸਾਂ ਨੂੰ ਬਲਾਤਕਾਰ ਦੀਆਂ ਧਮਕੀਆਂ ਦਿੱਤੀਆਂ, ਜਦੋਂ ਕਿ ਪੁਲਸ ਮੂਕ ਦਰਸ਼ਕ ਬਣੀ ਰਹੀ।

ਅਜਿਹੀ ਹੀ ਇੱਕ ਘਟਨਾ ਵਿੱਚ ਉਤਰਾ ਖੰਡ ਦੇ ਉਧਮ ਸਿੰਘ ਨਗਰ ਦੇ ਰੁਦਰਪੁਰ ਵਿੱਚ ਇੱਕ ਪ੍ਰਾਈਵੇਟ ਹਸਪਤਾਲ ਵਿੱਚ ਕੰਮ ਕਰਦੀ, ਡਿਊਟੀ ਦੇ ਕੇ ਆਪਣੇ ਘਰ ਜਾ ਰਹੀ ਨਰਸ ਦੀ ਕੁੱਟ ਮਾਰ ਕਰਕੇ ਸਕਾਰਫ ਨਾਲ ਗਲਾ ਘੁੱਟਣ ਪਿੱਛੋਂ ਉਸ ਨਾਲ ਦੋਸ਼ੀ ਵੱਲੋਂ ਬਲਾਤਕਾਰ ਕੀਤਾ ਗਿਆ। ਬਿਹਾਰ ਦੇ ਮੁਜ਼ੱਫਰਪੁਰ ਵਿੱਚ ਇੱਕ ਨਾਬਾਲਗ ਵਿਦਿਆਰਥਣ ਨੂੰ ਘਰਦਿਆਂ ਤੋਂ ਖੋਹ ਕੇ ਉਸ ਨਾਲ ਸਮਹੂਕ ਬਲਾਤਕਾਰ ਕੀਤਾ ਗਿਆ ਅਤੇ ਹੈਵਾਨੀਅਤ ਨਾਲ ਉਸ ਦੀਆਂ ਛਾਤੀਆਂ ਕੱਟ ਕੇ ਹੱਤਿਆ ਕਰ ਦਿੱਤੀ ਗਈ ਹੈ।

ਇਸ ਤਰ੍ਹਾਂ ਦੇਸ਼ ਭਰ ਵਿੱਚ ਕੰਮ ਕਾਜੀ ਔਰਤਾਂ ਨੂੰ ਆਪਣੀ ਸੁਰੱਖਿਆ ਵਿਸ਼ੇਸ਼ ਕਰਕੇ ਰਾਤ ਦੀ ਡਿਊਟੀ ਸਮੇਂ ਸੁਰੱਖਿਆ ਨੂੰ ਲੈਕੇ ਡਰ ਵਾਲਾ ਮਹੌਲ ਪੈਦਾ ਹੋ ਗਿਆ ਹੈ। ਆਗੂਆਂ ਨੇ ਘਟਨਾ ਪਿੱਛੋਂ ਵੱਖ ਵੱਖ ਰਾਜਸੀ ਪਾਰਟੀਆਂ ਵੱਲੋਂ ਕੀਤੀ ਜਾ ਰਹੀ ਬਿਆਨ ਬਾਜੀ ਦਾ ਸਖ਼ਤ ਨੋਟਿਸ ਲੈਂਦਿਆਂ ਕਿਹਾ ਕਿ ਰਾਜਸੀ ਪਾਰਟੀਆਂ ਸਮੱਸਿਆ ਦੇ ਹੱਲ ਲੱਭਣ ਦੀ ਥਾਂ ਰਾਜਸੀ ਖੇਡ ਖੇਡਣ ਵਿੱਚ ਲੱਗੀਆਂ ਹੋਈਆਂ ਹਨ। ਉਹਨਾਂ ਮੰਗ ਕੀਤੀ ਕਿ ਕੰਮਕਾਜੀ ਔਰਤਾਂ ਦੀ ਹਰ ਅਦਾਰੇ ਵਿੱਚ ਸਰੱਖਿਆ ਯਕੀਨੀ ਬਣਾਈ ਜਾਵੇ, ਹਸਪਤਾਲਾਂ ਵਿੱਚ ਸੁਰੱਖਿਆ ਲਈ ਲੋੜੀਂਦੇ ਕਦਮ ਚੁੱਕੇ ਜਾਣ, ਦੋਸ਼ੀਆਂ ਨੂੰ ਪਾਰਦਰਸ਼ੀ ਢੰਗ ਨਾਲ ਚਿੰਨਤ ਕਰਕੇ ਉਨ੍ਹਾਂ ਉੱਤੇ ਸਖ਼ਤ ਧਾਰਾਵਾਂ ਤਹਿਤ ਕੇਸ ਦਰਜ ਕਰਦਿਆਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ।

ਇਸ ਸਮੇਂ ਜਮਹੂਰੀ ਅਧਿਕਾਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਜਗਜੀਤ ਸਿੰਘ ਭੁਟਾਲ, ਸਕੱਤਰ ਕੁਲਦੀਪ ਸਿੰਘ, ਸੂਬਾ ਆਗੂ ਸਵਰਨਜੀਤ ਸਿੰਘ, ਤਰਕਸ਼ੀਲ ਸੁਸਾਇਟੀ ਦੇ ਆਗੂ ਮਾਸਟਰ ਪਰਮ ਵੇਦ ਅਤੇ ਸੀਤਾਰਾਮ, ਖੇਤੀਬਾੜੀ ਅਤੇ ਕਿਸਾਨ ਵਿਕਾਸ ਫਰੰਟ ਦੇ ਪ੍ਰਧਾਨ ਮਹਿੰਦਰ ਸਿੰਘ ਭੱਠਲ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਆਗੂ ਮਹਿੰਦਰ ਸਿੰਘ, ਕਿਰਤੀ ਕਿਸਾਨ ਯੂਨੀਅਨ ਦੇ ਯੂਥ ਵਿੰਗ ਦੇ ਪ੍ਰਧਾਨ ਭੁਪਿੰਦਰ ਸਿੰਘ ਲੌਂਗੋਵਾਲ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਸੰਜੀਵ ਮਿੰਟੂ, ਡੀ ਟੀ ਐੱਫ਼ ਦੇ ਜ਼ਿਲ੍ਹਾ ਪ੍ਰਧਾਨ ਦਾਤਾ ਸਿੰਘ, ਅਦਾਰਾ ਤਰਕਸ਼ ਵਲੋਂ ਇੰਨਜਿੰਦਰ, ਪੀਐਸਯੂ ਦੇ ਆਗੂ ਸੁਖਦੀਪ ਹਥਨ, ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਆਗੂ ਬਬਨ ਪਾਲ, ਪੈਰਾ ਮੈਡੀਕਲ ਅਤੇ ਸਿਹਤ ਕਰਮਚਾਰੀ ਫਰੰਟ ਦੇ ਆਗੂ ਚੰਦ ਸਿੰਘ ਧੂਰੀ, ਏ ਐਨ ਐਮ ਤੇ ਐਲ ਐਚ ਵੀ ਯੂਨੀਅਨ ਦੀ ਪ੍ਰਧਾਨ ਸੁਸ਼ਮਾ ਅਰੋੜਾ, ਨਰਸਿੰਗ ਐਸੋਸੀਏਸ਼ਨ ਦੀ ਆਗੂ ਯੋਗਿਤਾ, ਕੇਂਦਰੀ ਪੰਜਾਬੀ ਲੇਖਕ ਸਭਾ ਸ਼ੇਖੋਂ ਦੇ ਆਗੂ ਭਗਵੰਤ ਸਿੰਘ, ਮਜ਼ਦੂਰ ਮੁਕਤੀ ਮੋਰਚਾ ਦੇ ਆਗੂ ਘੁਮੰਡ ਸਿੰਘ, ਏਟਕ ਦੇ ਸੂਬਾ ਆਗੂ ਸੁਖਦੇਵ ਸ਼ਰਮਾ, ਆਈ ਡੀ ਪੀ ਦੇ ਸੂਬਾ ਆਗੂ ਫਲਜੀਤ ਸਿੰਘ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਆਗੂ ਪ੍ਰਗਟ ਸਿੰਘ ਕਾਲਾਝਾੜ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਬਿਕਰ ਸਿੰਘ ਹਥੋਆ ਆਦਿ ਸ਼ਾਮਲ ਸਨ।

# ਦੇਸ਼ ਭਰ ਵਿੱਚ ਲੜਕੀਆਂ ਅਤੇ ਔਰਤਾਂ ਨਾਲ ਹੋ ਰਹੇ ਘਿਨੌਣੇ ਕਾਰਿਆ ਖਿਲਾਫ ਰੋਸ ਪ੍ਰਦਰਸ਼ਨ

**ਗੜਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਗੜਸ਼ੰਕਰ ਦੀਆਂ ਸਮੂਹਿਕ ਇਨਸਾਫ ਪਸੰਦ ਅਤੇ ਜਨਤਕ ਜਥੇਬੰਦੀਆਂ ਦੇ ਆਗੂਆਂ ਵੱਲੋਂ ਇਕੱਤਰ ਹੋ ਕੇ ਪੱਛਮੀ ਬੰਗਾਲ ਦੇ ਆਰ ਜੀ ਕਰ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ ਕੋਲਕਾਤਾ 'ਚ ਤਾਇਨਾਤ ਮਹਿਲਾ ਡਾਕਟਰ ਨਾਲ ਹੋਏ ਸਮੂਹਿਕ ਜਬਰ ਜਨਾਹ ਤੇ ਹੱਤਿਆ ਕਾਂਡ ਅਤੇ ਦੇਸ਼ ਦੇ ਵੱਖ ਵੱਖ ਕੋਨਿਆਂ ਵਿੱਚ ਛੋਟੀਆਂ ਬੱਚੀਆਂ, ਕੁੜੀਆ ਅਤੇ ਔਰਤਾਂ ਨਾਲ ਹੋ ਰਹੇ ਬਲਾਤਕਾਰ ਕਾਂਡਾ ਖਿਲਾਫ ਗਾਂਧੀ ਪਾਰਕ ਵਿੱਚ ਰੋਸ ਰੈਲੀ ਕਰਨ ਉਪਰੰਤ ਨੰਗਲ ਚੌਂਕ ਵਿੱਚ ਤਕਰੀਬਨ ਇੱਕ ਘੰਟਾ ਰੋਸ ਵਿਖ-ਾਵਾ ਕੀਤਾ। ਇਸ ਮੌਕੇ ਵੱਖ ਵੱਖ ਜੱਥੇਬੰਦੀਆ ਦੇ ਆਗੂਆ ਪ੍ਰਿੰਸੀਪਲ ਡਾ। ਬਿੱਕਰ ਸਿੰਘ, ਡਾਕਟਰ ਅਵਤਾਰ ਦੁੱਗਲ, ਡਾਕਟਰ ਗਿਆਨ ਚੰਦ, ਦਰਸ਼ਨ ਸਿੰਘ ਮੱਟੂ, ਸੁਭਾਸ਼ ਕੌਰ ਮੱਟੂ, ਡਾਕਟਰ ਹਰਵਿੰਦਰ ਬਾਠ, ਮੈਡਮ ਖੁਸ਼ਵਿੰਦਰ ਕੌਰ ਡੀ ਪੀ ਈ, ਸੁਖਦੇਵ ਡਾਨਸੀਵਾਲ, ਹੰਸਰਾਜ ਗੜ੍ਹਸ਼ੰਕਰ, ਪ੍ਰਿੰਸੀਪਲ ਜਗਦੀਸ਼ ਰਾਏ, ਡਾਕਟਰ ਲਖਵਿੰਦਰ ਸਿੰਘ, ਡਾਕਟਰ ਨਰਿੰਦਰ ਸਿੰਘ, ਤਰਕਸ਼ੀਲ ਆਗੂ ਜੋਗਿੰਦਰ ਕੁਲੇਵਾਲ, ਸਤੀਸ਼ ਸੋਨੀ ਅਤੇ ਸੈਂਡੀ ਭੱਜਲ ਸਮੇਤ ਹੋਰ ਬੁਲਾਰਿਆਂ ਨੇ ਇਸ ਘਿਨੌਣੀ ਘਟਨਾ ਦੀ ਜੋਰਦਾਰ ਨਿਖੇਧੀ ਕਰਦਿਆਂ ਕਲਕੱਤਾ ਜਬਰ ਜਨਾਹ ਕਾਂਡ ਸਮੇਤ ਦੇਸ਼ ਦੀਆ ਵੱਖ ਵੱਖ ਥਾਵਾਂ 'ਤੇ ਹੋ ਰਹੇ ਬਲਾਤਕਾਰਾਂ ਦੇ ਦੋਸ਼ੀਆਂ ਨੂੰ ਫਾਸਟ ਟ੍ਰੈਕ ਅਦਾਲਤ ਬਣਾ ਕੇ ਸਖਤ ਸਜ਼ਾਵਾਂ ਦੇਣ ਦੀ ਮੰਗ ਕੀਤੀ। ਉਹਨਾਂ ਸਰਕਾਰ ਤੋਂ ਮੰਗ ਕਰਦੇ ਹੋਏ ਸਿਹਤ ਸੰਭਾਲ ਪੇਸ਼ੇਵਰਾਂ ਲਈ ਕੇਂਦਰੀ ਸੁਰੱਖਿਆ ਐਕਟ ਅਤੇ ਜਨਤਕ ਸਿਹਤ ਸੰਭਾਲ ਸਹੂਲਤਾਂ ਤੇ ਸੁਰੱਖਿਆ ਉਪਾਅ ਕਰਨ ਦੀ ਮੰਗ ਕੀਤੀ। ਉਹਨਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ, ਕਿ ਹਸਪਤਾਲਾਂ 'ਚ ਕੰਮ ਕਰਦੇ ਡਾਕਟਰਾਂ, ਨਰਸਾਂ ਅਤੇ ਹੋਰ ਹਮਲੇ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਅੱਗੇ ਤੋਂ ਇਹੋ ਜਿਹੀਆਂ ਘਟਨਾਵਾਂ ਨਾ ਵਾਪਰ ਸਕਣ। ਇਸ ਰੋਸ ਪ੍ਰਦਰਸ਼ਨ ਮੌਕੇ ਭੁਪਿੰਦਰ ਸਿੰਘ ਰਾਣਾ, ਹਰਦੇਵ ਰਾਏ, ਪ੍ਰਿੰਸੀਪਲ ਦਲਵਾਰਾ ਰਾਮ, ਸਤਨਾਮ ਸਿੰਘ ਸੂੰਨੀ, ਗੁਰਮੇਲ ਸਿੰਘ, ਅਮਰਜੀਤ ਸਿੰਘ ਬੰਗੜ, ਸਤਨਾਮ ਸਿੰਘ ਬੰਗੜ, ਮੋਹਨ ਸਿੰਘ, ਸੰਤੋਖ ਸਿੰਘ, ਜਸਵਿੰਦਰ ਸਿੰਘ, ਹਰਨੇਕ ਸਿੰਘ, ਜਸਵਿੰਦਰ ਸਿੰਘ, ਦਿਲਾਵਰ ਸਿੰਘ, ਦੀਵਾਨ ਚੰਦ, ਪਰਮਜੀਤ ਸਿੰਘ, ਮਨਿੰਦਰ ਸਿੰਘ, ਸੱਤਪਾਲ ਸਿੰਘ ਕਲੇਰ, ਸੁਨੀਤਾ ਰਾਣੀ, ਰਾਜਦੀਪ ਸਿੰਘ, ਗੁਰਨਾਮ ਸਿੰਘ, ਪ੍ਰੀਤ ਪਾਰੋਵਾਲ, ਜਸਵਿੰਦਰ ਸਿੰਘ, ਮਨਜੀਤ ਸਿੰਘ, ਹਰੀਸ਼ ਭੱਲਾ, ਨਰਿੰਦਰ ਪਾਲ, ਰਾਜਕੁਮਾਰ, ਹਰਬੰਸ ਲਾਲ ਅਤੇ ਸ਼ੱਮੀ ਭੱਲਾ ਆਦਿ ਹਾਜ਼ਰ ਸਨ।



# ਕੇਂਦਰ ਸਰਕਾਰ ਵੱਲੋਂ ਪ੍ਰਸ਼ਾਸਨਿਕ ਅਹੁਦਿਆਂ ’ਤੇ ਪਿਛਲੇ ਦਰਵਾਜਿਉਂ ਨਿਯੁਕਤੀਆਂ ਸਵਾਲਾਂ ਦੇ ਘੇਰੇ ’ਚ

**ਚੰਡੀਗੜ੍ਹ**–ਕੇਂਦਰ ਸਰਕਾਰ ਵੱਲੋਂ ਪ੍ਰਸ਼ਾਸਨਿਕ ਅਹੁਦਿਆਂ ’ਤੇ ਪਿਛਲੇ ਦਰਵਾਜਿਉਂ ਕੀਤੀਆਂ ਜਾ ਰਹੀਆਂ ਨਿਯੁਕਤੀਆਂ ਸਵਾਲਾਂ ਦੇ ਘੇਰੇ ਵਿਚ ਆ ਗਈਆਂ ਹਨ। ਕੇਂਦਰ ਸਰਕਾਰ ਵੱਲੋਂ ਪ੍ਰਸ਼ਾਸਨਿਕ ਅਹੁਦਿਆਂ ’ਤੇ ਪਿਛਲੇ ਦਰਵਾਜਿਉਂ ਨਿਯੁਕਤੀ ਦਾ ਵਿਰੋਧ ਪੰਜਾਬ ਤੋਂ ਸ਼ੁਰੂ ਹੋ ਗਿਆ ਹੈ। ਕੇਂਦਰ ਦੀ ਇਸ ਨੀਤੀ ’ਤੇ ਸਵਾਲ ਖੜ੍ਹੇ ਹੋਣ ਲੱਗੇ ਹਨ। ਮਿਲੀ ਜਾਣਕਾਰੀ ਅਨੁਸਾਰ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂ. ਪੀ. ਐਸ. ਸੀ.) ਨੇ ਕੇਂਦਰੀ ਮੰਤਰਾਲਿਆਂ ਵਿਚ 10 ਜਾਇੰਟ ਸੈਕਟਰੀਆਂ ਅਤੇ 35 ਡਾਇਰੈਕਟਰਾਂ/ਸਕੱਤਰਾਂ ਦੀ ਠੇਕਾ ਆਧਾਰਿਤ ਸਿੱਧੀ ਭਰਤੀ ਲਈ ਪਿਛਲੇ ਦਿਨੀਂ ਇਕ ਇਸ਼ਤਿਹਾਰ ਦਿੱਤਾ ਹੈ।

ਦੱਸਿਆ ਜਾ ਰਿਹਾ ਹੈ ਕਿ ਪਹਿਲਾਂ ਅਜਿਹੀਆਂ ਪੋਸਟਾਂ ਨੂੰ ਆਈ. ਏ. ਐਸ., ਆਈ. ਪੀ. ਐਸ. ਆਦਿ ਭਾਰਤੀ ਪ੍ਰਸ਼ਾਸਨਿਕ ਸੇਵਾਵਾਂ ਦੇ ਅਧਿਕਾਰੀਆਂ ਨਾਲ ਭਰਿਆ ਜਾਂਦਾ ਰਿਹਾ ਹੈ, ਪਰ ਹੁਣ ਮੋਦੀ ਸਰਕਾਰ ਨੇ ਨਿੱਜੀ ਖੇਤਰ ਵਿਚੋਂ ਹੋਣਹਾਰ ਵਿਅਕਤੀਆਂ ਦੀਆਂ ਸੇਵਾਵਾਂ ਲੈਣ ਦੇ ਨਾਂ ’ਤੇ ’ਲੇਟਰਲ ਐਂਟਰੀ ਯੋਜਨਾ’ ਰਾਹੀਂ ਇਹਨਾਂ ਨੂੰ ਪਿਛਲੇ ਦਰਵਾਜਿਉਂ ਨਿਯੁਕਤੀ ਦੇਣ ਦਾ ਨਵਾਂ ਢੰਗ ਕੱਢਿਆ ਹੈ।

ਇਸ ਮਸਲੇ ’ਤੇ ਹੋਰ ਖੁਲਾਸਾ ਕਰਦੇ ਹੋਏ ਡੈਮੋਕ੍ਰੇਟਿਥ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਤੇ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਸੰਵਿਧਾਨਕ ਅਦਾਰਿਆਂ ਰਾਹੀਂ ਪਾਰਦਰਸ਼ੀ ਭਰਤੀ ਪ੍ਰਕਿਰਿਆ ਚਲਾਉਣ ਦੀ ਜ਼ਿੰਮੇਵਾਰੀ ਨਿਭਾਉਣ ਦੀ ਥਾਂ ਭਾਜਪਾ ਤੇ ਕਾਰਪੋਰੇਟ ਦੇ ਚਹੇਤਿਆਂ ਨੂੰ ਪ੍ਰਸ਼ਾਸਨਿਕ ਅਹੁਦਿਆਂ ਨਾਲ ਨਿਵਾਜਣ ਅਤੇ ਐਸ. ਸੀ., ਐਸ. ਟੀ., ਪੱਛੜੇ ਵਰਗਾਂ ਤੇ ਦਿਵਿਆਂਗਾਂ ਨੂੰ ਰਾਖਵਾਂਕਰਨ ਪਾਲਸੀ ਤਹਿਤ ਮਿਲਦੀ ਸੁਰੱਖਿਆ ਦੀਆਂ ਸ਼ਰੇਆਮ ਧੱਜੀਆਂ ਉਡਾਉਣ ’ਤੇ ਲੱਗ ਗਈ ਹੈ। ਇਸ ਯੋਜਨਾ ਤਹਿਤ 63 ਨਿਯੁਕਤੀਆਂ ਕੀਤੀਆਂ ਜਾ ਚੁੱਕੀਆਂ ਹਨ।

# ਅਨੁਸੂਚਿਤ ਜਾਤੀ ਆਯੋਗ ਨੇ ਐਸ.ਸੀ. ਵਰਗ ਨਾਲ ਸਬੰਧਿਤ ਸ਼ਿਕਾਇਤਾਂ ਦੇ ਤੁਰੰਤ ਨਿਪਟਾਰੇ ਦੇ ਨਿਰਦੇਸ਼ ਦਿੱਤੇ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਮੈਂਬਰ ਚੰਦਰੇਸ਼ਵਰ ਸਿੰਘ ਮੋਹੀ ਅਤੇ ਐਡਵੋਕੇਟ ਪਰਮਿਲਾ ਫਲੀਆਂਵਾਲਾ ਨੇ ਬਲਾਚੌਰ ਦੇ ਪਿੰਡ ਝੁੰਗੀਆਂ ਬੇਟ ਵਿਖੇ ਪਹੁੰਚ ਕੇ ਅਨੁਸੂਚਿਤ ਭਾਈਚਾਰੇ ਨਾਲ ਸੰਬੰਧਿਤ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ। ਇਸ ਤੋਂ ਬਾਅਦ ਉਹਨਾਂ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੀ ਐਸੀ ਭਾਈਚਾਰੇ ਨਾਲ ਸੰਬੰਧਿਤ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ। ਇਸ ਦੌਰਾਨ ਉਨ੍ਹਾਂ ਦੱਸਿਆ ਕਿ ਕਮਿਸ਼ਨ ਨੂੰ ਨਵਾਂਸ਼ਹਿਰ ਜਿਲ੍ਹੇ ਨਾਲ ਸਬੰਧਤ 20 ਸ਼ਕਾਇਤਾਂ ਪ੍ਰਾਪਤ ਹੋਈਆਂ ਸਨ ੀ ਜਿਸ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਅੱਜ ਉਹ ਇਨ੍ਹਾਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਇੱਥੇ ਪਹੁੰਚੇ ਹਨ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਜਾਤੀ ਸੂਚਕ ਸ਼ਬਦ ਬੋਲਣ, ਆਪਸੀ ਲੜਾਈ, ਪੁਲਿਸ ਵਿਭਾਗ ਵਿਰੁੱਧ ਸ਼ਕਾਇਤਾਂ, ਗਲਤ ਮੁਕੱਦਮਿਆਂ ਵਿੱਚ ਨਾਮ ਦਰਜ, ਧੋਖਾਧੜੀ ਆਦਿ ਸਬੰਧੀ ਸ਼ਕਾਇਤਾ ਪ੍ਰਾਪਤ ਹੋਈਆਂ ਸਨ। ਉਹਨਾਂ ਨੇ ਪ੍ਰਾਪਤ ਹੋਈਆਂ ਸ਼ਿਕਾਇਤਾਂ ਸਬੰਧੀ ਪੁਲਿਸ ਅਧਿਕਾਰੀਆਂ ਅਤੇ ਹੋਰਨਾਂ ਵਿਭਾਗਾਂ ਦੇ ਅਧਿਕਾਰੀਆਂ ਨੂੰ ਮੌਕੇ ਤੇ ਨਿਰਦੇਸ਼ ਦਿ-ੰਦਿਆਂ ਕਿਹਾ ਕਿ ਬਣਦੀ ਕਾਰਵਾਈ ਕਰਕੇ ਰਿਪੋਰਟ ਕਮਿਸ਼ਨ ਕੋਲ ਪੇਸ਼ ਕੀਤੀ ਜਾਵੇ। ਇਸ ਦੌਰਾਨ ਉਨ੍ਹਾਂ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਹੋਰ ਲੋਕਾਂ ਦੀਆਂ ਮੁਸ਼ਕਿਲਾਂ ਵੀ ਸੁਣੀਆਂ ਅਤੇ ਉਨ੍ਹਾਂ ਦੀ ਦਰਖਾਸਤਾਂ ਪ੍ਰਾਪਤ ਕਰਕੇ ਸਬੰਧਤ ਵਿਭਾਗਾਂ ਨੂੰ ਕਾਰਵਾਈ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਿਸ ਪ੍ਰਸ਼ਾਸਨ ਨੂੰ ਆਦੇਸ਼ ਦਿੱਤੇ ਕਿ ਸਮੂਹ ਵਿਭਾਗਾਂ ਵਲੋਂ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਮਿਲਣ ਵਾਲੀਆਂ ਸਰਕਾਰੀ ਸਹੂਲਤਾਂ ਦਾ ਹਰ ਮਹੀਨੇ ਰੀਵਿਊ ਕੀਤਾ ਜਾਵੇ। ਇਸ ਤੋ ਇਲਾਵਾ ਸਰਕਾਰੀ ਕ੍ਰਮਚਾਰੀਆਂ ਨਾਲ ਸਬੰਧਤ ਗਾਈਡ ਲਾਈਨ ਅਨੁਸਾਰ ਸੀਨੀਆਰਤਾਂ ਅਤੇ ਰਿਜਰਵੇਸ਼ਨ ਸਬੰਧੀ ਮੁਸ਼ਕਿਲਾਂ ਦਾ ਪਹਿਲ ਦੇ ਅਧਾਰ ਤੇ ਹੱਲ ਕੀਤਾ ਜਾਵੇ। ਇਸ ਤੋ ਇਲਾਵਾ ਪੁਲਿਸ ਪ੍ਰਸ਼ਾਸਨ ਵਲੋ ਆਏ ਅਧਿਕਾਰੀਆਂ ਨੂੰ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਕੇਸਾਂ ਨੂੰ ਡੀਲ ਕਰਨ ਲਈ ਇਕ ਗਜਟਿਡ ਰੈਂਕ ਦਾ ਨੋਡਲ ਅਧਿਕਾਰੀ ਲਗਾਉਣ ਦੇ ਵੀ ਆਦੇਸ਼ ਦਿੱਤੇ ਗਏ ਤਾਂ ਜੋ ਆਮ ਲੋਕਾਂ ਨੂੰ ਜਲਦੀ ਇਨਸਾਫ ਮਿਲ ਸਕੇ। ਇਸ ਮੌਕੇ ਇਸ ਮੌਕੇ ਤੇ ਏ ਡੀ ਸੀ (ਜ) ਰਾਜੀਵ ਵਰਮਾ, ਏ ਡੀ ਸੀ (ਡੀ) ਸਾਗਰ ਸੇਤੀਆ, ਐਸ ਡੀ ਐਮ ਨਵਾਂਸ਼ਹਿਰ ਅਕਸੀਤਾ ਗੁਪਤਾ, ਐਸ ਡੀ ਐਮ ਬਲਾਚੌਰ ਰਵਿੰਦਰ ਬੰਸਲ, ਐਸ ਡੀ ਐਮ ਬੰਗਾ ਵਿਕਰਮਜੀਤ ਸਿੰਘ ਪੰਥੇ, ਡੀ ਐਸ ਪੀ ਮਾਧਵੀ ਸ਼ਰਮਾ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।



# ਭਗਵੰਤ ਮਾਨ ਸਰਕਾਰ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਵਿੱਚ ਬੁਰੀ ਤਰਾਂ ਫੇਲ ਸਾਬਤ ਹੋਈ - ਡਾ. ਜਾਖੂ



**ਫਗਵਾੜਾ–** ਹਲਕਾ ਭੁਲੱਥ ਦੇ ਪਿੰਡ ਭਗਵਾਨਪੁਰ ਅਤੇ ਜੰਡਿਆਲਾ ਮੰਜਕੀ ਵਿਖੇ ਬੀਤੇ ਦਿਨ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਈ ਬੇਅਦਬੀ ਦੇ ਮਾਮਲੇ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਲੋਂ ਤੱਥ ਪੜਚੋਲ ਕਮੇਟੀ ਦਾ ਗਠਨ ਦੋਆਬਾ ਇੰਚਾਰਜ ਤੇ ਬੁਲਾਰੇ ਡਾ।ਹਰਜਿੰਦਰ ਸਿੰਘ ਜੱਖੂ ਦੀ ਅਗਵਾਈ ਵਿੱਚ ਕੀਤਾ ਗਿਆ। ਜੰਡਿਆਲਾ ਮੰਜਕੀ ਕਮੇਟੀ ਵਿੱਚ ਜਥੇਦਾਰ ਗੁਰ-ਮੁੱਖ ਸਿੰਘ ਬਾਜਵਾ, ਸੁਖਜੀਤ ਸਿੰਘ ਡਰੋਲੀ, ਸਰਬਜੀਤ ਸਿੰਘ ਬਜੂਹਾ, ਸੁਰਜੀਤ ਸਿੰਘ ਖਾਲਿਸਤਾਨੀ, ਜਗਰੂਪ ਸਿੰਘ ਪਨੂੰ, ਅਤੇ ਰੇਸ਼ਮ ਸਿੰਘ ਪੱਪੀ ਨੂੰ ਸ਼ਾਮਲ ਕੀਤਾ ਗਿਆ ਹੈ ਅਤੇ ਭਗਵਾਨਪੁਰ ਕਮੇਟੀ 'ਚ ਮੁਖਤਿਆਰ ਸਿੰਘ ਸੁਲਤਾਨਪੁਰ, ਨਰਿੰਦਰ ਸਿੰਘ ਖੁਸਰੋਪੁਰ, ਰੇਸ਼ਮ ਸਿੰਘ ਪੱਪੀ, ਬੀਬੀ ਸੁਖਜੀਤ ਕੌਰ, ਸੰਤੋਖ ਸਿੰਘ, ਕੁਲਵਿੰਦਰ ਸਿੰਘ ਅਤੇ ਸੁਖਜਿੰਦਰ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ।

ਇੰਨਾ ਦੋਨਾਂ ਕਮੇਟੀਆਂ ਦਾ ਨਿਗਰਾਨ ਜਲੰਧਰ ਲੋਕ ਸਭਾ ਦੀ ਚੋਣ ਲੜੇ ਭਾਈ ਸਰਬਜੀਤ ਸਿੰਘ ਖਾਲਸਾ ਨੂੰ ਨਿਯੁਕਤ ਕੀਤਾ ਗਿਆ ਹੈ। ਉਕਤ ਦੋਨੋ ਕਮੇਟੀਆਂ ਦੋ ਦਿਨਾਂ ਦੇ ਅੰਦਰ - ਅੰਦਰ ਜੰਡਿਆਲਾ ਮੰਜਕੀ ਅਤੇ ਭਗਵਾਨਪੁਰ 'ਚ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਵਾਪਰੀਆਂ ਮੰਦਭਾਗੀ ਘਟਨਾਵਾਂ ਦੀ ਘੋਖ ਪੜਤਾਲ ਕਰਕੇ ਆਪਣੀ ਰਿਪੋਰਟ ਦੋਆਬਾ ਇੰਚਾਰਜ ਡਾ. ਹਰਜਿੰਦਰ ਸਿੰਘ ਜੱਖੂ ਨੂੰ ਦੇਣਗੇ।

# ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੇ ਫਰੰਟ ਵੱਲੋਂ ਵਿਸ਼ਾਲ ਰੈਲੀ ਤੇ ਰੋਸ ਮੁਜ਼ਾਹਰਾ

## ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੀਟਿੰਗਾਂ ਦਾ ਸਮਾਂ ਦੇ ਕੇ ਮੁੱਕਰਨ ਦਾ ਰਿਕਾਰਡ ਬਣਾਇਆ: ਸਾਂਝਾ ਫਰੰਟ

**ਬਰਨਾਲਾ, (ਦਲਜੀਤ ਕੌਰ)** ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਮਾਣ-ਭੱਤਾ ਵਰਕਰਾਂ ਦੀਆਂ ਮੰਗਾਂ ਪੂਰੀਆਂ ਨਾ ਕੀਤੇ ਜਾਣ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੁਆਰਾ ਮੀਟਿੰਗਾਂ ਦਾ ਸਮਾਂ ਦੇ ਕੇ ਮੁੱਕਰਨ ਦੇ ਰੋਸ ਵਜੋਂ 'ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ' ਵੱਲੋਂ ਅੱਜ ਸਥਾਨਕ ਦਾਣਾ ਮੰਡੀ ਵਿੱਚ ਵਿਸ਼ਾਲ ਰੈਲੀ ਕਰਨ ਉਪਰੰਤ ਸ਼ਹਿਰ ਦੇ ਬਾਜ਼ਾਰਾਂ ਵਿੱਚ ਰੋਸ ਮੁਜ਼ਾਹਰਾ ਕੀਤਾ ਗਿਆ।

ਇਸ ਮੌਕੇ ਮਾਲਵੇ ਦੇ ਵੱਖ-ਵੱਖ ਜ਼ਿਲਿਆਂ ਵਿੱਚੋਂ ਪੁੱਜੇ ਹਜਾਰਾਂ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਮਾਣ-ਭੱਤਾ ਵਰਕਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਸਾਂਝੇ ਫਰੰਟ ਦੇ ਕਨਵੀਨਰਾਂ ਭਜਨ ਸਿੰਘ ਗਿੱਲ, ਰਣਜੀਤ ਸਿੰਘ ਰਾਣਵਾਂ, ਡਾ. ਐਨ. ਕੇ. ਕਲਸੀ, ਗਗਨਦੀਪ ਭੁੱਲਰ ਬਠਿੰਡਾ, ਗੁਰਪ੍ਰੀਤ ਸਿੰਘ ਗੰਡੀਵਿੰਡ, ਹਰਦੀਪ ਟੋਡਰਪੁਰ, ਸੁਖਵਿੰਦਰ ਸਿੰਘ ਚਾਹਲ, ਬਲਦੇਵ ਸਿੰਘ ਮੰਢਾਲੀ, ਅਵਿਨਾਸ਼ ਚੰਦਰ ਸ਼ਰਮਾ, ਮਾਸਟਰ ਬਖਸ਼ੀਸ਼ ਸਿੰਘ ਬਰਨਾਲਾ, ਅਮਰੀਕ ਸਿੰਘ ਮਸੀਤਾਂ, ਕਸ਼ਮੀਰ ਸਿੰਘ ਬਿੰਦ, ਅਵਤਾਰ ਸਿੰਘ ਗਗੜਾ, ਦਰਸ਼ਨ ਅਲੀਸ਼ੇਰ, ਪਰਮਿੰਦਰ ਸਿੰਘ ਬਰਨਾਲਾ, ਸਤਨਾਮ ਸਿੰਘ ਆਦਿ ਨੇ ਕਿਹਾ ਕਿ ਪੰਜਾਬ ਸਰਕਾਰ ਮਾਣ-ਭੱਤਾ ਵਰਕਰਾਂ ਉੱਤੇ ਘੱਟੋ-ਘੱਟ ਉਜਰਤਾਂ ਕਾਨੂੰਨ ਲਾਗੂ ਕਰਨ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ, ਛੇਵੇਂ ਤਨਖਾਹ ਕਮਿਸ਼ਨ ਤਹਿਤ ਪੈਨਸ਼ਨਰਾਂ ਉੱਤੇ 2.59 ਦਾ ਗੁਣਾਂਕ ਲਾਗੂ ਕਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, 17 ਜੁਲਾਈ 2020 ਤੋਂ ਬਾਅਦ ਭਰਤੀ ਮੁਲਾਜ਼ਮਾਂ 'ਤੇ ਪੰਜਾਬ ਦੇ ਸਕੇਲ ਲਾਗੂ ਕਰਨ, ਪਰਖ ਕਾਲ ਦੌਰਾਨ ਮੁੱਢਲੀ ਤਨਖਾਹ ਦੇਣ ਸੰਬੰਧੀ 15-01-2015 ਅਤੇ 05-09-2016 ਦੇ ਪੱਤਰਾਂ ਨੂੰ ਰੱਦ ਕਰਨ, ਬੰਦ ਕੀਤੇ ਗਏ ਪੇਂਡੂ ਤੇ ਬਾਰਡਰ ਏਰੀਆ ਸਮੇਤ ਸਮੁੱਚੇ ਭੱਤੇ 'ਤੇ ਏ.ਸੀ.ਪੀ. ਬਹਾਲ ਕਰਨ, ਰੋਕੇ ਗਏ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਤੇ ਬਕਾਏ ਜਾਰੀ ਕਰਨ ਅਤੇ ਥੋਪੇ ਗਏ ਜਜ਼ੀਆ ਰੂਪੀ ਡਿਵੈਲਪਮੈਂਟ ਟੈਕਸ ਨੂੰ ਬੰਦ ਕਰਨ ਤੋਂ ਲਗਾਤਾਰ ਟਾਲ-ਮਟੋਲ ਕਰ ਰਹੀ ਹੈ।



ਆਗੂਆਂ ਨੇ ਆਖਿਆ ਕਿ ਇਹ ਸਾਰੀਆਂ ਉਹ ਮੰਗਾਂ ਹਨ ਜਿਹਨਾਂ ਸੰਬੰਧੀ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਵੱਲੋਂ ਗਰੰਟੀਆ ਤੇ ਵਾਅਦੇ ਕੀਤੇ ਗਏ ਸਨ।

ਸਾਂਝੇ ਫਰੰਟ ਦੇ ਆਗੂਆਂ ਵਿਕਰਮ ਦੇਵ ਸਿੰਘ, ਦਰਸ਼ਨ ਸਿੰਘ ਲੁਬਾਣਾ, ਅਵਤਾਰ ਸਿੰਘ ਗਗੜਾ, ਸੁਰਿੰਦਰ ਰਾਮ ਕੁੱਸਾ, ਗੁਲਜ਼ਾਰ ਖਾਨ, ਅਸ਼ੋਕ ਸ਼ਾਰਵਾਨ, ਚਮਕੌਰ ਸਿੰਘ, ਧਨਵੰਤ ਸਿੰਘ ਭੱਠਲ, ਦਰਸ਼ਨ ਸਿੰਘ ਬੇਲੂਮਾਜਰਾ, ਜਗਦੀਸ਼ ਚੰਦਰ ਸ਼ਰਮਾ, ਦਵਿੰਦਰ ਸਿੰਘ ਪਿਸ਼ੌਰ, ਪ੍ਰੇਮ ਚਾਵਲਾ, ਨਾਹਰ ਸਿੰਘ ਨੇ ਆਖਿਆ ਕਿ ਪੰਜਾਬ ਸਰਕਾਰ ਦੁਆਰਾ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਅਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਕੁੱਝ ਫੈਸਲੇ ਕਰਕੇ ਕਰੋੜਾਂ ਰੁਪਏ ਇਸ਼ਤਿਹਾਰਬਾਜੀ ਵਿੱਚ ਬਰਬਾਦ ਕਰਕੇ ਪੰਜਾਬ ਅਤੇ ਦੂਜੇ ਸੂਬਿਆਂ ਦੇ ਲੋਕਾਂ ਨੂੰ ਬੁੱਧੂ ਬਣਾਉਣ ਦਾ ਕੰਮ ਕੀਤਾ ਹੈ ਜਦਕਿ ਹਕੀਕੀ ਰੂਪ ਵਿੱਚ ਨਾ ਕਿਸੇ ਮੁਲਾਜ਼ਮ ਨੂੰ ਪੱਕਾ ਕੀਤਾ ਗਿਆ ਹੈ ਅਤੇ ਨਾ ਹੀ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਗਈ ਹੈ।

ਸੁਬੇਗ ਸਿੰਘ ਫਿਰੋਜ਼ਪੁਰ, ਮਹਿਮਾ ਸਿੰਘ ਧਨੌਲਾ, ਨਿਰਮਲ ਸਿੰਘ ਪੱਖੋਂ, ਸਿਕੰਦਰ ਸਿੰਘ, ਦਰਸ਼ਨ ਕੁਮਾਰ ਚੀਮਾ, ਗੁਰਧਿਆਨ ਸਿੰਘ, ਜਰਨੈਲ ਸਿੰਘ ਸਿੱਧੂ, ਸਰਬਜੀਤ ਕੌਰ ਮਚਾਕੀ, ਰਾਣੋ ਖੇੜਗਿੱਲਾਂ, ਅਮਰਜੀਤ ਕੌਰ ਰਣਸਿੰਘਵਾਲਾ, ਕਰਤਾਰ ਸਿੰਘ ਪਾਲ, ਸੁਖਵਿੰਦਰ ਸਿੰਘ ਦੋਦਾ, ਇੰਦਰਜੀਤ ਖੀਵਾ, ਰਾਮ ਸਰੂਪ ਢੈਪਈ, ਰਾਜ ਕੁਮਾਰ ਅਰੋੜਾ, ਹਰਪਾਲ ਸਿੰਘ ਦਰਾਜ ਨੇ ਆਖਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਮੀਟਿੰਗ ਦਾ ਸਮਾਂ ਦੇ ਕੇ ਮੁੱਕਰਨ ਦਾ ਰਿਕਾਰਡ ਕਾਇਮ ਕਰ ਚੁੱਕੇ ਹਨ ਇਸ ਲਈ ਹੁਣ ਸਰਕਾਰ ਦੁਆਰਾ ਦਿੱਤੀਆਂ ਮੀਟਿੰਗਾਂ ਤੇ ਭਰੋਸਾ ਨਾ ਕਰਕੇ ਸੰਘਰਸ਼ ਜਾਰੀ ਰੱਖਿਆ ਜਾਵੇਗਾ ਜਿਸਦੀ ਅਗਲੀ ਕੜੀ ਤਹਿਤ 8 ਸਤੰਬਰ ਨੂੰ ਡੇਰਾ ਬਾਬਾ ਨਾਨਕ ਅਤੇ ਗਿੱਦੜਬਾਹਾ ਵਿਖੇ ਰੈਲੀਆਂ ਕੀਤੀਆਂ ਜਾਣਗੀਆਂ। ਇਸ ਮੌਕੇ ਰਾਜੀਵ ਬਰਨਾਲਾ, ਬੂਟਾ ਸਿੰਘ, ਸ਼ਿੰਦਰ ਧੌਲਾ ਫਾਜ਼ਿਲਕਾ, ਹਰਿੰਦਰ ਮੱਲੀਆਂ, ਦਰਸ਼ਨ ਲਾਲ, ਗੁਰਬਖਸ਼ ਸਿੰਘ, ਰਮੇਸ਼ ਕੁਮਾਰ ਹਮਦਰਦ, ਬਲਵਿੰਦਰ ਧਨੇਰ, ਬਿਕਰ ਸਿੰਘ ਮਾਨਸਾ, ਕੈਲਾਸ਼ ਕੁਮਾਰ, ਬਲਜੀਤ ਸਿੰਘ ਬਰਾੜ, ਰਛਪਾਲ ਸਿੰਘ ਪਾਲੀ, ਖੁਸ਼ਮਿੰਦਰਪਾਲ ਸਿੰਘ ਆਦਿ ਵੀ ਹਾਜ਼ਰ ਸਨ।

# ਸੀ ਪੀ ਓ ਗੁਰਦੇਵ ਸਿੰਘ ਦਾ ਲਲਤੋਂ ਕਲਾਂ ਵਿਖੇ ਸਨਮਾਨ

**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)-** ਪੰਜਾਬ ਸਰਕਾਰ ਦੀਆਂ ਸਿਫਾਰਿਸ਼ਾਂ ਤੇ ਡੀ ਜੀ ਪੀ ਪੰਜਾਬ ਸ੍ਰੀ ਗੌਰਵ ਯਾਦਵ ਵਲੋਂ ਪੰਜਾਬ ਪੁਲਿਸ ਵਿੱਚ ਵਧੀਆ ਸੇਵਾਵਾਂ ਨਿਭਾਉਣ ਵਾਲੇ ਲੁਧਿਆਣਾ ਪੁਲਿਸ ਕਮਿਸ਼ਨਰ ਕੁਲਦੀਪ ਸਿੰਘ ਚਾਹਲ ਦੇ ਹੈਡ ਕਲਰਕ ਸੀ ਪੀ ਓ ਗੁਰਦੇਵ ਸਿੰਘ ਨੂੰ ਰਾਸ਼ਟਰਪਤੀ ਐਵਾਰਡ ਦੇਣ ਲਈ ਚੁਣਿਆ ਗਿਆ ਹੈ। ਸਮਾਜ ਸੇਵਾ ਨੂੰ ਸਮਰਪਿਤ ਸ਼ਖਸੀਅਤ ਗੁਰਦੇਵ ਸਿੰਘ ਹੈਡ ਕਲਰਕ ਸੀ ਪੀ ਓ ਲੁਧਿਆਣਾ ਨੂੰ ਪੁਲਿਸ ਮੈਡਲ ਫਾਰ ਮੈਰੀਟੋਰੀਅਸ ਸਰਵਿਸ ਨਾਲ ਸਨਮਾਨਿਤ ਕੀਤੇ ਜਾਣ ਦੀ ਖੁਸ਼ੀ 'ਚ ਲਲਤੋਂ ਕਲਾਂ ਵਿਖੇ ਸੂਬੇਦਾਰ ਰਣਜੀਤ ਸਿੰਘ ਦੀ ਅਗਵਾਈ ਵਿੱਚ ਪਿੰਡ ਵਾਸੀਆਂ ਅਤੇ ਪਤਵੰਤੇ ਸੱਜਣਾਂ ਵੱਲੋਂ ਗੁਰਦੇਵ ਸਿੰਘ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਮਾਸਟਰ ਮਨਜੀਤ ਸਿੰਘ ਲਲਤੋਂ, ਬਿੱਕਰ ਸਿੰਘ ਨੱਤ ਕਬੱਡੀ ਖਿਡਾਰੀ, ਬਿੰਦਰ ਰਣੀਆ, ਮਲਜਿੰਦਰ ਰਾਣਾ, ਸਾਹਿਬਜੀਤ ਸਿੰਘ ਗਰੇਵਾਲ, ਹਰਵਿੰਦਰ ਸਿੰਘ ਗੋਲਡੀ ਝਾਂਡੇ, ਇਕਬਾਲ ਸਿੰਘ ਰੂਪਾ, ਦਲੀਪ ਸਿੰਘ, ਬਲਵੀਰ ਸਿੰਘ ਪ੍ਰਧਾਨ ਲੋਕਲ ਗੁਰਦੁਆਰਾ ਕਮੇਟੀ, ਗਰਜੰਟ ਸਿੰਘ, ਹਰਚਰਨ ਕਮਲ, ਗੁਰਮੀਤ ਸਿੰਘ, ਡਾਕਟਰ ਨਿਰਮਲਜੀਤ ਸਿੰਘ ਆਦਿ ਹਾਜ਼ਰ ਸਨ।



# ਗੁਰੂਦਵਾਰਾ ਸ਼ਹੀਦ ਬਾਬਾ ਮੱਤੀਂ ਸਾਹਿਬ ਡਰੋਲੀ ਕਲਾਂ ਹੱਡੀਆਂ ਦੇ ਮੁਫਤ ਚੈਕਅਪ ਕੈਂਪ ਦੌਰਾਨ 282 ਮਰੀਜਾਂ ਨੇ ਕਰਵਾਇਆ ਚੈਕਅਪ

**ਅਲਾਵਲਪੁਰ/ਜ.ਲੰਧਰ (ਮਦਨ ਬੰਗੜ) –** ਗੁਰਦੁਆਰਾ ਸ਼ਹੀਦ ਬਾਬਾ ਮੱਤੀ ਸਾਹਿਬ ਡਰੋਲੀ ਕਲਾਂ ਵਿਖੇ ਜੱਥੇਦਾਰ ਪ੍ਰਧਾਨ ਸਰਦਾਰ ਮਨੋਹਰ ਸਿੰਘ ਵੱਲੋ ਸੰਗਤਾਂ ਤੇ ਨਗਰ ਵਾਸੀਆਂ ਲਈ ਪਹਿਲਾਂ ਤੋਂ ਹੀ ਅਨੇਕਾਂ ਮਨੁੱਖਤਾਂ ਦੇ ਭਲੇ ਲਈ ਕਾਰਜ਼ ਮਨੋਹਰ ਸਿੰਘ ਨੇ ਦੱਸਿਆ ਕਿ ਹਮਸਫਰ ਯੂਥ ਕਲੱਬ ਪ੍ਰਧਾਨ ਰੋਹਿਤ ਭਟੋਆ ਦੇ ਅਨਮੋਲ ਸਹਿਯੋਗ ਤੇ ਮੇਹਨਤ ਸਧਕੇ ਪਹਿਲਾਂ ਵੀ ਮੁਫ਼ਤ ਅੱਖਾਂ ਦੇ ਕੈਂਪ ਰਾਹੀਂ ਅਨੇਕਾਂ ਲੋੜਵੰਦ ਸੰਗਤਾਂ ਦੇ ਮੁਫ਼ਤ ਅਪਰੇਸ਼ਨ ਵੀ ਕਰਵਾਏ ਤੇ ਇਸ ਵਾਰ



ਸਿਰਜੇ ਜਾ ਰਹੇ ਹਨ ਜਿਹਨਾਂ ਵੱਲੋ ਭਾਦੋਂ ਦੀ ਸੰਗਰਾਂਦ ਦਿਹਾੜੇ ਗੁਰੁਦਵਾਰਾ ਸਾਹਿਬ ਵਿਖੇ ਮਹਾਨ ਕੀਰਤਨ ਦਰਵਾਰ ਸਜਾਏ ਗਏ। ਅਨੇਕਾਂ ਧਾਰਮਿਕ ਜਥੇਬੰਦੀਆਂ ਵੱਲੋਂ ਗੁਰੂ ਪਿਆਰੀਆਂ ਸੰਗਤਾਂ ਨੂੰ ਸ਼ਬਦ ਕੀਰਤਨ ਰਾਹੀਂ ਨਿਹਾਲ ਕੀਤਾ ਗਿਆ। ਪ੍ਰਧਾਨ ਜਿਹਨਾਂ ਦੇ ਵੱਡੇ ਸਹਿਯੋਗ ਨਾਲ ਸਮੂੰਹ ਸੰਗਤਾਂ ਤੇ ਨਗਰ ਵਾਸੀਆਂ ਲਈ ਜੋੜਾਂ ਹੱਡੀਆਂ ਗੋਢਿਆਂ ਮੋਢਿਆਂ ਦੇ ਮੁਫਤ ਚੈਕਅਪ ਕੈਂਪ ਸਿਵਿਲ ਹੌਸਪੀਟਲ ਆਰਥੋ ਵਿਭਾਗ ਦੀ ਮਾਹਿਰ ਡਾਕ੍ਟਰ ਸਰਦਾਰ ਗੁਰਚੇਤਨ ਸਿੰਘ ਗਿੱਲ ਵੱਲੋ ਮਰੀਜਾਂ ਦੀ ਜਾਂਚ ਉਪਰੰਤ ਮੁਫ਼ਤ ਦਵਾਈਆਂ ਲਿਖ ਕੇ ਦਿੱਤੀਆਂ ਗਈਆਂ। ਹਮਸਫ਼ਰ ਯੂਥ ਕਲੱਬ ਪ੍ਰਧਾਨ ਰੋਹਿਤ ਭਟੋਆ ਵੱਲੋ ਦੱਸਿਆ ਕਿ ਸਿਵਲ ਹਸਪਤਾ਼ਲ ਜ.ਲੰਧਰ ਤੇ ਜੀ ਆਰ ਡੀ ਕਲੀਨਿਕ ਡਾਕ੍ਟਰ ਮਨਿੰਦਰ ਸਿੰਘ ਭਟੋਆ ਤੇ ਰੀਤੂ ਬਾਲਾ ਵੱਲੋ ਦੇ ਮੁਫ਼ਤ ਮਰੀਜਾਂ ਦੇ ਸਰੀਰਕ ਟੈਸਟ ਕੀਤੇ ਗਏ।

ਸਰਦਾਰ ਕੁਲਵਿੰਦਰ ਸਿੰਘ ਜੀ ਜ਼ਿਲ੍ਹਾ ਮੈਨੇਜਰ ਐਸ ਸੀ ਕਾਰਪੋਰੇਸ਼ਨ ਜਲੰਧਰ ਵੱਲੋ ਦੱਸਿਆ ਕਿ ਗੁਰੁਦੁਆਰਾ ਸ਼ਹੀਦ ਬਾਬਾ ਮਤੀਂ ਸਾਹਿਬ ਪ੍ਰਧਾਨ ਮਨੋਹਰ ਸਿੰਘ ਅਤੇ ਹਮਸਫ਼ਰ ਯੂਥ ਕਲੱਬ ਸਮਾਜ ਤੇ ਪਿੰਡ ਵਾਸੀਆਂ ਦੇ ਵਿਕਾਸ ਲਈ ਵਡਮੁੱਲੇ ਯੋਗਦਾਨ ਦੇ ਰਹੇ ਹਨ ਮਾਣਯੋਗ ਪ੍ਰਧਾਨ ਸਾਬ ਜੱਥੇਦਾਰ ਮਨੋਹਰ ਸਿੰਘ ਜੀ ਅਤੇ ਸਮੂਹ ਪ੍ਰਬੰਧਕ ਕਮੇਟੀ ਤੇ ਆਏ ਹੋਏ ਮਹਿਮਾਨਾਂ ਅਤੇ ਡਾਕਟਰ ਸਹਿਬਾਨਾ ਦਾ ਸ਼ੁਕਰਾਨਾ ਕਰਦੇ ਹੋਏ ਉਨ੍ਹਾਂ ਨੂੰ ਵਿਸ਼ੇਸ਼ ਤੌਰ ਤੇ ਯਾਦਗਾਰੀ ਸਨਮਾਨ ਚਿੰਨ ਦੇ ਕੇ ਸਨਮਾਨਿਤ ਵੀ ਕੀਤਾ ਗਿਆ ਇਸ ਦੋਰਾਨ ਜੀ ਆਰ ਡੀ ਕਲਿਨਿਕ ਡਾ ਮਨਿੰਦਰ ਸਿੰਘ,ਮਿਸ ਰਿਤੂ ਬਾਲਾ, ਹਰਪ੍ਰੀਤ ਸਿੰਘ, ਕੋਮਲ, ਨਵਜੋਤ ਕੌਰ ਵਿਸ਼ਾਲ ਜੀ ਆਰ ਡੀ ਕਲਿਨਿਕ ਹਮਸਫ਼ਰ ਯੂਥ ਕਲੱਬ ਰੋਹਿਤ ਭਟੋਆ ਗੋਲਡ ਮੈਡਲਿਸਟ ਸਟੇਟ ਐਵਾਰਡੀ ਨੈਸ਼ਨਲ ਐਵਾਰਡੀ ਪੂਨਮ ਭਟੋਆ ਕਲੱਬ ਡਾਇਰੇਕਟਰ ਦਿਵਿਆ ਬਸਰਾ ਰਾਜਵੀਰ ਬਸਰਾ ਗੁਰਦੁਆਰਾ ਪ੍ਰਬੰਧਕ ਪ੍ਰਧਾਨ ਜਥੇਦਾਰ ਮਨੋਹਰ ਸਿੰਘ ਜੀ ਸੈਕਟਰੀ ਰਣਵੀਰਪਾਲ ਸਿੰਘ, ਜਰਨੈਲ ਸਿੰਘ, ਹਰਦਿਆਲ ਸਿੰਘ ਅਤੇ ਸੇਵਾਦਾਰ ਭਾਈ ਸੁਖਜੀਤ ਸਿੰਘ ਗੁਰਦੁਆਰਾ ਸ਼ਹੀਦ ਬਾਬਾ ਮੱਤੀਂ ਸਾਹਿਬ ਜੀ ਡਰੋਲੀ ਕਲਾਂ ਹਾਜਰ ਸਨ।

# ਸੁਪਰੀਮ ਕੋਰਟ ਵਲੋਂ ਰਿਜਰਵੇਸ਼ਨ ਦੇ ਵਰਗੀਕਰਨ ਦੇ ਫੈਸਲੇ ਦੇ ਵਿਰੁੱਧ ਬਸਪਾ ਉੱਤਰੀ ਸੜਕਾਂ 'ਤੇ

**ਫਗਵਾੜਾ / ਬੰਗਾ (ਬੀ.ਕੇ.ਰੱਤੂ)** 2 ਅਗਸਤ 2024 ਨੂੰ ਮਾਨਯੋਗ ਸੁਪਰੀਮ ਕੋਰਟ ਦੇ ਦਵਿੰਦਰ ਸਿੰਘ ਬਨਾਮ ਪੰਜਾਬ ਸਰਕਾਰ ਆਏ ਫੈਸਲੇ ਦੀ ਨਜ਼ਰਸਾਨੀ ਵਿੱਚ ਜੋ ਕਿ ਅਨੁਸੂਚਿਤ ਜਾਤੀਆਂ ਦੇ ਉੱਪ-ਵਰਗੀਕਰਨ ਸਬੰਧੀ ਹੈ, ਬਹੁਜਨ ਸਮਾਜ ਪਾਰਟੀ ਵਿਧਾਨਸਭਾ ਹਲਕਾ ਬੰਗਾ ਵੱਲੋਂ ਬਸਪਾ ਪੰਜਾਬ ਦੇ ਆਗੂ ਪ੍ਰਵੀਨ ਬੰਗਾ ਇੰਚਾਰਜ ਲੋਕਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਦੀ ਅਗਵਾਈ ਵਿੱਚ ਐਸ.ਡੀ. ਐਮ. ਨੂੰ ਮੈਮੋਰੰਡਮ ਭੇਜਕੇ ਨਿਮਨਲਿਖਤ ਬਿੰਦੂਆਂ ਤੇ ਜਾਣੂ ਕਰਵਾਇਆ ਜਾਂਦਾ ਹੈ ਅਤੇ ਕਾਰਵਾਈ ਦੀ ਅਪੀਲ ਕੀਤੀ ਜਾਂਦੀ ਹੈ ਕਿ 1। ਸੁਪਰੀਮ ਕੋਰਟ ਦੇ ਚੀਫ ਜਸਟਿਸ ਸ਼੍ਰੀ ਡੀ.ਵਾਈ. ਚੰਦਰਚੂੜ ਜੀ ਦੀ ਅਗਵਾਈ ਵਿੱਚ ਸੱਤ ਜੱਜਾਂ ਦੀ ਬੈਂਚ ਵੱਲੋਂ ਅਨੁਸੂਚਿਤ ਜਾਤੀ ਸੂਚੀ ਦੀ ਉੱਪ-ਵਰਗੀਕਰਨ ਦਾ ਆਇਆ ਫੈਸਲਾ ਸੰਵਿਧਾਨ ਵਿਰੋਧੀ ਹੈ। ਸੁਪਰੀਮ ਕੋਰਟ ਦਾ ਇਹ ਫੈਸਲਾ ਆਰਟੀਕਲ 341 ਅਤੇ ਆਰਟੀਕਲ 342 ਦੀ ਉਲੰਘਣਾ ਹੈ। ਇਸ ਫੈਸਲੇ ਨਾਲ ਅਨੁਸੂਚਿਤ ਜਾਤੀ ਸੂਚੀ ਨੂੰ ਤੋੜਕੇ ਉੱਪ-ਵਰਗੀਕਰਨ ਦੇ ਨਾਲ ਦੇਸ਼ ਵਿੱਚ ਆਪਸੀ ਭਾਈਚਾਰਕ ਸਾਂਝ ਨੂੰ ਤੋੜਨ ਵਾਲਾ ਫੈਸਲਾ ਹੈ। ਅਨੁਸੂਚਿਤ ਜਾਤੀ ਵਰਗਾਂ ਤੇ ਕਰੀਮੀਲੇਅਰ ਲਗਾਉਣਾ ਜਿੱਥੇ ਸੰਵਿਧਾਨ ਵਿਰੋਧੀ ਫੈਸਲਾ ਹੈ, ਉੱਥੇ ਹੀ ਅਨੁਸੂਚਿਤ ਜਾਤੀ ਵਰਗਾਂ ਨੂੰ ਮਿਲ ਰਹੇ ਸੰਵਿਧਾਨਿਕ ਹੱਕਾਂ ਤੋਂ ਵਾਂਝਾ ਕਰਨ ਦੀ ਸਾਜਸ਼ ਹੈ। 3। ਅਨੁਸੂਚਿਤ ਜਾਤੀ ਦੇ ਉੱਪ-ਵਰਗੀਕਰਨ ਨੂੰ ਆਂਕੜਿਆਂ ਦੇ ਆਧਾਰ ਤੇ ਸੂਬਿਆਂ ਨੂੰ ਅਨੁਸੂਚਿਤ ਜਾਤੀ ਸੂਚੀ ਦੇ ਉੱਪ-ਵਰਗੀਕਰਨ ਲਈ ਅਧਿਕਾਰਿਤ ਕਰਨਾ ਸੰਵਿਧਾਨ ਦੇ ਆਰਟੀਕਲ 341 ਤੇ ਆਰਟੀਕਲ 342 ਉਲੰਘਣਾ ਹੈ। ਉਪਰੋਕਤ ਬਿੰਦੂਆਂ ਦੇ ਅਧਾਰ ਤੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸੁਪਰੀਮ ਕੋਰਟ ਦੇ ਫੈਸਲੇ ਨੂੰ ਰੱਦ ਕਰਨ ਸਬੰਧੀ ਭਾਰਤ ਸਰਕਾਰ ਅਤੇ ਦੇਸ਼ ਦੀ ਪਾਰਲੀਮੈਂਟ ਨੂੰ ਨਿਰਦੇਸ਼ਤ ਕੀਤਾ ਜਾਵੇ ਕਿ 1. ਸੰਵਿਧਾਨ ਦੇ ਆਰਟੀਕਲ 341 ਅਤੇ ਆਰਟੀਕਲ 342 ਦੀ ਉਲੰਘਣਾ ਕਰਨ ਦੇ ਦੋਸ਼ ਵਿੱਚ ਸੁਪਰੀਮ ਕੋਰਟ ਦੇ ਚੀਫ ਜਸਟਿਸ ਸ਼੍ਰੀ ਡੀ.ਵਾਈ. ਚੰਦਰਚੂਹੜ ਅਤੇ ਸਬੰਧਤ ਹੋਰ ਛੇ ਜੱਜਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਜਾਵੇ। 2. ਸੁਪਰੀਮ ਕੋਰਟ ਦੇ ਬੈਂਚ ਵਿੱਚ ਸ਼ਾਮਿਲ ਜੱਜਾ ਤੇ ਦੇਸ਼ ਧਰੋਹ ਦਾ ਮੁਕਦਮਾ ਚਲਾਇਆ ਜਾਵੇ, ਕਿਉਂਕਿ ਜੱਜਾਂ ਦੇ ਦਿੱਤੇ ਫੈਸਲੇ ਨਾਲ ਭਾਰਤ ਬੰਦ ਦੀ ਨੌਬਤ, ਸੰਵਿਧਾਨ ਉਲੰਘਣਾ ਦੀ ਨੌਬਤ ਅਤੇ ਦੇਸ਼ ਦੇ ਭਾਈਚਾਰਕ ਜਾਤਾਂ ਵਿੱਚ ਆਪਸੀ ਟਕਰਾਓ ਦੇ ਹਾਲਾਤ ਪੈਦਾ ਹੋਏ ਹਨ। 3. ਅਜਿਹੇ ਹਾਲਾਤਾਂ ਵਿੱਚ ਨਿਰਦੇਸ਼ਿਤ ਕੀਤਾ ਜਾਵੇ ਕਿ ਸੁਪਰੀਮ ਕੋਰਟ ਦੇ ਚੀਫ ਜਸਟਿਸ ਸੂ-ਮੋਟੋ ਲੈਂਦੇ ਹੋਏ ਨੌ ਜੱਜਾਂ ਦੇ ਬੈਂਚ ਨੂੰ ਇਹ ਫੈਸਲਾ ਸੌਂਪਿਆ ਜਾਵੇ ਅਤੇ ਪੁਨਰ-ਮੁਲਾਂਕਨ ਕੀਤਾ ਜਾਵੇ। 3. ਭਾਰਤ ਸਰਕਾਰ ਨੂੰ ਨਿਰਦੇਸ਼ਿਤ ਕੀਤਾ ਜਾਵੇ ਕਿ ਅਨੁਸੂਚਿਤ ਜਾਤੀਆਂ ਦੀ ਰਾਖਵਾਂਕਰਨ ਨੂੰ ਸੰਵਿਧਾਨ ਦੀ ਨੌਵੀਂ ਸੂਚੀ ਵਿੱਚ ਦਰਜ ਕੀਤਾ ਜਾਵੇ ਤਾਂ ਜੋ ਭਵਿੱਖ ਵਿੱਚ ਰਾਖਵਾਂਕਰਨ ਨਾਲ ਕਿਸੇ ਤਰ੍ਹਾਂ ਦੀ ਵੀ ਛੇੜਖਾਨੀ ਨਾ ਹੋ ਸਕੇ। ਇਸ ਮੌਕੇ ਤੇ ਬੀਤੇ ਦਿਨਾਂ ਅਣਮਨੁੱਖੀ ਢੰਗ ਨਾਲ ਬਲਾਤਕਾਰ ਕਰਨ ਤੋਂ ਬਾਅਦ ਡਾ ਮੌਮਿਤਾ ਦੇਬਨਾਥ ਦਾ ਕਤਲ ਕਰ ਦਿੱਤਾ ਅਜਿਹਾ ਘਿਨੌਣਾ ਕਾਰਨਾਮਾ ਕਰਨ ਵਾਲੇ ਦਰਿੰਦੇ ਕਾਤਲਾਂ ਨੂੰ ਫਾਸਟ ਟਰੈਕ ਰਾਹੀਂ ਫਾਂਸੀ ਦੇਣ ਦੀ ਮੰਗ ਕੀਤੀ। ਇਸ ਮੌਕੇ ਤੇ ਬੰਗਾ ਹਲਕੇ ਦੇ ਪ੍ਰਧਾਨ ਰਾਮ ਲਭਾਇਆ, ਜਨਰਲ ਸਕੱਤਰ ਹਰਮੇਸ਼ ਵਿਰਦੀ, ਸੀਨੀਅਰ ਆਗੂ ਹਰਬਲਾਸ ਬਸਰਾ, ਵਿਜੇ ਕੁਮਾਰ ਗੁਣਾਚੌਰ, ਸੋਮ ਨਾਥ ਰਟੈਂਡਾ, ਮਹਿਲਾਂ ਆਗੂ ਰਵਿੰਦਰ ਮਹਿਮੀ, ਹਲਕਾ ਉਪ ਪ੍ਰਧਾਨ ਸਰਪੰਚ ਅਸ਼ੋਕ ਕੁਮਾਰ, ਸ਼ਹਿਰੀ ਪ੍ਰਧਾਨ ਹਰਜਿੰਦਰ ਲੱਦੜ, ਧਰਮ ਪਾਲ ਤਲਵੰਡੀ, ਕੁਲਦੀਪ ਬਹਿਰਾਮ, ਚਰਨਜੀਤ ਮੰਢਾਲੀ, ਪਰਕਾਸ਼ ਫਰਾਲਾ, ਮਿਸ਼ਨਰੀ ਗਾਇਕ ਰਾਜ ਦਦਰਾਲ, ਇੰਦਰਜੀਤ ਅਟਾਰੀ, ਮਨਜੀਤ ਸੋਨੂੰ, ਪਰਕਾਸ਼ ਬੈਂਸ, ਮਲਕੀਤ ਮੁਕੰਦਪੁਰ, ਕੁੰਦਨ ਰਾਜ, ਦੇਸ ਰਾਜ ਬਸਰਾ, ਜਸਵਿੰਦਰ ਖਮਾਚੋ, ਦੂਨੀ ਚੰਦ, ਪਰਮਜੀਤ ਮਹਿਸਮਪੁਰ, ਸੁਰਿੰਦਰ ਮੰਡੇਰਾਂ, ਚਰਨਜੀਤ ਖਾਨਖਾਨਾ, ਸੁਨੀਤਾ ਰਾਣੀ, ਆਸਾ ਖਮਾਚੋ, ਬੰਟੀ ਪਠਲਾਵਾ, ਸੁਖਾ ਮੋਰਾਂਵਾਲੀ, ਬਲਵਿੰਦਰ ਕੁਮਾਰ ਗੱਗੂ, ਅਵਤਾਰ ਹੀਉ, ਦੀਪਾ ਹੀਉ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਬਸਪਾ ਸਮਰਥਕ ਸ਼ਾਮਿਲ ਹੋਏ।






# ਡਾ. ਪਰਮਜੀਤ ਪਰਮਾਰ ਨੇ ਗੁਟਕਾ ਸਾਹਿਬ ਰਾਹੀਂ ਸਹੁੰ ਚੁੱਕਣ ਲਈ ਪੱਤਰ ਲਿਖਿਆ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਐਕਟ ਪਾਰਟੀ ਦੇ ਪਾਕੂਰੰਗਾ ਤੋਂ ਲਿਸਟ ਮੈਂਬਰ ਪਾਰਲੀਮੈਂਟ ਅਤੇ ਪਾਰਟੀ ਦੇ ਨਸਲੀ ਭਾਈਚਾਰਕ ਮਾਮਲਿਆਂ ਦੇ ਬੁਲਾਰੇ ਡਾ. ਪਰਮਜੀਤ ਕੌਰ ਪਰਮਾਰ ਨੇ ਇਕ ਅਹਿਮ ਮੁੱਦਾ ਦੇਸ਼ ਦੇ ਪੁਲਿਸ ਮੰਤਰੀ ਸ੍ਰੀ ਮਾਰਕ ਮਿਸ਼ੇਲ ਦੇ ਧਿਆਨ ਵਿਚ ਲਿਆਂਦਾ ਹੈ। ਉਨ੍ਹਾਂ ਕਿਹਾ ਕਿ ਪੁਲਿਸ ਮਹਿਕਮੇ ਦੇ ਵਿਚ ਭਰਤੀ ਹੋਣ ਉਪਰੰਤ ਸਹੁੰ ਚੁੱਕਣ ਦੇ ਲਈ ਧਾਰਮਿਕ ਆਜ਼ਾਦੀ ਹੋਣੀ ਜ਼ਰੂਰੀ ਹੈ ਤਾਂ ਕਿ ਵੱਖ-ਵੱਖ ਭਾਈਚਾਰਿਆਂ ਦੇ ਲੋਕ ਆਪਣੀ ਧਾਰਮਿਕ ਆਜ਼ਾਦੀ ਅਨੁਸਾਰ ਧਾਰਮਿਕ ਗ੍ਰੰਥ ਜਾਂ ਵਿਸ਼ਵਾਸ਼ ਅਨੁਸਾਰ ਉਸਦੀ ਵਰਤੋਂ ਕਰ ਸਕਣ। ਇਸ ਵੇਲੇ ਅਜਿਹੀ ਚੋਣ ਨਾ ਹੋਣ ਕਰਕੇ ਵੱਖ-ਵੱਖ ਭਾਈਚਾਰਕ ਲੋਕਾਂ ਨੂੰ ਇਸਦੀ ਘਾਟ ਰੜਕਦੀ ਹੈ, ਅਜਿਹਾ ਹੋਣ ਨਾਲ ਬਹੁ ਭਾਂਤੀ ਇਸ ਮੁਲਕ ਵਿਚ ਹੋਰ ਕੌਮਾਂ ਦੇ ਲੋਕ ਵੀ ਪੁਲਿਸ ਵਿਚ ਭਰਤੀ ਹੋਣ ਉਤੇ ਅਤੇ ਸਹੁੰ ਚੁੱਕਣ ਵਾਲੇ ਮਾਣ ਮਹਿਸੂਸ ਕਰਨਗੇ। ਡਾ. ਪਰਮਾਰ ਨੇ ਕਿਹਾ ਕਿ ਸੰਸਦ ਜਾਂ ਨਿਆਂਪਾਲਿਕਾ ਵਿੱਚ ਸਹੁੰ ਚੁੱਕਣ ਵੇਲੇ ਧਰਮ ਗ੍ਰੰਥ ਦੀ ਕਿਤਾਬ ਚੁਣਨ ਲਈ ਕਈ ਵਿਕਲਪ ਮੌਜੂਦ ਹਨ। ਉਨ੍ਹਾਂ ਉਦਾਹਰਣ ਦਿੱਤੀ ਕਿ ਸਾਬਕਾ ਜੱਜ ਅਜੀਤ ਸਵਰਨ ਸਿੰਘ ਨੇ 2002 ਵਿੱਚ ਮੈਨੁਕਾਊ ਜ਼ਿਲ੍ਹਾ ਅਦਾਲਤ ਵਿੱਚ ਨਿਯੁਕਤ ਕੀਤੇ ਜਾਣ 'ਤੇ ਸਿੱਖਾਂ ਦੇ ਪਵਿੱਤਰ ਗ੍ਰੰਥ ਅਨੁਸਾਰ ਸਹੁੰ ਚੁੱਕੀ ਸੀ। ਸਾਬਕਾ ਲੇਬਰ ਸੰਸਦ ਮੈਂਬਰ ਅਸ਼ਰਫ ਚੌਧਰੀ ਨੇ 2002 ਵਿੱਚ ਕੁਰਾਨ-(ਇਸਲਾਮ ਦਾ ਪਵਿੱਤਰ ਗ੍ਰੰਥ) 'ਤੇ ਸਹੁੰ ਚੁੱਕੀ ਸੀ।






ਸੰਸਦ ਦੇ ਨਿਯਮਾਂ ਦੇ ਅਨੁਸਾਰ, ਨਵੇਂ ਸੰਸਦ ਮੈਂਬਰਾਂ ਨੂੰ ਚੋਣ ਕਮੇਟੀਆਂ ਵਿੱਚ ਬੋਲਣ, ਬੈਠਣ, ਵੋਟ ਪਾਉਣ ਜਾਂ ਸੇਵਾ ਕਰਨ ਤੋਂ ਪਹਿਲਾਂ ਸਹੁੰ ਚੁਕਾਈ ਜਾਣੀ ਹੁੰਦੀ ਹੈ। ਨਿਊਜ਼ੀਲੈਂਡ ਸੰਸਦ ਦੀ ਵੈੱਬਸਾਈਟ 'ਤੇ ਨਜ਼ਰ ਮਾਰੀਏ ਤਾਂ ਇੱਕ ਸੰਸਦ ਮੈਂਬਰ ਨੂੰ ਵਫ਼ਾਦਾਰੀ ਦੀ ਸਹੁੰ ਚੁੱਕ ਕੇ ਜਾਂ ਪੁਸ਼ਟੀ ਕਰਕੇ ਸਹੁੰ ਚੁਕਾਈ ਜਾ ਸਕਦੀ ਹੈ। ਜਿਹੜੇ ਲੋਕ ਸਹੁੰ ਚੁੱਕਦੇ ਹਨ, ਉਹ ਬਾਈਬਲ ਜਾਂ ਕੋਈ ਹੋਰ ਪਵਿੱਤਰ ਕਿਤਾਬ ਰੱਖਣ ਲਈ ਅਜਿਹਾ ਕਰ ਸਕਦੇ ਹਨ, ਜਾਂ ਕਿਸੇ ਹੋਰ ਤਰੀਕੇ ਨਾਲ ਉਹ ਉਹਨਾਂ 'ਤੇ ਵਾਅਦਾ ਜਾਂ ਪੁਸ਼ਟੀ ਕਰਨ ਦਾ ਐਲਾਨ ਕਰਦੇ ਹਨ। ਡਾ। ਪਰਮਾਰ ਨੇ ਕਿਹਾ ਕਿ ਮੈਂ ਉਹਨਾਂ ਮਾਮਲਿਆਂ ਤੋਂ ਜਾਣੂ ਹਾਂ ਜਿੱਥੇ ਪੁਲਿਸ ਗ੍ਰੈਜੂਏਟਾਂ ਨੇ ਇੱਕ ਵਿਕਲਪਿਕ ਧਾਰਮਿਕ ਗ੍ਰੰਥ ਜਾਂ ਕਿਤਾਬ 'ਤੇ ਸਹੁੰ ਚੁੱਕਣ ਦੀ ਬੇਨਤੀ ਕੀਤੀ ਸੀ, ਪਰ ਉਹਨਾਂ ਨੂੰ ਹਦਾਇਤ ਕੀਤੀ ਗਈ ਸੀ ਕਿ ਉਹਨਾਂ ਨੂੰ ਇਸ ਦੀ ਬਜਾਏ ਸਟੈਂਡਰਡ ਕਾਂਸਟੇਬਲ ਦੀ ਹੀ ਸਹੁੰ ਚੁੱਕਣੀ ਪੈਣੀ ਹੈ। ਜੇਕਰ ਉਨ੍ਹਾਂ ਨੂੰ ਸਹੁੰ ਚੁੱਕਣ ਵੇਲੇ ਧਾਰਮਿਕ ਆਜ਼ਾਦੀ ਦਾ ਮੌਕਾ ਦਿੱਤਾ ਜਾਵੇ ਤਾਂ ਬਹੁਤ ਸਾਰੇ ਗ੍ਰੈਜੂਏਟ ਆਪਣੇ ਵਿਸ਼ਵਾਸ ਨਾਲ ਸੰਬੰਧਿਤ ਧਾਰਮਿਕ ਪਾਠ 'ਤੇ ਸਹੁੰ ਚੁੱਕਣ ਦਾ ਨਿੱਘ ਮਾਣ ਸਕਦੇ ਹਨ।

ਉਨ੍ਹਾਂ ਕਿਹਾ ਕਿ ਮੈਂ ਉਪਲਬਧ ਧਾਰਮਿਕ ਗ੍ਰੰਥਾਂ ਨੂੰ ਬਾਈਬਲ, ਨਵੇਂ ਨੇਮ, ਪੁਰਾਣੇ ਨੇਮ, ਗੀਤਾ, ਗੁਟਕਾ ਸਾਹਿਬ, ਕੁਰਾਨ ਅਤੇ ਹੋਰਾਂ ਨੂੰ ਸ਼ਾਮਿਲ ਕਰਨ ਲਈ ਇੱਕ ਬਿੱਲ ਦਾ ਖਰੜਾ ਤਿਆਰ ਕੀਤਾ ਹੈ। ਰਾਇਲ ਨਿਊਜ਼ੀਲੈਂਡ ਪੁਲਿਸ ਦੀ ਤਤਕਾਲੀ ਅਕਾਦਮਿਕ ਨਿਰਦੇਸ਼ਕ ਨੇਸਾ ਲਿੰਚ ਨੇ ਕਿਹਾ ਕਿ ਸਾਡਾ ਅਭਿਆਸ ਇਹ ਹੈ ਕਿ ਗ੍ਰੈਜੂਏਟ ਭਰਤੀ ਹੋਣ ਵਾਲਿਆਂ ਲਈ ਚੁਣਨ ਲਈ ਦੋ ਵਿਕਲਪ ਹਨ, ਉਹ ਬਾਈਬਲ ਅਤੇ ਕਾਂਸਟੇਬਲ ਦੀ ਸਹੁੰ ਚੁੱਕਣ ਦੀ ਚੋਣ ਕਰ ਸਕਦੇ ਹਨ, ਜਾਂ ਉਹ ਕਾਂਸਟੇਬਲ ਦੀ ਵਾਅਦਾ-ਪੁਸ਼ਟੀ ਲੈ ਸਕਦੇ ਹਨ।

ਉਨ੍ਹਾਂ ਕਿਹਾ ਕਿ ਇਸ ਵੇਲੇ ਇਹ ਸਿਰਫ ਇੱਕ ਮਾਮੂਲੀ ਤਬਦੀਲੀ ਹੋਵੇਗੀ, ਪਰ ਇਹ ਮੁੱਦਾ ਇਸ ਸਮੇਂ ਜ਼ਿਆਦਾ ਮਹੱਤਵ ਵਾਲਾ ਹੈ ਕਿਉਂਕਿ ਸਰਕਾਰ ਪੁਲਿਸ ਭਰਤੀ ਨੂੰ ਹੁਲਾਰਾ ਦੇਣ ਦੀ ਕੋਸ਼ਿਸ਼ ਕਰ ਰਹੀ ਹੈ। ਰਿਹਾਇਸ਼ੀ ਵੀਜ਼ਾ ਧਾਰਕਾਂ ਲਈ ਪੁਲਿਸ ਭਰਤੀ ਖੋਲ੍ਹਣ ਦੇ ਹਾਲ ਹੀ ਦੇ ਫੈਸਲੇ ਨੂੰ ਧਿਆਨ ਵਿੱਚ ਰੱਖਦੇ ਹੋਏ, ਜਿਸ ਵਿੱਚ ਵੱਖ-ਵੱਖ ਧਰਮਾਂ ਤੋਂ ਭਰਤੀ ਹੋਣ ਦੀ ਸੰਭਾਵਨਾ ਵਧੀ ਹੈ। ਪੁਲਿਸ ਮੰਤਰੀ ਮਾਰਕ ਮਿਸ਼ੇਲ ਨੇ ਕਿਹਾ ਹੈ ਕਿ ਉਹ ਅਗਲੇ ਹਫਤੇ ਵਿਦੇਸ਼ ਯਾਤਰਾ ਤੋਂ ਵਾਪਸ ਆਉਣ ਤੋਂ ਬਾਅਦ ਪ੍ਰਸਤਾਵ 'ਤੇ ਵਿਚਾਰ ਕਰਨਗੇ।

# ਇਮੀਗ੍ਰੇਸ਼ਨ ਨਿਊਜ਼ੀਲੈਂਡ ਵੱਲੋਂ ਇੰਡੀਅਨਜ਼ ਨੂੰ 'ਸਟੂਡੈਂਟ ਵੀਜ਼ੇ' P"5 ਵਿਚ ਭਾਰੀ ਗਿਰਾਵਟ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਇਮੀਗ੍ਰੇਸ਼ਨ ਨਿਊਜ਼ੀਲੈਂਡ ਵੱਲੋਂ ਭਾਰਤ ਤੋਂ ਨਿਊਜ਼ੀਲੈਂਡ ਪੜ੍ਹਨ ਆਉਣ ਵਾਲੇ ਵਿਦਿਆਰਥੀਆਂ ਨੂੰ ਵੀਜ਼ਾ ਦੇਣ ਵੇਲੇ ਹੱਥ ਘੁੱਟਿਆ ਜਾ ਰਿਹਾ ਹੈ। ਇਮੀਗ੍ਰੇਸ਼ਨ ਨੇ ਕਿਹਾ ਕਿ ਇੰਡੀਆ 'ਕੰਪਲੈਕਸ ਮਾਰਕੀਟ' ਬਣ ਗਿਆ ਹੈ। ਵੀਜ਼ੇ ਵਾਸਤੇ ਲੱਗਣ ਵਾਲੇ ਵਿਤੀ ਕਾਗਜ਼ਾਂ ਦੀ ਅਸਲੀਅਤ ਪਰਖਣ ਵਾਸਤੇ ਇਮੀਗ੍ਰੇਸ਼ਨ ਨੂੰ ਦੋ-ਚਾਰ ਹੋਣਾ ਪੈ ਰਿਹਾ ਹੈ। ਇੰਡੀਆ 'ਕੰਪਲੈਕਸ ਮਾਰਕਿਟ', 9'ਢ ਕਹਿੰਦਾ ਹੈ, ਕਿਉਂਕਿ ਵਿਦਿਆਰਥੀ ਵੀਜ਼ਾ ਘਟਦਾ ਜਾ ਰਿਹਾ ਹੈ।



ਇਮੀਗ੍ਰੇਸ਼ਨ ਅਧਿਕਾਰੀ ਭਾਰਤ ਨੂੰ ਇੱਕ ਗੁੰਝਲਦਾਰ ਬਾਜ਼ਾਰ ਦੇ ਰੂਪ ਵਿੱਚ ਬਿਆਨ ਕਰ ਰਹੇ ਹਨ ਅਤੇ ਜੋਖਮਾਂ ਵੱਲ ਇਸ਼ਾਰਾ ਕਰ ਰਹੇ ਹਨ ਕਿਉਂਕਿ ਨਵੇਂ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਇਸ ਸਾਲ ਭਾਰਤੀ ਵਿਦਿਆਰਥੀਆਂ ਲਈ ਵੀਜ਼ਾ ਪ੍ਰਵਾਨਗੀ ਦਰਾਂ ਵਿੱਚ ਕਮੀ ਆਈ ਹੈ। ਜੂਨ 2024 ਦੇ ਛੇ ਮਹੀਨਿਆਂ ਵਿੱਚ, ਨਿਊਜ਼ੀਲੈਂਡ ਵਿੱਚ ਪ੍ਰਾਈਵੇਟ ਟਰੇਨਿੰਗ ਇਸਟੈਬਲਿਸ਼ਮੈਂਟ (P"5) ਵਿੱਚ ਪੜ੍ਹਨ ਲਈ ਅਪਲਾਈ ਕਰਨ ਵਾਲੇ ਭਾਰਤੀਆਂ ਵਿੱਚੋਂ ਸਿਰਫ਼ 27.30 ਪ੍ਰਤੀਸ਼ਤ ਹੀ ਵੀਜ਼ਾ ਪ੍ਰਾਪਤ ਕਰ ਸਕੇ, ਜੋ ਕਿ ਚੋਟੀ ਦੇ 15 ਵਿਦੇਸ਼ੀ ਬਾਜ਼ਾਰਾਂ ਵਿੱਚੋਂ ਸਭ ਤੋਂ ਮਾੜਾ ਪ੍ਰਦਰਸ਼ਨ ਹੈ। ਇਸਦਾ ਮਤਲਬ ਹੈ ਕਿ ਭਾਰਤ ਹੁਣ ਪਿਛਲੇ ਸਾਲ ਦੇ ਮੁਕਾਬਲੇ ਸੂਚੀ ਵਿੱਚ ਸਭ ਤੋਂ ਹੇਠਾਂ ਖਿਸਕ ਗਿਆ ਹੈ, ਜਦੋਂ ਨੇਪਾਲ ਨੇ ਪੀ ਟੀ ਈ ਵਿਦਿਆਰਥੀਆਂ ਲਈ ਸਭ ਤੋਂ ਘੱਟ ਪ੍ਰਵਾਨਗੀ ਦਰਾਂ ਸਾਬਿਤ ਹੋਈਆਂ। ਨੇਪਾਲ 20.6% ਸੀ ਅਤੇ ਭਾਰਤ ਲਈ 43 ਪ੍ਰਤੀਸ਼ਤ। ਟੀ-ਪੁੱਕੀਐਂਗਾ (ਨਿਊਜ਼ੀਲੈਂਡ ਇੰਸਟੀਚਿਊਟ ਆਫ ਸਕਿੱਲਜ ਐਂਡ ਟੈਕਨੋਲੋਜੀ) ਸੰਸਥਾਵਾਂ ਅਤੇ ਯੂਨੀਵਰਸਿਟੀਆਂ ਲਈ ਅਪਲਾਈ ਕਰਨ ਵਾਲੇ ਭਾਰਤੀ ਵਿਦਿਆਰਥੀ ਵੀ ਕੋਈ ਬਿਹਤਰ ਪ੍ਰਦਰਸ਼ਨ ਸਾਹਮਣੇ ਨਹੀਂ ਆ ਰਿਹਾ। ਪਿਛਲੇ ਸਾਲ 56।5 ਫੀਸਦੀ ਦੇ ਮੁਕਾਬਲੇ ਇਸ ਸਾਲ ਜੂਨ ਤੱਕ ਸਿਰਫ 40 ਫੀਸਦੀ ਟੀ-ਪੁੱਕੀਐਂਗਾ ("e Pukenga) ਅਰਜ਼ੀਆਂ ਨੂੰ ਮਨਜ਼ੂਰੀ ਦਿੱਤੀ ਗਈ ਸੀ। ਯੂਨੀਵਰਸਿਟੀ ਪੱਧਰ 'ਤੇ, ਜਿੱਥੇ ਪ੍ਰਵਾਨਗੀ ਦੀਆਂ ਦਰਾਂ ਇਤਿਹਾਸਕ ਤੌਰ 'ਤੇ ਉੱਚੀਆਂ ਰਹੀਆਂ ਹਨ, ਭਾਰਤੀ ਵਿਦਿਆਰਥੀਆਂ ਨੇ ਪਿਛਲੇ ਸਾਲ ਨਾਲੋਂ ਮਾੜਾ ਪ੍ਰਦਰਸ਼ਨ ਕੀਤਾ, 2023 ਵਿੱਚ 82.2 ਪ੍ਰਤੀਸ਼ਤ ਸੀ ਅਤੇ ਹੁਣ 70 ਪ੍ਰਤੀਸ਼ਤ ਰਿਹਾ।

ਭਾਰਤੀ ਵਿਦਿਆਰਥੀਆਂ ਦੇ ਵੀਜ਼ੇ ਵਾਸਤੇ ਵਿੱਤੀ ਲੋੜਾਂ ਦੀ ਪੂਰਤੀ ਕਰਨੀ ਹੁੰਦੀ ਹੈ। ਕਈ ਵਾਰ ਇਹ ਦਸਤਾਵੇਜ਼ ਪ੍ਰਮਾਣਿਤ ਨਹੀਂ ਹੁੰਦੇ ਅਤੇ ਗੈਰ ਵਿੱਤੀ ਬੈਂਕਿੰਗ ਕਾਰਪੋਰੇਸ਼ਨਾਂ ਤੋਂ ਫੰਡ ਆਉਂਦੇ ਹਨ।

# ਹੇਸਟਿੰਗਜ਼ ਜ਼ਿਲ੍ਹਾ ਕੌਂਸਿਲ ਵੱਲੋਂ ਸ. ਜਰਨੈਲ ਸਿੰਘ ਨੂੰ 'ਹੈਲਥ ਐਂਡ ਵੈਲਵੇਅਰ' ਕਾਰਜਾਂ ਲਈ 'ਸਿਵਿਕ ਆਨਰ' ਐਵਾਰਡ



**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਅੱਜ ਹੇਸਟਿੰਗਜ਼ ਜ਼ਿਲ੍ਹਾ ਕੌਂਸਿਲ ਵੱਲੋਂ ਸਲਾਨਾ ਸਿਵਿਕ ਆਨਰ ਐਵਾਰਡ (ਚੰਗੇ ਸ਼ਹਿਰੀ ਜਾਂ ਬਿਹਤਰੀਨ ਨਾਗਰਿਕ ਐਵਾਰਡ) ਦਾ ਆਯੋਜਨ ਕੀਤਾ ਗਿਆ। ਇਹ ਐਵਾਰਡ ਕੌਂਸਿਲ ਵੱਲੋਂ ਸਥਾਨਕ ਖੇਤਰ ਵਿਚ ਕੀਤੇ ਜਾਂਦੇ ਸਮਾਜਿਕ ਕਾਰਜਾਂ ਦੇ ਲਈ ਵੱਖ-ਵੱਖ ਸ਼੍ਰੇਣੀਆਂ ਅਧੀਨ ਮਾਣਮੱਤੇ ਸ਼ਹਿਰੀਆਂ ਨੂੰ ਦਿੱਤੇ ਜਾਂਦੇ ਹਨ। ਪੰਜਾਬੀ ਭਾਈਚਾਰੇ ਨੂੰ ਇਸ ਗੱਲ ਦੀ ਖੁਸ਼ੀ ਹੋਵੇਗੀ ਕਿ 'ਹੈਲਥ ਐਂਡ ਵੈਲਫੇਅਰ' ਸ਼੍ਰੇਣੀ ਅਧੀਨ 'ਸਿਵਿਕ ਆਨਰ' ਦਾ ਐਵਾਰਡ ਸ। ਜਰਨੈਲ ਸਿੰਘ ਜੇ.ਪੀ. ਹੋਰਾਂ ਨੂੰ ਦਿੱਤਾ ਗਿਆ। ਮਾਣਯੋਗ ਮੇਅਰ ਸਾਂਡਲਾ ਹੇਜ਼ਲਹਰਸਟ ਨੇ ਇਹ ਐਵਾਰਡ ਇਕ ਸਮਾਗਮ ਵਿਚ ਭੇਟ ਕੀਤਾ।

ਸ. ਜਰਨੈਲ ਸਿੰਘ ਜੇ.ਪੀ. ਇਲਾਕੇ ਦੇ ਪਹਿਲੇ ਪੰਜਾਬੀ ਭਾਸ਼ਾ 'ਚ ਬੋਲਣ ਵਾਲੇ ਜੇ.ਪੀ. ਬਣੇ ਸਨ, ਜਿਨ੍ਹਾਂ ਦੀਆਂ ਇਨ੍ਹਾਂ ਸੇਵਾਵਾਂ ਦੇ ਨਾਲ ਕਮਿਊਨਿਟੀ ਨੂੰ ਬਹੁਤ ਸਾਰਾ ਫਾਇਦਾ ਹੋਇਆ। ਕਰੋਨਾ ਕਾਲ ਦੇ ਵਿਚ ਉਨ੍ਹਾਂ ਜਰੂਰੀ ਵਸਤਾਂ ਜਿਵੇਂ ਦੁੱਧ, ਪਾਣੀ, ਬ੍ਰੈਡ ਸਮੇਤ ਬਹੁਤ ਸਾਰੇ ਫੂਡ ਪਾਰਸਲ ਕਮਿਊਨਿਟੀ ਤੱਕ ਪਹੁੰਚਾਉਣ ਅਤੇ ਪ੍ਰਬੰਧ ਕਰਨ ਵਿਚ ਆਪਣਾ ਵੱਡਾ ਯੋਗਦਾਨ ਪਾਇਆ। ਵੈਕਸੀਨੇਸ਼ਨ ਦੇ ਟੀਕਿਆਂ ਵਾਸਤੇ ਬੂਥ ਲਗਾਏ ਗਏ। ਗੈਬਰੀਅਲ ਸਾਈਕਲੋਨ (ਤੂਫਾਨ) ਦੌਰਾਨ ਪੀੜ੍ਹਤ ਲੋਕਾਂ ਨੂੰ ਮਦਦ ਲਈ ਉਹ ਫਿਰ ਅੱਗੇ ਆਏ, ਭੋਜਨ ਤਿਆਰ ਕਰਕੇ ਵੰਡਿਆ ਗਿਆ। ਹੇਸਟਿੰਗਜ਼ ਗੁਰਦੁਆਰਾ ਸਾਹਿਬ ਵਿਖੇ ਪਹਿਲਾਂ ਪ੍ਰਧਾਨ ਅਤੇ ਹੁਣ ਮੀਤ ਪ੍ਰਧਾਨ ਦੀਆਂ ਸੇਵਾਵਾਂ ਨਿਭਾਉਂਦਿਆਂ ਉਨ੍ਹਾਂ ਨੇ ਸਮਾਜਿਕ ਕਾਰਜਾਂ ਦੇ ਵਿਚ ਹਮੇਸ਼ਾਂ ਕਮਿਊਨਿਟੀ ਦਾ ਸਾਥ ਲੈ ਕੇ ਵੱਡਾ ਯੋਗਦਾਨ ਪਾਇਆ। ਸ. ਜਰਨੈਲ ਸਿੰਘ ਨੇ ਕਿਹਾ ਕਿ ਇਹ ਐਵਾਰਡ ਉਨ੍ਹਾਂ ਦਾ ਨਹੀਂ ਸਗੋਂ ਪੂਰੀ ਕਮਿਊਨਿਟੀ ਦਾ ਐਵਾਰਡ ਹੈ।

ਵਰਨਣਯੋਗ ਹੈ ਕਿ ਸ. ਜਰਨੈਲ ਸਿੰਘ ਪਿੰਡ ਹਜ਼ਾਰਾ ਜ਼ਿਲ੍ਹਾ ਜਲੰਧਰ ਤੋਂ 1988 'ਚ ਇੱਥੇ ਕਰਮਭੂਮੀ ਦੀ ਖੋਜ਼ ਵਿਚ ਆਏ ਸਨ ਅਤੇ ਉਦੋਂ ਦੇ ਇਥੇ ਹੀ ਰਹਿ ਰਹੇ ਹਨ। ਉਹ 2011 ਵਿੱਚ ਪਹਿਲੇ ਸਥਾਨਿਕ ਪੰਜਾਬੀ ਜਸਟਿਸ ਆਫ ਦਾ ਪੀਸ ਬਣੇ ਸਨ। ਉਨ੍ਹਾਂ ਨੂੰ ਇਹ ਸਨਮਾਨ ਮਿਲਣ ਉਤੇ ਬਹੁਤ ਬਹੁਤ ਵਧਾਈ।

# ਖਾਲਸਾ ਏਡ ਨੇ ਪਟਿਆਲਾ ਵਿਚ ਖੋਲ੍ਹਿਆ ਪੰਜਾਬ ਦਾ ਸਭ ਤੋਂ ਸਸਤਾ ਹੈਲਥ ਸੈਂਟਰ

**ਪਟਿਆਲਾ–** ਵਿਸ਼ਵ ਦੀ ਪਹਿਲੀ ਅੰਤਰਰਾਸ਼ਟਰੀ ਮਨੁੱਖਤਾਵਾਦੀ ਸਿੱਖ ਚੈਰਿਟੀ ਖਾਲਸਾ ਏਡ ਵੱਲੋਂ ਮਨੁੱਖਤਾ ਦੀ ਸੇਵਾ ਦੇ 25 ਵਰ੍ਹੇ ਮਨਾਉਂਦਿਆਂ ਪਟਿਆਲਾ ਵਿਖੇ ਹੈਲਥ ਸੈਂਟਰ ਦੀ ਸ਼ੁਰੂਆਤ ਕੀਤੀ ਗਈ ਹੈ। ਇਹ ਹੈਲਥ ਸੈਂਟਰ ਖਾਲਸਾ ਏਡ ਦਾ ਪੰਜਾਬ ਅੰਦਰ ਲੰਬੇ ਸਮੇਂ ਲਈ ਚੱਲਣ ਵਾਲੇ ਪ੍ਰੋਜੈਕਟਾਂ ਵਿਚੋਂ ਪਹਿਲਾ ਸਿਹਤ ਸੰਭਾਲ ਸੈਂਟਰ ਹੈ। ਇਸ ਸਿਹਤ ਕੇਂਦਰ ਵਿਚ ਪੰਜਾਬ ਦੇ ਲੋੜਵੰਦ ਗਰੀਬ ਪਰਿਵਾਰਾਂ ਲਈ ਸਿਹਤ ਸਬੰਧੀ ਹੋਣ ਵਾਲੇ ਮਹਿੰਗੇ ਟੈਸਟ ਬੜੇ ਹੀ ਸਸਤੇ ਰੇਟਾਂ ਉੱਤੇ ਕੀਤੇ ਜਾਣਗੇ। ਇਸ ਹੈਲਥ ਸੈਂਟਰ ਦੀ ਅਰੰਭਤਾ ਸੁਖਮਨੀ ਸਾਹਿਬ ਦੇ ਭੋਗ ਉਪਰੰਤ ਅਰਦਾਸ ਤੋਂ ਬਾਅਦ ਹੋਈ। ਮੀਡੀਆ ਨੂੰ ਸੰਬੋਧਨ ਕਰਦਿਆਂ ਖਾਲਸਾ ਏਡ ਇੰਟਰਨੈਸ਼ਨਲ ਦੇ ਅਪ੍ਰੇਸ਼ਨ ਹੈੱਡ ਗੁਰਪ੍ਰੀਤ ਸਿੰਘ ਮਾਨ ਯੂ।ਕੇ ਨੇ ਦੱਸਿਆ ਕਿ ਇਹ ਹੈਲਥ ਸੈਂਟਰ ਖਾਲਸਾ ਏਡ ਦੇ ਲੰਬੇ ਸਮੇਂ ਲਈ ਚੱਲਣ ਵਾਲੇ ਪੰਜਾਬ ਅੰਦਰਲੇ ਪ੍ਰੋਜੈਕਟਾਂ ਵਿਚ ਸਿਹਤ ਸੰਭਾਲ ਸਬੰਧੀ ਪਹਿਲਾ ਕੇਂਦਰ ਅਤੇ ਤੀਜਾ ਪ੍ਰੋਜੈਕਟ ਹੋਏਗਾ। ਜਿਸ ਵਿਚ ਦੰਦਾਂ ਦਾ ਕਲੀਨਿਕ, ਐਕਸ ਰੇਅ, ਸੀ।ਟੀ ਸਕੈਨ, ਫਿਜ਼ਿਓਥੈਰੇਪੀ, ਪੈਥੋਲਜੀ ਲੈਬ (ਖੂਨ ਦੀ ਜਾਂਚ ਸਬੰਧੀ ਟੈਸਟ) ਅਤੇ ਮੈਡੀਕਲ ਸਟੋਰ ਦੀ ਸਹੂਲਤ ਉਪਲਬਧ ਹੋਏਗੀ। ਖਾਲਸਾ ਏਡ ਇੰਡੀਆ ਦੇ ਟ੍ਰਸਟੀ ਭਾਈ ਕੁਲਵੰਤ ਸਿੰਘ ਨੇ ਦੱਸਿਆ ਕਿ ਇਸ ਹੈਲਥ ਸੈਂਟਰ ਵਿਖੇ ਸਾਰੀਆਂ ਹੀ ਸੇਵਾਵਾਂ ਬਹੁਤ ਹੀ ਘੱਟ ਰੇਟਾਂ ਉੱਤੇ ਉਪਲਬਧ ਹੋਣਗੀਆਂ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੌਜੂਦਾ ਸਿਹਤ ਸੇਵਾਵਾਂ ਸਬੰਧੀ ਆਮ ਵਰਗ ਨੂੰ ਆ ਰਹੀਆਂ ਮੁਸ਼ਕਿਲਾਂ ਸਬੰਧੀ ਚਿੰਤਤ ਭਾਈ ਰਵੀ ਸਿੰਘ ਦੀ ਇਹ ਦਿਲੀ ਇੱਛਾ ਸੀ ਕਿ ਲੋੜਵੰਦਾਂ ਲਈ ਬਹੁਤ ਹੀ ਸਸਤੇ ਰੇਟਾਂ ਉੱਤੇ ਮਹਿੰਗੇ ਟੈਸਟਾਂ ਦੀ ਸਹੂਲਤ ਮੁਹਈਆ ਕਰਾਈ ਜਾਵੇ, ਅਤੇ ਜਿਸ ਦੀ ਬਦੌਲਤ ਅੱਜ ਪਟਿਆਲਾ ਵਿਖੇ ਅਤਿ ਆਧੁਨਿਕ ਮਸ਼ੀਨਾਂ ਅਤੇ ਹਾਈ ਐਕੁਰੇਸੀ ਜਾਂਚ ਮਸ਼ੀਨਾਂ ਨਾਲ ਲੈਸ ਇਹ ਸਿਹਤ ਕੇਂਦਰ ਖੋਲ੍ਹਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਪੰਜਾਬ ਦਾ ਹੁਣ ਤੱਕ ਦਾ ਸਭ ਤੋਂ ਸਸਤਾ ਹੈਲਥ ਸੈਂਟਰ ਸਾਬਿਤ ਹੋਏਗਾ ਜਿਸ ਵਿਚ ਮਰੀਜ਼ਾਂ ਨੂੰ ਦਵਾਈਆਂ ਵੀ ਬਹੁਤ ਵਾਜਿਬ ਰੇਟਾਂ ਉਤੇ ਉਪਲਭਧ ਹੋਣਗੀਆਂ।





ਖਾਲਸਾ ਏਡ ਅਪ੍ਰੇਸ਼ਨ ਲੀਡ ਦਵਿੰਦਰਜੀਤ ਸਿੰਘ ਨੇ ਦੱਸਿਆ ਕਿ ਖਾਲਸਾ ਏਡ ਦੇ ਮੈਡੀਕਲ ਪ੍ਰੋਜੈਕਟ ਤਹਿਤ ਪਿਛਲੇ ਡੇਢ ਵਰ੍ਹੇ ਤੋਂ ਜ਼ਿਲ੍ਹਾ ਗੁਰਦਾਸਪੁਰ ਦੇ ਸ਼ਹਿਰ ਫਤਹਿਗੜ੍ਹ ਚੂੜੀਆਂ ਵਿਖੇ ਮਾਤਾ ਕੌਲਾਂ ਜੀ ਹਸਪਤਾਲ ਵਿਖੇ ਇਕ ਡਾਇਲਸਿਸ ਸੈਂਟਰ ਚਲਾਇਆ ਜਾ ਰਿਹਾ ਹੈ, ਜਿਥੇ ਮਹੀਨੇ ਵਿਚ 250 ਦੇ ਕਰੀਬ ਮਰੀਜ਼ ਬਹੁਤ ਹੀ ਸਸਤੇ ਰੇਟਾਂ ਅਤੇ ਲੋੜਵੰਦ ਪਰਿਵਾਰ ਬਿਲਕੁਲ ਮੁਫ਼ਤ ਡਾਇਲਸਿਸ ਦਾ ਲਾਭ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਖਾਲਸਾ ਏਡ ਦਾ ਪਟਿਆਲਾ ਅੰਦਰ ਆਪਣਾ ਸਿਹਤ ਕੇਂਦਰ ਸਥਾਪਤ ਕਰਨ ਦੀ ਪਹਿਲਕਦਮੀ ਨੂੰ ਧਿਆਨ ਵਿਚ ਰੱਖਦੇ ਹੋਏ ਪੰਜਾਬ ਦੇ ਹੋਰਨਾਂ ਇਲਾਕਿਆਂ ਵਿਚ ਵੀ ਸਿਹਤ ਸਬੰਧੀ ਸਹੂਲਤਾਂ ਮੁਹਈਆ ਕਰਾਉਣ ਦਾ ਟੀਚਾ ਹੈ। ਇਸ ਹੈਲਥ ਸੈਂਟਰ ਵਿਚ ਸਾਰੀਆਂ ਸੇਵਾਵਾਂ 1 ਸਤੰਬਰ 2024 ਤੋਂ ਸ਼ੁਰੂ ਕੀਤੀਆਂ ਜਾਣਗੀਆਂ। ਡਾ। ਅਮਰਵੀਰ ਸਿੰਘ ਅਤੇ ਡਾ. ਅਮਨਦੀਪ ਸਿੰਘ ਨੇ ਕਿਹਾ ਕਿ ਖਾਲਸਾ ਏਡ ਦੇ ਇਸ ਉਪਰਾਲੇ ਨਾਲ ਅਨੇਕਾਂ ਲੋੜਵੰਦ ਪਰਿਵਾਰਾਂ ਨੂੰ ਸਿਹਤ ਸਬੰਧੀ ਜਾਂਚ ਕਰਾਉਣ ਵਿਚ ਆਉਣ ਵਾਲੀਆਂ ਮੁਸ਼ਕਿਲਾਂ ਤੋਂ ਛੁਟਕਾਰਾ ਮਿਲੇਗਾ। ਉਨ੍ਹਾਂ ਦੀ ਸਮੁੱਚੀ ਟੀਮ, ਇਥੇ ਆਉਣ ਵਾਲੇ ਹਰ ਇਕ ਲੋੜਵੰਦ ਮਰੀਜ਼ ਦੀ ਸੇਵਾ ਲਈ ਤਿਆਰ ਬਰ ਤਿਆਰ ਹੈ। ਇਸ ਮੌਕੇ ਖਾਲਸਾ ਏਡ ਪ੍ਰਬੰਧਕਾਂ ਵੱਲੋਂ ਇਸ ਹੈਲਥ ਸੈਂਟਰ ਦਾ ਸੰਪਰਕ ਨੰਬਰ 08069201313 ਅਤੇ ਈ.ਮੇਲ hc.paitala@khalsaiad.org ਵੀ ਜਾਰੀ ਕੀਤੀ ਗਈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਮਾਨਯੋਗ ਸੁਪਰੀਮ ਕੋਰਟ ਨੇ ਐਸ ਸੀ/ਐਸ ਟੀ ਕੋਟੇ 'ਚ ਉਪ ਸ਼੍ਰੇਣੀ ਬਣਾਉਣ ਨੂੰ ਦਿੱਤੀ ਮਨਜ਼ੂਰੀ ਇਕ ਛੜਯੰਤਰ ਦਾ ਹਿੱਸਾ ਹੈ - ਕੁਲਵੰਤ ਭੂਨੋਂ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਮਾਨਯੋਗ ਸੁਪਰੀਮ ਕੋਰਟ ਨੇ ਐਸ ਸੀ/ਐਸ ਟੀ ਕੋਟੇ 'ਚ ਉਪ ਸ਼੍ਰੇਣੀ ਬਣਾਉਣ ਨੂੰ ਦਿੱਤੀ ਮਨਜੂਰੀ ਐਸ ਸੀ/ਐਸ ਟੀ ਸਮਾਜ ਲਈ ਇਕ ਛੜਯੰਤਰ ਦਾ ਹਿੱਸਾ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਅੰਬੇਡਕਰ ਸੈਨਾ ਪੰਜਾਬ ਦੇ ਜਨਰਲ ਸਕੱਤਰ ਕੁਲਵੰਤ ਭੂਨੋਂ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕੀਤਾ। ਕੁਲਵੰਤ ਭੂਨੋਂ ਨੇ ਕਿਹਾ ਕਿ ਮਾਨਯੋਗ ਸੁਪਰੀਮ ਕੋਰਟ ਦੇ ਇਸ ਫੈਸਲੇ ਨਾਲ ਐਸ ਸੀ/ਐਸ ਟੀ ਸਮਾਜ ਦੀਆਂ ਮੁਸ਼ਕਿਲਾਂ ਹੋਰ ਵਧ ਜਾਣਗੀਆਂ ਕਿਉਂਕਿ ਪਹਿਲਾਂ ਹੀ ਐਸ ਸੀ/ਐਸ ਟੀ ਸਮਾਜ ਸਰਕਾਰੀ ਅਦਾਰਿਆਂ ਵਿੱਚ ਨੌਕਰੀਆਂ ਅਤੇ ਆਰਥਿਕ ਵਸੀਲਿਆਂ 'ਚ ਬਹੁਤ ਪੱਛੜਿਆ ਹੋਇਆ ਹੈ।

ਸਰਕਾਰੀ ਅਦਾਰੇ ਅਤੇ ਵਿੱਦਿਅਕ ਖੇਤਰ ਵਿੱਚ ਐਸ ਸੀ/ਐਸ ਟੀ ਲੋਕਾਂ ਲਈ ਕੋਟਾ ਨਾਹ ਦੇ ਬਰਾਬਰ ਹੈ। ਕੁਲਵੰਤ ਭੂਨੋਂ ਨੇ ਅੱਗੇ ਕਿਹਾ ਕਿ ਜੇਕਰ ਮਾਨਯੋਗ ਸੁਪਰੀਮ ਕੋਰਟ ਜਾਂ ਸਰਕਾਰਾਂ ਸੱਚਮੁੱਚ ਦੇਸ਼ ਦੇ ਅੰਦਰ ਨਿਆ ਪ੍ਰਣਾਲੀ ਨੂੰ ਬਿਨ੍ਹਾ ਪੱਖਪਾਤ ਲਾਗੂ ਕਰਨਾ ਚਾਹੁੰਦੀਆਂ ਹਨ ਤਾਂ ਦੇਸ਼ ਦੇ ਵਿੱਚ ਕਿਸ ਵਰਗ ਸ਼੍ਰੇਣੀ ਕੋਲ ਕਿੰਨੀਆ ਨੌਕਰੀਆਂ ਹਨ। ਇਸ ਦਾ ਪਤਾ ਕਰਨ ਲਈ ਜਾਰੀ ਅਧਾਰਿਤ ਜਨ-ਗਣਨਾ ਕਰਵਾਏ ਅਤੇ ਜਾਤੀ ਅਧਾਰਿਤ ਜਨ-ਗਣਨਾ ਤੋਂ ਬਾਅਦ ਦੇਸ਼ ਦੀ ਤਸਵੀਰ ਸਾਫ ਹੋ ਜਾਵੇਗੀ ਕਿ ਕਿਸ ਜਾਤੀ ਕੋਲ ਕਿੰਨੀਆ ਸਰਕਾਰੀ ਨੌਕਰੀਆ ਅਤੇ ਕਿੰਨੇ ਸਾਧਨ ਸੰਸਾਧਨ ਹਨ।

ਉਹਨਾਂ ਕਿਹਾ ਕਿ ਮਾਨਯੋਗ ਸੁਪਰੀਮ ਕੋਰਟ ਅਤੇ ਸਰਕਾਰਾਂ ਨੂੰ ਚਾਹੀਦਾ ਹੈ ਕਿ ਜਾਤੀ ਅਧਾਰਿਤ ਜਨ-ਗਣਨਾ ਕਰਵਾ ਕੇ ਜਾਤੀ ਦੀ ਸੰਖਿਆ ਦੇ ਅਧਾਰ ਤੇ ਹਰ ਵਰਗ ਸ਼੍ਰੇਣੀ ਲਈ ਨੌਕਰੀਆਂ ਦੀ ਵੰਡ ਕੀਤੀ ਜਾਣੀ ਚਾਹੀਦੀ ਹੈ।

ਭੂਨੋਂ ਨੇ ਅਖੀਰ ਵਿੱਚ ਕਿਹਾ ਕਿ ਐਸ ਸੀ/ਐਸ ਟੀ ਸਮਾਜ ਦੇ ਲੋਕਾਂ ਵਿੱਚ ਇਸ ਵਾਰੇ ਵੱਡੇ ਪੈਮਾਨੇ ਤੇ ਰੋਸ ਪਾਇਆ ਜਾ ਰਿਹਾ ਹੈ।

# ਮਨਰੇਗਾ ਮਜ਼ਦੂਰਾਂ ਅਤੇ ਮੇਟਾਂ ਲਈ 'ਘੱਟੋ-ਘੱਟ ਉਜਰਤ ਕਾਨੂੰਨ-1948' ਅਨੁਸਾਰ ਮਜ਼ਦੂਰੀ ਅਤੇ 365 ਦਿਨ ਰੋਜ਼ਗਾਰ ਦੇਣ ਦੀ ਉੱਠੀ ਮੰਗ

**ਨਵਾਂਸ਼ਹਿਰ/ਰਾਹੋਂ (ਸਤਨਾਮ ਸਿੰਘ ਸਹੂੰਗੜਾ)–** ਨੈਸ਼ਨਲ ਲੇਬਰ ਆਰਗਨਾਈਜੇਸ਼ਨ (ਐਨ ਐਲ ਓ ) ਦੇ ਕਨਵੀਨਰ ਬਲਦੇਵ ਭਾਰਤੀ ਨੇ ਦੱਸਿਆ ਕਿ ਪੰਜਾਬ ਭਰ ਵਿੱਚ ਕਰੀਬ 18 ਲੱਖ ਕਾਰਜਸ਼ੀਲ ਮਨਰੇਗਾ ਮਜ਼ਦੂਰ ਹਨ। ਮਹਾਤਮਾ ਗਾਂਧੀ ਕੌਮੀ ਪੇਂਡੂ ਰੋਜ਼ਗਾਰ ਗ੍ਰੰਟੀ ਕਾਨੂੰਨ-2005 ਅਨੁਸਾਰ ਮਨਰੇਗਾ ਮਜ਼ਦੂਰ' ਘੱਟੋ-ਘੱਟ ਉਜਰਤ ਕਾਨੂੰਨ-1948' ਅਧੀਨ ਸਮੱਰਥ ਅਥਾਰਟੀ ਵਲੋਂ ਤੈਅ ਕੀਤੀ ਗਈ ਦਿਹਾੜੀ ਲੈਣ ਦੇ ਕਾਨੂੰਨੀ ਤੌਰ ਤੇ ਹੱਕਦਾਰ ਹਨ । ਪੰਜਾਬ ਸਰਕਾਰ ਦੀ ਮਜ਼ਦੂਰੀ ਤੈਅ ਕਰਨ ਦੀ ਸਮੱਰਥ ਅਥਾਰਟੀ ਕਿਰਤ ਵਿਭਾਗ ਦੀ ਅੰਕੜਾ ਸ਼ਾਖਾ ਵਲੋਂ ਮਿਤੀ 01/03/2024 ਤੋਂ ਖੇਤੀਬਾੜੀ ਕਾਮਿਆਂ ਦੀ ਦਿਹਾੜੀ 437/-ਰੁ: 26 ਪੈਸੇ ਤੈਅ ਕੀਤੀ ਗਈ ਹੈ। ਪਰ ਪੰਜਾਬ ਵਿੱਚ ਮਨਰੇਗਾ ਮਜ਼ਦੂਰਾਂ ਨੂੰ ਅੱਜ-ਕੱਲ ਸਿਰਫ ਕੇਂਦਰ ਸਰਕਾਰ ਵਲੋਂ ਤੈਅ ਕੀਤੀ 322/- ਰੁ: ਦਿਹਾੜੀ ਹੀ ਮਿਲ ਰਹੀ ਹੈ ਅਤੇ ਹਰੇਕ ਮਜ਼ਦੂਰ ਦਾ ਪ੍ਰਤੀ ਦਿਹਾੜੀ 115/-ਰੁ। 26 ਪੈਸੇ ਨੁਕਸਾਨ ਹੋ ਰਿਹਾ ਹੈ। ਬੜੇ ਦੁੱਖ ਦੀ ਗੱਲ ਹੈ ਕਿ ਪੰਜਾਬ ਸਰਕਾਰ ਘੱਟੋ-ਘੱਟ ਉਜਰਤ ਕਾਨੂੰਨ-1948 ਅਨੁਸਾਰ ਬਣਦੀ ਦਿਹਾੜੀ ਦੇਣ ਲਈ ਇਸ ਵਿੱਚ ਆਪਣਾ ਬਣਦਾ ਹਿੱਸਾ ਨਹੀਂ ਪਾ ਰਹੀ। ਮਹਿੰਗਾਈ ਦੇ ਦੌਰ ਵਿੱਚ ਗਰੀਬ ਸਾਧਨਹੀਣ ਮਜ਼ਦੂਰਾਂ ਦਾ ਬਹੁਤ ਬੁਰੇ ਹਾਲਾਤਾਂ ਵਿੱਚੋਂ ਗੁਜ਼ਰ ਰਹੇ ਹਨ। ਉਨ੍ਹਾਂ ਪੰਜਾਬ ਸਰਕਾਰ ਪਾਸੋਂ ਮੰਗ ਕਿ ਆਪਣਾ ਬਣਦਾ ਯੋਗਦਾਨ ਪਾ ਕੇ ਮਨਰੇਗਾ ਮਜ਼ਦੂਰਾਂ ਦੀ ਦਿਹਾੜੀ 'ਘੱਟੋ-ਘੱਟ ਉਜਰਤ ਕਾਨੂੰਨ -1948' ਤਹਿਤ ਕਿਰਤ ਵਿਭਾਗ ਵਲੋਂ ਤੈਅ ਕੀਤੀ ਦਿਹਾੜੀ ਦੇ ਬਰਾਬਰ ਕੀਤੀ ਜਾਵੇ। ਮਨਰੇਗਾ ਮੇਟਾਂ ਸਬੰਧੀ ਗੱਲਬਾਤ ਕਰਦਿਆਂ ਬਲਦੇਵ ਭਾਰਤੀ ਨੇ ਕਿਹਾ ਕਿ ਪੰਜਾਬ ਵਿੱਚ ਕਿਰਤ ਵਿਭਾਗ ਵਲੋਂ ਮਿਤੀ 01 ਮਾਰਚ 2024 ਤੋਂ ਸਿੱਖਿਅਤ (ਸਕਿਲਡ) ਕਾਮਿਆਂ ਲਈ ਰੋਜ਼ਾਨਾ ਦਿਹਾੜੀ 483/-ਰੁ 72 ਪੈਸੇ ਤੈਅ ਕੀਤੀ ਗਈ ਹੈ। ਪਰ ਮਨਰੇਗਾ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਭਰਤੀ ਕੀਤੇ ਮੇਟ ਜੋ ਕਿ ਸਕਿਲਡ ਸ਼੍ਰੇਣੀ ਵਿੱਚ ਆਉਂਦੇ ਹਨ ਨੂੰ ਇਸ ਦੇ ਬਰਾਬਰ ਨਹੀਂ ਬਲਕਿ ਮਨਰੇਗਾ ਦੀ ਦਿਹਾੜੀ 322/-ਰੁ ਹੀ ਦਿਹਾੜੀ ਹੀ ਦਿੱਤੀ ਜਾ ਰਹੀ ਹੈ। ਇਸ ਤਰ੍ਹਾਂ ਮੇਟਾਂ ਦਾ ਪ੍ਰਤੀ ਦਿਨ 161/-ਰੁ 72 ਪੈਸੇ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਮਨਰੇਗਾ ਮੇਟਾਂ ਨੂੰ ਸਕਿਲਡ ਵੇਜ਼ ਮਿਲਣਾ ਯਕੀਨੀ ਬਣਾਇਆ ਜਾਵੇ। ਮਨਰੇਗਾ ਮਜ਼ਦੂਰਾਂ ਨੂੰ ਵਿੱਤੀ ਸਾਲ ਦੌਰਾਨ 365 ਦਿਨ ਰੋਜ਼ਗਾਰ ਦੇਣ ਦੀ ਮੰਗ ਕਰਦਿਆਂ ਬਲਦੇਵ ਭਾਰਤੀ ਨੇ ਕਿਹਾ ਕਿ ਗਰੀਬੀ ਦੀ ਚੱਕੀ ਵਿੱਚ ਪਿਸ ਰਹੇ ਸਾਧਨਾਂ ਤੋਂ ਵਾਂਝੇ ਮਨਰੇਗਾ ਮਜ਼ਦੂਰਾਂ ਦੇ ਪਰਿਵਾਰਾਂ ਦੇ ਗੁਜ਼ਾਰੇ ਲਈ ਉਹਨਾਂ ਨੂੰ ਵਿੱਤੀ ਸਾਲ ਦੌਰਾਨ ਰੋਜ਼ਗਾਰ ਦੇ 100 ਦਿਨਾਂ ਤੋਂ ਵਧਾ ਕੇ ਸਾਰਾ ਸਾਲ ਭਾਵ ਕਿ 365 ਦਿਨ ਰੋਜ਼ਗਾਰ ਦਿੱਤਾ ਜਾਵੇ। ਇਸ ਰੋਜ਼ਗਾਰ ਦੌਰਾਨ ਮਜ਼ਦੂਰਾਂ ਦੀ ਸਹੂਲਤ ਲਈ ਬਿਮਾਰੀ, ਦੁਰਘਟਨਾ, ਤਿਉਹਾਰਾਂ ਅਤੇ ਕੌਮੀ ਦਿਵਸਾਂ ਦੇ ਮੌਕੇ ਤੇ ਤਨਖਾਹ ਸਹਿਤ ਛੁੱਟੀਆਂ ਤੋਂ ਇਲਾਵਾ ਈ.ਐਸ.ਆਈ. ਅਤੇ ਪੀ.ਐਫ. ਆਦਿ ਦਾ ਪ੍ਰਬੰਧ ਕੀਤਾ ਜਾਵੇ।



# ਕਵਿਤਾ, ਲੈਕਚਰ, ਵਾਰਤਾਲਾਪ ਤੇ ਕੀਰਤਨ ਮੁਕਾਬਲਿਆਂ ਵਿੱਚ ਹੁਸ਼ਿਆਰਪੁਰ ਜੋਨ ਅੱਵਲ ਰਿਹਾ - ਅਵਤਾਰ ਸਿੰਘ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਸਿੱਖ ਮਿਸ਼ਨਰੀ ਕਾਲਜ ਰਜਿ। ਲੁਧਿਆਣਾ ਵੱਲੋਂ ਨਵੇਂ ਪ੍ਰਚਾਰਕ ਤਿਆਰ ਕਰਨ ਵਾਸਤੇ ਹਰ ਸਾਲ ਧਾਰਮਿਕ ਮੁਕਾਬਲੇ ਕਰਵਾਏ ਜਾਂਦੇ ਹਨ । ਜਿਨਾਂ ਵਿੱਚ ਕਵਿਤਾ, ਕੀਰਤਨ, ਲੈਕਚਰ, ਵਾਰਤਾਲਾਪ ਅਤੇ ਸ਼ਬਦ ਵੀਚਾਰ ਮੁਕਾਬਲੇ ਹੁੰਦੇ ਹਨ। ਸਿੱਖ ਮਿਸ਼ਨਰੀ ਕਾਲਜ ਸੈਕਟਰ 39 ਚੰਡੀਗੜ੍ਹ ਰੋਡ ਲੁਧਿਆਣਾ ਵਿਖੇ ਤਿੰਨ ਦਿਨ ਚੱਲੇ ਧਾਰਮਿਕ ਮੁਕਾਬਲਿਆਂ ਵਿੱਚ ਹੁਸ਼ਿਆਰਪੁਰ ਜੋਨ ਦੇ ਪ੍ਰਤੀਯੋਗੀਆਂ ਨੇ ਵਧੀਆ ਕਾਰਗੁਜ਼ਾਰੀ ਦਿਖਾਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅਵਤਾਰ ਸਿੰਘ ਜ਼ੋਨਲ ਆਰਗੇਨਾਈਜ਼ਰ ਜੋਨ ਹੁਸ਼ਿਆਰਪੁਰ ਨੇ ਦੱਸਿਆ ਕਿ ਕਵਿਤਾ ਮੁਕਾਬਲੇ ਵਿੱਚ ਪ੍ਰਾਇਮਰੀ ਗਰੁੱਪ ਵਿੱਚ ਦੂਜਾ, ਮਿਡਲ ਗਰੁੱਪ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਲੈਕਚਰ ਮੁਕਾਬਲੇ ਵਿੱਚ ਮਿਸ਼ਨਰੀ ਗਰੁੱਪ ਵਿੱਚ ਪਹਿਲਾ, ਸੀਨੀਅਰ ਸੈਕੰਡਰੀ ਗਰੁੱਪ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। ਵਾਰਤਾਲਾਪ ਮੁਕਾਬਲੇ ਵਿੱਚ ਪ੍ਰਾਇਮਰੀ ਗਰੁੱਪ ਵਿੱਚ ਤੀਜਾ ਸਥਾਨ, ਮਿਡਲ ਗਰੁੱਪ ਵਿੱਚ ਦੂਜਾ ਸਥਾਨ ਅਤੇ ਸੀਨੀਅਰ ਸੈਕੰਡਰੀ ਗਰੁੱਪ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ ਹੈ। ਸ਼ਬਦ ਵੀਚਾਰ ਮੁਕਾਬਲੇ ਵਿੱਚ ਚੌਥਾ ਸਥਾਨ ਪ੍ਰਾਪਤ ਕੀਤਾ। ਉਨਾਂ ਨੇ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਨੰਦਾਚੌਰ ਦੇ ਪ੍ਰਿੰਸੀਪਲ ਅਤੇ ਅਧਿਆਪਕਾਂ ਦਾ ਵੀ ਧੰਨਵਾਦ ਕੀਤਾ, ਜਿਨਾਂ ਨੇ ਬੱਚਿਆਂ ਦੀ ਸ਼ਮੂਲੀਅਤ ਕਰਵਾਈ। ਇਸ ਮੌਕੇ ਉਹਨਾਂ ਦੇ ਨਾਲ ਹਰਜਿੰਦਰ ਸਿੰਘ ਅਸਲਾਮਾਬਾਦ, ਨਰਿੰਦਰ ਸਿੰਘ, ਲਾਲ ਸਿੰਘ, ਪ੍ਰਿੰਸੀਪਲ ਹਰਜਿੰਦਰ ਸਿੰਘ ਢੱਡੇ ਫਤਿਹ ਆਦਿ ਹਾਜਰ ਸਨ। ਇਨਾਂ ਮੁਕਾਬਲਿਆਂ ਵਿੱਚੋਂ ਪਹਿਲੇ ਸਥਾਨ ਪ੍ਰਾਪਤ ਕਰਨ ਵਾਲੇ ਪ੍ਰਚਾਰਕ ਸਿੱਖ ਮਿਸ਼ਨਰੀ ਕਾਲਜ ਵੱਲੋਂ 27 ਸਤੰਬਰ ਤੋਂ 29 ਸਤੰਬਰ ਤੱਕ ਹੋਣ ਵਾਲੇ ਕੇਂਦਰੀ ਸਮਾਗਮ ਵਿੱਚ ਭਾਗ ਲੈਣਗੇ।



# ਮੁਲਾਜ਼ਮ/ਪੈਨਸ਼ਨਰਜ਼ ਸਾਂਝਾ ਫਰੰਟ ਵਲੋਂ ਜਿਮਨੀ ਚੋਣ ਵਾਲੇ ਇਲਾਕੇ ਵਿੱਚ ਖੇਤਰੀ ਰੈਲੀ ਕੀਤੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਸੂਬੇ ਦੀ ਸਰਕਾਰ ਅਤੇ ਮੁੱਖ ਮੰਤਰੀ ਪੰਜਾਬ ਵਲੋਂ ਬਾਕੀ ਕਿਰਤੀ ਸਮਾਜ ਵਾਂਗ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਅੱਖੋਂ ਪਰੋਖੇ ਕਰਨ ਅਤੇ ਵਾਰ-ਵਾਰ ਮੀਟਿੰਗ ਦਾ ਸਮਾਂ ਦੇ ਕੇ ਮੀਟਿੰਗ ਤੋਂ ਭੱਜਣ ਵਿਰੁੱਧ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਵਲੋਂ ਸੰਘਰਸ਼ ਨੂੰ ਹੋਰ ਵੀ ਤਿੱਖਾ ਕਰਦਿਆਂ ਜਿਮਨੀ ਚੋਣਾਂ ਵਾਲੇ ਹਲਕਿਆ ਅੰਦਰ ਖੇਤਰੀ ਰੈਲੀਆਂ ਕਰਕੇ ਸਰਕਾਰ ਨੂੰ ਚੇਤਾਵਨੀ ਦੇਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਇਸ ਸੰਘਰਸ਼ ਦੇ ਤਹਿਤ ਸਾਂਝੇ ਫਰੰਟ ਵਲੋਂ ਦਾਣਾ ਮੰਡੀ ਚੱਬੇਵਾਲ ਵਿਖੇ ਖੇਤਰੀ ਰੈਲੀ ਕੀਤੀ ਗਈ ਜਿਸ ਵਿੱਚ ਹੁਸ਼ਿਆਰਪੁਰ, ਜਲੰਧਰ, ਨਵਾਂਸ਼ਹਿਰ, ਰੋਪੜ, ਮੁਹਾਲੀ, ਕਪੂਰਥਲਾ ਜ਼ਿਲਿਆਂ ਵਿੱਚੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਸਹਿਤ ਅਮ੍ਰਿਤਸਰ, ਗੁਰਦਾਸਪੁਰ, ਪਠਾਣਕੋਟ ਜ਼ਿਲਿਆਂ ਦੇ ਆਗੂਆਂ ਵਲੋਂ ਸ਼ਮੂਲੀਅਤ ਕੀਤੀ ਗਈ। ਅੱਜ ਦੀ ਰੈਲੀ ਵਿੱਚ ਇਸਤਰੀ ਮੁਲਾਜ਼ਮਾਂ ਖਾਸ ਕਰਕੇ ਆਸ਼ਾ ਵਰਕਰਾਂ ਵਲੋਂ ਭਾਰੀ ਗਿਣਤੀ ਵਿੱਚ ਭਾਗ ਲਿਆ ਗਿਆ। ਸਰਕਾਰ ਦੇ ਵਿਰੁੱਧ ਮੁਲਾਜ਼ਮਾਂ/ਪੈਨਸ਼ਨਰਾਂ ਅੰਦਰ ਭਾਰੀ ਰੋਸ ਹੋਣ ਕਾਰਣ ਦਾਣਾ ਮੰਡੀ ਵਿੱਚ ਕੀਤੇ ਪ੍ਰਬੰਧ ਵੀ ਛੋਟੇ ਪੈ ਗਏ ਅਤੇ ਗੱਡੀਆਂ, ਬੱਸਾਂ, ਟੈਂਪੂਆਂ ਅਤੇ ਨਿੱਜੀ ਵਾਹਨਾਂ ਤੇ ਝੰਡਿਆਂ, ਬੈਨਰਾਂ ਸਹਿਤ ਹੋਏ ਇਕੱਠ ਨਾਲ ਸਾਰਾ ਚੱਬੇਵਾਲ ਕਸਬਾ ਲਾਲੋ-ਲਾਲ ਹੋ ਗਿਆ। ਰੈਲੀ ਦੇ ਆਰੰਭ ਵਿੱਚ ਕਲਕੱਤਾ ਵਿਖੇ ਮੈਡੀਕਲ ਦੀ ਵਿਦਿਆਰਥਣ ਅਤੇ ਮੁਜ਼ੱਫਰ ਨਗਰ ਵਿਖੇ 14 ਸਾਲਾ ਬਾਲੜੀ ਨਾਲ ਹੋਏ ਸਮੂਹਿਕ ਬਲਾਤਕਾਰ ਅਤੇ ਕਤਲ ਦੀ ਨਿਖੇਧੀ ਕੀਤੀ ਅਤੇ ਦੋਸ਼ੀਆਂ ਨੂੰ ਸਖਤ ਤੋਂ ਸਖਤ ਮਿਸਾਲੀ ਸਜ਼ਾਵਾਂ ਦੇਣ ਦੀ ਮੰਗ ਕੀਤੀ, ਪਿਛਲੇ ਦਿਨੀ ਹੜ੍ਹਾਂ ਕਾਰਣ ਜੇਜੋਂ ਵਿਖੇ 10 ਵਿਅਕਤੀਆਂ ਅਤੇ ਕੇਰਲਾ ਦੇ ਵਾਇਨਾਡ ਵਿਖੇ 400 ਤੋਂ ਵੱਧ ਵਿਅਕਤੀਆਂ ਦੀਆਂ ਮੌਤ ਅਤੇ 600 ਤੋਂ ਜ਼ਿਆਦਾ ਘਰਾਂ ਦੇ ਨੁਕਸਾਨ ਸਬੰਧੀ ਵੀ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਰੈਲੀ ਨੂੰ ਸੰਬੋਧਨ ਕਰਦਿਆਂ ਸਾਂਝੇ ਫਰੰਟ ਦੇ ਆਗੂਆਂ ਸਰਵ ਸਾਥੀ ਸਤੀਸ਼ ਰਾਣਾ, ਜਰਮਨਜੀਤ ਸਿੰਘ, ਰਤਨ ਸਿੰਘ ਮਜਾਰੀ, ਸੁਖਦੇਵ ਸਿੰਘ ਸੈਣੀ, ਸੰਵਿੰਦਰਪਾਲ ਸਿੰਘ ਮੋਲੋਂਵਾਲੀ, ਬਾਜ ਸਿੰਘ ਖਹਿਰਾ, ਜਸਵੀਰ ਤਲਵਾੜਾ, ਰਾਧੇ ਸ਼ਿਆਮ, ਐਨ।ਕੇ।ਤਿਵਾੜੀ, ਨਰਿੰਦਰ ਸਿੰਘ ਗੋਲੀ, ਗੁਰਵੇਲ ਸਿੰਘ ਬੱਲਪੁਰੀਆ, ਚਰਨਜੀਤ ਸਿੰਘ, ਸੁਰਿੰਦਰ ਪੁਆਰੀ, ਹਰਜਿੰਦਰ ਸਿੰਘ ਚੀਮਾ, ਬੋਬਿੰਦਰ ਸਿੰਘ, ਤੀਰਥ ਸਿੰਘ ਬਾਸੀ, ਗੋਪਾਲ ਥਾਪਰ, ਮਹੇਸ਼ ਲਾਲ, ਰਾਜ ਰਾਣੀ, ਸ਼ਕੁੰਤਲਾ ਸਰੋਆ, ਪਰਮਜੀਤ ਕੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸਹਿਤ ਸਮੁੱਚੀ ਸਰਕਾਰ ਦੀ ਡੰਗ ਟਪਾਊ ਨੀਤੀ ਅਤੇ ਸਾਂਝੇ ਫਰੰਟ ਨੂੰ ਮੀਟਿੰਗ ਦਾ ਸਮਾਂ ਨਾ ਦੇਣ ਕਾਰਣ ਸਾਰੇ ਪੰਜਾਬ ਅੰਦਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਅੰਦਰ ਜੋ ਭਾਰੀ ਰੋਸ ਹੈ, ਇਸਦਾ ਖਮਿਆਜਾ ਭਵਿੱਖ ਵਿੱਚ ਹੋਣ ਵਾਲੀਆਂ ਚਾਰ ਜਿਮਨੀ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਨੂੰ ਭੁਗਤਣਾ ਪਵੇਗਾ। ਜੇਕਰ ਮੁੱਖ ਮੰਤਰੀ ਵਲੋਂ 22 ਦੀ ਮੀਟਿੰਗ ਨਾ ਕੀਤੀ ਗਈ ਤਾਂ ਪੂਰੇ ਪੰਜਾਬ ਅੰਦਰ ਮਿਤੀ 22-23-24 ਅਗਸਤ ਨੂੰ ਸਰਕਾਰ ਦੀਆਂ ਅਰਥੀਆਂ ਅਤੇ ਲਾਰਿਆਂ ਦੀਆਂ ਪੰਡਾਂ ਫੂਕੀਆਂ ਜਾਣਗੀਆਂ ਅਤੇ ਮਿਤੀ 8 ਸਤੰਬਰ ਨੂੰ ਗਿਦੜਬਾਹਾ ਅਤੇ ਡੇਰਾ ਬਾਬਾ ਨਾਨਕ ਹਲਕਿਆਂ ਵਿਖੇ ਰੈਲੀਆਂ ਕੀਤੀਆਂ ਜਾਣਗੀਆਂ।ਇਸ ਤੋਂ ਇਲਾਵਾ ਮੁੱਖ ਮੰਤਰੀ ਦੇ ਝੂਠੇ ਪ੍ਰਚਾਰ ਦੇ ਵਿਰੁੱਧ ਚਾਰੋ ਹਲਕਿਆਂ ਅੰਦਰ ਟੀਮਾਂ ਬਣਾ ਕੇ ਲਗਾਤਾਰ ਪਿੰਡਾਂ ਦੇ ਲੋਕਾਂ ਨਾਲ ਸੰਪਰਕ ਕੀਤਾ ਜਾਵੇਗਾ ਅਤੇ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਜਗ-ਜਾਹਰ ਕੀਤਾ ਜਾਵੇਗਾ।ਬੁਲਾਰਿਆਂ ਨੇ ਕਿਹਾ ਕਿ ਮੌਜੂਦਾ ਮੁੱਖ ਮੰਤਰੀ ਸਹਿਤ ਪਾਰਟੀ ਦੇ ਸਾਰੇ ਹੀ ਆਗੂ ਚੋਣਾਂ ਤੋਂ ਪਹਿਲਾਂ ਮੁਲਾਜ਼ਮ/ਪੈਨਸ਼ਨਰ ਮੰਗਾਂ ਸਬੰਧੀ ਰੈਲੀਆਂ ਵਿੱਚ ਆ-ਆ ਕੇ ਮੰਗਾਂ ਦੀ ਹਿਮਾਇਤ ਕਰਦੇ ਸਨ ਅਤੇ ਸਰਕਰ ਬਣਨ ਤੇ ਤੁਰੰਤ ਇਹਨਾਂ ਮੰਗਾਂ ਨੂੰ ਹੱਲ ਕਰਨ ਦੇ ਦਾਅਵੇ ਕਰਦੇ ਸਨ ਪ੍ਰੰਤੂ ਸਰਕਾਰ ਬਣਨ ਤੋਂ ਬਾਅਦ ਮੁੱਖ ਮੰਤਰੀ ਵਲੋਂ ਸਾਂਝੇ ਫਰੰਟ ਨੂੰ ਮੀਟਿੰਗ ਦਾ ਸਮਾਂ ਦੇਣ ਵਿੱਚ ਦੋ ਸਾਲ ਲੰਘਾ ਦਿੱਤੇ ਅਤੇ ਹੁਣ ਮੀਟਿੰਗਾਂ ਦਾ ਸਮਾਂ ਵੀ ਵਾਰ-ਵਾਰ ਬਦਲਿਆ ਜਾ ਰਿਹਾ ਹੈ ਜਿਸਤੋਂ ਇਹ ਸਪੱਸ਼ਟ ਹੈ ਕਿ ਮੁੱਖ ਮੰਤਰੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਪ੍ਰਤੀ ਸੰਜੀਦਾ ਨਹੀਂ ਹੈ।ਸਰਕਾਰ ਅਤੇ ਮੁੱਖ ਮੰਤਰੀ ਦੀ ਵਾਅਦਾ ਖਿਲਾਫੀ ਵਿਰੁੱਧ ਸੂਬੇ ਭਰ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਅੰਦਰ ਭਾਰੀ ਰੋਸ ਹੈ। ਰੈਲੀ ਕਰਨ ਉਪਰੰਤ ਚੱਬੇਵਾਲ ਪਿੰਡ ਅਤੇ ਬਜ਼ਾਰ ਅੰਦਰ ਰੋਸ ਮਾਰਚ ਕੀਤਾ ਗਿਆ। ਇਸ ਮੌਕੇ ਵਿੱਚ ਮੱਖਣ ਸਿੰਘ ਵਾਹਿਦਪੁਰੀ, ਨਰਿੰਦਰ ਬੱਲ, ਸੁਰਿੰਦਰਪਾਲ ਲਹੌਰੀਆ, ਸ਼ਿੰਗਾਰਾ ਸਿੰਘ, ਮੁਕੇਸ਼ ਗੁਜਰਾਤੀ, ਸੰਜੀਵ ਧੂਤ, ਪਿਆਰਾ ਸਿੰਘ, ਦਿਲਬਾਗ ਸਿੰਘ ਪੱਡਾ, ਨਵਪ੍ਰੀਤ ਸਿੰਘ ਬੱਲੀ, ਸਰਸ਼ਣ ਕੁਮਾਰ, ਪ੍ਰਦੀਪ ਕੁਮਾਰ, ਜਸਵਿੰਦਰ ਸਿੰਘ ਉੱਘੀ, ਤਰਸੇਮ ਸਿੰਘ ਚੱਬਾ, ਜਸਵਿੰਦਰ ਸਿੰਘ, ਪ੍ਰਦਿਉਮਣ ਗੌਤਮ, ਓਂਕਾਰ ਸਿੰਘ, ਹਰਭਜਨ ਸਿੰਘ ਅਜਨੋਹਾ, ਇੰਦਰਜੀਤ ਵਿਰਦੀ, ਕੇ।ਡੀ। ਮੋਹਤਾ, ਬਲਵਿੰਦਰ ਸਿੰਘ, ਹਰਮੇਸ਼ ਲਾਲ, ਸੂਰਜ ਪ੍ਰਕਾਸ਼ ਅਨੰਦ ਆਦਿ ਆਗੂ ਵੀ ਹਾਜਰ ਸਨ।




# ਨਵੀਂ ਨਰਸਿੰਗ ਯੂਨੀਅਨ ਦੀ ਸਰਬ ਸੰਮਤੀ ਨਾਲ ਚੋਣ ਪ੍ਰਧਾਨ ਨੀਲਮ ਤੇ ਸਕੈਟਰੀ ਨਰੇਸ਼ ਨੂੰ ਚੁਣਿਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਪੁਰਾਣੀ ਨਰਸਿੰਗ ਯੂਨੀਅਨ ਵਲੋ ਸਰਬ ਸੰਮਤੀ ਨਾਲ ਨਵੀਂ ਨਰਸਿੰਗ ਯੂਨੀਅਨ ਦੀ ਚੋਣ ਸਿਵਲ ਹਸਪਤਾਲ ਹੁਸ਼ਿਆਰਪੁਰ ਵਿੱਚ ਕੀਤੀ ਗਈ। ਜਿਸ ਵਿੱਚ ਜਿਲ੍ਹੇ ਭਰ ਤੋਂ ਸਮੂਹ ਸਟਾਫ ਨਰਸਾਂ ਸ਼ਾਮਿਲ ਹੋਈਆਂ। ਇਸ ਮੌਕੇ ਸਾਬਕਾ ਪ੍ਰਧਾਨ ਗੁਰਜੀਤ ਕੌਰ, ਸਤਨਾਮ ਕੌਰ, ਮਨਜੀਤ ਕੌਰ ਤੇ ਸ਼ਰਨਜੀਤ ਕੌਰ ਵੱਲੋ ਸੇਵਾ ਮੁੱਕਤ ਹੋਣ ਤੇ ਨਵੀਂ ਯੂਨੀਅਨ ਦੀ ਚੋਣ ਸਰਬ ਸੰਮਤੀ ਨਾਲ ਕੀਤੀ। ਇਸ ਸਾਰੇ ਸਟਾਫ਼ ਨੇ ਬਹੁਤ ਹੀ ਸ਼ਾਂਤੀ ਅਤੇ ਹਲੀਮੀ ਭਰੇ ਵਤੀਰੇ ਨਾਲ ਇਸ ਚੋਣ ਪ੍ਰਕਿਰਿਆ ਨੂੰ ਨੇਪਰੇ ਚਾੜਿਆ। ਨਵੀਂ ਨਰਸਿੰਗ ਯੂਨੀਅਨ ਦੇ ਨਵ ਨਿਯੁਕਤ ਆਹੁਦੇਦਾਰ ਪ੍ਰਧਾਨ ਨੀਲਮ ਸੈਣੀ, ਉਪ ਪ੍ਰਧਾਨ ਹਰਦੀਪ ਕੌਰ, ਪਰਮਜੀਤ ਕੌਰ, ਪਰਵੇਸ਼ ਸਿਆਲ, ਖਜਾਨਚੀ ਮਨਦੀਪ ਕੌਰ, ਜਸਵੰਤ ਕੌਰ, ਸੈਕ੍ਰੇਟਰੀ ਨਰੇਸ਼ ਰਾਣੀ ਤੇ ਰਣਜੀਤ ਕੌਰ ਚੁਣੇ ਗਏ। ਜ਼ਿਲ੍ਹਾ ਹੁਸ਼ਿਆਰਪੁਰ ਦੇ ਹਰ ਪੀ. ਐਚ.ਸੀ. ਅਤੇ ਸੀ.ਐਚ.ਸੀ. ਤੋ ਐਡਵਾਈਜ਼ਰ ਚੁਣੇ ਜਾਣਗੇ ਤਾ ਜੋ ਯੂਨੀਅਨ ਨੂੰ ਵਧੀਆ ਤਰੀਕੇ ਨਾਲ ਚਲਾਇਆ ਜਾ ਸਕੇ। ਸੂਬਾ ਕਮੇਟੀ ਵਿੱਚ ਪਿਛਲੇ ਦਿਨੀ ਚਰਨਜੀਤ ਕੌਰ ਨੂੰ ਐਡਵਾਈਜ਼ਰ ਚੁਣਿਆ ਗਿਆ ਸੀ। ਮੀਟਿੰਗ 'ਚ ਵੱਖ-ਵੱਖ ਬੁਲਾਰਿਆ ਨੇ ਹਿੱਸਾ ਲਿਆ। ਸਮੂਹ ਸਟਾਫ ਨੇ ਨਰਸਿੰਗ ਏਕਤਾ ਜ਼ਿੰਦਾਬਾਦ ਦੇ ਨਾਹਰਿਆ ਨਾਲ ਏਕੇ ਦਾ ਸਬੂਤ ਦਿੰਦਿਆ ਪੂਰਨ ਸਹਿਯੋਗ ਦੇਣ ਦਾ ਭਰੋਸਾ ਪ੍ਰਗਟਾਇਆ। ਇਸ ਮੌਕੇ ਨਵ ਨਿਯੁਕਤ ਪ੍ਰਧਾਨ ਨੀਲਮ ਸੈਣੀ ਨੇ ਨਰਸਾਂ ਨੂੰ ਆ ਰਹੀਆਂ ਮੁਸ਼ਕਿਲਾ ਤੇ ਵਿਚਾਰ ਵਟਾਂਦਰਾ ਕਰਦੇ ਹੋਏ ਕਿਹਾ ਕਿ ਨਵੀਂ ਭਰਤੀ ਨਾ ਹੋਣ ਕਰਕੇ ਕੰਮ ਦਾ ਦਬਾਅ ਬਹੁਤ ਜਿਆਦਾ ਵੱਧ ਗਿਆ ਹੈ। ਜਿਥੇ ਪੰਜਾਬ ਸਰਕਾਰ ਵਲੋਂ ਤਨਖਾਹ ਸਕੇਲ ਵਿੱਚ ਵਾਧਾ ਕਰਨਾ ਸੀ। ਉਥੇ ਉਸ ਨੂੰ ਘੱਟ ਕਰ ਦਿੱਤਾ ਗਿਆ। ਜਦ ਕਿ ਮਹਿੰਗਾਈ ਦਿਨੋ ਦਿਨ ਵੱਧ ਰਹੀ ਹੈ। ਪਿਛਲੇ ਸਮੇਂ ਤੋਂ ਪੰਜਾਬ ਸਰਕਾਰ ਦੇ ਮੁਲਾਜਮਾ ਦਾ 12 ਪ੍ਰਤੀਸ਼ਤ ਡੀ.ਏ. ਖੜਾ ਹੈ, ਉਹ ਵੀ ਪੰਜਾਬ ਸਰਕਾਰ ਦੇਣ ਨੂੰ ਤਿਆਰ ਨਹੀਂ। ਇਸ ਕਰਕੇ ਪੰਜਾਬ ਦੇ ਮੁਲਾਜਮਾਂ ਵਿੱਚ ਦਿਨੋਂ ਦਿਨ ਰੋਹ ਵੱਧ ਰਿਹਾ ਹੈ। ਪੰਜਾਬ ਸਰਕਾਰ ਵੱਲੋ ਨਾ ਹੀ ਸਟਾਫ ਨਰਸਾਂ ਨੂੰ ਯੂਨੀਫਾਰਮ ਅਲਾਉਂਸ ਤੇ ਨਾ ਹੀ ਨਾਈਟ ਅਲਾਉਂਸ ਦਿੱਤਾ ਜਾ ਰਿਹਾ ਹੈ ਤੇ ਹੋਰ ਵੀ ਬਹੁਤ ਸਾਰੀਆ ਮੰਗਾਂ ਸਰਕਾਰ ਮੰਨ ਕੇ ਮੁੱਕਰ ਗਈ ਹੈ। ਇਸ ਬਾਰੇ ਵੀ ਸੂਬਾ ਪੱਧਰੀ ਕਮੇਟੀ ਦੀ ਪੰਜਾਬ ਸਰਕਾਰ ਨਾਲ ਗੱਲਬਾਤ ਹੋ ਚੁੱਕੀ ਹੈ, ਪਰ ਪੰਜਾਬ ਸਰਕਾਰ ਅਜੇ ਤੱਕ ਮੰਨਣ ਨੂੰ ਤਿਆਰ ਨਹੀ ਹੈ। ਇਹਨਾਂ ਮੰਗਾਂ ਨੂੰ ਲੈ ਕੇ ਸੂਬਾ ਕਮੇਟੀ ਨਾਲ ਮਿਲ ਕੇ ਸੰਘੰਰਸ਼ ਵੀ ਉਲੀਕਿਆ ਜਾਵੇਗਾ। ਇਸ ਮੌਕੇ ਹੋਰਨਾਂ ਤੇ ਇਲਾਵਾ ਨਰਸਾਂ ਪਰਮਜੀਤ ਕੌਰ, ਕੁਲਰਾਜ ਕੌਰ, ਸੁਦੇਸ਼ ਕੁਮਾਰੀ, ਸਰਬਜੀਤ ਕੌਰ, ਸੁਸ਼ਮਾ ਕੁਮਾਰੀ ਅਤੇ ਸਟਾਫ ਨਰਸਾਂ ਹਰਦੀਪ ਕੌਰ, ਸੰਦੀਪ ਕੌਰ, ਰਜਨੀ, ਕਰਨਵੀਰ ਕੌਰ, ਜਸਵਿੰਦਰ ਧਾਮੀ, ਮਨਦੀਪ ਸੈਣੀ, ਰਮਨੀਕ, ਜਸਵੰਤ ਕੌਰ ਅਤੇ ਹੋਰ ਸਮੂਹ ਸਟਾਫ ਮੌਜੂਦ ਸਨ।



# ਕਾਰਪੋਰੇਟ ਅਤੇ ਫਾਸ਼ੀਵਾਦ ਵਿਰੁੱਧ ਸੰਘਰਸ਼ਾਂ ਨੂੰ ਸਮਰਪਿਤ ਹੋਏਗਾ 33ਵਾਂ ਮੇਲਾ ਗ਼ਦਰੀ ਬਾਬਿਆਂ ਦਾ

**ਜਲੰਧਰ (ਜਸਪਾਲ ਕੁਮਾਰ ਆਜਾਦ)–** ਦੀਵਾਲੀ ਦੇ ਤਿਓਹਾਰ ਨੂੰ ਮੱਦੇ ਨਜ਼ਰ ਰੱਖਦਿਆਂ ਇਸ ਵਾਰ 7, 8, 9 ਨਵੰਬਰ ਨੂੰ ਹੋਏਗਾ 33ਵਾਂ ਮੇਲਾ ਗ਼ਦਰੀ ਬਾਬਿਆਂ ਦਾ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਬੋਰਡ ਆਫ਼ ਟਰੱਸਟ ਦੀ ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ’ਚ ਹੋਈ ਮੀਟਿੰਗ ’ਚ ਲਏ ਫੈਸਲਿਆਂ ਬਾਰੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਕਾਰਪੋਰੇਟ ਅਤੇ ਫਾਸ਼ੀਵਾਦ ਵਿਰੁੱਧ ਸੰਘਰਸ਼ਾਂ ਨੂੰ ਸਮਰਪਿਤ ਹੋਏਗਾ ਮੇਲਾ ਗ਼ਦਰੀ ਬਾਬਿਆਂ ਦਾ। ਇਸ ਮੇਲੇ ਦੇ ਸਿਖ਼ਰਲੇ ਦਿਨ 9 ਨਵੰਬਰ ਦਿਨ ਐਤਵਾਰ ਸਵੇਰੇ 10 ਵਜੇ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਦੀ ਰਸਮ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਹਰਦੇਵ ਅਰਸ਼ੀ ਅਦਾ ਕਰਨਗੇ। ਇਸ ਦਿਨ ਹੀ ਪੇਸ਼ ਹੋਣ ਵਾਲੇ ਝੰਡੇ ਦੇ ਗੀਤ ਦੀ ਵਰਕਸ਼ਾਪ ਇਸ ਵਾਰ ਦੀਵਾਲੀ ਉਪਰੰਤ ਦੇਸ਼ ਭਗਤ ਯਾਦਗਾਰ ਹਾਲ ’ਚ ਲੱਗੇਗੀ।

ਦੇਸ਼ ਭਗਤ ਯਾਦਗਾਰ ਹਾਲ ਦੇ ਸਮੁੱਚੇ ਕੰਪਲੈਕਸ ਨੂੰ ਮੇਲੇ ਦੇ ਦਿਨਾਂ ਵਿੱਚ ਗ਼ਦਰ ਪਾਰਟੀ ਦੇ ਪਹਿਲੇ ਖਜ਼ਾਨਚੀ 'ਕਾਂਸ਼ੀ ਰਾਮ ਮੜੌਲੀ ਨਗਰ’ ਦਾ ਨਾਂਅ ਦਿੱਤਾ ਜਾਏਗਾ। ਸ਼ਹੀਦ ਭਗਤ ਸਿੰਘ ਆਡੀਟੋਰੀਅਮ ਨੂੰ ਪਗੜੀ ਸੰਭਾਲ ਲਹਿਰ ਦੇ ਬਾਨੀ 'ਅਜੀਤ ਸਿੰਘ ਮੰਚ’ ਅਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਮੰਚ ਨੂੰ ਫਾਸ਼ੀਵਾਦ ਖਿਲਾਫ਼ ਲੜਨ ਵਾਲੇ ਜੁਝਾਰੂਆਂ ਵਿੱਚ ਵਿਸ਼ਵ ਭਰ ਵਿੱਚ ਜਾਣੇ ਜਾਂਦੇ ਸੰਗਰਾਮੀਏ 'ਜੂਲੀਅਸ ਫਿਊਚਕ ਪੁਸਤਕ ਪ੍ਰਦਰਸ਼ਨੀ ਮੰਚ’ ਦਾ ਨਾਂਅ ਦਿੱਤਾ ਜਾਏਗਾ।



'ਜੂਲੀਅਸ ਫਿਊਚਕ ਪੁਸਤਕ ਪ੍ਰਦਰਸ਼ਨੀ ਮੰਚ’ ਵਿੱਚ ਹੀ ਮੇਲੇ ਦੇ ਪਹਿਲੇ ਦਿਨ 7 ਨਵੰਬਰ ਦਿਨ ਸ਼ੁੱਕਰਵਾਰ ਸ਼ਾਮ ਠੀਕ 4 ਵਜੇ ਰੂਸੀ ਕਰਾਂਤੀ ਦੇ ਦਿਹਾੜੇ ਨੂੰ ਸਿਜਦਾ ਕਰਦੇ ਹੋਏ 'ਪੁਸਤਕ ਸਭਿਆਚਾਰ ਦੀ ਮਹੱਤਤਾ, ਅਮਿੱਟ ਦੇਣ ਅਤੇ ਸਾਡੇ ਸਮਿਆਂ ਦੀ ਲੋੜ’ ਵਿਸ਼ੇ ’ਤੇ ਚਰਚਾ ਹੋਏਗੀ। ਇਸ ਮੌਕੇ ਸਾਡੇ ਕੋਲੋਂ ਵਿਛੜੇ ਸੁਰਜੀਤ ਪਾਤਰ ਸਮੇਤ ਕਵੀਆਂ, ਲੇਖਕਾਂ ਨੂੰ ਯਾਦ ਕੀਤਾ ਜਾਏਗਾ।

8 ਨਵੰਬਰ ਦਿਨ ਸ਼ਨਿਚਰਵਾਰ ਸਵੇਰੇ ਕੁਇਜ਼, ਪੇਂਟਿੰਗ, ਗਾਇਨ ਅਤੇ ਭਾਸ਼ਣ ਮੁਕਾਬਲੇ ਵੱਖ–ਵੱਖ ਹਾਲਾਂ ਵਿੱਚ ਹੋਣਗੇ। ਕੁਇਜ਼ ਮੁਕਾਬਲਾ ਪੁਸਤਕ 'ਕਿਰਤੀ ਵਾਰਤਕ: ਸ਼ਹੀਦੀ ਜੀਵਨੀਆਂ’ (ਸੰਪਾਦਕ: ਚਰੰਜੀ ਲਾਲ ਕੰਗਣੀਵਾਲ) ਉਪਰ ਹੋਏਗਾ। ਸ਼ਾਮ 4 ਵਜੇ ਕਵੀ–ਦਰਬਾਰ, ਫ਼ਿਲਮ ਸ਼ੋਅ ਹੋਏਗਾ। ਇਸ ਦਿਨ ਬਾਬਾ ਜਵਾਲਾ ਸਿੰਘ ਹਾਲ ਵਿੱਚ ਤਿੰਨ ਨਵੇਂ ਫੌਜਦਾਰੀ ਅਤੇ ਕਾਲ਼ੇ ਕਾਨੂੰਨਾਂ ਦੇ ਮਨਸ਼ੇ, ਮਾਰੂ ਪ੍ਰਭਾਵ ਅਤੇ ਇਹਨਾਂ ਖਿਲਾਫ਼ ਜਨਤਕ ਆਵਾਜ਼ ਸਬੰਧੀ ਵਿਚਾਰ–ਚਰਚਾ ਹੋਏਗੀ। ਜਿਸ ਵਿੱਚ ਉੱਘੇ ਵਿਦਵਾਨਾਂ ਨੂੰ ਬੁਲਾਵਾ ਭੇਜਿਆ ਜਾ ਰਿਹਾ ਹੈ। ਮੇਲੇ ਦੇ ਸਿਖ਼ਰਲੇ ਦਿਨ ਏਸੇ ਹਾਲ ਵਿੱਚ 'ਖੇਤੀ ਸੰਕਟ, ਪਾਣੀ ਅਤੇ ਵਾਤਾਵਰਣ’ ਸਬੰਧੀ ਵਿਚਾਰ–ਚਰਚਾ ਹੋਏਗੀ। ਮੀਟਿੰਗ ’ਚ ਇਹ ਫੈਸਲਾ ਵੀ ਕੀਤਾ ਗਿਆ ਕਿ ਮੇਲੇ ਦੀਆਂ ਤਿਆਰੀਆਂ, ਪ੍ਰਚਾਰ, ਲਾਮਬੰਦੀ ਦੇ ਕਾਰਜ਼ ਨੂੰ ਮਹੱਤਤਾ ਦਿੰਦੇ ਹੋਏ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਕਿਰਤੀ–ਕਿਸਾਨਾਂ, ਵਿਦਿਆਰਥੀਆਂ, ਨੌਜਵਾਨਾਂ, ਬੇਰੁਜ਼ਗਾਰਾਂ, ਮੁਲਾਜ਼ਮਾਂ, ਲੇਖਕਾਂ, ਬੁੱਧੀਜੀਵੀਆਂ, ਤਰਕਸ਼ੀਲਾਂ, ਜਮਹੂਰੀ ਹਲਕਿਆਂ ਵਿੱਚ ਹੁਣ ਤੋਂ ਹੀ ਜ਼ੋਰਦਾਰ ਮੁਹਿੰਮ ਲਾਮਬੰਦ ਕੀਤੀ ਜਾਏਗੀ। ਮੇਲੇ ’ਚ ਲੰਗਰ ਦੇ ਖਰਚੇ ਦੀ ਜਿੰਮੇਵਾਰੀ ਤਰਨਤਾਰਨ ਜ਼ਿਲ੍ਹੇ ਦੇ ਗ਼ਦਰੀ ਦੇਸ਼ ਭਗਤਾਂ ਦੇ ਨਗਰਾਂ ਅਤੇ ਕਮੇਟੀਆਂ ਨੇ ਆਪਣੇ ਸਿਰ ਲੈਂਦੇ ਹੋਏ ਖੁਸ਼ੀ ਅਤੇ ਮਾਣ ਮਹਿਸੂਸ ਕੀਤਾ ਹੈ।

9 ਨਵੰਬਰ ਸਾਰਾ ਦਿਨ ਸਾਰੀ ਰਾਤ ਗੀਤ–ਸੰਗੀਤ, ਐਕਸ਼ਨ ਗੀਤ, ਵਿਚਾਰ–ਚਰਚਾ, ਨਾਟਕ ਨਿਰੰਤਰ ਜਾਰੀ ਰਹਿਣਗੇ। ਇਸ ਦਿਨ ਮੇਲੇ ਦੇ ਮੁੱਖ ਵਕਤਾ ਵਜੋਂ ਮੁਲਕ ਦੇ ਨਾਮਵਰ ਬੁੱਧੀਜੀਵੀਆਂ ਨੂੰ ਬੁਲਾਵਾ ਭੇਜਿਆ ਜਾ ਰਿਹਾ ਹੈ। ਇਉਂ ਮੇਲਾ 10 ਨਵੰਬਰ ਸਵੇਰੇ ਸਰਘੀ ਵੇਲੇ ਜੋਸ਼–ਖਰੋਸ਼ ਨਾਲ ਸੰਪਨ ਹੋਏਗਾ। ਅੱਜ ਦੀ ਮੀਟਿੰਗ ਦਾ ਆਗਾਜ਼ ਆਜ਼ਾਦੀ ਲਹਿਰ ਦੇ ਸ਼ਹੀਦ ਮਦਨ ਲਾਲ ਢੀਂਗਰਾ ਅਤੇ ਅਗਸਤ ਮਹੀਨੇ ਦੀਆਂ ਇਤਿਹਾਸਕ ਘਟਨਾਵਾਂ ਅਤੇ ਨਾਇਕਾਂ ਨੂੰ ਖੜ੍ਹੇ ਹੋ ਕੇ ਸਿਜਦਾ ਕਰਨ ਨਾਲ ਹੋਇਆ। ਇਸ ਮੌਕੇ ਬਲਾਤਕਾਰ ਉਪਰੰਤ ਮੌਤ ਦੇ ਘਾਟ ਉਤਾਰੀ ਗਈ ਕਲਕੱਤਾ ਦੀ ਡਾ. ਮੋਮਿਤਾ ਦੇਬਨਾਥ ਨੂੰ ਵੀ ਸ਼ਰਧਾਂਜ਼ਲੀ ਦਿੱਤੀ ਗਈ।

## ਜ਼ਿਮਨੀ ਚੋਣਾਂ ਦੇ ਹਲਕਿਆਂ ਵਿੱਚ ਮੁਲਾਜ਼ਮਾਂ/ਪੈਨਸ਼ਨਰਜ਼ ਆਪ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਭਾਂਡਾ ਭੰਨਣਗੇ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ਼ ਕੀਤੀ ਜਾ ਰਹੀ ਵਾਅਦਾ ਖਿਲਾਫੀ ਵਿਰੁੱਧ, ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਕਸਬਾ ਚੱਬੇਵਾਲ ਵਿਖੇ 18 ਅਗਸਤ ਨੂੰ ਕੀਤੀ ਗਈ ਰੈਲੀ ਵਿਚ ਗੜ੍ਹਸ਼ੰਕਰ ਤੋਂ ਸੈਂਕੜੇ ਮੁਲਾਜ਼ਮਾਂ ਦਾ ਜਥਾ ਮੱਖਣ ਸਿੰਘ ਵਾਹਿਦ ਪੁਰੀ, ਜਥੇਦਾਰ ਅਮਰੀਕ ਸਿੰਘ, ਸ਼ਾਮ ਸੁੰਦਰ ਕਪੂਰ ਅਤੇ ਬਲਵੀਰ ਬੈਂਸ ਸਿੰਘ ਬੈਂਸ ਦੀ ਅਗਵਾਈ ਵਿੱਚ ਰਵਾਨਾ ਹੋਇਆ। ਇਸੇ ਤਰ੍ਹਾਂ ਅਧਿਆਪਕ ਦਾ ਜਥਾ ਅਧਿਆਪਕ ਆਗੂਆਂ ਪਵਨ ਕੁਮਾਰ ਅਤੇ ਅਸ਼ਵਨੀ ਰਾਣਾ, ਪੁਰਾਣੀ ਪੈਨਸ਼ਨ ਬਹਾਲ ਸੰਘਰਸ਼ ਕਮੇਟੀ ਦਾ ਜਥਾ ਪ੍ਰਧਾਨ ਸਤਪਾਲ ਮਿਨਹਾਸ ਅਤੇ ਪੈਨਸ਼ਨਰ ਸਾਥੀਆਂ ਦਾ ਜੱਥਾ ਸ਼੍ਰੀ ਸਰੂਪ ਚੰਦ ਤੇ ਬਲਵੰਤ ਰਾਮ ਦੀ ਅਗਵਾਈ ਵਿੱਚ ਰੈਲੀ ਸਥਾਨ ਲਈ ਰਵਾਨਾ ਹੋਇਆ। ਇਸ ਸਮੇਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਪੰਜਾਬ ਸਰਕਾਰ ਵਿਰੁੱਧ ਰੋਹ ਭਰਪੂਰ ਨਾਅਰੇਬਾਜ਼ੀ ਕੀਤੀ ਗਈ। ਇਸ ਸਮੇਂ ਆਗੂਆਂ ਕਿਹਾ ਜਲੰਧਰ ਜ਼ਿਮਨੀ ਚੋਣ ਸਮੇਂ ਫਰੰਟ ਵੱਲੋਂ ਰੈਲੀ ਦਾ ਨੋਟਿਸ ਦਿੱਤੇ ਜਾਣ ਤੇ ਮੁੱਖ ਮੰਤਰੀ ਨੇ ਫ਼ਰੰਟ ਆਗੂਆਂ ਨਾਲ ਮੀਟਿੰਗ ਕਰਕੇ 25 ਜੁਲਾਈ ਨੂੰ ਵਿਸਥਾਰਿਤ ਮੀਟਿੰਗ ਦਾ ਸਮਾਂ ਨਿਸ਼ਚਿਤ ਕੀਤਾ ਸੀ ਪਰ ਮੁੱਖਮੰਤਰੀ ਨੇ ਦਿੱਤੇ ਸਮੇਂ ਤੇ ਮੀਟਿੰਗ ਨਾ ਕਰਕੇ ਮੀਟਿੰਗ ਦੀ ਅਗਲੀ ਮਿਤੀ 2 ਅਗਸਤ ਕਰ ਦਿੱਤੀ। ਪਰ ਇਸ ਵਾਰ ਵੀ ਮੁੱਖਮੰਤਰੀ ਨੇ ਆਪਣਾ ਵਾਅਦਾ ਨਿਭਾਉਣ ਦੀ ਥਾਂ ਮੀਟਿੰਗ ਦੀ ਅਗਲੀ ਮਿਤੀ 22 ਅਗਸਤ ਕਰਕੇ ਮੁਲਾਜ਼ਮਾਂ ਤੇ ਪੈਨਸ਼ਨਰਜ਼ ਨੂੰ ਪੂਰੀ ਤਰਾਂ ਠੁਠ ਦਿਖਾ ਦਿੱਤਾ ਜਿਸ ਕਾਰਨ ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਿਚ ਵਿਆਪਕ ਰੋਸ ਫੈਲ ਗਿਆ ਹੈ। ਹੁਣ ਫਰੰਟ ਨੇ ਫ਼ੈਸਲਾ ਕੀਤਾ ਹੈ ਕਿ ਜੇ ਮੁੱਖਮੰਤਰੀ ਨੇ 22 ਅਗਸਤ ਦੀ ਮੀਟਿੰਗ ਵਿੱਚ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਦਾ ਕੋਈ ਵਾਜ਼ਿਬ ਹੱਲ ਨਾ ਕੱਢਿਆ ਤਾਂ ਆਣ ਵਾਲੀਆਂ ਜ਼ਿਮਨੀ ਚੋਣਾਂ ਦੇ ਹਲਕਿਆਂ ਦੇ ਘਰ ਘਰ ਪਹੁੰਚ ਕੇ ਮੁਲਾਜ਼ਮਾਂ ਤੇ ਪੈਨਸ਼ਨਰਜ਼ ਵਲੋਂ ਆਪ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਭਾਂਡਾ ਭੰਨਿਆਂ ਜਾਵੇਗਾ। ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਵਿਚ ਹਰ ਤਰ੍ਹਾਂ ਦੇ ਖ਼ਤਮ ਕੀਤੇ ਭੱਤੇ ਬਹਾਲ ਕਰਨਾ, ਪੁਰਾਣੀ ਪੈਨਸ਼ਨ ਬਹਾਲ ਕਰਨਾ,ਕੱਚੇ ਮੁਲਾਜ਼ਮ ਪੱਕੇ ਕਰਨਾ, ਪੈਨਸ਼ਨਰਾਂ ਤੇ 2.56 ਗੁਣਾਕ ਲਾਗੂ ਕਰਨਾ,ਮਾਣ ਭੱਤਾ ਵਰਕਰਾਂ ਨੂੰ ਘੱਟੋ ਘੱਟ ਉਜਰਤ ਦੇ ਘੇਰੇ ਥੱਲੇ ਲਿਆਉਣਾ, ਖਾਲੀ ਪੋਸਟਾਂ ਤੁਰੰਤ ਭਰਨਾ ਅਤੇ ਸਰਕਾਰੀ ਵਿਭਾਗਾਂ ਦਾ ਨਿੱਜੀਕਰਨ ਰੋਕਣਾ ਸ਼ਾਮਿਲ ਹੈ। ਇਸ ਸਮੇਂ ਗੁਰਨਾਮ ਸਿੰਘ ਹਾਜੀ ਪੁਰ, ਪੰਡਿਤ ਪਵਨ ਕੁਮਾਰ ਗੜ੍ਹੀ, ਜੋਗਿੰਦਰ ਸਿੰਘ ਢਾਹਾਂ, ਵਿਨੋਦ ਕੁਮਾਰ, ਜਗਦੀਸ਼ ਲਾਲ, ਨਰੇਸ਼ ਬੱਗਾ, ਹਰਜਿੰਦਰ ਸੂਨੀ, ਰਮਨ ਕੁਮਾਰ, ਸਤੀਸ਼ ਕੁਮਾਰ, ਪਰਮਿੰਦਰ ਪੱਖੋਵਾਲ, ਅਜੇ ਰਾਣਾ, ਹੈਡਮਾਸਟਰ ਸੰਦੀਪ ਕੁਮਾਰ, ਨਰੇਸ਼ ਭੰਮੀਆਂ, ਗੋਪਾਲ ਦਾਸ, ਬਾਬੂ ਪਰਮਾ ਨੰਦ, ਦਿਲਬਾਗ ਸਿੰਘ ਅਤੇ ਵੱਖ ਵੱਖ ਜਥੇਬਦੀਆਂ ਦੇ ਆਗੂ ਤੇ ਵਰਕਰ ਹਾਜ਼ਰ ਸਨ।

## ਖ਼ਾਲਸਾ ਕਾਲਜ ’ਚ ‘ਵਰਿਕਸ਼ ਰਕਸ਼ਾ ਬੰਧਨ’ ਮਨਾਇਆ




**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਐੱਸ.ਈ.ਐੱਸ.ਆਰ.ਈ.ਸੀ. ਅਤੇ ਐੱਨ.ਐੱਸ.ਐੱਸ. ਯੂਨਿਟ ਵਲੋਂ ‘ਨੈਸ਼ਨਲ ਐਜ਼ੂਟਰੱਸਟ ਆਫ਼ ਇੰਡੀਆ’ ਦੇ ਸਹਿਯੋਗ ਨਾਲ ‘ਵਰਿਕਸ਼ ਰਕਸ਼ਾ ਬੰਧਨ’ ਮਨਾਇਆ ਗਿਆ। ਇਸ ਦੌਰਾਨ ਕਾਲਜ ਦੇ ਸਟਾਫ਼ ਅਤੇ ਵਿਦਿਆਰਥੀਆਂ ਨੇ ਮਿਲਕੇ ਵਾਤਾਵਰਣ ਦੀ ਸੰਭਾਲ, ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਉਨ੍ਹਾਂ ਦੀ ਸੰਭਾਲ ਕਰਨ ਦਾ ਪ੍ਰਣ ਲੈਂਦਿਆਂ ਕਾਲਜ ਕੈਂਪਸ, ਆਪਣੇ ਪਿੰਡਾਂ ਦੇ ਰੁੱਖਾਂ ਨੂੰ ਭਾਵਨਾਤਮਕ ਗਲਵਕੜੀ ਦੀ ਰੱਖੜੀ ਬੰਨ੍ਹਦੇ ਹੋਏ ਵਾਤਾਵਰਣ ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ ਕੀਤੀ। ਇਸਤੋਂ ਇਲਾਵਾ ਵਿਦਿਆਰਥੀਆਂ ਅਤੇ ਸਟਾਫ਼ ਨੇ ਆਪਣੇ–ਆਪਣੇ ਪਿੰਡਾਂ ਦੇ ਲੋਕਾਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਉਨ੍ਹਾਂ ਦੀ ਰੱਖਿਆ ਕਰਨ ਲਈ ਪ੍ਰੇਰਿਤ ਕੀਤਾ ਤਾਂ ਜੋ ਆਉਣ ਵਾਲੇ ਸਮਾਜ ਨੂੰ ਸਿਹਤਮੰਦ ਵਾਤਾਵਰਣ ਦਿੱਤਾ ਜਾ ਸਕੇ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾਕਟਰ ਅਮਨਦੀਪ ਹੀਰਾ ਨੇ ਐੱਸ.ਈ.ਐੱਸ.ਆਰ.ਈ.ਸੀ. ਦੇ ਕੋਆਰਡੀਨੇਟਰ ਡਾਕਟਰ ਮਨਬੀਰ ਕੌਰ ਨੂੰ ਵਾਤਾਵਰਣ ਪ੍ਰਤੀ ਵਿਦਿਆਰਥੀਆਂ, ਵਲੰਟੀਅਰਾਂ ਅਤੇ ਸਮਾਜ ਨੂੰ ਭਾਵਨਾਤਮਕ ਤੌਰ ’ਤੇ ਜੋੜਨ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਭਵਿੱਖ ਵਿਚ ਵੀ ਅਜਿਹੇ ਪ੍ਰੋਗਰਾਮ ਕਰਵਾਉਂਦੇ ਰਹਿਣ ਲਈ ਪ੍ਰੇਰਿਤ ਕੀਤਾ।

## ਸਿੱਖ ਨੈਸ਼ਨਲ ਕਾਲਜ ਬੰਗਾ ਦੇ ਕਾਮਰਸ ਵਿਭਾਗ ਵਲੋਂ ਸੈਮੀਨਾਰ ਦਾ ਆਯੋਜਨ ਕੀਤਾ ਗਿਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਸਿੱਖ ਨੈਸ਼ਨਲ ਕਾਲਜ ਬੰਗਾ ਦੇ ਪੀ ਜੀ ਡਿਪਾਰਟਮੈਂਟ ਆਫ ਕਾਮਰਸ ਵਲੋਂ ਪ੍ਰਿੰਸੀਪਲ ਡਾਕਟਰ ਤਰਸੇਮ ਸਿੰਘ ਭਿੰਡਰ ਦੀ ਅਗਵਾਈ ਹੇਠ 'ਕਰੀਅਰ ਪ੍ਰੇਰਨਾ ਅਤੇ ਉੱਦਮੀ ਮਾਨਸਿਕਤਾ' ਵਿਸ਼ੇ ਤੇ ਸੈਮੀਨਾਰ ਕਰਵਾਇਆ ਗਿਆ। ਜਿਸ ਵਿੱਚ ਪ੍ਰਮੁੱਖ ਪ੍ਰਵਕਤਾ ਵਜੋਂ ਚਰਨ ਕਮਲ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਚਰਨ ਕਮਲ ਨੇ ਕਿਹਾ ਕਿ ਨੋਜਵਾਨਾਂ ਨੂੰ ਅੱਜ ਦੇ ਮੁਕਾਬਲੇ ਦੇ ਯੁੱਗ 'ਚ ਸਮੇਂ ਦੇ ਹਾਣੀ ਬਣਕੇ ਚੱਲਣਾ ਚਾਹੀਦਾ ਹੈ ਤੇ ਕਿਤਾਬੀ ਸਿੱਖਿਆ ਹਾਸਲ ਕਰਨ ਦੇ ਨਾਲ–ਨਾਲ ਆਤਮ ਵਿਸ਼ਵਾਸੀ ਬਣਨਾ ਚਾਹੀਦਾ ਹੈ। ਉਹਨਾਂ ਨੇ ਬੱਚਿਆਂ ਨੂੰ ਦੱਸਿਆ ਕਿ ਵਿਦਿਆਰਥੀ ਕਿਵੇਂ ਆਪਣੇ ਛੋਟੇ ਬਿਜ਼ਨੈਂਸ ਸਥਾਪਿਤ ਕਰ ਸਕਦੇ ਹਨ। ਸੈਮੀਨਾਰ ਦੌਰਾਨ ਪ੍ਰਵਕਤਾ ਨੇ ਕਿਹਾ ਕਿ ਮਾਲਕ ਬਣ ਕੇ ਦੂਜਿਆਂ ਲਈ ਰੁਜਗਾਰ ਦੇ ਮੌਕੇ ਪੈਦਾ ਕਰੋ। ਅਖੀਰ ਵਿੱਚ ਪ੍ਰਿੰਸੀਪਲ ਡਾਕਟਰ ਤਰਸੇਮ ਸਿੰਘ ਭਿੰਡਰ ਵਲੋਂ ਮੁੱਖ ਪ੍ਰਵਕਤਾ ਚਰਨ ਕਮਲ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਮੰਚ ਦਾ ਸੰਚਾਲਨ ਬੀ–ਕਾਮ ਸਮੈਸਟਰ ਪੰਜਵੇ ਦੀ ਵਿਦਿਆਰਥਣ ਪਰਮਜੀਤ ਕੌਰ ਵਲੋਂ ਕੀਤਾ ਗਿਆ। ਵਿਭਾਗ ਮੁਖੀ ਡਾਕਟਰ ਕਮਲਦੀਪ ਕੌਰ ਨੇ ਸਭ ਦਾ ਧੰਨਵਾਦ ਕੀਤਾ। ਇਸ ਮੌਕੇ ਡਾਕਟਰ ਦਵਿੰਦਰ ਕੌਰ, ਪ੍ਰੋ ਰਮਨਦੀਪ ਕੌਰ, ਪ੍ਰੋ ਮਨਰਾਜ ਕੌਰ, ਪ੍ਰੋ ਹਰਦੀਪ ਕੌਰ, ਪ੍ਰੋ ਪ੍ਰਿਆ ਲੱਧੜ, ਪ੍ਰੋ ਅਵਨੀਤ ਕੌਰ, ਪ੍ਰੋ ਮਨੀਸ਼ਾ, ਪ੍ਰੋ ਗੁਰਿੰਦਰ ਕੌਰ, ਪ੍ਰੋ ਜਸਦੀਪ ਕੌਰ ਤੇ ਕਾਮਰਸ ਵਿਭਾਗ ਦੇ ਸਮੂਹ ਵਿਦਿਆਰਥੀ ਹਾਜ਼ਰ ਸਨ।



## ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ " ਪੰਥਕ ਹੋਕਾ ਦਲਿਤਾਂ ਦੇ ਵਿਹੜੇ " ਮੁਹਿੰਮ ਸ਼ੁਰੂ ਕਰਨ ਦਾ ਕੀਤਾ ਐਲਾਨ

**ਫਗਵਾੜਾ (ਬੀ.ਕੇ. ਰੱਤੂ)** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਲੋਂ ਦਲਿਤ ਸਿੱਖਾਂ ਨਾਲ ਧਾਰਮਿਕ ਅਤੇ ਸਮ–ਾਜਿਕ ਸਾਂਝਾ ਨੂੰ ਯਾਦ ਕਰਦਿਆਂ ਅਤੇ ਇਸ ਨੂੰ ਹੋਰ ਪੀਡਾ ਕਰਨ ਲਈ ਦਲ ਦੇ ਪ੍ਰਧਾਨ ਸ੍ਰ ਸਿਮਰਨਜੀਤ ਸਿੰਘ ਮਾਨ ਨੇ ਬਹੁਤ ਹੀ ਅਹਿਮ ਫੈਸਲਾ ਕਰਦੇ ਹੋਏ ਦਲਿਤ ਸਿੱਖਾਂ ਦੀ ਭਰਵੀਂ ਮੀਟਿੰਗ ਵਿੱਚ ਪੰਥਕ ਹੋਕਾ, ਦਲਿਤਾਂ ਦੇ ਵਿਹੜੇ " ਮੁਹਿੰਮ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ ਅਤੇ ਇਸ ਅਹਿਮ ਮੁਹਿੰਮ ਦਾ ਕਨਵੀਨਰ ਦੋਆਬਾ ਇੰਚਾਰਜ ਡਾ।ਹਰਜਿੰਦਰ ਸਿੰਘ ਜੱਖੂ ਨੂੰ ਐਲਾਨਿਆ। ਸ੍ਰ ਸਿਮਰਨਜੀਤ ਸਿੰਘ ਮਾਨ ਨੇ ਐਲਾਨ ਕੀਤਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੇਵਾ ਜੇ ਉਨ੍ਹਾ ਦੇ ਦਲ ਨੂੰ ਪੰਥ ਨੇ ਸੌਂਪੀ ਤਾਂ ਗਰੀਬ ਸਿੱਖਾਂ ਦੀ ਅੰਤਿਮ ਅਰਦਾਸ ਗੁਰੂ ਘਰਾਂ ਵਿੱਚ ਬਿਨਾਂ ਕੋਈ ਭੇਟਾਂ ਲਏ ਕੀਤੀ ਜਾਵੇਗੀ ਅਤੇ ਲੰਗਰ ਵੀ ਛਕਾਇਆ ਜਾਵੇਗਾ। ਦਲਿਤ ਬੇਟੀਆਂ ਦੇ ਆਨੰਦ ਕਾਰਜ ਵੀ ਬਿਨਾਂ ਕੋਈ ਭੇਟਾਂ ਲਏ ਕਾਰਜ ਸੰਪੂਰਨ ਹੋਇਆ ਕਰਨਗੇ ਅਤੇ ਲੰਗਰ ਦੀ ਸੇਵਾ ਵੀ ਕੀਤੀ ਜਾਵੇਗੀ। ਸ੍ਰ ਮਾਨ ਨੇ ਜਾਤਾਂ ਤੇ ਅਧਾਰਿਤ ਬਣੇ ਗੁਰੂ ਘਰਾਂ 'ਤੇ ਟਿੱਪਣੀ ਕਰਦੇ ਹੋਏ ਕਿਹਾ ਕਿ ਇਹ ਬਿਪਰਵਾਦ ਹੈ, ਅਸੀ ਇਸ ਨੂੰ ਖ਼ਤਮ ਕਰਾਂਗੇ। ਮਾਨ ਨੇ ਅੱਗੇ ਆਖਿਆ ਕਿ ਐਸ.ਜੀ.ਪੀ.ਸੀ. ਦੇ ਸਕੂਲਾਂ ਤੇ ਕਾਲਜਾਂ 'ਚ ਦਲਿਤ ਬੱਚਿਆਂ ਲਈ ਪੜ੍ਹਾਈ ਮੁਫ਼ਤ ਕਰਾਂਗੇ ਅਤੇ ਹੁਸ਼ਿਆਰ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਵੀ ਦਿਆ ਕਰਾਂਗੇ। ਉਨ੍ਹਾ ਕਿਹਾ ਕਿ ਅਸੀ ਪੰਥਕ ਹੋਕਾ ਮੁਹਿੰਮ ਧਾਰਮਿਕ ਅਤੇ ਸਮਾਜਿਕ ਸਾਂਝ ਪਾਉਣ ਲਈ ਪ੍ਰਚੰਡ ਕਰਾਂਗੇ। ਇਸ ਮੁਹਿੰਮ ਦੇ ਕਨਵੀਨਰ ਡਾ।ਹਰਜਿੰਦਰ ਸਿੰਘ ਜੱਖੂ ਨੇ ਐਲਾਨ ਕੀਤਾ ਕਿ ਅਗਲੇ ਮਹੀਨੇ ਅਗਲੀ ਮੀਟਿੰਗ ਵਿੱਚ 11 ਮੈਂਬਰੀ ਐਡਹਾਕ ਕਮੇਟੀ ਗਠਨ ਕੀਤਾ ਜਾਵੇਗਾ ਅਤੇ ਦਲਿਤ ਵਿਹੜਿਆਂ 'ਚ ਸਾਂਝ ਵਧਾਵਾਂਗੇ। ਪ੍ਰੋ ਮਹਿੰਦਰਪਾਲ ਸਿੰਘ ਜਨਰਲ ਸਕੱਤਰ ਨੇ ਕਿਹਾ ਕਿ ਇਸ ਚੰਗੇ ਉੱਦਮ ਲਈ ਅਸੀਂ ਹਰ ਸੰਭਵ ਸਹਿਯੋਗ ਕਰਾਂਗੇ। ਇਸ ਮੌਕੇ ਕਿਸਾਨ ਵਿੰਗ ਦੇ ਕੌਮੀ ਪ੍ਰਧਾਨ ਹਰਦੇਵ ਸਿੰਘ ਪੱਪੂ, ਹਰਭਜਨ ਸਿੰਘ ਕਸ਼ਮੀਰੀ ਸੀਨੀਅਰ ਆਗੂ, ਬਹਾਦਰ ਸਿੰਘ ਭਸੌੜ, ਭਾਈ ਸਰਬਜੀਤ ਸਿੰਘ ਖਾਲਸਾ, ਜਸਵੰਤ ਸਿੰਘ ਫੌਜੀ, ਰੇਸ਼ਮ ਸਿੰਘ ਪੱਪੀ ਤੋਂ ਹੋਰ ਵੀ ਆਗੂ ਤੇ ਵਰਕਰ ਹਾਜ਼ਰ ਸਨ। ਸਟੇਜ ਦੀ ਕਾਰਵਾਈ ਸ੍ਰ ਗੁਰਜੰਟ ਸਿੰਘ ਕੱਟੂ ਨੇ ਬਾਖ਼ੂਬੀ ਨਿਭਾਈ।



# ਪੰਜਾਬ ਦੇ ਸੱਭਿਆਚਾਰਕ ਵਿਰਸੇ ਦਾ ਅਨਿੱਖੜਵਾਂ ਅੰਗ ਹੈ ਤੀਆਂ ਦਾ ਤਿਉਹਾਰ - ਡਾ. ਗੁਰਪ੍ਰੀਤ ਕੌਰ

## ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪਤਨੀ ਨੇ ਵਿਧਾਇਕ ਟਾਂਡਾ ਵੱਲੋਂ ਆਯੋਜਿਤ ਤੀਆਂ ਦੇ ਪ੍ਰੋਗਰਾਮ 'ਚ ਮੁੱਖ ਮਹਿਮਾਨ ਵਜੋਂ ਕੀਤੀ ਸ਼ਿਰਕਤ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਹੁਸ਼ਿਆਰਪੁਰ ਦੇ ਉਪ ਮੰਡਲ ਟਾਂਡਾ ਵਿਚ ਅੱਜ 'ਤੀਆਂ ਸਾਡੇ ਵਿਹੜੇ-2024' ਬੜੀ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਹ ਆਯੋਜਨ ਵੜੈਚ ਫਾਰਮ ਵਿਚ ਵਿਧਾਇਕ ਉੜਮੁੜ ਜਸਵੀਰ ਸਿੰਘ ਰਾਜਾ ਗਿੱਲ ਦੀ ਅਗਵਾਈ ਵਿਚ ਸੰਪਨ ਹੋਇਆ। ਇਸ ਵਿਸ਼ੇਸ਼ ਸਮਾਗਮ ਵਿਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਧਰਮਪਤਨੀ ਡਾ। ਗੁਰ-ਪ੍ਰੀਤ ਕੌਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਡਿਪਟੀ ਕਮਿਸ਼ਨ ਕੋਮਲ ਮਿੱਤਲ, ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ ਅਤੇ ਵਿਧਾਇਕ ਜਸਵੀਰ ਸਿੰਘ ਦੀ ਪਤਨੀ ਰਮਨਦੀਪ ਕੌਰ ਗਿੱਲ ਵੀ ਮੌਜੂਦ ਸਨ।

ਮੁੱਖ ਮਹਿਮਾਨ ਡਾ. ਗੁਰਪ੍ਰੀਤ ਕੌਰ ਨੇ ਇਸ ਦੌਰਾਨ ਸ਼ਮ੍ਹਾ ਰੋਸ਼ਨ ਕਰਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਉਨ੍ਹਾਂ ਤੀਆਂ ਦੇ ਮਹੱਤਵ 'ਤੇ ਚਾਨਣਾ ਪਾਉਂਦੇ ਹੋਏ ਕਿਹਾ ਕਿ ਇਹ ਤਿਉਹਾਰ ਨਾਰੀ ਸ਼ਕਤੀ ਦਾ ਪ੍ਰਤੀਕ ਹੈ ਅਤੇ ਪੰਜਾਬ ਦੀ ਸੱਭਿਆਚਾਰਕ ਵਿਰਾਸਤ ਦਾ ਅਨਿੱਖਣਵਾਂ ਅੰਗ ਹੈ। ਉਨ੍ਹਾਂ ਦੱਸਿਆ ਕਿ ਤੀਆਂ ਦਾ ਤਿਉਹਾਰ ਮਹਿਲਾਵਾਂ ਦੀ ਖੁਸ਼ਹਾਲੀ ਅਤੇ ਸੱਭਿਆਚਾਰਕ ਵਿਰਾਸਤ ਨੂੰ ਸੁਰੱਖਿਅਤ ਰੱਖਣ ਦਾ ਮੌਕਾ ਪ੍ਰਦਾਨ ਕਰਦਾ ਹੈ। ਉਨ੍ਹਾਂ ਕਿਹਾ ਕਿ ਤੀਆਂ ਦਾ ਤਿਉਹਾਰ ਪੰਜਾਬ ਦੇ ਅਮੀਰ ਸੱਭਿਆਚਾਰ ਅਤੇ ਪਰੰਪਰਾਵਾਂ ਨੂੰ ਜਿਉਂਦਾ ਰੱਖਣ ਦਾ ਇਕ



ਮਹੱਤਵਪੂਰਨ ਜ਼ਰੀਆ ਹੈ। ਇਸ ਤਿਉਹਾਰ ਰਾਹੀਂ ਮਹਿਲਾਵਾਂ ਆਪਣੇ ਸਭਿਆਚਾਰ ਦੇ ਨਜ਼ਦੀਕ ਆਉਂਦੀਆਂ ਹਨ ਅਤੇ ਪਰਿਵਾਰਕ ਰਿਸ਼ਤਿਆਂ ਨੂੰ ਹੋਰ ਮਜ਼ਬੂਤ ਬਣਾਉਂਦੀਆਂ ਹਨ।

ਡਾ। ਗੁਰਪ੍ਰੀਤ ਕੌਰ ਨੇ ਇਸ ਮੌਕੇ 'ਤੇ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਬਾਰੇ ਵੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਸੂਬਾ ਸਰਕਾਰ ਮਹਿਲਾਵਾਂ ਦੇ ਵਿਕਾਸ ਲਈ ਲਗਾਤਾਰ ਕੰਮ ਕਰ ਰਹੀ ਹੈ, ਜਿਸ ਵਿਚ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨਾ, ਮਹਿਲਾਵਾਂ ਨੂੰ ਸਮਾਜ ਵਿਚ ਬਰਾਬਰ ਅਧਿਕਾਰ ਦਿਵਾਉਣ ਦੇ ਯਤਨ ਸ਼ਾਮਿਲ ਹਨ। ਉਨ੍ਹਾਂ ਇਸ ਗੱਲ 'ਤੇ ਜੋਰ ਦਿੱਤਾ ਕਿ ਪੰਜਾਬ ਸਰਕਾਰ ਹਮੇਸ਼ਾ ਤੋਂ ਮਹਿਲਾਵਾਂ ਦੇ ਵਿਕਾਸ ਲਈ ਵਚਨਬੱਧ ਰਹੀ ਹੈ ਅਤੇ ਅੱਗੇ ਵੀ ਇਸੇ ਦਿਸ਼ਾ ਵਿਚ ਕੰਮ ਕਰਦੀ ਰਹੇਗੀ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਨਾ ਕੇਵਲ ਸਾਡੀ ਸੱਭਿਆਚਾਰਕ ਵਿਰਾਸਤ ਨੂੰ ਸੰਭਾਲਣ ਵਿਚ ਮਦਦ ਕਰਦੇ ਹਨ, ਬਲਕਿ ਸਮਾਜ ਵਿਚ ਆਪਸੀ ਭਾਈਚਾਰੇ ਅਤੇ ਸਦਭਾਵਨਾ ਨੂੰ ਵੀ ਬੜਾਵਾ ਦਿੰਦੇ ਹਨ। ਉਨ੍ਹਾਂ ਡਾ. ਗੁਰ-ਪ੍ਰੀਤ ਕੌਰ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਕਿ ਉਨ੍ਹਾਂ ਨੇ ਇਸ ਪ੍ਰੋਗਰਾਮ ਵਿਚ ਸ਼ਿਰਕਤ ਕਰਕੇ ਇਸ ਨੂੰ ਹੋਰ ਵੀ ਖਾਸ ਬਣਾ ਦਿੱਤਾ। ਵਿਧਾਇਕ ਨੇ ਕਿਹਾ ਕਿ ਉਹ ਖੇਤਰ ਦੇ ਵਿਕਾਸ ਅਤੇ ਮਹਿਲਾਵਾਂ ਦੇ ਸਸ਼ਕਤੀਕਰਨ ਲਈ ਹਰ ਸੰਭਵ ਯਤਨ ਕਰਦੇ ਰਹਿਣਗੇ।

ਉਨ੍ਹਾਂ ਇਹ ਵੀ ਕਿਹਾ ਕਿ ਉਹ ਭਵਿੱਖ ਵਿਚ ਵੀ ਇਸ ਤਰ੍ਹਾਂ ਦੇ ਪ੍ਰੋਗਰਾਮਾਂ ਦਾ ਆਯੋਜਨ ਕਰਦੇ ਰਹਿਣਗੇ, ਤਾਂ ਜੋ ਸਾਡੀ ਅਮੀਰ ਸੱਭਿਆਚਾਰਕ ਵਿਰਾਸਤ ਜਿਉਂਦੀ ਰਹੇ ਅਤੇ ਨਵੀਂ ਪੀੜ੍ਹੀ ਇਸ ਨੂੰ ਗ੍ਰਹਿਣ ਕਰ ਸਕੇ। ਇਸ ਪ੍ਰੋਗਰਾਮ ਵਿਚ ਸ਼ਾਮਿਲ ਹੋਣ ਵਾਲੇ ਸਾਰੇ ਲੋਕਾਂ ਨੇ ਤੀਆਂ ਦੇ ਉਤਸਵ ਦਾ ਭਰਪੂਰ ਆਨੰਦ ਲਿਆ ਅਤੇ ਅਮੀਰ ਪੰਜਾਬੀ ਸੱਭਿਆਚਾਰ ਦੀ ਝਲਕ ਨੂੰ ਨੇੜਿਓਂ ਮਹਿਸੂਸ ਕੀਤਾ।

# ਦਾਣਾ ਮੰਡੀ ਵਿਖੇ ਕੀਤਾ ਚਾਰਦੀਵਾਰੀ ਅਤੇ ਨਵੇਂ ਬਣਾਏ ਪਾਰਕਿੰਗ ਏਰੀਏ ਦਾ ਉਦਘਾਟਨ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਸ਼ਹੀਦ ਭਗਤ ਸਿੰਘ ਹਰਿਆਵਲ ਮੁਹਿੰਮ ਤਹਿਤ ਸ. ਹਰਚੰਦ ਸਿੰਘ ਬਰਸਟ ਚੇਅਰਮੈਨ, ਪੰਜਾਬ ਮੰਡੀ ਬੋਰਡ ਮੋਹਾਲੀ ਵਲੋਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਦਾਣਾ ਮੰਡੀ ਬੰਗਾ ਅਤੇ ਨਵਾਂਸਹਿਰ ਵਿਖੇ ਪੌਦਾ ਲਗਾਇਆ ਗਿਆ ਅਤੇ ਨਵੀਂ ਅਨਾਜ ਮੰਡੀ ਬੰਗਾ ਵਿਖੇ ਵੱਖ-ਵੱਖ ਨਿਰਮਾਣ ਕਾਰਜਾਂ ਅਧੀਨ ਅੰਦਰੂਨੀ ਸੜਕ, ਚਾਰਦੀ-ਵਾਰੀ ਅਤੇ ਨਵੇਂ ਬਣਾਏ ਗਏ ਪਾਰਕਿੰਗ ਏਰੀਏ ਦਾ ਉਦਘਾਟਨ ਕੀਤਾ। ਇਸ ਦੌਰਾਨ ਉਹਨਾਂ ਨੇ ਕਿਹਾ ਕਿ ਵਣ ਅਧੀਨ ਰਕਬਾ ਘੱਟਣ ਕਾਰਨ ਗਲੋਬਲ ਵਾਰਮਿੰਗ ਵੱਧ ਰਹੀ ਹੈ ਅਤੇ ਗਲੇਸ਼ੀਅਰ ਪਿਘਲ ਰਹੇ ਹਨ।ਵਾਤਾਵਰਣ ਨੂੰ ਬਚਾਉਣਾ ਸਾਡਾ ਸਾ-ਰਿਆਂ ਦਾ ਫਰਜ ਹੈ, ਹਰੇਕ ਵਿਅਕਤੀ ਨੂੰ ਘੱਟ ਤੋਂ ਘੱਟ 5 ਪੌਦੇ ਜਰੂਰ ਲਗਾਉਣੇ ਚਾਹੀਦੇ ਹਨ। ਸ. ਹਰਚੰਦ ਸਿੰਘ ਬਰਸਟ, ਚੇਅਰਮੈਨ ਪੰਜਾਬ ਮੰਡੀ ਬੋਰਡ ਵਲੋਂ ਸਰਕਾਰ ਦੀ ਇਸ ਮੁਹਿੰਮ ਤਹਿਤ ਮੌਕੇ ਤੇ ਹਾਜਰ ਹੋਏ ਅਧਿਕਾਰੀ, ਆੜਤੀ ਸਹਿਬਾਨ ਅਤੇ ਨਗਰ ਨਿਵਾਸੀਆਂ ਨੂੰ ਪੰਜਾਬ ਦੇ ਰਵਾਇਤੀ ਛਾਂਦਾਰ ਅਤੇ ਫਲਦਾਰ ਪੌਦੇ ਲਗਾਉਣ ਦੀ ਅਪੀਲ ਕੀਤੀ ਤਾਂ ਜੋ ਆਉਣ ਵਾਲੀ ਪੀੜੀ ਨੂੰ ਇੱਕ ਸਾਫ ਸੁਥਰਾ ਅਤੇ ਹਰਿਆ ਭਰਿਆ ਪੰਜਾਬ ਦਿੱਤਾ ਜਾ ਸਕੇ। ਇਸ ਮੌਕੇ ਤੇ ਸਤਨਾਮ ਸਿੰਘ ਚੇਚੀ ਜਲਾਲਪੁਰ, ਚੇਅਰਮੈਨ ਜਿਲਾ ਯੋਜਨਾ ਬੋਰਡ,



ਸ੍ਰੀ ਕੁਲਜੀਤ ਸਰਹਾਲ, ਵਾਇਸ ਪ੍ਰਧਾਨ, ਪੰਜਾਬ ਜਲ ਸਰੋਤ ਪ੍ਰਬੰਧਨ ਤੇ ਵਿਕਾਸ ਨਿਗਮ, ਲਲਿਤ ਮੋਹਨ ਪਾਠਕ, ਵਾਇਸ ਚੇਅਰਮੈਨ, ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ, ਸ੍ਰੀ ਗੁਰਿੰਦਰ ਸਿੰਘ ਚੀਮਾ, ਮੁੱਖ ਇੰਜੀਨੀਅਰ ਪੰਜਾਬ ਮੰਡੀ ਬੋਰਡ, ਮੋਹਾਲੀ, ਗਗਨ ਅਗਨੀਹੋਤਰੀ ਚੇਅਰਮੈਨ ਮਾਰਕਿਟ ਕਮੇਟੀ ਨਵਾਂਸਹਿਰ, ਰੁਪਿੰਦਰ ਮਨਿਹਾਸ, ਜਿਲਾ ਮੰਡੀ ਅਫਸਰ, ਸ਼ਹੀਦ ਭਗਤ ਸਿੰਘ ਨਗਰ, ਗੋਰਵ ਭੱਟੀ, ਕਾਰਜਕਾਰੀ ਇੰਜੀਨੀਅਰ (ਸਿਵਲ), ਪੰਜਾਬ ਮੰਡੀ ਬੋਰਡ, ਸ਼ਹੀਦ ਭਗਤ ਸਿੰਘ ਨਗਰ, ਵਰਿੰਦਰ ਕੁਮਾਰ ਸਕੱਤਰ, ਮਾਰਕਿਟ ਕਮੇਟੀ, ਬੰਗਾ, ਇੰਦਰ-ਜੀਤ ਸਿੰਘ, ਸਕੱਤਰ ਮਾਰਕਿਟ ਕਮੇਟੀ, ਨਵਾਂਸਹਿਰ, ਸੰਦੀਪ ਉਪ ਮੰਡਲ ਅਫਸਰ ਬੰਗਾ, ਰਾਕੇਸ ਕੁਮਾਰ, ਉਪ ਮੰਡਲ ਅਫਸਰ ਨਵਾਂਸਹਿਰ, ਗੁਰਚਰਨ ਸਿੰਘ, ਪ੍ਰਧਾਨ ਆੜਤੀਆ ਐਸੋਸੀਆ ਬੰਗਾ, ਮਨਜਿੰਦਰ ਸਿੰਘ ਵਾਲੀਆ, ਪ੍ਰਧਾਨ ਆੜਤੀਆ ਅਸੋਸੀਏਸਨ ਨਵਾਂਸਹਿਰ, ਬਲਵੀਰ ਸਿੰਘ ਕਰਨਾਣਾ, ਵੀਨਿਤ ਰਾਣਾ, ਭੁਪਿੰਦਰ ਉੜਾਪੜ, ਕੁਲਦੀਪ ਉੜਾਪੜ, ਲੱਡੂ ਮਹਾਲੋਂ, ਬਲਵਿੰਦਰ ਕੁਮਾਰ, ਮਹਿੰਦਰ ਸਿੰਘ, ਡਾ. ਕਮਲਜੀਤ ਲਾਲ, ਚਮਨ ਸਿੰਘ ਭਾਨਮਾਜਰਾ, ਹਰਮੇਸ਼ ਬੀਕਾ ਅਤੇ ਮੰਡੀ ਵਿੱਚ ਕੰਮ ਕਰਦੇ ਆੜਤੀਆ ਸਹਿਬਾਨ ਹਾਜਰ ਸਨ।

# ਸਕੂਲ ਸਿੱਖਿਆ ਵਿਭਾਗ ਪੰਜਾਬ ਦੇ ਡਾਇਰੈਕਟਰ ਪੀਸੀਐਸ ਅਫਸਰ ਪਰਮਜੀਤ ਸਿੰਘ ਨੇ ਸਕੂਲ ਆਫ ਐਮੀਨੈਂਸ ਟਾਂਡਾ ਦਾ ਕੀਤਾ ਵਿਸ਼ੇਸ਼ ਤੌਰ ਤੇ ਦੌਰਾ




**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)-** ਸਕੂਲ ਸਿੱਖਿਆ ਵਿਭਾਗ ਪੰਜਾਬ ਦੇ ਡਾਇਰੈਕਟਰ ਪੀ ਸੀ ਐਸ ਅਫਸਰ ਪਰਮਜੀਤ ਸਿੰਘ ਨੇ ਸਕੂਲ ਆਫ ਐਮੀਨੈਂਸ ਟਾਂਡਾ ਦਾ ਵਿਸ਼ੇਸ਼ ਤੌਰ ਤੇ ਦੌਰਾ ਕੀਤਾ। ਸਕੂਲ ਪਹੁੰਚਣ ਤੇ ਡਿਪਟੀ ਡੀ ਈ ਓ ਧੀਰਜ ਵਸ਼ਿਸ਼ਟ, ਪ੍ਰਿੰਸੀਪਲ ਰਾਜੇਸ਼ ਕੁਮਾਰ, ਵੋਕੇਸ਼ਨਲ ਕੋਆਰਡੀਨੇਟਰ ਅਮਰੀਕ ਸਿੰਘ ਤੇ ਸਮੁੱਚੇ ਸਟਾਫ ਮੈਂਬਰਾਂ ਨੇ ਉਹਨਾਂ ਦਾ ਸਵਾਗਤ ਕੀਤਾ। ਇਸ ਮੌਕੇ ਡਾਇਰੈਕਟਰ ਸਕੂਲ ਸਿਖਿਆ ਪੰਜਾਬ ਨੇ ਸਪੋਰਟਸ ਵਿੰਗ ਟਾਂਡਾ ਦੀ ਇਮਾਰਤ ਦਾ ਨਿਰੀਖਣ ਕੀਤਾ ਤੇ ਦੱਸਿਆ ਕਿ ਸਪੋਰਟਸ ਵਿੰਗ ਦੇ ਚਾਰ ਕਮਰੇ ਉਪ ਮੰਡਲ ਮੈਜਿਸਟਰੇਟ ਦਫਤਰ ਟਾਂਡਾ ਵਾਸਤੇ ਆਰਜੀ ਤੌਰ ਤੇ ਦਿੱਤੇ ਜਾਣਗੇ ।ਜਦਕਿ ਦੂਸਰੇ ਕਮਰਿਆਂ ਨੂੰ ਰੈਨੋਵੇਟ ਕਰਕੇ ਸਰਕਾਰ ਵੱਲੋਂ ਸਕੂਲ ਵਿੱਚ ਫਿਰ ਤੋਂ ਸਪੋਰਟਸ ਵਿੰਗ ਚਾਲੂ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਉਹਨਾਂ ਇਸ ਮੌਕੇ ਦੱਸਿਆ ਕਿ ਸਕੂਲ ਆਫ ਐਮੀਨੈਸ ਤਹਿਤ ਚੱਲ ਰਹੇ ਇਸ ਸਕੂਲ ਵਿੱਚ ਸਰਕਾਰ ਵੱਲੋਂ ਵਿਦਿਆਰਥੀਆਂ ਨੂੰ ਹਰ ਸੰਭਵ ਸਹੂਲਤ ਪ੍ਰਧਾਨ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਿਸ ਦੌਰਾਨ ਪਹਿਲਾਂ ਵਿਦਿਆਰਥੀਆਂ ਨੂੰ ਵਰਦੀਆਂ ਅਤੇ ਹੁਣ ਵਿਦਿਆਰਥੀਆਂ ਦੀ ਸਹੂਲਤ ਵਾਸਤੇ ਸਕੂਲ ਵੱਲੋਂ ਬਸ ਸਰਵਿਸ ਵੀ ਸ਼ੁਰੂ ਕੀਤੀ ਗਈ ਹੈ। ਇਸ ਮੌਕੇ ਉਹਨਾਂ ਸਕੂਲ ਦੇ ਪ੍ਰਿੰਸੀਪਲ ਰਾਜੇਸ਼ ਕੁਮਾਰ ਤੇ ਉਹਨਾਂ ਦੀ ਸਮੁੱਚੀ ਟੀਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨਾਂ ਦੀ ਮਿਹਨਤ ਨਾਲ ਅੱਜ ਸਕੂਲ ਬਹੁਤ ਜਿਆਦਾ ਤਰੱਕੀ ਕਰ ਰਿਹਾ ਅਤੇ ਸਕੂਲ ਅੰਦਰ ਬਣ ਰਹੇ ਲੈਬ ਕਲਾਸ ਰੂਮ ਆਉਣ ਵਾਲੇ ਸਮੇਂ ਵਿੱਚ ਵਿਦਿਆਰਥੀਆਂ ਲਈ ਬਹੁਤ ਲਾਹੇਵੰਦ ਹੋਣਗੇ।

# ਬਸਪਾ ਵਲੋਂ ਬੰਗਾ ਹਲਕੇ ਵਿੱਚ ਕੀਤੀ ਅਹੁਦੇਦਾਰਾਂ ਦੀ ਚੋਣ



**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)** ਬਹੁਜਨ ਸਮਾਜ ਪਾਰਟੀ ਦੇ ਪ੍ਰਧਾਨ ਜਸਵੀਰ ਸਿੰਘ ਗੜੀ ਵਲੋਂ ਵਿਧਾਨ ਸਭਾ ਹਲਕਾ ਬੰਗਾ ਵਿੱਚ ਕੀਤੀ ਵਿਸ਼ੇਸ਼ ਮੀਟਿੰਗ ਦੌਰਾਨ ਕਮੇਟੀ ਦੀ ਚੋਣ ਕੀਤੀ ਗਈ ਇਸ ਮੌਕੇ ਉਨਾ ਦੱਸਿਆ ਕਿ ਪੰਜਾਬ ਭਰ ਵਿੱਚੋ ਬਸਪਾ ਸੁਪਰੀਮੋ ਭੈਣ ਕੁਮਾਰੀ ਮਾਇਆ ਵਤੀ ਜੀ ਦੇ ਨਿਰਦੇਸ਼ ਅਨੁਸਾਰ ਮੀ-ਟਿੰਗਾਂ ਕੀਤੀਆਂ ਜਾ ਰਹੀਆਂ ਹਨ ਤੇ ਇਸ ਮੀਟਿੰਗ ਵਿੱਚ ਬਲਜਿੰਦਰ ਰਤਨ ਐਨ ਆਰ ਆਈ ਬੰਗਾ ਹਲਕੇ ਦੇ ਸਹਿਯੋਗੀ ਸਾਥੀ ਵਿਦੇਸ਼ ਤੋਂ ਪਹੁੰਚੇ ਇਸ ਮੌਕੇ ਪ੍ਰਧਾਨ ਗੜੀ ਵਲੋਂ ਆਉਣ ਵਾਲੀਆਂ ਪੰਚਾਇਤ ਤੇ ਹੋਰ ਚੋਣਾਂ ਨੂੰ ਮੁਖ ਰੱਖਦੇ ਹੋਏ ਹਲਕੇ ਦੇ ਜੱਥੇਬੰਦਕ ਢਾਂਚੇ ਨੂੰ ਚੁਸਤ ਦਰੁਸਤ ਕਰਨ ਲਈ ਵਿਧਾਨ ਸਭਾ ਦੇ ਪੰਜ ਜੋਨ ਬਣਾਏ ਗਏ ਸੀਨੀਅਰ ਲੀਡਰਸ਼ਿਪ ਦੀ ਅਗਵਾਈ ਵਿੱਚ ਤਹਿ ਸਮੇਂ ਵਿੱਚ ਕੰਮ ਵੰਡੇ ਜਾਣ ਦਾ ਫੈਂਸਲਾ ਲਿਆ ਉਨਾ ਪਾਰਟੀ ਦੀ ਨੀਤੀ ਮੁਤਾਬਕ 50% ਨੋਜਵਾਨਾਂ ਨੂੰ ਨੁਮਾਇੰਦਗੀ ਦਿੰਦੇ ਹੋਏ ਬੰਗਾ ਹਲਕੇ ਦੀ ਚੋਣ ਕੀਤੀ ਪ੍ਰਧਾਨ ਰਾਮ ਲਭਾਇਆ ਲਧਾਣਾ ਉਚਾ ਰਿਟਾਇਰ ਜੇ ਈ. ਉਪ ਪ੍ਰਧਾਨ ਸਰਪੰਚ ਅਸ਼ੋਕ ਕੁਮਾਰ ਖੋਥੜਾਂ ਜਨਰਲ ਸਕੱਤਰ ਹਰਮੇਸ਼ ਵਿਰਦੀ ਜੀ, ਕੈਸ਼ੀਅਰ ਬਾਬੂ ਸਤਪਾਲ ਔੜ ਜੁਆਇੰਟ ਸਕੱਤਰ ਜਸਵੰਤ ਕਟਾਰੀਆਂ ਮੁਕੰਦਪੁਰ , ਬੰਗਾ ਸ਼ਹਿਰੀ ਪ੍ਰਧਾਨ ਹਰਜਿੰਦਰ ਲੱਧੜ ਸੋਨੂੰ ਜਿਲਾ ਯੂਥ ਇੰਚਾਰਜ ਕੁਲਦੀਪ ਬਹਿਰਾਮ ਲੇਡੀਜ਼ ਵਿੰਗ ਰਵਿੰਦਰ ਮਹਿਮੀ ਜਿਲਾ ਕੋ ਕਨਵੀਨਰ ,ਲੇਡੀਜ਼ ਵਿੰਗ ਪਰਮਜੀਤ ਕੋਰ ਬਹਿਰਾਮ ਇੰਚਾਰਜ ਹਲਕਾ ਬੰਗਾ, ਯੂਥ ਵਿੰਗ ਜਤਿੰਦਰ ਖਮਾਚੋ ਹਲਕਾ ਇੰਚਾਰਜ ਬੰਗਾ ਲਗਾਇਆ ਗਿਆ ਸੂਬਾ ਪ੍ਰਧਾਨ ਸ ਜਸਵੀਰ ਸਿੰਘ ਗੜੀ ਵਲੋਂ ਨਵੀਂ ਚੁਣੀ ਟੀਮ ਨੂੰ ਮੁਬਾਰਕਾਂ ਦਿੱਤੀਆਂ ਤੇ ਡਟਕੇ ਪਾਰਟੀ ਲਈ ਕੰਮ ਕਰਨ ਲਈ ਪ੍ਰੇਰਤ ਕੀਤਾ ਮੀਟਿੰਗ ਦੌਰਾਨ ਲੋਕ ਗਾਇਕ ਰਾਜ ਦਦਰਾਲ, ਸਰਪੰਚ ਮਨੋਹਰ ਕਮਾਮ ਤੋ ਇਲਾਵਾ ਹੋਰ ਵੀ ਹਾਜ਼ਰ ਸਨ ਇਸ ਮੌਕੇ ਚੁਣੇ ਅਹੁਦੇਦਾਰਾਂ ਵਲੋਂ ਬਸਪਾ ਪ੍ਰਧਾਨ ਜਸਵੀਰ ਸਿੰਘ ਗੜੀ ਤੇ ਹਾਈ ਕਮਾਂਡ ਨੂੰ ਭਰੋਸਾ ਦਿਵਾਇਆ ਤੇ ਉਨਾ ਕਿਹਾ ਜੋ ਸਾਨੂੰ ਜਿੰਮੇਵਾਰੀਆਂ ਦਿਤੀਆਂ ਹਨ ਉਹਨਾਂ ਨੂੰ ਪਹਿਲ ਦੇ ਅਧਾ ਰ ਤੇ ਨਿਭਾਵਾਂਗੇ। ਇਸ ਮੌਕੇ ਲੋਕ ਸਭਾ ਹਲਕਾ ਦੇ ਇੰਚਾਰਜ ਪ੍ਰਵੀਨ ਬੰਗਾ ਨੇ ਪ੍ਰਧਾਨ ਸਾਬ ਤੇ ਸਮੂੰਹ ਬਸਪਾ ਦੇ ਨਵ ਨਿਯੁਕਤ ਅਹੁਦੇਦਾਰ ਤੇ ਵਰਕਰ ਸਾਹਿਬਾਨਾਂ ਦਾ ਧੰਨਵਾਦ ਕੀਤਾ।

# ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਲਈ 31 ਅਗਸਤ ਤੱਕ ਹੋਵੇਗੀ ਰਜਿਸਟਰੇਸ਼ਨ - ਡਿਪਟੀ ਕਮਿਸ਼ਨਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਡਿਪਟੀ ਕਮਿਸ਼ਨ ਕੋਮਲ ਮਿੱਤਲ ਨੇ ਦੱਸਿਆ ਕਿ ਮਹਿਲਾ ਅਤੇ ਬਾਲ ਵਿਕਾਸ ਮੰਤਰਾਲਾ ਭਾਰਤ ਸਰਕਾਰ ਵੱਲੋਂ ਰਾਸ਼ਟਰੀ ਬਾਲ ਪੁਰਸਕਾਰ ਲਈ 31 ਅਗਸਤ 2024 ਤੱਕ ਆਨਲਾਈਨ ਪੋਰਟਲ ਰਾਹੀਂ ਰਜਿਸਟਰੇਸ਼ਨ ਕਰਵਾਈ ਜਾ ਰਹੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਹ ਪੁਰਸਕਾਰ ਹਰ ਸਾਲ ਉਨ੍ਹਾਂ ਬੱਚਿਆਂ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਨੇ ਅਸਧਾਰਨ ਬਹਾਦਰੀ ਦਾ ਕੰਮ ਕੀਤਾ ਹੋਵੇ ਅਤੇ ਸਪੈਸ਼ਲ ਬੱਚੇ, ਜਿਨ੍ਹਾਂ ਨੇ ਅਸਾਧਾਰਨ ਯੋਗਤਾਵਾਂ ਨਾਲ ਵਿਸ਼ੇਸ਼ ਅਸਾਧਾਰਨ ਉਪਲਬੱਧੀ ਹਾਸਲ ਕੀਤੀ ਹੋਵੇ। ਉਨ੍ਹਾਂ ਦੱਸਿਆ ਕਿ ਉਹ ਅਸਾਧਾਰਨ ਬੱਚੇ ਜਿਨ੍ਹਾਂ ਨੇ ਖੇਡਾਂ, ਸਮਾਜ ਸੇਵਾ, ਵਿਗਿਆਨ ਅਤੇ ਤਕਨਾਲੋਜੀ, ਵਾਤਾਵਰਨ, ਕਲਾ ਅਤੇ ਸੱਭਿਆਚਾਰ ਅਤੇ ਨਵੀਨਤਾ ਦੇ ਖੇਤਰਾਂ ਵਿਚ ਮੱਲ੍ਹਾਂ ਮਾਰੀਆਂ ਹੋਣ, ਰਾਸ਼ਟਰੀ ਪੱਧਰ 'ਤੇ ਮਾਨਤਾ ਦੇ ਹੱਕਦਾਰ ਹਨ। ਉਨ੍ਹਾਂ ਕਿਹਾ ਕਿ ਜੋ ਬੱਚੇ ਭਾਰਤ ਦੇ ਨਾਗਰਿਕ ਹਨ ਅਤੇ ਅਤੇ ਅਰਜ਼ੀ ਦੇਣ ਦੀ ਆਖ਼ਰੀ ਮਿਤੀ ਤੱਕ 5 ਸਾਲ ਤੋਂ ਵੱਧ ਅਤੇ 18 ਸਾਲ ਤੋਂ ਘੱਟ ਉਮਰ ਦੇ ਹਨ ਅਤੇ ਮੰਗੀ ਗਈ ਯੋਗਤਾ ਵਾਲੇ ਹਨ, ਉਹ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ (ਪੀ.ਐਮ.ਆਰ.ਬੀ.ਪੀ) ਦੀ ਵੈੱਬਸਾਈਟ 'ਤੇ 31 ਅਗਸਤ 2024 ਤੱਕ ਆਨਲਾਈਨ ਪੋਰਟਲ https://awards.govi.n ਰਾਹੀਂ ਆਪਣੀ ਰਜਿਸਟਰੇਸ਼ਨ ਕਰਵਾ ਸਕਦੇ ਹਨ।



# ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਨੇ ਆਈ.ਟੀ.ਆਈ ਗਰਾਊਂਡ ਵਿਖੇ ਲਹਿਰਾਇਆ ਤਿਰੰਗਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ, ਪੂੰਜੀ ਨਿਵੇਸ਼ ਪ੍ਰੋਤਸਾਹਨ, ਕਿਰਤ ਅਤੇ ਪ੍ਰਾਹੁਣਚਾਰੀ ਮੰਤਰੀ ਪੰਜਾਬ ਅਨਮੋਲ ਗਗਨ ਮਾਨ ਨੇ ਆਈ।ਟੀ।ਆਈ ਗਰਾਊਂਡ ਵਿਖੇ ਜ਼ਿਲ੍ਹਾ ਪੱਧਰੀ ਅਜ਼ਾਦੀ ਦਿਵਸ ਸਮਾਗਮ ਵਿੱਚ ਰਾਸ਼ਟਰੀ ਝੰਡਾ ਲਹਿਰਾਇਆ। ਇਸ ਤੋਂ ਪਹਿਲਾਂ ਉਹ ਸ਼ਹੀਦ-ਏ-ਆਜ਼ਮ ਸ। ਭਗਤ ਸਿੰਘ ਅਤੇ ਉਨ੍ਹਾਂ ਦੇ ਪਿਤਾ ਸ। ਕਿਸ਼ਨ ਸਿੰਘ ਨੂੰ ਉਨ੍ਹਾਂ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਬਣੀਆਂ ਯਾਦਗਾਰਾਂ ਵਿਖੇ ਨਤਮਸਤਕ ਹੋਣ ਪੁੱਜੇ।

ਇਸ ਮੌਕੇ 'ਤੇ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਨੇ ਖਟਕੜ ਕਲਾਂ ਵਿਖੇ ਸ਼ਹੀਦ-ਏ-ਆਜ਼ਮ ਸ। ਭਗਤ ਸਿੰਘ ਜੀ ਦੇ ਮਿਊਜ਼ੀਅਮ ਵਿਖੇ ਸਿੱਖ ਇੰਪਾਇਅਰ ਪ੍ਰਦਰਸ਼ਨੀ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਅੰਤਰ-ਰਾਸ਼ਟਰੀ ਕਲਾਕਾਰਾਂ ਅਤੇ ਲੇਖਕਾਂ ਦੇ ਨਜ਼ਰੀਏ ਦੁਆਰਾ ਇਹ ਪ੍ਰਦਰਸ਼ਨੀ ਤਿਆਰ ਕੀਤੀ ਗਈ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਹ ਪ੍ਰਦਰਸ਼ਨੀ ਜ਼ਰੂਰ ਦੇਖਣ ਅਤੇ ਆਪਣੇ ਇਤਿਹਾਸ ਤੇ ਸ਼ਹੀਦਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ।

ਆਈ।ਟੀ।ਆਈ ਗਰਾਊਂਡ ਵਿਖੇ ਕੌਮੀ ਝੰਡਾ ਲਹਿਰਾਉਣ ਉਪਰੰਤ ਉਨ੍ਹਾਂ ਨੇ ਪਰੇਡ ਦਾ ਨਿਰੀਖਣ ਕੀਤਾ ਅਤੇ ਇਸ ਮੌਕੇ ਪੰਜਾਬ ਪੁਲਿਸ, ਐਨ.ਸੀ.ਸੀ। ਅਤੇ ਵੱਖ-ਵੱਖ ਸਕੂਲੀ ਬੱਚਿਆਂ ਦੀਆਂ ਟੁੱਕੜੀਆਂ ਵੱਲੋਂ ਮਾਰਚ ਪਾਸਟ ਕੱਢਿਆ ਗਿਆ। ਇਸ ਦੇ ਨਾਲ ਹੀ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ




ਵਿਕਾਸ ਕਾਰਜਾਂ ਨੂੰ ਦਰਸਾਉਂਦੀਆਂ ਝਾਂਕੀਆਂ ਵੀ ਕੱਢੀਆਂ ਗਈਆਂ। ਇਸ ਮੌਕੇ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਅਤੇ ਐਸ।ਐਸ।ਪੀ ਡਾ ਮਹਿਤਾਬ ਸਿੰਘ ਵੀ ਮੌਜੂਦ ਸਨ। ਇਸ ਮੌਕੇ ਦੇਸ਼ ਦੀ ਆਜ਼ਾਦੀ ਵਿੱਚ ਪੰਜਾਬੀਆਂ ਦੇ ਲਾ-ਮਿਸਾਲ ਯੋਗਦਾਨ ਅਤੇ ਸਭ ਤੋਂ ਵੱਧ ਕੀਤੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਨੇ ਕਿਹਾ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਕਰਕੇ ਹੀ ਅਸੀਂ ਅੱਜ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਉਨ੍ਹਾਂ ਕਿਹਾ ਕਿ ਸਾਨੂੰ ਮਿਲ ਜੁਲ ਕੇ ਦੇਸ਼ ਦੀ ਉਨਤੀ ਵਿੱਚ ਸਾਥ ਦੇਣਾ ਚਾਹੀਦਾ ਹੈ ਅਤੇ ਸ਼ਹੀਦਾਂ ਵਲੋਂ ਦਿੱਤੀਆਂ ਗਈਆਂ ਕੁਰਬਾਨੀਆਂ ਨੂੰ ਵੀ ਹਮੇਸ਼ਾ ਯਾਦ ਰੱਖਣ ਚਾਹੀਦਾ ਹੈ। ਇਸ ਮੌਕੇ ਉਨ੍ਹਾਂ ਨੇ ਸਰਕਾਰ ਵੱਲੋਂ ਹਾਸਲ ਕੀਤੀਆਂ ਗਈਆਂ ਉਪਲਬੱਧੀਆਂ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੰਦੇ ਹੋਏ ਹਰ ਖੇਤਰ ਵਿੱਚ ਕੀਤੇ ਗਏ ਵਿਕਾਸ ਕਾਰਜਾਂ ਸਬੰਧੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਅੱਜ ਪੰਜਾਬ ਬਿਜਲੀ, ਖੇਤੀਬਾੜੀ, ਸਿੱਖਿਆ, ਲਾਅ ਐਂਡ ਆਡਰ, ਨਾਗਰਿਕ ਸੇਵਾਵਾਂ, ਬੁਨਿਆਦੀ ਢਾਂਚੇ, ਸ਼ਹਿਰੀ ਵਿਕਾਸ, ਪਿੰਡਾਂ ਦੇ ਸਰਵਪੱਖੀ ਵਿਕਾਸ, ਪੰਚਾਇਤੀ ਜ਼ਮੀਨਾਂ 'ਤੋਂ ਨਾਜਾਇਜ਼ ਕਬਜੇ ਛੁਡਾਉਣ, ਸਿਹਤ, ਨਿਵੇਸ਼ ਪੱਖੀ ਮਾਹੌਲ ਸਿਰਜਣ ਅਤੇ ਉਦਯੋਗ ਦੇ ਖੇਤਰ ਵਿੱਚ ਨਾਮਣਾ ਖੱਟ ਰਿਹਾ ਹੈ। ਸਮਾਗਮ ਦੌਰਾਨ ਉਨ੍ਹਾਂ ਨੇ ਸ਼ਹੀਦਾਂ ਦੇ ਪਰਿਵਾਰਾਂ ਦਾ ਸਨਮਾਨ ਕੀਤਾ ਅਤੇ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਵੱਲੋਂ ਲੋੜਵੰਦਾਂ ਨੂੰ ਟ੍ਰਾਈਸਾਈਕਲ ਅਤੇ ਸਿਲਾਈ ਮਸ਼ੀਨਾਂ ਵੀ ਭੇਟ ਕੀਤੀਆਂ। ਇਸ ਤੋਂ ਇਲਾਵਾ ਪਰੇਡ ਕਮਾਂਡਰ ਸਮੇਤ ਵੱਖ-ਵੱਖ ਖੇਤਰਾਂ ਦੇ ਵਿੱਚ ਉਪਲਬੱਧੀਆਂ ਹਾਸਲ ਕਰਨ ਅਤੇ ਵਿਭਾਗਾਂ ਦੇ ਵਿੱਚ ਵਧੀਆ ਸੇਵਾਵਾਂ ਨਿਭਾਉਣ ਵਾਲੇ ਅਧਿਕਾਰੀ/ਕਰਮਚਾਰੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ।

ਇਸ ਮੌਕੇ 'ਤੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਪੀ ਟੀ ਸ਼ੋਅ ਤੇ ਦੇਸ਼ ਭਗਤੀ ਭਰਪੂਰ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤੀ ਗਿਆ। ਇਸ ਮੌਕੇ 'ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮੁੱਖ ਮਹਿਮਾਨ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਨੂੰ ਯਾਦਗਾਰੀ ਚਿੰਨ੍ਹਾਂ ਦੇ ਕੇ ਸਨਮਾਨਿਤ ਕੀਤਾ ਗਿਆ। ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਨੇ ਜ਼ਿਲ੍ਹੇ ਅੰਦਰ 16 ਅਗਸਤ 2024 ਨੂੰ ਸਮੂਹ ਸਰਕਾਰੀ ਤੇ ਪ੍ਰਾਇਵੇਟ ਸਕੂਲ ਵਿੱਚ ਛੁੱਟੀ ਦਾ ਐਲਾਨ ਕੀਤਾ।

# ਅਜ਼ਾਦੀ ਦਿਹਾੜੇ ਮੌਕੇ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਲਹਿਰਾਇਆ ਰਾਸ਼ਟਰੀ ਝੰਡਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ 78ਵੇਂ ਅਜ਼ਾਦੀ ਦਿਹਾੜੇ ਮੌਕੇ ਸਥਾਨਕ ਪੁਲਿਸ ਲਾਈਨ ਗਰਾਊਂਡ ਹੁਸ਼ਿਆਰਪੁਰ ਵਿਖੇ ਕਰਵਾਏ ਜ਼ਿਲ੍ਹਾ ਪੱਧਰੀ ਸਮਾਗਮ ਵਿਚ ਰਾਸ਼ਟਰੀ ਝੰਡਾ ਲਹਿਰਾਇਆ। ਡਿਪਟੀ ਕਮਿਸ਼ਨਰ ਨੇ ਐਸ।ਐਸ।ਪੀ ਸੁਰੇਂਦਰ ਲਾਂਬਾ, ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ ਅਤੇ ਪਰੇਡ ਕਮਾਂਡਰ ਇੰਸਪੈਕਟਰ ਅਮਰਜੀਤ ਕੌਰ ਸਮੇਤ ਪਰੇਡ ਦਾ ਨਿਰੀਖਣ ਕਰਨ ਉਪਰੰਤ ਸ਼ਾਨਦਾਰ ਮਾਰਚ ਪਾਸਟ ਤੋਂ ਸਲਾਮੀ ਲਈ। ਇਸ ਮੌਕੇ ਸਕੂਲੀ ਬੱਚਿਆਂ ਵੱਲੋਂ ਸ਼ਾਨਦਾਰ ਮਾਸ ਪੀ।ਟੀ ਸ਼ੋਅ, ਸੱਭਿਆਚਾਰਕ ਪ੍ਰੋਗਰਾਮ ਦੀ ਪੇਸ਼ਕਾਰੀ ਕੀਤੀ ਗਈ ਅਤੇ ਗਿੱਧੇ ਤੇ ਭੰਗੜੇ ਦੀਆਂ ਧਮਾਲਾਂ ਪਈਆਂ। ਡਿਪਟੀ ਕਮਿਸ਼ਨਰ ਨੇ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਆਏ ਅਜ਼ਾਦੀ ਘੁਲਾਟੀਆਂ ਅਤੇ ਸ਼ਹੀਦ ਸੈਨਿਕਾਂ ਦੇ ਪਰਿਵਾਰਾਂ ਦਾ ਵੀ ਸਨਮਾਨ ਕੀਤਾ। ਇਸੇ ਤਰ੍ਹਾਂ ਜਿਥੇ ਉਨ੍ਹਾਂ ਲੋੜਵੰਦਾਂ ਨੂੰ ਸਿਲਾਈ ਮਸ਼ੀਨਾਂ, ਮੋਟਰ ਟਰਾਈ ਸਾਈਕਲ ਤੇ ਟਰਾਈ ਸਾਈਕਲ ਸੌਂਪੇ, ਉਥੇ ਹੋਣਹਾਰ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਵੀ ਪ੍ਰਦਾਨ ਕੀਤੇ। ਇਸ ਤੋਂ ਇਲਾਵਾ ਵੱਖ-ਵੱਖ ਖੇਤਰਾਂ ਵਿਚ ਨਾਮਣਾ ਖੱਟਣ ਵਾਲੀਆਂ ਸ਼ਖਸੀਅਤਾਂ ਤੇ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਮੁੱਖ ਮਹਿਮਾਨ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਜ਼ਿਲ੍ਹਾ ਵਾਸੀਆਂ ਨੂੰ ਸੁਤੰਤਰਤਾ ਦਿਵਸ ਦੀ ਵਧਾਈ ਦਿੰਦਿਆਂ ਦੇਸ਼ ਦੀ ਆਜ਼ਾਦੀ ਲਈ ਲੜੇ ਲੰਬੇ ਸੰਘਰਸ਼ ਵਿਚ ਆਪਣੀਆਂ





ਜਾਨਾਂ ਵਾਰਨ ਵਾਲੇ ਹਜ਼ਾਰਾਂ ਦੇਸ਼ ਭਗਤ ਸੂਰਬੀਰਾਂ ਨੂੰ ਆਪਣਾ ਦਿਲੋਂ ਸਨਮਾਨ ਭੇਟ ਕੀਤਾ। ਉਨ੍ਹਾਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸਾਥੀ ਰਹੇ ਹੁਸ਼ਿਆਰਪੁਰ ਦੇ ਅਜ਼ਾਦੀ ਘੁਲਾਟੀਏ ਪੰਡਿਤ ਕਿਸ਼ੋਰੀ ਲਾਲ ਤੇ ਗਦਰ ਲਹਿਰ ਦੇ ਬਾਬੂ ਮੰਗੂ ਰਾਮ ਮੁਗੋਵਾਲੀਆ ਨੂੰ ਵਿਸ਼ੇਸ਼ ਤੌਰ 'ਤੇ ਯਾਦ ਕੀਤਾ। ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕ, ਸਕੂਲ ਆਫ ਐਮੀਨੈਂਸ, 300 ਯੂਨਿਟ ਮੁਫ਼ਤ ਬਿਜਲੀ, ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ, ਸਰਕਾਰ ਤੁਹਾਡੇ ਦੁਆਰ, ਸੀ। ਐਮ ਵਿੰਡੋ, ਮੁੱਖ ਮੰਤਰੀ ਤੀਰਥ ਯਾਤਰਾ, ਸੜਕ ਸੁਰੱਖਿਆ ਫੋਰਸ, ਫਰਿਸ਼ਤੇ ਸਕੀਮ, ਡੋਰ ਸਟੈਪ ਸੇਵਾਵਾਂ ਅਤੇ ਹੋਰ ਅਨੇਕਾਂ ਲੋਕ-ਪੱਖੀ ਪਹਿਲਕਦਮੀਆਂ ਨਾਲ ਸੂਬਾ ਵਾਸੀਆਂ ਨੂੰ ਵੱਡੀ ਰਾਹਤ ਮਿਲੀ ਹੈ।ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਦੇ ਇਤਿਹਾਸਕ ਪਿੰਡ ਸ਼੍ਰੀ ਖੁਰਾਲਗੜ੍ਹ ਸਾਹਿਬ ਵਿਖੇ 148 ਕਰੋੜ ਰੁਪਏ ਦੀ ਲਾਗਤ ਨਾਲ ਸ੍ਰੀ ਗੁਰੂ ਰਵਿਦਾਸ ਜੀ ਮੈਮੋਰੀਅਲ ਦੀ ਉਸਾਰੀ ਕੀਤੀ ਗਈ ਹੈ। ਇਸ ਤੋਂ ਇਲਾਵਾ 5 ਕਰੋੜ 29 ਲੱਖ ਰੁਪਏ ਦੀ ਲਾਗਤ ਨਾਲ ਹੁਸ਼ਿਆਰਪੁਰ ਵਿਖੇ ਨਵੇਂ ਐਸ. ਡੀ. ਐਮ ਦਫ਼ਤਰ, ਤਹਿਸੀਲ ਦਫ਼ਤਰ ਅਤੇ ਫਰਦ ਕੇਂਦਰ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਨੌਜਵਾਨਾਂ ਵਿਚ ਦੇਸ਼ ਭਗਤੀ ਦਾ ਜਜ਼ਬਾ ਪੈਦਾ ਕਰਨ ਲਈ ਹੁਸ਼ਿਆਰਪੁਰ ਸ਼ਹਿਰ ਦੇ ਦੋ ਮੁੱਖ ਪੁਆਇੰਟਾਂ ਪ੍ਰਭਾਤ ਚੌਕ ਅਤੇ ਸ਼ਹੀਦ ਭਗਤ ਸਿੰਘ ਚੌਕ ਵਿਖੇ 101 ਫੁੱਟ ਉੱਚੇ ਤਿਰੰਗੇ ਝੰਡੇ ਸਥਾਪਿਤ ਕੀਤੇ ਗਏ ਹਨ। ਕਰੀਬ 30 ਕਰੋੜ ਦੀ ਲਾਗਤ ਨਾਲ ਪਿੰਡ ਬਜਵਾੜਾ ਅਤੇ ਕਿਲਾ ਬਰੂਨ ਵਿਖੇ ਸੀਵਰੇਜ ਪ੍ਰੋਜੈਕਟ ਸ਼ੁਰੂ ਕੀਤਾ ਜਾ ਰਿਹਾ ਹੈ। ਹੁਸ਼ਿਆਰਪੁਰ ਵਿਖੇ ਡੰਪ ਨੂੰ ਹਟਾ ਕੇ ਉਥੇ ਬਹੁਤ ਹੀ ਵਧੀਆ ਫੂਡ ਸਟਰੀਟ ਦਾ ਨਿਰਮਾਣ ਕੀਤਾ ਗਿਆ ਹੈ, ਜਿਥੇ ਸ਼ਹਿਰ ਵਾਸੀ ਹੁਣ ਲਜ਼ੀਜ਼ ਪਕਵਾਨਾਂ ਦਾ ਅਨੰਦ ਮਾਣ ਰਹੇ ਹਨ। ਕਰੀਬ 3 ਕਰੋੜ ਰੁਪਏ ਦੀ ਲਾਗਤ ਨਾਲ ਸਿਵਲ ਲਾਈਨਜ਼, ਹੁਸ਼ਿਆਰਪੁਰ ਵਿਖੇ ਪੰਜਾਬ ਦੀ ਪਹਿਲੀ ਡਿਜੀਟਲ ਲਾਇਬ੍ਰੇਰੀ ਪੰਜਾਬ ਵਾਸੀਆਂ ਨੂੰ ਸਮਰਪਿਤ ਕੀਤੀ ਗਈ ਹੈ। ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਹੁਸ਼ਿਆਰਪੁਰ ਵੱਲੋਂ ਚਲਾਏ ਜਾ ਰਹੇ ਵੱਖ-ਵੱਖ ਵਿਲੱਖਣ ਪ੍ਰੋਜੈਕਟਾਂ ਬਾਰੇ ਦੱਸਦਿਆਂ ਉਨ੍ਹਾਂ ਕਿਹਾ ਕਿ ਸੁਸਾਇਟੀ ਵੱਲੋਂ 'ਵਿੰਗਜ਼' ਪ੍ਰੋਜੈਕਟ ਤਹਿਤ ਸਪੈਸ਼ਲ ਅਤੇ ਬੌਧਿਕ ਤੌਰ 'ਤੇ ਕਮਜ਼ੋਰ ਬੱਚਿਆਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਲਈ 5 ਵੱਖ-ਵੱਖ ਸਰਕਾਰੀ ਅਦਾਰਿਆਂ ਵਿਚ ਕੰਟੀਨਾਂ ਖੋਲ੍ਹ ਕੇ ਦਿੱਤੀਆਂ ਗਈਆਂ ਹਨ। ਸੁਸਾਇਟੀ ਵੱਲੋਂ ਚਲਾਈ ਜਾ ਰਹੀ ਸਾਂਝੀ ਰਸੋਈ ਵਿਚ ਕੇਵਲ 10 ਰੁਪਏ ਵਿਚ ਲੋਕਾਂ ਨੂੰ ਦੁਪਹਿਰ ਦਾ ਭੋਜਨ ਮੁਹੱਈਆ ਕਰਵਾਇਆ ਜਾ ਰਿਹਾ ਹੈ।

# ਕਾਲੇਵਾਲ ਬੀਤ ਦੇ ਦਿਆਲ ਪਰਿਵਾਰ ਨੇ ਆਪਣੀ ਮਾਤਾ ਮਰਹੂਮ ਪ੍ਰਕਾਸ਼ ਕੌਰ ਦੀਆਂ ਅੱਖਾਂ ਦਾਨ ਕੀਤੀਆਂ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਅੱਜ ਪਿੰਡ ਕਾਲੇਵਾਲ ਬੀਤ ਦਾ ਦਿਆਲ ਪਰਿਵਾਰ ਜੋ ਪਹਿਲਾਂ ਹੀ ਸਮਾਜ ਸੇਵੀ ਕੰਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦਾ ਆ ਰਿਹਾ ਹੈ। ਚਾਹੇ ਉਹ ਖ਼ੂਨਦਾਨ ਕੈਪ, ਮੈਡੀਕਲ ਕੈਂਪ ਜਾਂ ਬੂਟੇ ਲਗਾਉਣ ਦੀ ਮੁਹਿੰਮ ਹੋਵੇ। ਮਾਸਟਰ ਅਮਰੀਕ ਦਿਆਲ ਅਤੇ ਸੋਨੀ ਦਿਆਲ ਨੇ ਇਸ ਤਰਾਂ ਦੇ ਕਾਰਜਾਂ ਚ ਵੱਧ ਚੜ੍ਹਕੇ ਹਿੱਸਾਂ ਲਿਆ। ਅੱਜ ਮਾਸਟਰ ਅਮਰੀਕ ਦਿਆਲ ਦੇ ਯਤਨਾਂ ਸਦਕਾ ਪੂਰਨ ਜੋਤ ਆਈ ਬੈਂਕ ਲੁਧਿਆਣਾ ਦੀ ਟੀਮ ਨੇ ਉਨ੍ਹਾਂ ਦੇ ਘਰ ਪਹੁੰਚ ਕੇ ਮਾਤਾ ਪ੍ਰਕਾਸ਼ ਕੌਰ ਦੀਆਂ ਅੱਖਾਂ ਦਾਨ ਵਜੋਂ ਪ੍ਰਾਪਤ ਕੀਤੀਆਂ। ਟੀਮ ਮੈਂਬਰ ਨੇ ਦੱਸਿਆ ਕਿ ਜੀਵ ਦੀ ਮੌਤ ਤੋਂ ਬਾਅਦ ਇਸ ਦੀਆਂ ਅੱਖਾਂ ਲਈਆਂ ਜਾਂਦੀਆਂ ਹਨ ਅਤੇ ਇਸ ਦੀਆਂ ਦੋਵੇਂ ਅੱਖਾਂ ਦੋ ਲੋੜਵੰਦਾਂ ਨੂੰ ਦਿੱਤੀਆਂ ਜਾਣਗੀਆਂ, ਜਿਨ੍ਹਾਂ ਦੀ ਜ਼ਿੰਦਗੀ 'ਚ ਰੋਸ਼ਨੀ ਆਵੇਗੀ।

ਉਨ੍ਹਾਂ ਸਾਰਿਆਂ ਨੂੰ ਮੌਤ ਤੋਂ ਬਾਅਦ ਅੱਖਾਂ ਦਾਨ



ਕਰਨ ਦੀ ਅਪੀਲ ਕੀਤੀ। ਇਸ ਸਮੇਂ ਸੀਟੂ ਪੰਜਾਬ ਦੇ ਪ੍ਰਧਾਨ ਕਾਮਰੇਡ ਮਹਾਂ ਸਿੰਘ ਰੌੜੀ ਨੇ ਦਿਆਲ ਪਰਿਵਾਰ ਦੀ ਇਸ ਕਾਰਜ ਲਈ ਸ਼ਲਾਘਾ ਕੀਤੀ। ਇਸ ਸਮੇਂ ਮਾਸਟਰ ਅਮਰੀਕ ਦਿਆਲ ਨੇ ਇਸ ਦੁੱਖ ਦੀ ਘੜੀ ਵਿੱਚ ਸਾਥ ਦੇਣ ਲਈ ਸਾਰਿਆਂ ਦਾ ਧੰਨਵਾਦ ਕੀਤਾ।

ਇਸ ਸਮੇਂ ਮਹਾਂ ਸਿੰਘ ਰੋੜੀ, ਕਾਮਰੇਡ ਅੱਛਰ ਸਿੰਘ ਟੋਰੋਵਾਲ, ਪ੍ਰਿੰਸੀਪਲ ਪ੍ਰੇਮ ਧੀਮਾਨ, ਮਾਸਟਰ ਸੁਧੀਰ ਰਾਣਾ, ਮਾਸਟਰ ਅਸ਼ਵਨੀ ਰਾਣਾ, ਡਾਕਟਰ ਫੁੰਮਣ ਸਿੰਘ, ਸਮਾਜ ਸੇਵੀ ਭਾਗ ਸਿੰਘ ਸ਼੍ਰੀ ਖੁਰਾਲਗੜ੍ਹ ਸਾਹਿਬ, ਲਾਲਾ ਬਬਲੀ ਪੁਰੀ, ਮਾਸਟਰ ਰਤਨ ਸਿੰਘ, ਮਾਸਟਰ ਜਸਵਿੰਦਰ ਸਿੰਘ, ਮਾਸਟਰ ਜਸਪਾਲ ਨੈਣਵਾਂ, ਮਾਸਟਰ ਚੂਹੜ ਸਿੰਘ, ਮਾਸਟਰ ਲਖਵਿੰਦਰ ਸਿੰਘ, ਸੁਰਿੰਦਰ ਡੀ।ਪੀ।, ਪ੍ਰਿੰਸੀਪਲ ਰਾਜ ਕੁਮਾਰ, ਗੌਰਵ ਪੁਰੀ, ਮਾਸਟਰ ਹਰਜੀਤ ਸਿੰਘ, ਗੌਰਵ ਰਾਣਾ ਨੂਰਪੁਰ ਬੇਦੀ, ਬਾਬਾ ਕੇਵਲ ਸਿੰਘ ਪ੍ਰਧਾਨ ਸ਼੍ਰੀ ਖੁਰਾਲਗੜ੍ਹ ਸਾਹਿਬ, ਮਾਸਟਰ ਗਿਆਨ ਸਿੰਘ ਸਹੋਤਾ, ਸੂਬੇਦਾਰ ਬਲਵੀਰ ਸਿੰਘ, ਕਰਨੈਲ ਸਿੰਘ ਗੱਦੀਵਾਲ, ਭੁਪਿੰਦਰ ਸਿੰਘ, ਸ਼ਿੰਗਾਰਾ ਸਿੰਘ ਮੋਰਿੰਡਾ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਹੋਰ ਮੌਜੂਦ ਸਨ।

# ਡਿਪਟੀ ਕਮਿਸ਼ਨਰ ਨੇ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਤੁਰੰਤ ਕਾਰਵਾਈ ਦੇ ਦਿੱਤੇ ਨਿਰਦੇਸ਼

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ ਆਮ ਲੋਕਾਂ ਨਾਲ ਜੁੜੀਆਂ ਸਮੱਸਿਆਵਾਂ ਦਾ ਰੋਜ਼ਾਨਾ ਬਾਰੀਕੀ ਨਾਲ ਜਾਇਜ਼ਾ ਲੈ ਕੇ ਇਨ੍ਹਾਂ ਦੇ ਤੁਰੰਤ ਨਿਪਟਾਰੇ ਲਈ ਸਬੰਧਤ ਵਿਭਾਗ ਨੂੰ ਦਿਸ਼ਾ-ਨਿਰਦੇਸ਼ ਜਾਰੀ ਕਰ ਰਹੇ ਹਨ। ਇਸੇ ਲੜੀ ਵਿਚ ਉਨ੍ਹਾਂ ਨੇ ਮੁਹੱਲਾ ਭੀਮ ਨਗਰ ਵਿਚ ਪੀਣ ਵਾਲੇ ਪਾਣੀ ਦੀ ਸਮੱਸਿਆ ਦਾ ਜਾਇਜ਼ਾ ਲੈਂਦਿਆਂ ਨਿਗਮ ਕਮਿਸ਼ਨਰ ਨੂੰ ਇਸ ਦੇ ਤੁਰੰਤ ਨਿਪਟਾਰੇ ਲਈ ਹਦਾਇਤਾਂ ਕੀਤੀਆਂ ਸਨ।

ਕਮਿਸ਼ਨਰ ਨਗਰ ਨਿਗਮ ਨੇ ਦੱਸਿਆ ਕਿ ਭੀਮ ਨਗਰ ਵਿਚ ਪੀਣ ਵਾਲੇ ਪਾਣੀ ਦੀ ਸਪਲਾਈ ਕਰਨ ਵਾਲੇ ਟਿਊਬਵੈਲ ਨੂੰ ਜੂਨ ਦੇ ਪਹਿਲੇ ਹਫ਼ਤੇ ਰੇਤਲਾ ਪਾਣੀ ਆਉਣ ਕਾਰਨ ਬੰਦ ਕਰਨਾ ਪਿਆ ਸੀ, ਜਿਸ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਨਗਰ ਨਿਗਮ ਵੱਲੋਂ ਫੇਲ ਹੋਏ ਟਿਊਬਵੈਲ ਦੀ ਥਾਂ 'ਤੇ ਟਿਊਬਵੈਲ ਨੂੰ ਰੀਬੋਰ ਕਰਨ ਲਈ ਕਾਰਵਾਈ ਸ਼ੁਰੂ ਕੀਤੀ ਗਈ ਅਤੇ ਇਸ ਸਮੇਂ ਰੀਬੋਰ ਕਰਨ ਦਾ ਕੰਮ ਪ੍ਰਗਤੀ ਅਧੀਨ ਹੈ। ਉਨ੍ਹਾਂ ਦੱਸਿਆ ਕਿ 10 ਸਤੰਬਰ ਤੱਕ ਇਹ ਕੰਮ ਮੁਕੰਮਲ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਸਮੇਂ ਆਮ ਜਨਤਾ ਨੂੰ ਨਗਰ ਨਿਗਮ ਹੁਸ਼ਿਆਰਪੁਰ ਵੱਲੋਂ ਰੋਜਾਨਾ ਪੀਣ ਵਾਲੇ ਪਾਣੀ ਦੇ 5-6 ਟੈਂਕਰ ਸਪਲਾਈ ਕੀਤੇ ਜਾ ਰਹੇ ਹਨ। ਇਸ ਤਰ੍ਹਾਂ ਮੁਹੱਲਾ ਸੁੰਦਰ ਨਗਰ ਵਿਚ ਟਿਊਬਵੈਲ ਖ਼ਰਾਬ ਦੇ ਮਾਮਲੇ 'ਤੇ ਕਮਿਸ਼ਨਰ ਨਗਰ ਨਿਗਮ ਦੇ ਦੱਸਿਆ



ਕਿ ਸੁੰਦਰ ਨਗਰ ਦੇ ਟਿਊਬਵੈਲ ਦੀ ਮੋਟਰ 12 ਅਗਸਤ ਨੂੰ ਰਾਤ ਦੇ ਸਮੇਂ ਖਰਾਬ ਹੋ ਗਈ ਸੀ, ਜਿਸ ਕਾਰਨ ਪਾਣੀ ਦੀ ਸਪਲਾਈ ਵਿਚ ਵਿਘਨ ਪਿਆ ਸੀ, ਜਿਸ ਨੂੰ ਤੁਰੰਤ ਰਿਪੇਅਰ ਕਰਕੇ 13 ਅਗਸਤ ਦੀ ਰਾਤ ਨੂੰ ਚਾਲੂ ਕਰ ਦਿੱਤਾ ਗਿਆ ਸੀ। ਇਸ ਸਮੇਂ ਮੁਹੱਲਾ ਸੁੰਦਰ ਨਗਰ ਵਿਚ ਪਾਣੀ ਦੀ ਸਪਲਾਈ ਨਿਰਵਿਘਨ ਚੱਲ ਰਹੀ ਹੈ।

ਡਿਪਟੀ ਕਮਿਸ਼ਨਰ ਨੇ ਕਰੈਸ਼ਰ ਚਾਲਕਾਂ ਨੂੰ ਜੰਗਲ ਵਿਚ ਗੈਰ ਕਾਨੂੰਨੀ ਰਸਤਾ ਦੇਣ ਦੇ ਮਾਮਲੇ ਵਿਚ ਜਲ ਸਰੋਤ ਵਿਭਾਗ ਤੋਂ ਜਾਣਕਾਰੀ ਮੰਗੀ ਤਾਂ ਐਕਸੀਅਨ ਜਲ ਸਰੋਤ ਨੇ ਦੱਸਿਆ ਕਿ ਰਸਤਾ ਗ੍ਰਾਮ ਪੰਚਾਇਤ ਰਾਮਪੁਰ ਬਿਲੜੋਂ ਦੀ ਪੰਚਾਇਤੀ ਜ਼ਮੀਨ ਨਾਲ ਸਬੰਧਤ ਕਰੈਸ਼ਰ ਮਾਲਕ ਨੂੰ ਗਰਾਮ ਪੰਚਾਇਤ ਵੱਲੋਂ 33 ਸਾਲ ਲਈ ਲੀਜ਼ 'ਤੇ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਇਹ ਰਕਬਾ ਗ੍ਰਾਮ ਪੰਚਾਇਤ ਰਾਮਪੁਰ ਬਿਲੜੋਂ ਦੀ ਮਲਕੀਅਤ ਹੈ। ਉਨ੍ਹਾਂ ਦੱਸਿਆ ਕਿ ਵਣ ਰੇਂਜ ਅਫ਼ਸਰ ਗੜ੍ਹਸ਼ੰਕਰ ਵੱਲੋਂ ਇਹ ਪੁਸ਼ਟੀ ਕੀਤੀ ਗਈ ਹੈ ਕਿ ਸਬੰਧਤ ਕਰੈਸ਼ਰ ਮਾਲਕ ਵੱਲੋਂ ਮਾਈਨਿੰਗ ਸਬੰਧੀ ਗਤੀਵਿਧੀਆਂ ਹਿਮਾਚਲ ਪ੍ਰਦੇਸ਼ ਵਿਚ ਲਗਾਏ ਗਏ ਕਰੈਸ਼ਰ 'ਤੇ ਹੀ ਕੀਤੀ ਗਈ ਹੈ। ਉਨ੍ਹਾਂ ਵੱਲੋਂ ਪੰਜਾਬ ਵੱਲ ਜੋ ਵਣ ਰੇਂਜ ਅਫ਼ਸਰ ਗੜ੍ਹਸ਼ੰਕਰ ਤਹਿਤ ਪੈਂਦੀ ਪੀ.ਐਲ.ਆਈ.ਏ 1900 ਵਿਚ ਪੈਂਦੇ ਹਨ, ਰਕਬੇ ਵਿਚ ਕਿਸੇ ਕਿਸਮ ਦੀ ਕੋਈ ਮਾਈਨਿੰਗ ਨਹੀਂ ਕੀਤੀ ਜਾ ਰਹੀ।

# ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਦੀ ਜਰੂਰੀ ਮੀਟਿੰਗ ਹੋਈ

**ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ)–** ਸੂਬੇ ਦੀ ਸਰਕਾਰ ਵਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਹੱਲ ਨਾ ਕਰਨ ਦੇ ਵਿਰੋਧ ਵਿੱਚ ਸੰਘਰਸ਼ ਨੂੰ ਤੇਜ਼ ਕਰਦਿਆਂ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਵਲੋਂ ਜਿਮਨੀ ਚੋਣਾਂ ਵਾਲੇ ਹਲਕਿਆਂ ਵਿੱਚ ਖੇਤਰੀ ਰੈਲੀਆਂ ਕਰਨ ਸਬੰਧੀ ਪ੍ਰੋਗਰਾਮ ਉਲੀਕਿਆ ਗਿਆ ਹੈ। ਵਿਧਾਨ ਸਭਾ ਹਲਕਾ ਚੱਬੇਵਾਲ ਵਿਖੇ ਕੀਤੀ ਜਾਣ ਵਾਲੀ ਖੇਤਰੀ ਰੈਲੀ ਦੀ ਤਿਆਰੀ ਸਬੰਧੀ ਸਾਂਝਾ ਫਰੰਟ ਜ਼ਿਲ੍ਹਾ ਹੁਸ਼ਿਆਰੁਰ ਦੀ ਮੀਟਿੰਗ ਮੁਲਾਜ਼ਮ ਭਵਨ ਵਿਖੇ ਜ਼ਿ.ਲ੍ਹਾ ਕਨਵੀਨਰ ਓਂਕਾਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਸੰਬਧਨ ਕਰਦਿਆਂ ਵੱਖ-ਵੱਖ ਆਗੂਆ ਨੇ ਕਿਹਾ ਕਿ ਮੌਜੂਦਾ ਮੁੱਖ ਮੰਤਰੀ ਸਹਿਤ ਪਾਰਟੀ ਦੇ ਸਾਰੇ ਹੀ ਆਗੂ ਚੋਣਾਂ ਤੋਂ ਪਹਿਲਾਂ ਮੁਲਾਜ਼ਮ/ ਪੈਨਸ਼ਨਰ ਮੰਗਾਂ ਸਬੰਧੀ ਰੈਲੀਆਂ ਵਿੱਚ ਆ-ਆ ਕੇ ਮੰਗਾਂ ਦੀ ਹਿਮਾਇਤ ਕਦੇ ਸਨ ਅਤੇ ਸਰਕਰ ਬਣਨ ਤੇ ਤੁਰੰਤ ਇਹਨਾਂ ਮੰਗਾਂ ਨੂੰ ਹੱਲ ਕਰਨ ਦੇ ਦਾਅਵੇ ਕਰਦੇ ਸਨ, ਪ੍ਰੰਤੂ ਸਰਕਾਰ ਬਣਨ ਤੋਂ ਬਾਅਦ ਮੁੱਖ ਮੰਤਰੀ ਵਲੋਂ ਸਾਂਝੇ ਫਰੰਟ ਨੂੰ ਮੀਟਿੰਗ ਦਾ ਸਮਾਂ ਦੇਣ ਵਿੱਚ ਦੋ ਸਾਲ ਲੰਘਾ ਦਿੱਤੇ ਅਤੇ ਹੁਣ ਮੀਟਿੰਗਾਂ ਦਾ ਸਮਾਂ ਵੀ ਵਾਰ-ਵਾਰ ਬਦਲਿਆ ਜਾ ਰਿਹਾ ਹੈ ਜਿਸਤੋਂ ਇਹ ਸਪੱਸ਼ਟ ਹੈ ਕਿ ਮੁੱਖ ਮੰਤਰੀ ਮੁਲਾਜ਼ਮਾਂ ਅਤੇ



ਪੈਨਸ਼ਨਰਾਂ ਦੀਆਂ ਮੰਗਾਂ ਪ੍ਰਤੀ ਸੰਜੀਦਾ ਨਹੀਂ ਹੈ। ਸਰਕਾਰ ਅਤੇ ਮੁੱਖ ਮੰਤਰੀ ਦੀ ਵਾਅਦਾ ਖਿਲਾਫੀ ਵਿਰੁੱਧ ਸੂਬੇ ਭਰ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਅੰਦਰ ਭਾਰੀ ਰੋਸ ਹੈ ਅਤੇ ਭਵਿੱਖ ਵਿੱਚ ਹੋਣ ਵਾਲੀਆਂ ਜਿਮਨੀ ਚੋਣਾਂ ਮੌਕੇ ਹਲਕਿਆਂ ਅੰਦਰ ਸਰਕਾਰ ਵਿਰੁੱਧ ਪੂਰਾ ਪ੍ਰਚਾਰ ਕੀਤਾ ਜਵੇਗਾ। 18 ਅਗਸਤ ਨੂੰ ਦਾਣਾ ਮੰਡੀ ਚੱਬੇਵਾਲ ਵਿਖੇ ਕੀਤੀ ਜਾ ਰਹੀ ਰੈਲੀ ਦੀ ਰੈਲੀ ਦੀ ਤਿਆਰੀ ਸਬੰਧੀ ਮੀਟਿੰਗ ਵਿੱਚ ਟੈਂਟ, ਸਪੀਕਰ, ਪਾਣੀ, ਬੈਨਰ, ਝੰਡਿਆਂ ਸਹਿਤ ਬਾਕੀ ਕੰਮਾਂ ਦੀਆਂ ਜ਼ਿੰਮੇਵਾਰੀਆਂ ਲਗਾ ਦਿੱਤੀਆਂ ਗਈਆਂ ਹਨ। ਜ਼ਿਲ੍ਹੇ ਭਰ ਵਿੱਚੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀ ਸ਼ਮੂਲੀਅਤ ਕਰਵਾਉਣ ਸਬੰਧੀ ਵੀ ਆਗੂਆਂ ਵਲੋਂ ਰਿਪੋਰਟਿੰਗ ਕੀਤੀ ਗਈ ਕਿ ਸਾਰੇ ਹੀ ਬਲਾਕਾਂ ਵਿੱਚੋਂ ਹਰੇਕ ਜੱਥੇਬੰਦੀ ਦੇ ਮੁਲਾਜ਼ਮਾਂ/ ਪੈਨਸ਼ਨਰਾਂ ਦੀਆਂ ਗੱਡੀਆਂ ਪਹੁੰਚ ਰਹੀਆਂ ਹਨ।

ਮੀਟਿੰਗ ਵਿੱਚ ਦੱਸਿਆ ਗਿਆ ਕਿ ਇਸ ਖੇਤਰੀ ਰੈਲੀ ਵਿੱਚ ਹੁਸ਼ਿਆਰਪੁਰ ਤੋਂ ਇਲਾਵਾ ਪਠਾਣਕੋਟ, ਕਪੂਰਥਲਾ, ਜਲੰਧਰ, ਨਵਾਂਸ਼ਹਿਰ, ਰੋਪੜ ਜ਼ਿਲਿਆਂ ਤੋਂ ਮੁਲਾਜ਼ਮ ਅਤੇ ਪੈਨਸ਼ਨਰ ਪਹੁੰਚ ਰਹੇ ਹਨ। ਆਗੂਆਂ ਨੇ ਸਪੱਸ਼ਟ ਕੀਤਾ ਕਿ ਜੇਕਰ ਮੁੱਖ ਮੰਤਰੀ ਵਲੋਂ 22 ਅਗਸਤ ਦੀ ਮੀਟਿੰਗ ਨਹੀਂ ਕੀਤੀ ਜਾਂਦੀ ਤਾਂ ਸੰਘਰਸ਼ ਨੂੰ ਹੋਰ ਵੀ ਤਿੱਖਾ ਕੀਤਾ ਜਾਵੇਗਾ ਅਤੇ ਜਿਮਨੀ ਚੋਣ ਮੌਕੇ ਇਹਨਾਂ ਚਾਰ ਹਲਕਿਆਂ ਵਿੱਚ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਲੋਂ ਡੇਰੇ ਲਗਾ ਲਏ ਜਾਣਗੇ। ਅੱਜ ਦੀ ਮੀਟਿੰਗ ਵਿੱਚ ਪੰਜਾਬ ਪ੍ਰਧਾਨ ਮੱਖਣ ਸਿੰਘ ਵਾਹਿਦਪੁਰੀ, ਸ਼ਮਸ਼ੇਰ ਸਿੰਘ ਧਾਮੀ, ਬਹਾਦਰ ਸ਼ਿੰਘ, ਅਮਰੀਕ ਸਿੰਘ, ਇੰਦਰਜੀਤ ਵਿਰਦੀ, ਬਲਵੀਰ ਸਿੰਘ, ਮੁਕੇਸ਼ ਗੁਜਰਾਤੀ, ਸੂਰਜ ਪ੍ਰਕਾਸ਼ ਅਨੰਦ, ਹਰਭਜਨ ਸਿੰਘ ਅਜਨੋਹਾ, ਪਵਨ ਕੁਮਾਰ, ਹਰਮੇਸ਼ ਪਾਲ, ਦਵਿੰਦਰ ਸਿੰਘ, ਮਨਜੀਤ ਸਿੰਘ ਬਾਜਵਾ, ਗੁਰਪ੍ਰੀਤ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ ਸ਼ਾਹੀ ਆਦਿ ਆਗੂ ਵੀ ਹਾਜਰ ਸਨ।

## ਦਫਤਰ ਨਗਰ ਨਿਗਮ ਵਿਖੇ ਪ੍ਰਾਪਰਟੀ ਟੈਕਸ, ਪਾਣੀ ਤੇ ਸੀਵਰੇਜ਼ ਦੇ ਬਿੱਲਾਂ ਦੀ ਕੁਲੈਕਸ਼ਨ ਸ਼ੁਰੂ: ਡਾ. ਅਮਨਦੀਪ ਕੋਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਕਮਿਸ਼ਨਰ ਨਗਰ ਨਿਗਮ ਡਾ. ਅਮਨਦੀਪ ਕੌਰ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਦਫਤਰ ਨਗਰ ਨਿਗਮ ਹੁਸ਼ਿਆਰਪੁਰ ਵਿਖੇ ਪ੍ਰਾਪਰਟੀ ਟੈਕਸ, ਵਾਟਰ ਸਪਲਾਈ ਅਤੇ ਸੀਵਰੇਜ਼ ਦੇ ਬਿੱਲਾਂ ਦੀ ਕੁਲੈਕਸ਼ਨ ਸ਼ੁਰੂ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਕੰਮ ਲਈ ਨਗਰ ਨਿਗਮ ਦਫ਼ਤਰ ਵਿਖੇ ਕਾਊਂਟਰ ਸਥਾਪਿਤ ਕੀਤੇ ਗਏ ਹਨ, ਜਿਥੇ ਲੋਕ ਕੰਮ-ਕਾਜ ਵਾਲੇ ਦਿਨ ਆ ਕੇ ਆਪਣਾ ਪ੍ਰਾਪਰਟੀ ਟੈਕਸ, ਪਾਣੀ ਅਤੇ ਸੀਵਰੇਜ਼ ਦੇ ਬਿੱਲਾਂ ਦੀ ਅਦਾਇਗੀ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਨਗਰ ਨਿਗਮ ਦੇ ਕੈਸ਼ ਕਾਊਂਟਰ 17 ਅਗਸਤ ਦਿਨ ਸ਼ਨੀਵਾਰ ਨੂੰ ਵੀ ਸਮਾਂ ਸਵੇਰੇ 10 ਵਜੇ ਤੋਂ ਸ਼ਾਮ 3 ਵਜੇ ਤੱਕ ਖੁੱਲ੍ਹੇ ਰਹਿਣਗੇ, ਜਿਥੇ ਲੋਕ ਆਪਣਾ ਪ੍ਰਾਪਰਟੀ ਟੈਕਸ, ਪਾਣੀ ਅਤੇ ਸੀਵਰੇਜ਼ ਦੇ ਬਿੱਲਾਂ ਦੀ ਅਦਾਇਗੀ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਸ਼ਹਿਰ ਵਾਸੀਆਂ ਵੱਲੋਂ ਕਾਊਂਟਰ 'ਤੇ ਆਪਣਾ ਟੈਕਸ, ਪਾਣੀ ਅਤੇ ਸੀਵਰੇਜ਼ ਦੇ ਬਿੱਲ ਜਮ੍ਹਾਂ ਕਰਵਾਉਣ ਸਮੇਂ ਘਰ ਦੇ ਬਾਹਰ ਲੱਗੀ ਯੂ.ਆਈ.ਡੀ ਨੰਬਰ ਪਲੇਟ ਦਾ ਵੇਰਵਾ ਵੀ ਲਾਜ਼ਮੀ ਤੌਰ 'ਤੇ ਰਜਿਸਟਰਡ ਕਰਵਾਉਣ।



## ਕੰਟਰੈਕਟ ਮਲਟੀਪਰਪਜ ਹੈਲਥ ਵਰਕਰਾਂ ਨੂੰ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਨੂੰ ਦਿੱਤਾ ਮੰਗ ਪੱਤਰ - ਸਰਬਜੀਤ ਕੌਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਸਿਹਤ ਵਿਭਾਗ ਦੇ ਕੰਟਰੈਕਟ 2211/ਹੈਡ ਮਲਟੀਪਰਪਜ ਹੈਲਥ ਵਰਕਰ ਫੀਮੇਲ ਐਸੋਸੀਏਸ਼ਨ ਪੰਜਾਬ ਵਲੋਂ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਨੂੰ ਆਪਣੀਆਂ ਹੱਕੀ ਮੰਗਾਂ ਵਾਸਤੇ ਮਸ਼ਗ ਪੱਤਰ ਸੌਂਪਿਆ। ਕਾਰਜਕਾਰੀ ਸਟੇਟ ਪ੍ਰਧਾਨ ਸਰਬਜੀਤ ਕੌਰ ਨਵਾਂਸ਼ਹਿਰ ਵਲੋਂ ਮੰਤਰੀ ਅਨਮੋਲ ਗਗਨ ਮਾਨ ਨਾਲ 2211/ ਹੈਡ ਦੀਆਂ ਕਾਫੀ ਲੰਬੇ ਸਮੇਂ (ਪਿਛਲੇ 15 ਸਾਲ ਤੋਂ) ਲਟਕ ਰਹੀਆਂ ਮੰਗਾਂ ਅਤੇ ਮਸਲਿਆਂ ਨੂੰ ਹੱਲ ਕਰਨ ਲਈ ਅਪੀਲ ਕੀਤੀ ਗਈ। ਜਿਸ ਤਰ੍ਹਾਂ 2211/ਹੈਡ ਕੇਡਰ ਦੀ ਭਰਤੀ 2008 ਤੋਂ ਲੈ ਕੇ 2014 ਤੱਕ ਅਖਬਾਰੀ ਇਸ਼ਤਿਹਾਰਾਂ ਦੁਆਰਾ ਕੀਤੀ ਗਈ। ਇਹ ਭਰਤੀ ਮਨਜ਼ੂਰਸ਼ੁਦਾ ਪੋਸਟਾਂ ਤੇ ਕੀਤੀ ਗਈ ਸੀ। ਇਹ 2211 ਪਿਛਲੇ 15 ਸਾਲਾਂ ਤੋਂ ਲਗਾਤਾਰ ਸਰਵਿਸ ਵਿਚ ਹਨ ਤੇ ਕੋਵਿਡ-19 ਵਿੱਚ ਕੰਟਰੈਕਟ 2211/ਹੈਡ ਕੇਡਰ ਨੇ ਸਿਹਤ ਵਿਭਾਗ ਵਿੱਚ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਿਨ੍ਹਾ ਤਨ-ਮਨ ਨਾਲ ਕੰਮ ਕੀਤਾ। ਇਹ ਕੰਟਰੈਕਟ 2211/ਹੈਡ ਹੈਲਥ ਵਰਕਰਾਂ ਦੀ ਭਰਤੀ ਯੋਖਤਾ+ਮੈਰਿਟ+ਇੰਟਰਵਿਊ ਤੇ ਕਾਫੀ ਕੇਡਰ ਟੈਸਟ ਦੇ ਅਧਾਰ ਤੇ ਭਰਤੀ ਕੀਤਾ ਗਿਆ।



ਇਹ ਵਰਕਰ ਪਿਛਲੇ 15 ਸਾਲਾਂ ਤੋਂ ਮਨਜੂਰਸ਼ੁਦਾ ਪੋਸਟਾਂ ਤੇ ਹੋਣ ਕਰਕੇ ਪੰਜਾਬ ਸਰਕਾਰ ਦੇ ਖਜਾਨੇ ਵਿੱਚੋਂ ਤਨਖਾਹ ਲੈ ਰਹੇ ਹਨ।ਪੰਜਾਬ ਸਰਕਾਰ ਵਲੋਂ ਇਹ ਕੰਟਰੈਕਟ 2211/ਹੈਡ ਦੀਆਂ ਹੈਲਥ ਵਰਕਰਾਂ ਦਾ ਕੋਈ ਵੀ ਫੰਡ ਨਹੀਂ ਕੱਟਿਆ ਗਿਆ, ਨਾ ਹੀ ਕੋਈ ਮੈਡੀਕਲ ਭੱਤਾ ਦਿੱਤਾ ਜਾਂਦਾ ਹੈ। ਸਾਡੀ ਪੰਜਾਬ ਸਰਕਾਰ ਨੂੰ ਪੁਰਜੋਰ ਅਪੀਲ ਹੈ ਕਿ ਕੰਟਰੈਕਟ 2211/ਹੈਡ ਹੈਲਥ ਵਰਕਰਾਂ ਨੂੰ ਜਿੰਨਾ ਟਾਈਮ ਇਹਨਾਂ ਪ੍ਰਮਾਣਿਤ ਪੋਸਟਾਂ ਤੇ ਪੱਕਾ ਨਹੀਂ ਕੀਤਾ ਜਾਂਦਾ, ਬਰਾਬਰ ਕੰਮ ਬਰਾਬਰ ਤਨਖਾਹ ਨਹੀਂ ਮਿਲਦੀ, ਉਨਾ ਚਿਰ ਸਾਰੀਆਂ ਤਨਖਾਹਾਂ ਵਿੱਚ 50% ਫੀਸਦੀ ਵਾਧਾ ਕੀਤਾ ਜਾਵੇ। ਸਾਡੀ ਮੁੱਖ ਮੰਗ ਮੁੱਖ ਮੰਤਰੀ ਪੰਜਾਬ ਨਾਲ ਪੈਨਲ ਮੀਟਿੰਗ ਕਰਵਾਈ ਜਾਵੇ। ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਵਲੋਂ ਮੰਗ ਪੱਤਰ ਲੈਣ ਸਮੇਂ ਸਾਰੀਆਂ ਗੱਲਾਂ ਨੂੰ ਧਿਆਨ ਨਾਲ ਸੁਣਿਆ ਤੇ ਭਰੋਸਾ ਦਿੱਤਾ ਕਿ ਮੁੱਖ ਮੰਤਰੀ ਪੰਜਾਬ ਨਾਲ ਤੁਹਾਡੀਆਂ ਜਾਇਜ ਮੰਗਾਂ ਸੰਬੰਧੀ ਗੱਲਬਾਤ ਜਰੂਰ ਕੀਤੀ ਜਾਵੇਗੀ।

ਮੰਗ ਪੱਤਰ ਦੇਣ ਸਮੇਂ ਸੁਮਨ ਸ਼ਰਮਾ, ਅਨੀਤਾ ਸੁਮਨ, ਗੁਰਦੀਪ ਕੌਰ, ਮਨਦੀਪ ਕੌਰ, ਆਸ਼ਾ ਰਾਣੀ, ਮਨਿੰਦਰ ਕੌਰ ਤੇ ਊਸ਼ਾ ਰਾਣੀ ਆਦਿ ਮੁਲਾਜ਼ਮ ਵੀ ਹਾਜ਼ਰ ਸਨ।

## ਬੇਰੁਜ਼ਗਾਰ ਲੈਕਚਰਾਰਾਂ ਵੱਲੋਂ 22 ਅਗਸਤ ਨੂੰ ਪੰਜਾਬ-ਭਵਨ ਚੰਡੀਗੜ੍ਹ ਅੱਗੇ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ




**ਸੰਗਰੂਰ, (ਦਲਜੀਤ ਕੌਰ)** 343 ਬੇਰੁਜ਼ਗਾਰ ਲੈਕਚਰਾਰ ਯੂਨੀਅਨ, ਪੰਜਾਬ ਨੇ 22 ਅਗਸਤ ਨੂੰ ਚੰਡੀਗੜ੍ਹ ਵਿਖੇ ਪੰਜਾਬ-ਭਵਨ ਸਾਹਮਣੇ ਰੋਸ-ਪ੍ਰਗਟਾਉਣ ਦਾ ਐਲਾਨ ਕੀਤਾ ਹੈ। ਜਥੇਬੰਦੀ ਦੀ ਪ੍ਰਧਾਨ ਹਰਦੀਪ ਕੌਰ ਬਰਨਾਲਾ ਅਤੇ ਮੀਤ ਪ੍ਰਧਾਨ ਗਗਨਦੀਪ ਕੌਰ ਸੰਗਰੂਰ ਨੇ ਕਿਹਾ ਕਿ ਪਿਛਲੀ ਕਾਂਗਰਸ ਸਰਕਾਰ ਜਾਂਦੇ-ਜਾਂਦੇ 8 ਜਨਵਰੀ, 2022 ਨੂੰ 343 ਲੈਕਚਰਾਰ ਅਸਾਮੀਆਂ ਜਾਰੀ ਕਰਕੇ ਗਈ ਸੀ, ਪ੍ਰੰਤੂ ਮੌਜੂਦਾ ਆਮ ਆਦਮੀ ਪਾਰਟੀ ਸਰਕਾਰ ਨੇ ਇਸ ਭਰਤੀ ਨੂੰ ਸ਼ਰਤਾਂ 'ਚ ਸੋਧ ਅਤੇ ਅਸਾਮੀਆਂ 'ਚ ਵਾਧਾ ਕਰਕੇ ਪੂਰਾ ਤਾਂ ਕੀ ਕਰਨਾ ਸੀ, ਸਗੋਂ ਸੋਧ ਦਾ ਵਾਅਦਾ ਕਰਕੇ 6 ਨਵੰਬਰ, 2022 ਨੂੰ ਭਰਤੀ ਰੱਦ ਕਰ ਦਿੱਤੀ ਗਈ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦਰਜ਼ਨਾਂ ਮੀਟਿੰਗਾਂ ਦੇ ਬਾਵਜੂਦ ਲਗਾਤਾਰ ਲਾਰੇ ਲਾ ਰਹੇ ਹਨ। ਸਰਕਾਰ ਦੀ ਲੱਗਭੱਗ ਅੱਧੀ ਟਰਮ ਪੂਰੀ ਹੋ ਗਈ ਅਤੇ ਸਰਕਾਰ ਇਸ ਭਰਤੀ ਲਈ ਜਰਾ ਵੀ ਫਿਕਰਮੰਦ ਨਹੀਂ ਹੈ, ਜਿਸ ਕਰਕੇ ਉਹਨਾਂ ਦੇ ਸਬਰ ਦਾ ਬੰਨ੍ਹ ਹੁਣ ਟੁੱਟ ਗਿਆ ਹੈ, ਜਿਸ ਕਰਕੇ ਉਹਨਾਂ ਨੂੰ ਤਿੱਖੇ ਐਕਸ਼ਨ ਲਈ ਮਜ਼ਬੂਰ ਹੋਣਾ ਪੈ ਰਿਹਾ।

ਦੋਵੇਂ ਆਗੂਆਂ ਹਰਦੀਪ ਕੌਰ ਬਰਨਾਲਾ ਅਤੇ ਮੀਤ ਪ੍ਰਧਾਨ ਗਗਨਦੀਪ ਕੌਰ ਸੰਗਰੂਰ ਨੇ ਮੁੜ ਗੁਹਾਰ ਲਾਉਂਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਗੱਲਬਾਤ ਕਰਨ ਅਤੇ ਲੈਕਚਰਾਰ ਅਸਾਮੀਆਂ ਸਬੰਧੀ ਇਸ਼ਤਿਹਾਰ ਤੁਰੰਤ ਜਾਰੀ ਕਰਨ ਦੀ ਮੰਗ ਕੀਤੀ ਹੈ।

## ਪੇਂਡੂ ਬੇਰੋਜ਼ਗਾਰ ਨੌਜਵਾਨਾਂ ਲਈ ਡੇਅਰੀ ਫਾਰਮਿੰਗ ਲਈ ਸਪੈਸ਼ਲ ਸਿਖਲਾਈ ਕੋਰਸ 2 ਤੋਂ 13 ਸਤੰਬਰ ਤੱਕ

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)** ਜਿਲ੍ਹਾ ਪਠਾਨਕੋਟ ਨਾਲ ਸਬੰਧਤ ਪੇਂਡੂ ਬੇਰੋਜ਼ਗਾਰ ਨੌਜਵਾਨ ਲੜਕੇ/ਲੜਕੀਆਂ ਲਈ ਡੇਅਰੀ ਸਿਖਲਾਈ ਕੋਰਸ ਮਿਤੀ 2-09-2024 ਤੋਂ 13-09-2024 ਤੱਕ, ਦਫ਼ਤਰ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ, ਨਰੋਟ ਜੈਮਲ ਸਿੰਘ, ਜਿਲ੍ਹਾ ਪਠਾਨਕੋਟ ਵਿਖੇ ਚਲਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆ ਸ਼੍ਰੀ ਕਸ਼ਮੀਰ ਸਿੰਘ, ਸੰਯੁਕਤ ਡਾਇਰੈਕਟਰ ਡੇਅਰੀ ਵਿਕਾਸ, ਮੋਹਾਲੀ ਨੇ ਦੱਸਿਆ ਕਿ ਖੇਤੀ ਵਿੱਚ ਵਭਿੰਨਤਾ ਲਿਆਉਣ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਡੇਅਰੀ ਦੇ ਕਿੱਤੇ ਨੂੰ ਸਹਾਇਕ ਧੰਦੇ ਵੱਜੋਂ ਅਪਨਾਉਣ ਲਈ 2 ਹਫ਼ਤੇ ਦੀ ਡੇਅਰੀ ਸਿਖਲਾਈ ਕਰਵਾਈ ਜਾਣੀ ਹੈ। ਇਸ ਸਿਖਲਾਈ ਕੋਰਸ ਵਿੱਚ ਜਿਲ੍ਹਾ ਪਠਾਨਕੋਟ ਨਾਲ ਸਬੰਧਤ ਪੇਂਡੂ ਬੇਰੋਜ਼ਗਾਰ ਨੌਜਵਾਨ ਲੜਕੇ / ਲੜਕੀਆਂ ਜੋ ਘੱਟੋ-ਘੱਟ 5ਵੀਂ ਪਾਸ ਹੋਣ, ਉਮਰ 18 ਤੋਂ 55 ਸਾਲ ਦਰਮਿਆਨ ਹੋਵੇ, ਪੇਂਡੂ ਖੇਤਰ ਨਾਲ ਸਬੰਧਤ ਹੋਣ, ਇਸ ਸਿਖਲਾਈ ਵਿੱਚ ਭਾਗ ਲੈ ਸਕਦੇ ਹਨ। ਸਿਖਲਾਈ ਦੀ ਫੀਸ ਜਨਰਲ ਜਾਤੀ ਲਈ 1000/- ਰੁਪਏ ਅਤੇ ਅਨੁਸੂਚਿਤ ਜਾਤੀ ਲਈ 750/- ਰੁਪਏ



ਹੈ, ਜੋ ਕਿ ਮਿਤੀ 02/09/2024 ਨੂੰ ਮੌਕੇ ਤੇ ਹੀ ਜਮ੍ਹਾ ਕਰਵਾਈ ਜਾਵੇਗੀ ਅਤੇ 2 ਹਫ਼ਤੇ ਦੀ ਸਫ਼ਲਤਾ ਪੂਰਵਕ ਸਿਖਲਾਈ ਲੈਣ ਉਪਰੰਤ ਸਿਖਿਆਰਥੀਆਂ ਨੂੰ ਵਿਭਾਗ ਵੱਲੋ ਇੱਕ ਸਰਟੀਫਿਕੇਟ ਵੀ ਦਿੱਤਾ ਜਾਵੇਗਾ, ਜਿਸ ਅਨੁਸਾਰ ਵੱਖ - ਵੱਖ ਬੈਂਕਾਂ ਤੋਂ ਡੇਅਰੀ ਕਰਜ਼ੇ ਦੀ ਸੁਵਿਧਾ ਰਾਹੀਂ 2,5,10 ਅਤੇ 20 ਦੁਧਾਰੂ ਪਸ਼ੂਆਂ ਦੇ ਡੇਅਰੀ ਯੂਨਿਟ ਸਥਾਪਿਤ ਕਰਕੇ 25% ਜਨਰਲ ਅਤੇ 33% ਅ:ਜਾਤੀ ਲਈ ਸਬਸਿਡੀ ਪ੍ਰਾਪਤ ਕਰ ਸਕਣਗੇ। ਇਸ ਸਬੰਧੀ ਦਫ਼ਤਰ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ, ਪਠਾਨਕੋਟ ਵਿਖੇ ਟ੍ਰੇਨਿੰਗ ਲੈਣ ਦੇ ਚਾਹਵਾਨ ਲੜਕੇ/ਲੜਕੀਆਂ ਆਪਣੇ ਅਸਲ ਯੋਗਤਾ ਸਰਟੀਫਿਕੇਟ, ਪਾਸਪੋਰਟ ਸਾਈਜ਼ ਫੋਟੋ, ਆਧਾਰ ਕਾਰਡ, ਪੈਨ ਕਾਰਡ, ਬੈਂਕ ਖਾਤੇ ਦੀ ਕਾਪੀ ਦੀ ਫੋਟੋ ਕਾਪੀ ਲੈ ਕੇ ਮਿਤੀ 30/08/2024 ਤੱਕ ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਮਲਿਕਪੁਰ, ਦੂਜੀ ਮੰਜਿਲ, ਕਮਰਾ ਨੰ: 345-ਏ ਵਿਖੇ ਫਾਰਮ ਜਮ੍ਹਾ ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਵਧੇਰੇ ਜਾਣਕਾਰੀ ਲਈ (ਫੋਨ ਨੰ: 0186-2345454 ਜਾਂ ਮੋਬਾਇਲ ਨੰ: (98762-60243),(76966-60650),(98785-28364) ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਕਾਲੇਵਾਲ ਬੀਤ ਦੇ ਦਿਆਲ ਪਰਿਵਾਰ ਨੇ ਆਪਣੀ ਮਾਤਾ ਮਰਹੂਮ ਪ੍ਰਕਾਸ਼ ਕੌਰ ਦੀਆਂ ਅੱਖਾਂ ਦਾਨ ਕੀਤੀਆਂ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–**ਅੱਜ ਪਿੰਡ ਕਾਲੇਵਾਲ ਬੀਤ ਦਾ ਦਿਆਲ ਪਰਿਵਾਰ ਜੋ ਪਹਿਲਾਂ ਹੀ ਸਮਾਜ ਸੇਵੀ ਕੰਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦਾ ਆ ਰਿਹਾ ਹੈ। ਚਾਹੇ ਉਹ ਖੂਨਦਾਨ ਕੈਂਪ, ਮੈਡੀਕਲ ਕੈਂਪ ਜਾਂ ਬੂਟੇ ਲਗਾਉਣ ਦੀ ਮੁਹਿੰਮ ਹੋਵੇ। ਮਾਸਟਰ ਅਮਰੀਕ ਦਿਆਲ ਅਤੇ ਸੋਨੀ ਦਿਆਲ ਨੇ ਇਸ ਤਰਾਂ ਦੇ ਕਾਰਜਾਂ ਚ ਵੱਧ ਚੜ੍ਹਕੇ ਹਿੱਸਾਂ ਲਿਆ। ਅੱਜ ਮਾਸਟਰ ਅਮਰੀਕ ਦਿਆਲ ਦੇ ਯਤਨਾਂ ਸਦਕਾ ਪੂਰਨ ਜੋਤ ਆਈ ਬੈਂਕ ਲੁਧਿਆਣਾ ਦੀ ਟੀਮ ਨੇ ਉਨ੍ਹਾਂ ਦੇ ਘਰ ਪਹੁੰਚ ਕੇ ਮਾਤਾ ਪ੍ਰਕਾਸ਼ ਕੌਰ ਦੀਆਂ ਅੱਖਾਂ ਦਾਨ ਵਜੋਂ ਪ੍ਰਾਪਤ ਕੀਤੀਆਂ। ਟੀਮ ਮੈਂਬਰ ਨੇ ਦੱਸਿਆ ਕਿ ਜੀਵ ਦੀ ਮੌਤ ਤੋਂ ਬਾਅਦ ਇਸ ਦੀਆਂ ਅੱਖਾਂ ਲਈਆਂ ਜਾਂਦੀਆਂ ਹਨ ਅਤੇ ਇਸ ਦੀਆਂ ਦੋਵੇਂ ਅੱਖਾਂ ਦੋ ਲੋੜਵੰਦਾਂ ਨੂੰ ਦਿੱਤੀਆਂ ਜਾਣਗੀਆਂ, ਜਿਨ੍ਹਾਂ ਦੀ ਜ਼ਿੰਦਗੀ 'ਚ ਰੋਸ਼ਨੀ ਆਵੇਗੀ। ਉਨ੍ਹਾਂ ਸਾਰਿਆਂ ਨੂੰ ਮੌਤ ਤੋਂ ਬਾਅਦ ਅੱਖਾਂ ਦਾਨ ਕਰਨ ਦੀ ਅਪੀਲ ਕੀਤੀ। ਇਸ ਸਮੇਂ ਸੀਟੂ ਪੰਜਾਬ ਦੇ ਪ੍ਰਧਾਨ ਕਾਮਰੇਡ



ਮਹਾਂ ਸਿੰਘ ਰੌੜੀ ਨੇ ਦਿਆਲ ਪਰਿਵਾਰ ਦੀ ਇਸ ਕਾਰਜ ਲਈ ਸ਼ਲਾਘਾ ਕੀਤੀ। ਇਸ ਸਮੇਂ ਮਾਸਟਰ ਅਮਰੀਕ ਦਿਆਲ ਨੇ ਇਸ ਦੁੱਖ ਦੀ ਘੜੀ ਵਿੱਚ ਸਾਥ ਦੇਣ ਲਈ ਸਾਰਿਆਂ ਦਾ ਧੰਨਵਾਦ ਕੀਤਾ। ਇਸ ਸਮੇਂ ਮਹਾਂ ਸਿੰਘ ਰੌੜੀ, ਕਾਮਰੇਡ ਅੱਛਰ ਸਿੰਘ ਟੋਰੋਵਾਲ, ਪ੍ਰਿੰਸੀਪਲ ਪ੍ਰੇਮ ਧੀਮਾਨ, ਮਾਸਟਰ ਸੁਧੀਰ ਰਾਣਾ, ਮਾਸਟਰ ਅਸ਼ਵਨੀ ਰਾਣਾ, ਡਾਕਟਰ ਫੁੰਮਣ ਸਿੰਘ, ਸਮਾਜ ਸੇਵੀ ਭਾਗ ਸਿੰਘ ਸ਼੍ਰੀ ਖੁਰਾਲਗੜ੍ਹ ਸਾਹਿਬ, ਲਾਲਾ ਬਬਲੀ ਪੁਰੀ, ਮਾਸਟਰ ਰਤਨ ਸਿੰਘ, ਮਾਸਟਰ ਜਸਵਿੰਦਰ ਸਿੰਘ, ਮਾਸਟਰ ਜਸਪਾਲ ਨੈਣਵਾਂ, ਮਾਸਟਰ ਚੂਹੜ ਸਿੰਘ, ਮਾਸਟਰ ਲਖਵਿੰਦਰ ਸਿੰਘ, ਸੁਰਿੰਦਰ ਡੀ।ਪੀ।, ਪ੍ਰਿੰਸੀਪਲ ਰਾਜ ਕੁਮਾਰ, ਗੌਰਵ ਪੁਰੀ, ਮਾਸਟਰ ਹਰਜੀਤ ਸਿੰਘ, ਗੌਰਵ ਰਾਣਾ ਨੂਰਪੁਰ ਬੇਦੀ, ਬਾਬਾ ਕੇਵਲ ਸਿੰਘ ਪ੍ਰਧਾਨ ਸ਼੍ਰੀ ਖੁਰਾਲਗੜ੍ਹ ਸਾਹਿਬ, ਮਾਸਟਰ ਗਿਆਨ ਸਿੰਘ ਸਹੋਤਾ, ਸੂਬੇਦਾਰ ਬਲਵੀਰ ਸਿੰਘ, ਕਰਨੈਲ ਸਿੰਘ ਗੱਦੀਵਾਲ, ਭੁਪਿੰਦਰ ਸਿੰਘ, ਸ਼ਿੰਗਾਰਾ ਸਿੰਘ ਮੋਰਿੰਡਾ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਹੋਰ ਮੌਜੂਦ ਸਨ।

# ਲਿੰਗਕ ਅਸਮਾਨਤਾ ਦਾ ਹਲ ਆਰਥਿਕ ਆਜ਼ਾਦੀ !



ਰਾਜਿੰਦਰ ਕੌਰ ਚੋਹਕਾ
91-98725-44738
001-403-285-4208

''ਜਦੋਂ ਤੱਕ ਇਸਤਰੀਆਂ ਨੂੰ ਆਮ ਤੌਰ 'ਤੇ ਨਾ, ਕੇਵਲ ਰਾਜਸੀ ਜ਼ਿੰਦਗੀ ਵਿਚ, ਸਗੋਂ 'ਤੇ ਨਿੱਤ ਦਿਹਾੜੀ ਦਾ ਅਤੇ ਆਮ ਜਨਤਕ ਸੇਵਾਵਾਂ ਵਿਚ ਸੁਤੰਤਰ ਤੌਰ 'ਤੇ ਹਿੱਸਾ ਲੈਣ ਲਈ ਨਹੀਂ ਲਿਆਂਦਾ ਜਾਂਦਾ, ਤਾਂ! ਉਸ ਸਮੇਂ ਤੱਕ ਸੋਸ਼ਲਿਜ਼ਮ ਤਾਂ! ਕੀ? ਸਗੋਂ 'ਤੇ ਸੰਪੂਰਨ 'ਤੇ ਹੰਢਣਸਾਰ ਜਨਵਾਦ ਦੀ ਗੱਲ ਕਰਨ ਦਾ ਕੋਈ ਲਾਭ ਨਹੀਂ ਹੈ ?'' (ਵੀ. ਆਈ. ਲੈਨਿਨ)

ਇਸਤਰੀਆਂ ਪ੍ਰਤੀ ਇਹੋ ਜਿਹੀ ਸੋਚ ਅਤੇ ਸਮਝ ਨੂੰ ਭਾਵੇਂ ! ਸਾਰੇ ਦੇਸ਼ਾਂ ਦੇ ਨਵੀਨ ਨੀਤੀਵਾਨ 'ਤੇ ਵਿਦਵਾਨ ਠੀਕ ਮੰਨ ਰਹੇ ਹਨ, ਪਰ ! ਅਜੇ ਤੱਕ ਵੀ ਨਾ ਤਾਂ ਵਿਕਾਸਸ਼ੀਲ ਦੇਸ਼ਾਂ 'ਤੇ ਨਾ ਹੀ ਵਿਕਸਤ ਦੇਸ਼ਾਂ ਵਿੱਚ ਇਸਤਰੀਆਂ ਨੂੰ ਸਮਾਜਿਕ, ਰਾਜਨੀਤਕ ਅਤੇ ਆਰਥਿਕ ਤੌਰ 'ਤੇ ਪੂਰੀ ਆਜ਼ਦੀ ਮਿਲੀ ਹੈ। ਉਸ ਨੂੰ ਅਜੇ ਤਕ ਵੀ ਆਪਣੇ ਹੱਕ ਲੈਣ ਲਈ ਲੰਬੇ ਸੰਘਰਸ਼ ਕਰਨੇ ਪੈਣਗੇ।

ਭਾਂਵੇ ਅੱਜ ਅਸੀਂ 21-ਵੀਂ ਸਦੀ ਦੀ ਆਰਥਿਕਤਾ ਦੇ ਮੁਕਾਬਲੇ ਅੰਦਰ ਦਾਖਲ ਹੋਣ ਦੀਆ ਡੀਗਾਂ ਤਾਂ ਮਾਰ ਰਹੇ ਹਾਂ, ਇਹ ਵੀ ਕਹਿ ਰਹੇ ਹਾਂ, ਕਿ ਇਸਤਰੀ ਜੋ ਸਮਾਜ ਦੀ ਸਿਰਜਕ ਅਤੇ ਜਨਨੀ ਹੈ, ਨੇ ਦੇਸ਼ ਅੰਦਰ ਕਈ ਖੇਤਰਾਂ 'ਚ ਪ੍ਰਾਪਤੀਆਂ ਕੀਤੀਆਂ ਹਨ। ਭਾਂਵੇ ! ਉਹ ਵਿਅਕਤੀਗਤ ਪ੍ਰਾਪਤੀਆਂ ਹੀ ਸਨ ? ਪਰ ਉਹ ਪ੍ਰਾਪਤੀਆਂ ਸਮੁੱਚੇ ਦੇਸ਼ ਅੰਦਰ ਇਸਤਰੀ ਵਰਗ ਦੇ ਆਰਥਿਕ ਆਜ਼ਾਦੀ, ਸਿੱਖਿਆ, ਸਿਹਤ, ਰੁਜ਼ਗਾਰ ਅਤੇ ਸਮਾਜਿਕ ਬਰਾਬਰਤਾ ਦੇ ਪਿੜ ਅੰਦਰ ਅਜੇ ਵੀ ਤੁੱਛ ਹਨ। ਉਸ ਨੂੰ ਅਜੇ ਹੋਰ ਲੰਬਾ ਸੰਘਰਸ਼ ਕਰਨਾ ਪੈਣਾ ਹੈ। ਕਿਉਂਕਿ ? ਉਸ ਦੀਆਂ ਪ੍ਰਾਪਤੀਆਂ ਦੇ ਮੁਕਾਬਲੇ, ਉਸ ਦੀਆਂ ਦੁਸ਼ਵਾਰੀਆਂ ਘਟਣ ਦੀ ਬਜਾਏ ਹੋਰ ਵੱਧ ਰਹੀਆਂ ਹਨ। ''ਸੰਸਾਰ ਆਰਥਿਕ ਸੋਚ'' 2024 ਦੀ ਰੀਪੋਰਟ 'ਇਸਤਰੀ ਲਿੰਗਕ ਅਸਮਾਨਤਾ' ਦੇ ਮਾਮਲੇ ਵਿੱਚ ਭਾਰਤ 146 ਦੇਸ਼ਾਂ ਦੀ ਸੂਚੀ 'ਚ 129-ਵੇਂ ਸਥਾਨ 'ਤੇ ਸੀ। ਹੁਣ ਉਹ ਹੋਰ ਹੇਠਾਂ ਚਲਾ ਗਿਆ ਹੈ। ਦੇਸ਼ ਦੇ ਸੰਵਿਧਾਨ ਦੀ ਧਾਰਾ 14 ਤੋਂ ਲੈ ਕੇ -18 ਤੱਕ ਸਮਾਨਤਾ ਦੇ ਅਧਿਕਾਰਾਂ ਤਹਿਤ, ਹਰ ਤਰ੍ਹਾਂ ਦੇ ਲਿੰਗਕ-ਤੌਰ 'ਤੇ ਭੇਦ-ਭਾਵ ਨਾ ਕਰਨ ਦੀ ਪ੍ਰੋੜਤਾ ਕੀਤੀ ਗਈ ਹੈ। ਸੰਵਿਧਾਨ ਦੇ ਮੌਲਿਕ ਅਧਿਕਾਰਾਂ ਅਤੇ ਨੀਤੀ ਨਿਰਦੇਸ਼ਾਂ ਵਿੱਚ ਇਸਤਰੀਆਂ ਦੀ ਸੁਰੱਖਿਆ, ਉਨ੍ਹਾਂ ਦਾ ਸਨਮਾਨ, ਵਿਕਾਸ 'ਤੇ ਭੇਦ-ਭਾਵ ਨਾ ਕਰਨ ਦੇ ਨਿਰਦੇਸ਼ ਦਿੱਤੇ ਹਨ।

ਭਾਰਤ ਦੇ ਸੰਵਿਧਾਨ ਅੰਦਰ ਇਸਤਰੀਆਂ ਅਤੇ ਬੱਚੀਆਂ ਲਈ ਬਰਾਬਰਤਾ ਦੇ ਮੌਕੇ, ਅਧਿਕਾਰ ਅਤੇ ਸੁਰੱਖਿਆ ਦੇਣ ਲਈ ਕਿਹਾ ਗਿਆ ਹੈ। ਸਾਰੇ ਹੀ ਖੇਤਰਾਂ ਅੰਦਰ ਇਸਤਰੀਆਂ ਨਾਲ ਰਾਜਾਂ ਅੰਦਰ ਵੀ ਬਰਾਬਰਤਾ ਦੇ ਮੌਕੇ ਪ੍ਰਦਾਨ ਕਰਨ ਲਈ ਕਿਹਾ ਗਿਆ ਹੈ। ਪਰ! ਇਸ ਸੰਵਿਧਾਨ ਦੇ ਲਾਗੂ ਹੋਣ ਦੇ -75 ਸਾਲਾ ਬਾਦ ਵੀ ਇਸਤਰੀ ਵਰਗ ਦੇਸ਼ ਅੰਦਰ ਲਿੰਗਕ-ਬਰਾਬਰਤਾ ਦੇ ਖੇਤਰ ਵਿੱਚ ਹਰ ਤਰ੍ਹਾਂ ਦੇ ਵਿਤਕਿਰਿਆਂ ਦੀ ਸ਼ਿਕਾਰ ਹੈ ! ਉਪਰੋਕਤ ਲਿੰਗਕ ਅਸਮਾਨਤਾ 2024 ਦੀ ਰੀਪੋਰਟ ਇਨ੍ਹਾਂ ਵਿਤਕਿਰਿਆਂ ਦੀ ਪ੍ਰੋੜਤਾ ਕਰਦੀ ਹੈ? ਕਿ ਦੇਸ਼ ਅੰਦਰ ਇਸਤਰੀਆਂ ਨਾਲ, ਹਰ ਖੇਤਰ ਵਿਚ ਅਸਮਾਨਤਾ ਵੱਧੀ ਹੈ। ''ਦੱਖਣੀ ਏਸ਼ੀਆ ਵਿਚ ਭਾਰਤ ਸੰਸਾਰ ਲਿੰਗਕ ਅਸਮਾਨਤਾ ਦੇ ਸੂਚਕ ਅੰਕ-2024'' ਅੰਦਰ ਬੰਗਲਾਦੇਸ਼, ਨੇਪਾਲ, ਸ਼੍ਰੀਲੰਕਾ ਅਤੇ ਭੂਟਾਨ ਗੁਆਂਢੀ ਦੇਸ਼ਾਂ ਦੇ ਮੁਕਾਬਲੇ ਪੰਜਵੇਂ ਸਥਾਨ 'ਤੇ ਹੈ। ਇਸ ਰੀਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ, ਭਾਰਤ ਨੇ ਆਪਣਾ ਪ੍ਰਾਪਤੀ ਅੰਕ ਪਿਛਲੇ ਸਾਲਾਂ ਨਾਲੋਂ 64।1-ਫੀਸਦ ਦੇ ਅੰਤਰ ਨਾਲ ਘੱਟ ਕਰ ਲਿਆ ਹੈ। ਪਰ! ਫਿਰ ਵੀ ਅਸੀਂ ਹੇਠਾਂ ਹੀ ਹਾਂ ਅਤੇ ਸਾਨੂੰ 2012 ਦੇ ਸਕੋਰ ਵਾਲੇ 46-ਫੀ ਸੱਦ ਦੀ ਸਤਹਾ ਦਰ 'ਤੇ ਮੁੜ ਵਾਪਸ ਆਉਣ ਲਈ 6।2ਫੀ-ਸੱਦ ਅੰਕ ਵਧਾਉਣ ਦੀ ਲੋੜ ਹੈ। ਭਾਵ! ਦੇਸ਼ ਅੰਦਰ ਸਮਾਜਿਕ, ਆਰਥਿਕ ਅਤੇ ਰਾਜਨੀਤਕ ਖੇਤਰ ਅੰਦਰ ਦੇਸ਼ ਦਾ ਵੱਡਾ ਹਿੱਸਾ, ਖਾਸ ਕਰਕੇ ਇਸਤਰੀ ਵਰਗ ਹਰ ਤਰ੍ਹਾਂ ਦੀਆਂ ਦੁਸ਼ਵਾਰੀਆਂ ਦੀ ਸ਼ਿਕਾਰ ਹੋਈ ਹੈ। ਇਸ ਲਈ ਇਸ ਵਰਗ ਵੱਲ ਉਚੇਚਾ ਧਿਆਨ ਦੇਣਾ ਪਏਗਾ।

''ਸੰਸਾਰ ਆਰਥਿਕ ਮੰਚ'' ਦੀ ਸਾਲ 2024 ਦੀ ਲਿੰਗਕ ਅੰਤਰ ਸੂਚਕ ਅਕ ਦੀ ਰੀਪੋਰਟ ਵਿੱਚ ਭਾਰਤ ਦੋ ਅੰਕ ਘੱਟ ਕੇ-129ਵੇਂ ਸਥਾਨ ਤੇ ਆ ਗਿਆ ਹੈ। ਭਾਵੇਂ! ਸਰਕਾਰ ਨੇ ਇਸਤਰੀਆਂ ਦੇ ਵਿਕਾਸ ਲਈ ਕਈ ਨੀਤੀਆਂ ਅਪਣਾਈਆਂ ਹਨ। ਪ੍ਰਤੂੰ ਸਿੱਖਿਆ, ਸਿਹਤ, ਆਮਦਨ, ਸਮਾਜਿਕ 'ਤੇ ਰਾਜਨੀਤਕ ਹਿੱਸੇਦਾਰੀ ਅੰਦਰ ਬਰਾਬਰਤਾ ਲਈ ਕਈ ਸਵਾਲ ਉਠ ਰਹੇ ਹਨ। ਭਾਂਵੇਂ! ਸਿੱਖਿਆ ਦੇ ਮਾਮਲੇ ਵਿਚ ਭਾਰਤ ਨੇ ਮਰਦ ਅਤੇ ਇਸਤਰੀ ਵਿਚਕਾਰ ਕਾਰਗੁਜ਼ਾਰੀ ਚੰਗੀ ਦਿਖਾਈ ਹੈ। ਫਿਰ ਵੀ ਇਸਤਰੀਆਂ ਦੇ ਸ਼ਸ਼ਕਤੀਕਰਨ 'ਚ ਭਾਰਤ 65-ਵੇਂ ਸਥਾਨ 'ਤੇ ਹੈ। ਪਿਛਲੇ ਬੀਤੇ 50 ਸਾਲਾਂ ਵਿਚ ਇਸਤਰੀਆਂ 'ਤੇ ਮਰਦਾਂ ਦੇ ਨਾਲ ਸਮਾਨਤਾ ਦੇ ਮਾਮਲੇ ਵਿਚ 10-ਵੇਂ ਸਥਾਨ ਤੇ ਸੀ। ਭਾਂਵੇਂ ! ਅਵਾਮ ਵਿਚ ਤਬਦੀਲੀ ਆ ਰਹੀ ਹੈ। ਪ੍ਰਤੂੰ ਪੂੰਜੀਵਾਦੀ ਪ੍ਰਭਾਵਿਤ ਮਰਦ-ਪ੍ਰਧਾਨ ਦੀ ਮਾਨਸਿਕਤਾ ਅਜੇ ਤੱਕ ਪੂਰੀ ਤਰ੍ਹਾਂ ਖਤਮ ਨਹੀ ਹੋਈ ਹੈ 'ਤੇ ਪਿਤਰੀ ਰੋਹਬ ਵੀ ਅਜੇ ਪ੍ਰਬਲ ਹੀ ਰਿਹਾ ਹੈ ? ਸਗੋਂ ਤੇ ਪਿਤਰੀ ਸੱਤਾ ਦੀਆਂ ਜੜਾਂ ਹੋਰ ਮਜ਼ਬੂਤ ਹੋ ਰਹੀਆਂ ਹਨ। ਮੌਜੂਦਾ ਰਾਜਨੀਤਕ ਪਾਰਟੀਆਂ ਦੇ ਆਗੂਆਂ ਦੀ ਇਸਤਰੀਆਂ ਪ੍ਰਤੀ ਜੋ ਵਿਵਹਾਰ ਹਨ, ਉਸ ਵਿੱਚ ਤਬਦੀਲੀ ਆਉਣ ਵਿਚ ਪਤਾ ਨਹੀ ਕਿੰਨ੍ਹਾਂ ਕੁ ਹੋਰ ਸਮਾਂ ਲਗੇਗਾ ? ਪਰ ਸਾਨੂੰ ਇਹ ਵੀ ਯਾਦ ਰੱਖਣਾ ਪਏਗਾ ਕਿ ਕੋਈ ਵੀ ਦੇਸ਼ ਤਰੱਕੀ ਨਹੀਂ ਕਰ ਸਕਦਾ ਜਦੋਂ ਤਕ ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਨਹੀ ਦਿੱਤੇ ਜਾਂਦੇ। ਇਸ ਸਥਿਤੀ ਵਿਚ ਤਬਦੀਲੀ ਲਿਆਉਣ ਲਈ ਸਮਾਜਿਕ, ਆਰਥਿਕ ਤੇ ਰਾਜਨੀਤਕ ਅਜ਼ਾਦੀ ਅਤੇ ਉਸ ਦੇ ਜਥੇਬੰਦਕ ਸੰਘਰਸ਼ਾਂ ਰਾਹੀਂ ਹੀ ਇਸ ਵਰਗ ਵਲੋਂ ਬਰਾਬਰਤਾ ਦੀ ਪ੍ਰਾਪਤੀ ਵੱਲ ਪੁਜਣ ਦੀ ਆਸ ਰੱਖੀ ਜਾ ਸਕਦੀ ਹੈ।



ਦੁਨੀਆਂ ਭਰ ਵਿਚ ਬਹਤ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਨੇ ਲਿੰਗਕ ਸਮਾਨਤਾਂ ਵਿਚ ਪ੍ਰਾਪਤੀ ਕੀਤੀ ਹੈ, ਉਨ੍ਹਾਂ ਨੇ ਅਨੇਕਾਂ ਸਾਰਥਿਕ ਨੀਤੀਆਂ ਇਸਤਰੀਆਂ ਲਈ ਬਣਾਈਆਂ ਹਨ। ਪਰ ! ਅੱਜੇ ਤੱਕ ਬਹੁਤਿਆਂ ਦੇਸ਼ਾਂ ਵਿੱਚ ਜਿਥੇ ਇਹ ਸਾਰਥਿਕ ਨੀਤੀਆਂ ਨਹੀਂ ਹਨ, ਇਹ ਬਰਾਬਰਤਾ ਘੱਟੀ ਹੀ ਨਹੀਂ ਹੈ? ਸਗੋਂ ਤੇ ਵਧੀ ਹੈ ! ਸੰਸਾਰ ਆਰਥਿਕ ਮੰਚ ਦੀ ਰੀਪੋਰਟ ਵਿਚ ਇਹ ਸਪਸ਼ਟ ਤੌਰ ਤੇ ਕਿਹਾ ਕਿਹਾ ਗਿਆ ਹੈ ਕਿ ਭਾਰਤ ਵਿੱਚ ਇਹੋ ਜਿਹੀਆਂ ਇਸਤਰੀਅਆਂ ਪ੍ਰਤੀ ਬਣਾਈਆਂ ਗਈਆਂ ਨੀਤੀਆਂ ਸਿਰਫ਼ ਫਾਈਲਾਂ ਵਿੱਚ 'ਤੇ ਐਲਾਨਨਾਮਿਆਂ ਤੱਕ ਹੀ ਸੀਮਤ ਰਹਿ ਗਈਆਂ ਹਨ। ਉਹ ਵੀ ਫਿਰਕੂ ਅਤੇ ਮਰਦ ਪ੍ਰਧਾਨ ਪ੍ਰਭਾਵ ਵਾਲੀਆਂ ਹੋਣ ਦੇ ਕਾਰਨ ? ਇਸੇ ਰੀਪੋਰਟ ਮੁਤਾਬਿਕ ਭਾਰਤ ਦਾ ਇਸ ਨਾਲ ਦੋ ਰੈਂਕ ਧੱਟ ਕੇ 129ਵੇਂ ਸਥਾਨ ਤੇ ਆਉਣ ਦਾ ਕਾਰਨ ਸਿੱਖਿਆ ਪ੍ਰਾਪਤੀ, ਆਰਥਿਕ ਅਜ਼ਾਦੀ ਅਤੇ ਰਾਜਨੀਤਕ ਮਾਪ ਦੰਡ ਵਿਚ ਆਈ ਗਿਰਾਵਟ ਹੈ। ਇਹ ਸਥਿਤੀ ਭਾਰਤ ਵਿਚ ਉਸ ਸਮੇਂ ਦੀ ਹੈ, ਜਦੋਂ ਅਤਿ ਦੀ ਫਿਰਕੂ ਕਾਰਪੋਰੇਟੀ ਅਤੇ ਪੂੰਜੀਵਾਦੀ ਮੋਦੀ ਸਰਕਾਰ ਨੇ ਇਸਤਰੀਆਂ ਲਈ 33-ਫੀ ਸੱਦ ਰਾਖਵਾਂਕਰਨ ਸੰਸਦ ਅਤੇ ਵਿਧਾਨ ਸਭਾਵਾਂ ਵਿਚ ਦੇਣ ਦਾ ਬਿੱਲ ਵੀ ਪਾਸ ਕਰ ਦਿੱਤਾ ਹੈ। ਪਰ ਦੇਸ਼ ਵਿਚ ਮੋਦੀ ਸਰਕਾਰ ਨੇ ਇਸਤਰੀਆਂ ਲਈ ਬਿਲ ਤਾਂ ਪਾਸ ਕਰ ਦਿੱਤਾ ਹੈ! ਪਰ ਇਸਤਰੀਆਂ ਦੀ ਦੇਸ਼ ਭਰ ਵਿੱਚ ਅਬਾਦੀ ਮੁਤਾਬਿਕ ਸੰਸਦ ਅਤੇ ਵਿਧਾਨ ਸਭਾਵਾਂ ਵਿਚ ਰਾਜਨੀਤਕ ਅਸਥਾਨ ਨਹੀ ਦਿੱਤਾ ਜਾ ਰਿਹਾ ਹੈ।

ਇਹ 33-ਫੀਸਦ ਵਿਧਾਨ ਸਭਾ ਤੇ ਸੰਸਦ ਵਿਚ ਇਸਤਰੀਆਂ ਦੀ ਨੁਮਾਇੰਦਗੀ ਦਾ ਭਾਵੇਂ ਬਿਲ 17-ਵੀਂ ਲੋਕ ਸਭਾ 'ਚ ਮੋਦੀ ਸਰਕਾਰ ਨੇ ਪਾਸ ਕਰ ਦਿੱਤਾ ਸੀ। ਪਰ ! ਇਸ ਕਾਨੂੰਨ ਵਿਚ (ਕਾਨੂੰਨੀ ਮਾਹਿਰਾਂ ਮੁਤਾਬਿਕ) ਅੱਜੇ ਤੱਕ ਵੀ ਕੁਝ ਅਜਿਹੀਆਂ ਕਾਨੂੰਨੀ ਸ਼ਰਤਾਂ ਹਨ। ਜਿੰਨੀ ਦੇਰ ਉਹ ਸ਼ਰਤਾਂ ਪੂਰੀਆਂ ਨਹੀਂ ਹੁੰਦੀਆਂ ਤਾਂ ਇਹ ਬਿੱਲ ਕਾਨੂੰਨੀ ਤੌਰ 'ਤੇ ਸੰਪੂਰਨ ਨਹੀ ਹੋ ਸਕਦਾ ਹੈ। ਇਕ ਤਾਂ ਇਸ ਦੀ ਸ਼ਰਤ ਹੈ, ਕਿ ਕਾਨੂੰਨ ਬਣਾਉਣ ਤੋਂ ਪਹਿਲਾਂ ਦੇਸ਼ ਵਿਚ ਜਨ ਗਣਨਾਂ ਹੋਈ ਹੈ। 2011 ਤੋਂ ਬਾਦ ਦੇਸ਼ ਵਿਚ ਜਨ ਗਣਨਾਂ ਨਹੀ ਹੋਈ ਹੈ। ਜਦ ਕਿ ਹਰ ਦੱਸ ਸਾਲ ਬਾਦ ਦੇਸ਼ ਦੀ ਜਨ ਗਣਨਾਂ ਕਰਵਾਈ ਜਾਂਦੀ ਹੈ। 2021 ਵਿਚ ਕਰੋਨਾ ਮਹਾਂਮਾਰੀ ਕਾਰਨ ਇਹ ਜਨ ਗਣਨਾ ਨਹੀ ਹੋ ਸਕੀ ਹੈ। ਮਾਹਿਰਾਂ ਦਾ ਇਹ ਵੀ ਕਹਿਣਾ ਹੈ ਕਿ ਜੋ ਇਸ ਦਾ ਡਰਾਫਟ ਬਣਾਇਆ ਗਿਆ ਹੈ, ਉਹ ਬਹੁਤ ਹੀ ਪੇਚੀਦਾ ਹੈ। ਜਨ ਗਣਨਾਂ 'ਤੇ ਇਕ ਹੋਰ ਸ਼ਰਤ ਲਾਈ ਗਈ ਹੈ ਉਹ ਬਹੁਤ ਹੀ ਖਤਰਨਾਕ ਹੈ। ਮਾਹਿਰਾ ਦਾ ਕਹਿਣਾ ਹੈ, ''ਕਿ ਇਏ ਕਾਨੂੰਨ 2029 ਤੱਕ ਵੀ ਲਾਗੂ ਨਹੀ ਹੋ ਸਕਦਾ ਹੈ। ਤਾਂ ਹੀ ਹੋ ਸਕਦਾ ਹੈ 2039 ਤੱਕ ਜਾ ਕੇ ਜੇਕਰ ਪੂਰੀ ਤਰ੍ਹਾਂ ਮੁਕੰਮਲ ਹੋਵੇ?

2014 ਵਿਚ ਬੀ.ਜੇ.ਪੀ. ਮੋਦੀ ਸਰਕਾਰ ਜਿੱਤ ਕੇ ਸੰਸਦ ਵਿਚ ਪਹੁੰਚੀ ਸੀ। ਜਦਕਿ 16-ਵੀਂ ਲੋਕ ਸਭਾ ਵਿਚ 544 ਸੰਸਦ ਮੈਬਰਾਂ ਵਿਚੋਂ 66 ਸੰਸਦ ਮੈਂਬਰ ਇਸਤਰੀਆਂ ਹੀ ਸਦਨ ਵਿਚ ਪਹੁੰਚੀਆਂ ਅਤੇ 2019 ਵਿਚ 17-ਵੀਂ ਲੋਕ ਸਭਾ ਦੇ 542 ਸੰਸਦ ਮੈਂਬਰਾਂ ਵਿਚੋਂ 78 ਇਸਤਰੀਆਂ ਹੀ ਸੰਸਦ ਵਿਚ ਚੁਣੀਆਂ ਗਈਆਂ। ਹੁਣ 2024 ਵਿਚ ਐਨ.ਡੀ.ਏ. ਦੀ ਮੋਦੀ ਸਰਕਾਰ ਅੰਦਰ 18ਵੀਆਂ ਸੰਸਦੀ ਚੋਣਾਂ ਵਿਚ 543 ਮੈਂਬਰੀ ਸੰਸਦ ਵਿਚ ਇਸਤਰੀ ਸੰਸਦ ਮੈਂਬਰਾਂ ਦੀ ਗਿਣਤੀ ਕੇਵਲ ''74'' ਹੀ ਹੈ, ਜੋ ਸੰਸਦ ਦੀ ਪੌੜੀ ਚੜ੍ਹੀਆਂ ਹਨ। ਸੰਸਦ ਨੇ ਦੇਸ਼ ਦੇ ਲਈ ਕਾਨੂੰਨ ਘੜਨੇ ਹੁੰਦੇ ਹਨ, ਦੇਸ਼ ਦੀ ਅੱਧੀ ਅਬਾਦੀ ਵਿੱਚੋਂ ਇਸਤਰੀਆਂ ਸਿਰਫ 74 ਹੀ 543 ਸੰਸਦ ਮੈਂਬਰਾਂ ਵਿਚੋਂ ਚੁਣੀਆਂ ਜਾਣ ਤਾਂ ! ਉਹ ਦੇਸ਼ ਕਿੰਨਾ ਕੁ ਤਰੱਕੀ ਕਰ ਸਕੇਗਾ।ਇਹ ਸਾਡੇ ਸਾਹਮਣੇ ਇਕ ਸਵਾਲ, ਉਭਰ ਕੇ ਆ ਰਿਹਾ ਹੈ। ਜੋ ਕਿ ਸਭਾ ਤੇ ਬੈਠੀਆਂ ਰਾਜਨੀਤਕ ਪਾਰਟੀਆਂ ਲਈ ਵੀ ਇਕ ਚਿੰਤਾ ਹੋਣੀ ਚਾਹੀਦੀ ਹੈ?

ਜੇਕਰ ਅਸੀਂ ਦੁਨੀਆਂ ਦੀ ਗੱਲ ਕਰੀਏ ਤਾਂ ''ਹਿਊਮਨ ਡਿਵੈਲਪਮੈਂਟ ਇੰਡੈਕਸ ਰੈਕਿੰਗ ਅੰਦਰ ਵਿਕਸਤ ਦੇਸ਼ਾਂ ਵਿਚ ਇਸਤਰੀਆਂ ਦੀ ਸੰਸਦ ਵਿਚ ਪ੍ਰਤੀਨਿਧਤਾ ਜਿਆਦਾ ਹੈ। ਨਿਊਜ਼ੀਲੈਂਡ ਵਿਚ ਇਸਤਰੀਆਂ ਦੀ ਸ਼ਮੂਲੀਅਤ 50-ਫੀਸਦ ਤੋਂ ਵੀ ਵੱਧ ਹੈ। ਇਸੇ ਤਰ੍ਹਾਂ ਸਪੇਨ, ਫਰਾਂਸ, ਜਰਮਨੀ, ਯੂ।ਕੇ 'ਤੇ ਇਟਲੀ ਦੀ ਸੰਸਦ ਵਿਚ 30 ਫੀਸਦ ਤੋਂ ਵੀ ਜ਼ਿਆਦਾ ਨੁਮਾਇੰਦਗੀ ਹੈ। ਭਾਰਤ ਇਸ ਮਾਮਲੇ ਵਿੱਚ ਆਪਣੇ ਪੜੋਸੀ-ਨੇਪਾਲ, ਬੰਗਲਾ ਦੇਸ਼ 'ਤੇ ਪਾਕਿਸਤਾਨ ਤੋਂ ਵੀ ਪਿਛੇ ਹੈ। ਨੇਪਾਲ 'ਚ 33%-ਫੀਸਦ, ਬੰਗਲਾ ਦੇਸ਼ 'ਚ 2019 ਫੀਸਦ 'ਤੇ ਪਾਕਿਸਤਾਨ ਵਿਚ 20.5 ਫੀਸਦ ਸੰਸਦ ਮੈਂਬਰ ਇਸਤਰੀਆਂ ਹਨ। ਭਾਰਤ ਵਿਚ 18ਵੀਂ ਸੰਸਦ ਦੀ ਚੋਣ ਵਿਚ ਇਸਤਰੀਆਂ ਦੀ ਵੋਟ 48 ਫੀਸਦ ਰਹੀ। ਫਿਰ ਇਸਤਰੀਆਂ ਦੀ ਸੰਸਦੀ ਸੀਟਾਂ ਦੀ ਗਿਣਤੀ ਸਿਰਫ 14 ਫੀਸਦ ਹੀ ਕਿਉਂ ਹੈ? ਇਹ ਸਵਾਲ ਸਾਡੇ ਸਾਹਮਣੇ ਉਭਰ ਕੇ ਆ ਰਿਹਾ ਹੈ ਜੋ ਸਾਰੇ ਦੇਸ਼ ਲਈ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ।

ਜੇਕਰ ਦੇਖਿਆ ਜਾਵੇ ਤਾਂ ਸਮਾਜਿਕ ਅੱਤਿਆਚਾਰ ਦੇ ਗ੍ਰਾਫ ਅੰਦਰ ਇਸਤਰੀ ਦੀ ਹਾਲਤ ਹੋਰ ਵੀ ਮਾੜੀ ਹੈ ਜੋ ਸਾਡੇ ਸਾਹਮਣੇ ਆ ਰਹੀ ਹੈ।''ਕੌਮੀ ਇਸਤਰੀ ਕਮਿਸ਼ਨਰ'' ਕੋਲ ਹੁਣ ਤੱਕ (2024) ਸਭ ਤੋਂ ਵੱਧ ਹਿੰਸਾ ਦੀਆਂ ਵਾਰਦਾਤਾਂ ਸੰਬੰਧੀ 12,600 ਸ਼ਿਕਾਇਤਾਂ ਮਿਲੀਆਂ ਹਨ। ਜਿਸ ਵਿੱਚ ਸਭ ਤੋਂ ਵੱਧ ਸ਼ਿਕਾਇਤਾਂ ਉੱਤਰ ਪ੍ਰਦੇਸ਼ ਵਿਚੋਂ ਆਈਆਂ ਹਨ ਅਤੇ ਉਹ ਵੀ ਸਭ ਤੋਂ ਵੱਧ ਘਰੇਲੂ ਹਿੰਸਾ 'ਤੇ ਉਤਪੀੜਤ ਦੀਆਂ ਹਨ। ''ਐਨ।ਸੀ।ਡਬਲਯੂ'' ਦੇ ਅੰਕੜਿਆ ਦੇ ਮੁਤਾਬਿਕ ਇਸਤਰੀਆਂ ਨਾਲ ਸਬੰਧਿਤ ਹਿੰਸਾ 'ਤੇ ਉਤਪੀੜਤ ਦੀਆਂ 3107 ਸ਼ਿਕਾਇਤਾਂ ਮਿਲੀਆਂ ਹਨ। ਯੂ.ਪੀ. ਤੋਂ ਬਾਅਦ ਦੂਸਰਾ ਨੰਬਰ ਦਿੱਲੀ 'ਤੇ ਮਹਾਂਰਾਸ਼ਟਰ ਦਾ ਹੈ, ਜਿਥੇ ਇਸਤਰੀਆਂ ਨਾਲ ਹਿੰਸਾ ਸੰਬੰਧੀ ਖਬਰਾਂ ਮਿਲੀਆਂ ਹਨ। ਦੇਖੋ ਵਿੰਡਵਨਾ! ਜਦੋਂ ਕਿ ਦੇਸ਼ ਵਿਚ ਪਿਛਲੇ ਇਕ ਸਾਲ ਦੇ ਵੱਧ ਸਮੇਂ ਤੋਂ ਹਿੰਸਾ ਨਾਲ ਜੂਝ ਰਹੇ ਮਨੀਪੁਰ ਵਿਚ ਇਸਤਰੀਆਂ ਸੰਬੰਧੀ ਆਯੋਗ ਦੇ ਕੋਲ 59 ਕੇਸ ਆਏ ਤੇ ਸਿਰਫ 5 ਕੇਸ ਹੀ ਇਸਤਰੀਆਂ 'ਤੇ ਹੋ ਰਹੇ ਅਪਰਾਧਾਂ ਵਾਰੇ ਸੀ.ਬੀ.ਆਈ ਨੂੰ ਦਿੱਤੇ ਗਏ ਹਨ! ਜਦ ਕਿ ਮਨੀਪੁਰ ਵਿਚ ਇਸਤਰੀਆਂ ਦੀ ਬੇ-ਪਤੀ, ਰੇਪ 'ਤੇ ਜਿਸਮਾਨੀ ਅੱਤਿਆਚਾਰ ਦੀਆਂ ਵੀਡੀਓ ਜੱਗ ਜਾਹਿਰ ਹੋ ਚੁੱਕੀਆਂ ਹਨ। ਪਰ ਜਦ ਕਿ ਦੇਸ਼ ਦੇ ਪ੍ਰਧਾਨ ਮੰਤਰੀ ਜੀ ਅਤੇ ਉਨ੍ਹਾ ਦੀ ਸਰਕਾਰ ਵੀ ਅੱਜ ਤੱਕ ਮੂੰਹ ਬੰਦ ਕਰ ਕੇ ਬੈਠੀ ਰਹੀ ਤੇ ਹੁਣ ਵੀ ਚੁੱਪ ਹੈ! ਕਿੱਡੀ ਬੇ-ਇਨਸਾਫੀ ਹੈ ਹਾਕਮਾਂ ਦੀ, ਮਨੀਪੁਰ ਦੀਆਂ ਇਸਤਰੀਆਂ ਨਾਲ?

ਅਸੀਂ 21ਵੀਂ ਸਦੀ ਵਿੱਚ ਪਹੁੰਚ ਗਏ ਹਾਂ।ਪਰ! ਭਾਰਤ ਵਿੱਚ ਇਸਤਰੀਆਂ ਆਪਣੇ ਆਪ ਨੂੰ ਸੁੱਰਖਿਅਤ ਨਹੀਂ ਸਮਝ ਰਹੀਆਂ ਹਨ। ਜੀ.ਆਈ.ਡਬਲਯੂ.ਪੀ.ਐਸ. 2023 ਦੇ ਅਨੁਸਾਰ ਭਾਰਤ ਵਿਚ 15 ਸਾਲ ਅਤੇ ਉਸ ਤੋਂ ਵੱਧ ਉਮਰ ਦੀਆਂ ਇਸਤਰੀਆਂ ਵਿਚ ਆਪਣੇ ਆਪ ਦੀਆਂ ਸੁਰੱਖਿਆਂ ਦੀਆਂ ਭਾਵਨਾਵਾਂ ਘੱਟ ਗਈਆਂ ਹਨ।

ਜਦ ਕਿ 2017 ਵਿਚ 65.5-ਫੀਸਦ ਇਸਤਰੀਆਂ ਨੇ ਆਪਣੇ ਆਪ ਨੂੰ ਸੁਰੱਖਿਅਤ ਹੋਣ ਦੀਆਂ ਭਾਵਨਾਵਾਂ ਪ੍ਰਗਟ ਕੀਤੀਆ ਸਨ। ਪਰ, 2023 ਵਿਚ ਇਹ ਅੰਕੜਾ 58-ਫੀ ਸੱਦ ਘੱਟ ਕੇ ਹੇਠਾਂ ਆ ਗਿਆ ਹੈ। ਇਸ ਇੰਡੈਕਸ ਨੂੰ ਇਸ ਦੇ ਉੱਤੇ ਤਿਆਰ ਕੀਤਾ ਜਾਂਦਾ ਹੈ ਕਿ, ਕੀ ? ਇਸਤਰੀਆਂ ਆਪਣੇ ਹਲਕੇ, ਸ਼ਹਿਰ, ਜਾਂ ਪਿੰਡ ਵਿਚ ਰਾਤ ਨੂੰ ਰਾਤ ਨੂੰ ਬਾਹਰ ਜਾਣ ਸਮੇਂ ਆਪਣੇ-ਆਪ ਨੂੰ ਸੁਰੱਖਿਅਤ ਮਹਿਸੂਸ ਕਰਦੀਆਂ ਹਨ, ਜਾਂ ਨਹੀਂ?

ਭਾਰਤ ਦੇਸ਼ ਦੀ ਜੇ ਦੂਸਰੇ ਵਿਕਸਤ 'ਤੇ ਵਿਕਾਸਸ਼ੀਲ ਦੇਸ਼ਾਂ ਨਾਲ ਤੁਲਨਾ ਕੀਤੀ ਜਾਵੇ ਤਾਂ! ਉਹ ਦੇਸ਼ ਸਾਡੇ ਨਾਲੋਂ ਬਿਹਤਰ ਹਨ। ਚੀਨ ਵਿਚ 97-ਫੀ ਸੱਦ ਇਸਤਰੀਆਂ ਆਪਣੇ ਆਪ ਨੂੰ ਸੁਰੱਖਿਅਤ ਮੰਨ ਰਹੀਆਂ ਹਨ। ਜਦ ਕਿ ਯੂਨਾਈਟਿਡ ਕਿੰਗਡਮ 'ਤੇ ਅਮਰੀਕਾ ਵਿਚ ਇਹ ਅੰਕੜਾ ਕ੍ਰਮਵਾਰ 74-ਫੀ ਸੱਦ 'ਤੇ 61-ਫੀ ਸੱਦ ਹੈ। ਰੂਸ ਵਿੱਚ 50-ਫੀ ਸੱਦ 'ਤੇ ਦੱਖਣੀ ਅਫ਼ਰੀਕਾ ਵਿਚ ਕੇਵਲ 27-ਫੀ ਸੱਦ ਇਸਰੀਆਂ ਹੀ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦੀਆਂ ਹਨ।

ਦੇਸ਼ ਅੰਦਰ ਮੋਦੀ ਸਰਕਾਰ ਦੀਆਂ ਫਿਰਕੂ, ਕਾਰਪੋਰੇਟ-ਪੱਖੀ ਪੂੰਜੀਵਾਦੀ ਆਰਥਿਕ ਨੀਤੀਆਂ 'ਤੇ ਉਦਾਰਵਾਦੀ ਆਰਥਿਕ ਸੁਧਾਰਾਂ ਕਾਰਨ ਦੇਸ਼ ਦੀ ਆਰਥਿਕ ਪ੍ਰਭੂਸਤਾ ਕਮਜ਼ੋਰ ਹੋ ਰਹੀ ਹੈ। ਆਰਥਿਕਤਾ ਨੂੰ ਸਥਾਈ ਮੰਦੀ ਅਤੇ ਸੰਕਟ ਵੱਲ ਧੱਕਿਆ ਜਾ ਰਿਹਾ ਹੈ। ਬੇਰੁਜ਼ਗਾਰੀ ਵਿਚ ਚਿੰਤਾ ਜਨਕ ਵਾਧਾ, ਵੱਧ ਰਹੀ ਗਰੀਬੀ 'ਤੇ ਆਰਥਿਕ ਅਸਮਾਨਤਾ 'ਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਜਿਸ ਦਾ ਪ੍ਰਭਾਵ ਆਮ ਲੋਕਾਂ ਤੇ ਪੈ ਰਿਹਾ ਹੈ, ਉਥੇ ਖਾਸ ਕਰਕੇ ਇਸਤਰੀ ਵਰਗ 'ਤੇ ਇਸ ਦਾ ਸਭ ਤੋਂ ਮਾੜਾ ਪ੍ਰਭਾਵ ਪੈ ਰਿਹਾ ਹੈ। ਇਸਤਰੀਆਂ ਦਾ ਰੁਜ਼ਗਾਰ, ਉਜਰਤਾਂ ਅਤੇ ਆਰਥਿਕ ਅਜ਼ਾਦੀ ਇਸ ਵੇਲੇ ਡਾਵਾਂ ਡੋਲ ਹੈ। ਇਸ ਦਾ ਸਿੱਧਾ ਪ੍ਰਭਾਵ ਇਸਤਰੀਆਂ ਦੇ ਲਿੰਗਕ-ਅਨੁਪਾਤ ਵਿਚ ਪਾੜਾ, ਪਿਤਰੀ-ਸੱਤਾ ਕਾਰਨ ਸ਼ੁਰੂ ਤੋਂ ਹੀ ਗੈਰ ਬਰਾਬਰਤਾ ਵਾਲੀ ਸੋਚ, ਵਿਦਿਅਕ-ਲਿੰਗਕ ਅਸਮਾਨਤਾ, ਜਿਨਸੀ ਸ਼ੋਸ਼ਣ, ਹਿੰਸਾ ਆਦਿ ਹੀ ਇਸਤਰੀਆਂ ਦੀ ਲਿੰਗਕ ਅਸਮਾਨਤਾ ਦਾ ਮੁੱਖ ਕਾਰਨ ਹਨ। ਇਹ ਸਾਰੇ ਮੁੱਦੇ ਇਸਤਰੀ ਦੇ ਸਮਾਜਿਕ-ਆਰਥਿਕ ਮੁਕਤੀ ਨਾਲ ਹੀ ਜੁੜੇ ਹੋਏ ਹਨ! ਕਿਉਂਕਿ ਇਸਤਰੀ ਵਰਗ ਵੀ ਦੇਸ਼ ਦੀ ਕਿਰਤੀ ਜਮਾਤ ਦਾ ਇਕ ਹਿੱਸਾ ਹੈ ਅਤੇ ਦੇਸ਼ ਵਿਚ ਸਮਾਜਿਕ ਪ੍ਰੀਵਰਤਨ ਕਿਰਤੀ ਜਮਾਤ ਦੀ ਅਗਵਾਈ ਵਿਚ ਹੀ ਆਵੇਗਾ। ਇਸ ਲਈ ਇਸਤਰੀ ਵਰਗ ਨੂੰ ਵੀ ਆਪਣੀ ਮੁਕਤੀ ਲਈ ਕਿਰਤੀ ਜਮਾਤ ਦਾ ਹਿੱਸਾ ਬਣ ਕੇ ਹੀ ਸੰਘਰਸ਼ 'ਚ ਕੁਦਣਾ ਪਏਗਾ। ਇਸ ਤੋਂ ਬਿਨਾ ਮੁਕਤੀ ਸੰਭਵ ਨਹੀਂ ਹੈ।

'ਸਮਾਜਿਕ ਚਿੰਤਕ 'ਤੇ ਵਿਗਿਆਨੀ' ਚਾਰਲਸ ਫੋਰੀਅਰ ਨੇ ਕਿਹਾ ਹੈ ''ਕਿ ਕਿਸੇ ਦੇਸ਼ ਦੀ ਜਮਹੂਰੀਅਤ ਨੂੰ ਨਾਪਣ ਲਈ ਇਹ ਵੇਖੋ ! ਕਿ ਉਸ ਦੇਸ਼ ਵਿਚ ਇਸਤਰੀਆਂ ਦੀ ਹਾਲਤ ਕੀ ਹੈ?''

# ਪੇਂਡੂ ਮਜਦੂਰ ਯੂਨੀਅਨ ਵਲੋਂ 19 ਤੋਂ 26 ਅਗਸਤ ਦੇ ਬਲਾਕ ਪੱਧਰੀ ਧਰਨੇ ਲਈ ਧਰਮਕੋਟ 'ਚ ਮੀਟਿੰਗ ਕੀਤੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**- ਪੈਂਡੂ ਮਜ਼ਦੂਰ ਯੂਨੀਅਨ ਪੰਜਾਬ ਵੱਲੋਂ 19 ਤੋਂ 26 ਅਗਸਤ ਦੇ ਸੂਬਾ ਪੱਧਰੀ ਸੱਦੇ ਤਹਿਤ ਬਲਾਕ ਪੱਧਰੀ ਧਰਨੇ ਸੰਬੰਧੀ ਪਿੰਡ ਧਰਮਕੋਟ ਵਿੱਚ ਮਜ਼ਦੂਰਾਂ ਦੀ ਮੀਟਿੰਗ ਕੀਤੀ ਗਈ। ਇਸ ਮੌਕੇ ਪੰਜਾਬ ਦੇ ਯੂਥ ਵਿੰਗ ਦੇ ਸੂਬਾ ਆਗੂ ਕਿਰਨਜੀਤ ਧਰਮਕੋਟ ਨੇ ਮਜ਼ਦੂਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ, ਕਿ ਪਿਛਲੇ ਲੰਬੇ ਸਮੈ ਤੌ ਮਜ਼ਦੂਰਾਂ ਦੇ ਬੁਨਿਆਦੀ ਮਸਲਿਆਂ ਨੂੰ ਸਰਕਾਰ ਅੱਖੌ ਪਰੋਖੇ ਕਰ ਰਹੀ ਹੈ। ਉਨਾ ਕਿਹਾ ਕਿ ਸਰਕਾਰ ਵੱਲੋਂ ਮਜ਼ਦੂਰਾਂ ਨੂੰ ਆਪਣੇ ਲਾਲ ਲਕੀਰ ਦੇ ਅੰਦਰ ਆਉਦੇ ਮਕਾਨਾਂ ਦੀ ਹਾਲੇ ਤੱਕ ਰਜਿਸਟਰੀ ਨਹੀਂ



ਦਿੱਤੀ ਗਈ। ਇਸ ਤੌ ਇਲਾਵਾ ਮਨਰੇਗਾ ਦਾ ਕੰਮ ਪੂਰਾ ਸਾਲ ਦੇਣ ਵਾਸਤੇ ਅਤੇ ਮਜ਼ਦੂਰਾਂ ਦਿਹਾੜੀ ਵਿੱਚ ਵਾਧਾ ਕੀਤਾ ਜਾਵੇ ਤੇ ਬਿਨਾਂ ਸ਼ਰਤ ਮਾਈਕਰੋ ਫ਼ਾਈਨਾਸ ਕੰਪਨੀਆਂ ਤੌ ਇਲਾਵਾ ਬਾਕੀ ਸਾਰਾ ਕਰਜ਼ਾ ਮੁਆਫ਼ ਕੀਤਾ ਜਾਵੇ। ਲੈਂਡ ਸੀਲਿੰਗ ਐਕਟ 1972 ਨੂੰ ਲਾਗੂ ਕਰਨ ਦੀ ਗੱਲ ਵੀ ਆਖੀ ਗਈ। ਇਸ ਮੌਕੇ ਇਲਾਕਾ ਆਗੂ ਲਾਡੀ ਕੋਟ ਰਾਂਝਾ ਨੇ ਵੀ ਸੰਬੋਧਨ ਕਰਦੇ ਹੋਏ ਕਿਹਾ, ਕਿ ਸਰਕਾਰ ਹਰ ਮਜ਼ਦੂਰ ਨੂੰ 5-5 ਮਰਲੇ ਦੇ ਪਲਾਟ ਦੇਵੇ ਅਤੇ ਮਜ਼ਦੂਰਾਂ ਦੇ ਕੱਚੇ ਘਰਾਂ ਨੂੰ ਪੱਕੇ ਕਰਨ ਦੀ ਗਰਾਂਟ ਵੀ ਜਾਰੀ ਕਰੇ। ਇਸ ਮੌਕੇ ਕਮਲੇਸ਼ ਰਾਣੀ, ਕਾਂਤਾ ਰਾਣੀ, ਕਰਿਸ਼ਨਾ ਰਾਣੀ, ਛਿੰਦੋ, ਨਿਰਮਲ ਕੌਰ ਹਾਜ਼ਰ ਸਨ।

# ਸੰਘੀ ਢਾਂਚੇ ਦੀ ਭਾਵਨਾ ਦੇ ਖਿਲਾਫ਼ ਵਰਤਾਰਾ ਖ਼ਤਰਨਾਕ



ਗੁਰਮੀਤ ਪਲਾਹੀ
91-98158-02070

ਕੁਝ ਦਿਨ ਪਹਿਲਾਂ ਹੀ ਪੰਜਾਬ ਦੇ 37ਵੇਂ ਰਾਜਪਾਲ ਵਜੋਂ 79 ਸਾਲ ਦੀ ਉਮਰ ਦੇ ਗੁਲਾਬ ਚੰਦ ਕਟਾਰੀਆ ਨੇ ਚਾਰਜ ਲਿਆ ਹੈ। ਉਹ ਸਿੱਕੇ ਬੰਦ ਭਾਜਪਾ ਨੇਤਾ ਹਨ। ਗੁਲਾਬ ਚੰਦ ਕਟਾਰੀਆ ਨੇ ਬਨਵਾਰੀ ਲਾਲ ਪ੍ਰੋਹਿਤ ਦੀ ਥਾਂ ਲਈ ਹੈ, ਜਿਹਨਾ ਦਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ, ਉਹਨਾ ਦੇ ਪੂਰੇ ਕਾਰਜਕਾਲ ਦੌਰਾਨ ਇੱਟ-ਖੜਿੱਕਾ ਰਿਹਾ। ਸੂਬੇ ਦੇ ਦੋਵੇਂ ਸੰਵਿਧਾਨਿਕ ਆਗੂ ਮਹਿਣੋ-ਮਹਿਣੀ ਤਾਂ ਹੋਏ ਹੀ, ਕੋਰਟ -ਕਚਹਿਰੀਆਂ 'ਚ ਕੇਸ ਲੜਦੇ ਰਹੇ ਅਤੇ ਪੰਜਾਬ ਦੇ ਖ਼ਜ਼ਾਨੇ ਨੂੰ ਚੂਨਾ ਲਾਉਂਦੇ ਰਹੇ।

ਗਵਰਨਰ ਬਨਵਾਰੀ ਲਾਲ ਪ੍ਰੋਹਿਤ ਦੇ ਕਦਮ ਚਿੰਨ੍ਹਾਂ 'ਤੇ ਚਲਦਿਆਂ ਨਵੇਂ ਗਵਰਨਰ ਗੁਲਾਬ ਚੰਦ ਕਟਾਰੀਆ ਨੇ ਚਾਰਜ ਸੰਭਾਲਦਿਆਂ ਹੀ ਪੰਜਾਬ ਦੇ ਪ੍ਰਸ਼ਾਸ਼ਨੀ ਸਕੱਤਰਾਂ ਨਾਲ ਮੀਟਿੰਗਾਂ ਆਰੰਭ ਕਰ ਦਿੱਤੀਆਂ। ਇਹਨਾ ਮੀਟਿੰਗਾਂ ਨੂੰ ਭਾਰਤੀ ਸੰਵਿਧਾਨ ਵਿੱਚ ਅੰਕਿਤ ਸੰਘੀ ਢਾਂਚੇ ਦੀ ਭਾਵਨਾ ਦੇ ਖਿਲਾਫ਼ ਮੰਨਿਆ ਜਾ ਰਿਹਾ ਹੈ ਅਤੇ ਕੇਂਦਰ ਸਰਕਾਰ ਵਲੋਂ ਰਾਜ ਦੇ ਅੰਦਰੂਨੀ ਮਾਮਲਿਆਂ 'ਚ ਦਖ਼ਲ ਗਰਦਾਨਿਆਂ ਜਾ ਰਿਹਾ ਹੈ।

ਪੰਜਾਬ ਦੀ ਹਾਕਮ ਧਿਰ, ਵਿਰੋਧੀ ਧਿਰ, ਸ਼੍ਰੋਮਣੀ ਅਕਾਲੀ ਦਲ ਲਗਭਗ ਸਾਰੀਆਂ ਹੀ ਸਿਆਸੀ ਪਾਰਟੀਆਂ ਨੇ ਇਸ ਕਾਰਵਾਈ ਨੂੰ ਗਲਤ ਕਰਾਰ ਦਿੱਤਾ ਹੈ।

ਲਗਭਗ ਇੱਕ ਦਹਾਕੇ ਦੇ ਮੋਦੀ ਸਰਕਾਰ ਦੇ ਕਾਰਜਕਾਰ ਦੌਰਾਨ ਦੇਸ਼ ਦੇ ਸੰਘੀ ਢਾਂਚੇ ਨੂੰ ਵਿਗਾੜਨ ਤੇ ਉਖਾੜਨ ਲਈ ਯਤਨ ਹੋ ਰਹੇ ਹਨ। ਰਾਜਪਾਲ ਖ਼ਾਸ ਤੌਰ 'ਤੇ ਉਹਨਾ ਸੂਬਿਆਂ ਵਿੱਚ ਸਿੱਧਾ ਪ੍ਰਾਸ਼ਾਸ਼ਕੀ ਦਖ਼ਲ ਦੇ ਰਹੇ ਹਨ, ਜਿਹਨਾ ਸੂਬਿਆਂ ਵਿੱਚ ਭਾਜਪਾ ਦੀ ਸਰਕਾਰ ਨਹੀਂ ਹੈ। ਇਸ ਦਖ਼ਲ-ਅੰਦਾਜੀ ਦੇ ਖਿਲਾਫ਼ ਵਿਰੋਧੀ ਧਿਰ ਵਾਲੀਆਂ ਸੂਬਾ ਸਰਕਾਰਾਂ ਵਿਰੋਧ ਕਰ ਰਹੀਆਂ ਹਨ। ਪਰ ਬੇਵਸ ਦਿਖਦੀਆਂ ਹਨ।

ਬਿਨ੍ਹਾਂ ਸ਼ੱਕ ਇਸ ਤਰ੍ਹਾਂ ਦੀਆਂ ਕਾਰਵਾਈਆਂ ਰਾਜ ਦੇ ਮਾਮਲਿਆਂ ਵਿੱਚ ਕੇਂਦਰ ਸਰਕਾਰ ਦੀ ਦਖ਼ਲ-ਅੰਦਾਜੀ ਹੈ ਅਤੇ ਸੂਬੇ ਦੇ ਹਿੱਤਾਂ ਦੇ ਵਿਰੁੱਧ ਹੈ। ਇਸ ਨਾਲ ਕੇਂਦਰ ਰਾਜ ਸਬੰਧਾਂ ਤੇ ਸਿੱਧਾ ਅਸਰ ਪਏਗਾ। ਇਸ ਕਿਸਮ ਦੇ ਦਖ਼ਲ ਦਾ ਮਤਲਬ ਪ੍ਰਾਸ਼ਾਸ਼ਕੀ ਅਫ਼ਸਰਾਂ ਨੂੰ ਦੋਹਰੀ ਕਮਾਂਡ ਦੇਣ ਦੇ ਤੁਲ ਹੈ। ਇਸ ਨਾਲ ਚੁਣੀ ਸਰਕਾਰ ਨੂੰ ਆਪਣੀ ਸਰਕਾਰ ਚਲਾਉਣ ਲਈ ਵਧੇਰੇ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਹੋ ਜਿਹੇ ਦਖ਼ਲ ਦਾ ਸਿੱਟਾ ਕੇਂਦਰ ਤੇ ਸੂਬਿਆਂ ਦੇ ਟਕਰਾਅ 'ਚ ਵੇਖਿਆ ਜਾ ਰਿਹਾ ਹੈ। ਪੰਜਾਬ, ਪੱਛਮੀ ਬੰਗਾਲ 'ਚ ਇਹ ਟਕਰਾਅ ਹੱਦਾਂ ਬੰਨ੍ਹੇ ਟੱਪ ਚੁੱਕਾ ਹੈ। ਕੇਂਦਰ ਰਾਜਾਂ ਨੂੰ ਆਪਣੀਆਂ ਲੋੜਾਂ ਅਨੁਸਾਰ ਯੋਜਨਾਬੰਦੀ ਨਹੀਂ ਕਰਨ ਦੇ ਰਿਹਾ, ਸਕੀਮਾਂ ਬਨਾਉਣ ਦੀ ਆਗਿਆ ਨਹੀਂ ਦੇ ਰਿਹਾ। ਇਹੋ ਹੀ ਕਾਰਨ ਹੈ ਕਿ ਸਿਹਤ, ਸਿੱਖਿਆ ਲਈ ਕੇਂਦਰ ਸਰਕਾਰ ਵਲੋਂ ਕੇਂਦਰੀ ਫੰਡ ਰੋਕ ਦਿੱਤੇ ਜਾਂਦੇ ਹਨ। ਪੰਜਾਬ 'ਚ ਭਗਵੰਤ ਸਿੰਘ ਮਾਨ ਸਰਕਾਰ ਦੇ ਕੇਂਦਰੀ ਫੰਡ ਰੋਕ ਦਿੱਤੇ ਗਏ, ਕਿਉਂਕਿ ਉਹਨਾ ਕੇਂਦਰੀ ਸਕੀਮਾਂ ਦੀ ਥਾਂ "ਮੁਹੱਲਾ ਕਲੀਨਿਕ" ਬਣਾ ਦਿੱਤੇ। ਪੰਜਾਬ 'ਚ ਪੇਂਡੂ ਵਿਕਾਸ ਫੰਡ (ਆਰ।ਡੀ।ਐਫ) ਦੇ ਬਕਾਏ ਦੇਣ ਤੋਂ ਨਾਂਹ ਕਰ ਦਿੱਤੀ ਗਈ। ਇਥੇ ਹੀ ਬੱਸ ਨਹੀਂ ਸੂਬੇ ਦੇ ਸਰਹੱਦੀ ਇਲਾਕਿਆਂ ਵਿੱਚ ਕੇਂਦਰ ਨੇ ਬੀ।ਐਸ।ਐਫ। ਤਾਇਨਾਤ ਕਰਕੇ ਅਤੇ ਉਸ ਏਜੰਸੀ ਦੀਆਂ ਤਾਕਤਾਂ ਦਾ ਘੇਰਾ ਵਧਾਕੇ ਕੇਂਦਰ ਨੇ ਆਪਣਾ ਕੰਟਰੋਲ ਵਧਾ ਲਿਆ ਹੈ।

ਕੀ ਇਹ ਦੋ ਸਮਾਂਤਰ ਸਰਕਾਰਾਂ ਬਨਾਉਣ ਵਾਂਗਰ ਨਹੀਂ ਹੈ? ਜਦੋਂ ਪੰਜਾਬ ਵਿੱਚ ਚੁਣੀ ਹੋਈ ਸਰਕਾਰ ਹੈ। ਪੱਛਮੀ ਬੰਗਾਲ ਵਿੱਚ ਵੀ ਚੁਣੀ ਹੋਈ ਸਰਕਾਰ ਹੈ। ਦੇਸ਼ ਦੇ ਹੋਰ ਕਈ ਰਾਜਾਂ ਵਿੱਚ ਵੀ ਭਾਜਪਾ ਤੋਂ ਉਲਟ ਪਾਰਟੀਆਂ ਆਪਣੀਆਂ ਸਰਕਾਰਾਂ ਬਣਾਈ ਬੈਠੀਆਂ ਹਨ, ਤਾਂ ਫਿਰ ਕੇਂਦਰ ਸਰਕਾਰ, ਸੰਘੀ ਢਾਂਚੇ ਦੀ ਭਾਵਨਾ ਅਨੁਸਾਰ ਉਹਨਾਂ ਸਰਕਾਰਾਂ ਨੂੰ ਕੰਮ ਕਿਉਂ ਨਹੀਂ ਕਰਨ ਦੇ ਰਿਹਾ?

ਕਿਸੇ ਵੀ ਸੂਬੇ ਵਿੱਚ ਦੋ ਸਮਾਂਤਰ ਸਰਕਾਰਾਂ ਨਹੀਂ ਹੋ ਸਕਦੀਆਂ। ਇਸ ਨਾਲ ਪੁਲਿਸ, ਪ੍ਰਾਸ਼ਾਸ਼ਨ 'ਚ ਵਿਗਾੜ ਪੈਦਾ ਹੁੰਦਾ ਹੈ। ਆਈ.ਏ.ਐਸ. ਅਫ਼ਸਰ, ਆਈ.ਪੀ.ਐਸ. ਅਫ਼ਸਰ, ਜਿਹੜੇ ਕੇਂਦਰ ਸਰਕਾਰ ਦੇ ਲਈ ਵੀ ਜਵਾਬਦੇਹ ਹਨ, ਇਹੋ ਜਿਹੇ ਹਾਲਾਤਾਂ 'ਚ ਉਹਨਾ ਦੇ ਕੰਮ ਕਰਨ ਦੇ ਤੌਰ ਤਰੀਕਿਆਂ 'ਤੇ ਫ਼ਰਕ ਪੈਂਦਾ ਹੈ। ਸੰਘੀ ਢਾਂਚੇ ਦੀ ਭਾਵਨਾ ਤਾਂ ਇਹ ਹੈ ਕਿ ਸੂਬਿਆਂ ਨੂੰ ਆਪਣੇ ਕੰਮ ਆਪ ਚਲਾਉਣ ਦਿੱਤੇ ਜਾਣ । ਪੰਜਾਬ, ਪੱਛਮੀ ਬੰਗਾਲ ਵਰਗੇ ਸਰਹੱਦੀ ਰਾਜਾਂ ਵਿੱਚ ਤਾਂ ਅਜਿਹਾ ਹੋਣਾ ਹੋਰ ਵੀ ਜ਼ਰੂਰੀ ਹੈ।

ਕੇਂਦਰ ਸਰਕਾਰ ਵਲੋਂ ਸੂਬਿਆਂ ਦੇ ਹੱਕ ਖੋਹਣ ਦਾ ਮਾਮਲਾ ਨਵਾਂ ਨਹੀਂ ਹੈ। ਕੇਂਦਰ ਆਪਣੀਆਂ ਵਿਰੋਧੀ ਸੂਬਿਆਂ ਦੀ ਸਰਕਾਰਾਂ ਨੂੰ ਗੈਰ-ਸੰਵਿਧਾਨਿਕ ਤੌਰ 'ਤੇ ਤੋੜਦਾ ਵੀ ਰਿਹਾ ਹੈ ਅਤੇ ਹੁਣ ਪਿਛਲੇ ਇੱਕ ਦਹਾਕੇ ਤੋਂ ਇਹ ਵਰਤਾਰਾ ਸਿਖ਼ਰਾਂ ਛੋਹ ਗਿਆ ਹੈ। ਕੇਂਦਰ ਦੀ ਮੋਦੀ ਸਰਕਾਰ ਸੱਭੋ ਕੁਝ ਆਪਣੀ ਮੁੱਠੀ 'ਚ ਕਰਨਾ ਚਾਹੁੰਦੀ ਹੈ, ਜਿਸ ਨਾਲ ਸੰਘੀ ਢਾਂਚੇ ਦੀ ਭਾਵਨਾ 'ਤੇ ਸੱਟ ਪੈਂਦੀ ਨਜ਼ਰ ਆਉਂਦੀ ਹੈ।

ਸੂਬਿਆਂ ਦੇ ਹੱਕਾਂ ਉਤੇ ਜਦੋਂ ਛਾਪਾ ਪੈਂਦਾ ਹੈ, ਉਸ ਵੇਲੇ ਉਥੋਂ ਦੇ ਲੋਕਾਂ 'ਚ ਵਿਆਪਕ ਰੋਸ ਵੇਖਣ ਨੂੰ ਮਿਲਦਾ ਹੈ।



ਪੰਜਾਬ ਦਾ ਦਿੱਲੀ ਸਰਕਾਰ ਨਾਲ ਮੌਜੂਦਾ ਦੌਰ ਵਿੱਚ ਅਤੇ ਪਹਿਲਾਂ ਵੀ ਟਕਰਾਅ ਸਿਖ਼ਰਾਂ 'ਤੇ ਪੁੱਜਦਾ ਰਿਹਾ ਹੈ। ਸੂਬਿਆਂ ਲਈ ਵੱਧ ਅਧਿਕਾਰਾਂ ਦੀ ਮੰਗ ਇਸੇ ਕਰਕੇ ਉੱਠਦੀ ਰਹੀ ਹੈ। ਪੰਜਾਬ ਵਿੱਚੋਂ ਬਗਾਵਤੀ ਸੁਰਾਂ ਉੱਠਣ ਦਾ ਕਾਰਨ ਹੀ ਇਹੋ ਸੀ ਕਿ ਅਨੰਦਪੁਰ ਸਾਹਿਬ ਦਾ ਸਿਆਸੀ ਮਤਾ ਪੰਜਾਬ ਦੀ ਖੇਤਰੀ ਪਾਰਟੀ ਨੇ ਪਾਸ ਕੀਤਾ। ਭਾਵੇਂ ਮੌਕੇ ਦੀ ਕਾਂਗਰਸ ਸਰਕਾਰ ਨੇ ਇਸ ਮਤੇ ਨੂੰ ਵੱਖਵਾਦੀ ਦੱਸਦਿਆਂ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਖ਼ਤਰੇ ਵਜੋਂ ਪੇਸ਼ ਕੀਤਾ। ਪਰ ਇਸ ਮਤੇ ਵਿੱਚ ਜਿਹੜੇ ਪੱਖ ਉਲੀਕੇ ਗਏ, ਉਹਨਾ ਨੂੰ ਦੇਸ਼ ਦੇ ਹੋਰ ਕਈ ਸੂਬਿਆਂ ਦੇ ਲੋਕਾਂ ਵਲੋਂ ਹੁੰਗਾਰਾ ਮਿਲਿਆ, ਕਿਉਂਕਿ ਕੇਂਦਰ ਦੀਆਂ ਸਰਕਾਰਾਂ ਭਾਵੇਂ ਉਹ ਕਾਂਗਰਸ ਦੀ ਸਰਕਾਰ ਸੀ ਜਾਂ ਹੁਣ ਵਾਲੀ ਭਾਜਪਾ ਸਰਕਾਰ, ਉਹ ਸੂਬਿਆਂ ਦੀਆਂ ਸਰਕਾਰਾਂ ਨੂੰ "ਇੱਕ ਮਿਊਂਸਪਲ ਕਮੇਟੀ" ਵਾਂਗਰ ਚਲਾਉਂਦੀ ਦਿਖਦੀ ਰਹੀ।

ਅਨੰਦਪੁਰ ਮਤਾ ਫੈਡਰਿਲਜ਼ਮ ਨੂੰ ਪ੍ਰਭਾਸ਼ਿਤ ਕਰਦਾ ਹੈ। ਇਸ ਅਨੁਸਾਰ "ਇਸ ਨਵੇਂ ਪੰਜਾਬ ਤੇ ਦੇਸ਼ ਦੇ ਹੋਰ ਸੂਬਿਆਂ ਵਿੱਚ ਕੇਂਦਰ ਦਾ ਦਖ਼ਲ ਕੇਵਲ ਮੁਲਕ ਦੇ ਡਿਫੈਂਸ, ਪ੍ਰਦੇਸੀ ਮਾਮਲਿਆਂ, ਤਾਰ ਡਾਕ, ਤੇ ਰੇਲਵੇ ਅਤੇ ਕਰੰਸੀ ਦੇ ਮਹਿਕਮਿਆਂ ਤੱਕ ਸੀਮਤ ਹੋਵੇ ਅਤੇ ਬਾਕੀ ਸਾਰੇ ਮਹਿਕਮੇ ਪੰਜਾਬ ਦੇ ਆਪਣੇ ਅਧਿਕਾਰ ਵਿੱਚ ਹੋਣ, ਇਨ੍ਹਾਂ ਦੇ ਪ੍ਰਬੰਧ ਲਈ ਪੰਜਾਬ ਨੂੰ ਆਪਣਾ ਆਈਨਾ ਆਪ ਬਨਾਉਣ ਦਾ ਪੂਰਨ ਅਧਿਕਾਰ ਹੋਵੇ"।

ਇਸ ਮਤੇ ਦਾ ਮੰਤਵ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਧਿਆਨ ਵਿੱਚ ਰੱਖਦਿਆਂ ਸੂਬਿਆਂ ਨੂੰ ਖ਼ੁਦ ਮੁਖਤਿਆਰੀ ਦੁਆਉਣਾ ਹੈ, ਕਿਉਂਕਿ ਅਨੇਕਤਾਵਾਂ ਵਿੱਚ ਏਕਤਾ ਹੀ ਸਾਡੇ ਦੇਸ਼ ਨੂੰ ਬਣਾਉਂਦੀ ਹੈ।

ਪਰ ਇਹ ਮਤਾ ਅਕਾਲੀ-ਭਾਜਪਾ ਦੇ ਆਪਸੀ ਗੱਠਜੋੜ ਅਤੇ ਸੂਬਿਆਂ ਨੂੰ ਵੱਧ ਅਧਿਕਾਰਾਂ ਦੀ ਗੱਲ ਨੂੰ ਛੱਡਦਿਆਂ ਸਿਰਫ਼ ਰਾਜ ਕਰਨ ਤੱਕ ਸੀਮਤ ਰਹਿਣ ਕਾਰਨ ਅਕਾਲੀ ਦਲ ਵਲੋਂ ਲਗਭਗ ਛੱਡ ਹੀ ਦਿੱਤਾ ਗਿਆ।

ਅੱਜ ਜਦੋਂ ਕੇਂਦਰ ਦੀ ਸਰਕਾਰ ਸੂਬਿਆਂ ਦੇ ਪ੍ਰਬੰਧ ਵਿੱਚ ਆਪਣੇ ਥਾਪੇ "ਸੂਬੇਦਾਰਾਂ" (ਰਾਜਪਾਲਾਂ) ਰਾਹੀਂ ਬੇਲੋੜਾ ਦਖ਼ਲ ਦੇ ਰਹੀ ਹੈ ਤਾਂ ਵਿਰੋਧੀ ਧਿਰਾਂ ਵਾਲੇ ਸੂਬੇ, ਸੂਬਿਆਂ ਲਈ ਵੱਧ ਅਧਿਕਾਰਾਂ ਦੀ ਮੰਗ ਕਰਨ ਲੱਗ ਪਏ ਹਨ ਅਤੇ ਇਥੋਂ ਦੇ ਲੋਕ ਵੀ ਵੱਧ ਹੱਕਾਂ ਦੀ ਮੰਗ ਲਈ ਇਕਜੁੱਟ ਹੋਣ ਲੱਗੇ ਹਨ।

ਕੇਂਦਰ ਦੀ ਮੋਦੀ ਸਰਕਾਰ ਨੇ ਜਦੋਂ ਸੂਬਿਆਂ ਦੇ ਅਧਿਕਾਰ ਖੇਤਰ ਵਾਲੀ ਮੱਦ ਖੇਤੀ 'ਚ ਦਖ਼ਲ ਦੇਕੇ ਆਪਣੇ ਤੌਰ 'ਤੇ ਖੇਤੀ ਕਾਨੂੰਨ ਬਣਾਏ, ਤਾਂ ਪੰਜਾਬ ਦੇ ਲੋਕਾਂ ਨੇ ਇਸ ਨੂੰ ਸੰਘੀ ਢਾਂਚੇ 'ਚ ਸਿੱਧਾ ਦਖ਼ਲ ਮੰਨਿਆ, ਖੇਤੀ ਕਾਨੂੰਨਾਂ ਵਿਰੁੱਧ ਸੰਘਰਸ਼ ਚੱਲਿਆ, ਕੇਂਦਰੀ ਹਾਕਮਾਂ ਨੂੰ ਇਹ ਕਾਨੂੰਨ ਵਾਪਿਸ ਲੈਣੇ ਪਏ।

ਹੁਣ ਵੀ ਪੰਜਾਬ 'ਚ ਕਾਨੂੰਨ ਵਿਵਸਥਾ ਢਹਿ ਢੇਰੀ ਹੋਣ ਨੂੰ ਮੁੱਦਾ ਬਣਾਕੇ ਕੇਂਦਰ ਸਰਕਾਰ ਵਲੋਂ ਉਸਾਰੀ ਜਾ ਰਹੀ ਐਕਸਪ੍ਰੈਸ ਹਾਈਵੇ ਲਈ ਜ਼ਮੀਨਾਂ ਐਕਵਾਇਰ ਨਾ ਕਰਨ ਵਰਗੀਆਂ ਅਸਫਲਤਾਵਾਂ ਕਾਰਨ ਕੇਂਦਰ ਨੂੰ ਰਾਜ ਦੇ ਅੰਦਰੂਨੀ ਮਾਮਲਿਆਂ ਵਿੱਚ ਦਖ਼ਲ ਦੇਣ ਦਾ ਮੌਕਾ ਮਿਲਿਆ ਹੈ। ਉਸ ਵਲੋਂ ਕੁਝ ਸੜਕੀ ਪ੍ਰਾਜੈਕਟ ਪਹਿਲਾਂ ਹੀ ਰੱਦ ਕਰ ਦਿੱਤੇ ਗਏ ਹਨ ਅਤੇ ਐਕਸਪ੍ਰੈਸ ਹਾਈਵੇ ਨੂੰ ਰੱਦ ਕਰਨ ਦੀਆਂ ਧਮਕੀਆਂ ਕੇਂਦਰ ਵਲੋਂ ਸੂਬੇ ਨੂੰ ਲਗਾਤਾਰ ਮਿਲ ਰਹੀਆਂ ਹਨ।

ਮੌਜੂਦਾ ਕੇਂਦਰ ਸਰਕਾਰ ਦਾ ਏਜੰਡਾ ਸ਼ਕਤੀਆਂ ਦੇ ਕੇਂਦਰੀਕਰਨ ਵਾਲਾ ਹੈ। ਸਾਰੀਆਂ ਸ਼ਕਤੀਆਂ ਕੇਂਦਰ ਦੀ ਮੁੱਠੀ 'ਚ ਦੇਣ ਦਾ ਹੈ। ਉਸਦਾ ਏਜੰਡਾ ਧੰਨ ਕੁਬੇਰਾਂ ਦੀ ਕਠਪੁਤਲੀ ਬਣਕੇ ਦੇਸ਼ 'ਚ ਨਿੱਜੀਕਰਨ 'ਚ ਵਾਧੇ ਦਾ ਹੈ। ਬਹੁਤੇ ਸੂਬੇ ਸ਼ਕਤੀਆਂ ਕੇਂਦਰ ਹੱਥ ਫੜਾਉਣ ਦੇ ਹੱਕ 'ਚ ਨਹੀਂ ਹਨ। ਖ਼ਾਸ ਤੌਰ 'ਤੇ ਖੇਤਰੀ ਪਾਰਟੀਆਂ ਤਾਂ ਇਸਦਾ ਲਗਾਤਾਰ ਵਿਰੋਧ ਕਰਦੀਆਂ ਹਨ। ਇਹ ਪਾਰਟੀਆਂ ਕੇਂਦਰ ਦੀ ਇੱਕ ਰਾਸ਼ਟਰ, ਇੱਕ ਚੋਣ, ਇੱਕ ਰਾਸ਼ਟਰ, ਇੱਕ ਬੋਲੀ ਦੇ ਵਿਚਾਰ ਨਾਲ ਪੈਦਾ ਹੋਈਆਂ ਗੁੰਝਲਾਂ ਤੋਂ ਜਾਣੂ ਹਨ।

ਭਾਰਤੀ ਸੰਘਵਾਦ ਵਿੱਚ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਵਿਚਲੀਆਂ ਸ਼ਕਤੀਆਂ ਦਾ ਵਰਨਣ ਹੈ। ਸੰਘੀ ਸੂਚੀ ਵਿੱਚ ਰਾਸ਼ਟਰੀ ਮਹੱਤਵ ਵਾਲੇ ਵਿਸ਼ੇ ਰੱਖਿਆ, ਵਿੱਤ, ਰੇਲਵੇ, ਬੈਂਕਿੰਗ ਆਦਿ ਸ਼ਾਮਲ ਹਨ ਅਤੇ ਕੇਂਦਰ ਇਹਨਾ ਵਿਸ਼ਿਆਂ 'ਤੇ ਕਾਨੂੰਨ ਬਣਾ ਸਕਦੀ ਹੈ, ਜਦਕਿ ਰਾਜ ਸੂਚੀ ਵਿੱਚ ਖੇਤੀ, ਵਣਜ, ਵਪਾਰ ਆਦਿ ਵਿਸ਼ੇ ਹਨ ਤੇ ਰਾਜ ਇਹਨਾਂ ਵਿਸ਼ਿਆਂ ਤੇ ਕਾਨੂੰਨ ਬਣਾ ਸਕਦਾ ਹੈ। ਸਮਵਰਤੀ ਸੂਚੀ 'ਚ ਵਣ ਸਿੱਖਿਆ ਆਦਿ ਵਿਸ਼ੇ ਹਨ। ਧਿਆਨ ਦੇਣ ਵਾਲੀ ਗੱਲ ਹੈ ਕਿ ਜੇਕਰ ਦੋਨਾਂ ਸਰਕਾਰਾਂ 'ਚ ਕਾਨੂੰਨ ਨੂੰ ਲੈ ਕੇ ਮਤਭੇਦ ਹਨ ਤਾਂ ਕੇਂਦਰ ਸਰਕਾਰ ਦਾ ਫ਼ੈਸਲਾ ਮੰਨਣਯੋਗ ਹੋਏਗਾ। ਇਸਦਾ ਉਦੇਸ਼ ਖੇਤਰੀ ਪਾਰਟੀਆਂ ਨਾਲ ਏਕਤਾ ਬਣਾਈ ਰੱਖਣ ਲਈ ਜ਼ਰੂਰੀ ਮੰਨਿਆ ਗਿਆ। ਸੰਘਵਾਦ 'ਚ ਸ਼ਕਤੀਆਂ ਦੀ ਵੰਡ, ਲਿਖਤ ਸੰਵਿਧਾਨ, ਸੰਵਿਧਾਨ ਦੀ ਸਰਵਉਚਤਾ, ਸੁਤੰਤਰ ਨਿਆਪਾਲਕਾ, ਦੋਹਰੀ ਸਰਕਾਰ ਦਾ ਵੀ ਵਰਨਣ ਹੈ। ਸੰਵਿਧਾਨ ਇਨ੍ਹਾਂ ਕਠੋਰ ਹੈ ਕਿ ਇਸਦੀ ਮੂਲਭਾਵਨਾ 'ਚ ਸੋਧ ਕਰਨੀ ਸੌਖੀ ਨਹੀਂ।

ਪਰ ਭਾਰਤੀ ਸੰਘਵਾਦ ਅੱਗੇ ਸਦਾ ਚਣੌਤੀਆਂ ਰਹੀਆਂ ਹਨ। ਖੇਤਰੀ ਅਸੰਤੋਸ਼, ਕੇਂਦਰੀ ਹਾਕਮਾਂ ਦੇ ਧੌਂਸ-ਧੱਕੇ ਕਾਰਨ ਵਧਦਾ ਰਿਹਾ। ਜਿਸਨੇ ਵੱਖਵਾਦ ਨੂੰ ਜਨਮ ਦਿੱਤਾ। ਕੇਂਦਰ ਸਦਾ ਹੀ ਸੂਬਿਆਂ ਦੇ ਅਧਿਕਾਰਾਂ ਉਤੇ ਛਾਪਾ ਮਾਰਨ ਲਈ ਕੋਝੇ ਹੱਥਕੰਡੇ ਅਪਨਾਉਂਦਾ ਰਿਹਾ ਅਤੇ ਆਪਣੇ ਰਾਜਪਾਲਾਂ ਦੇ ਹੱਕਾਂ ਦੀ ਦੁਰਵਰਤੋਂ ਕਰਦਿਆਂ ਧਾਰਾ 356 ਦਾ ਪ੍ਰਯੋਗ ਕਰਕੇ ਰਾਸ਼ਟਰਪਤੀ ਰਾਜ ਲਗਾਉਂਦਾ ਰਿਹਾ। ਇੱਕ ਸਰਵੇ ਅਨੁਸਾਰ 2000 ਸੰਨ ਤੱਕ 100 ਤੋਂ ਜ਼ਿਆਦਾ ਵੇਰ ਇਸ ਧਾਰਾ ਦੀ ਦੁਰਵਰਤੋਂ ਹੋਈ । ਹੁਣ ਵੀ ਲਗਾਤਾਰ ਦੁਰਵਰਤੋਂ ਹੋ ਰਹੀ ਹੈ।

ਵਿਰੋਧੀ ਸਰਕਾਰਾਂ ਦਲਦਬਲੀ ਅਤੇ ਦਬਾਅ ਅਧੀਨ ਤੋੜੀਆਂ ਜਾ ਰਹੀਆਂ ਹਨ, ਵਿੱਤੀ ਸਹਾਇਤਾ ਲਈ ਵਿਰੋਧੀ ਸੂਬਾ ਸਰਕਾਰਾਂ ਨੂੰ ਗ੍ਰਾਂਟਾਂ ਦੀ ਵੰਡ 'ਚ ਮਤਭੇਦ ਕੀਤਾ ਜਾਂਦਾ ਹੈ। ਕੁਝ ਮਹੀਨੇ ਪਹਿਲਾਂ ਕਰਨਾਟਕ, ਪੰਜਾਬ, ਪੱਛਮੀ ਬੰਗਾਲ ਅਤੇ ਹੋਰ ਦੱਖਣੀ ਰਾਜਾਂ ਦੇ ਮੁੱਖ ਮੰਤਰੀ ਜੰਤਰ ਮੰਤਰ ਨਵੀਂ ਦਿੱਲੀ ਇਕੱਠੇ ਹੋਏ। ਉਹਨਾ ਵਲੋਂ ਰੋਸ ਧਰਨਾ ਦਿੱਤਾ ਗਿਆ। ਉਹ ਕੇਂਦਰ ਸਰਕਾਰ ਵਲੋਂ ਗ੍ਰਾਂਟਾਂ ਦੇਣ 'ਚ ਮਤਰੇਈ ਮਾਂ ਵਾਲੇ ਸਲੂਕ, ਰਾਜਪਾਲਾਂ ਦੇ ਪ੍ਰਾਸ਼ਾਸ਼ਨਿਕ ਕੰਮਾਂ 'ਚ ਬੇਲੋੜੇ ਦਖ਼ਲ ਆਦਿ ਮੰਗਾਂ ਕੇਂਦਰ ਦੀ ਸਰਕਾਰ ਤੱਕ ਪਹੁੰਚਾ ਰਹੇ ਸਨ। ਉਹ ਕੇਂਦਰ ਅਤੇ ਸੂਬਿਆਂ ਦੇ ਆਪਸੀ ਵਿਗਾੜ ਰਹੇ ਰਿਸ਼ਤਿਆਂ ਬਾਰੇ ਡਾਹਢੇ ਚਿੰਤਾਤੁਰ ਸਨ।

ਸੰਘਵਾਦ ਦੀ ਸੰਘੀ ਘੁੱਟਣ ਦਾ ਵਰਤਾਰਾ ਮੌਜੂਦਾ ਹਾਕਮਾਂ ਵਲੋਂ ਲਗਾਤਾਰ ਚੱਲ ਰਿਹਾ ਹੈ। ਸਾਰੀਆਂ ਸ਼ਕਤੀਆਂ ਕੇਂਦਰ ਦੇ ਹੱਥ ਹਨ। ਸੰਵਿਧਾਨਕ ਸੰਸਥਾਵਾਂ ਦਾ ਨਿਘਾਰ ਹੋ ਚੁੱਕਾ ਹੈ। ਨਵੇਂ ਤਿੰਨੇ ਫੌਜਦਾਰੀ ਕਾਨੂੰਨ 'ਚ ਬਿਨ੍ਹਾਂ ਮੁਕੱਦਮਾ ਚਲਾਏ ਜੇਲ੍ਹਾਂ 'ਚ ਡੱਕਣ ਦੇ ਅਖਤਿਆਰ, ਪੁਲਿਸ ਪ੍ਰਾਸ਼ਾਸ਼ਨ ਕੋਲ ਦੇ ਦਿੱਤੇ ਗਏ ਹਨ। ਮਨੁੱਖੀ ਅਧਿਕਾਰਾਂ ਅਤੇ ਸੰਵਿਧਾਨਕ ਢਾਂਚੇ ਦੀ ਰੱਖਿਆ ਇਸ ਦੌਰ 'ਚ ਕੋਈ ਮਾਅਨੇ ਨਹੀਂ ਰੱਖ ਰਹੀ। ਆਜ਼ਾਦੀ ਦੇ ਸਾਢੇ ਸੱਤ ਦਹਾਕੇ ਬੀਤਣ ਬਾਅਦ ਵੀ ਗਰੀਬੀ, ਭੁੱਖਮਰੀ ਜਿਹੀਆਂ ਅਲਾਮਤਾਂ ਦੇ ਦੂਰ ਨਾ ਹੋਣ ਕਾਰਨ ਲੋਕਾਂ ਵਿੱਚ ਬੇਚੈਨੀ ਵਧੀ ਹੈ।

ਅੱਜ ਜਦੋਂ ਲੋਕਾਂ ਦੀ ਆਵਾਜ਼ ਦਬਾਉਣ ਵਾਲਾ ਕੋਈ ਵੀ ਕਦਮ ਉੱਠਦਾ ਹੈ ਤਾਂ ਉਸਦਾ ਵਿਰੋਧ ਪੰਜਾਬ ਵਿੱਚ ਜ਼ਰੂਰ ਹੋਏਗਾ, ਕਿਉਂਕਿ ਵਿਰੋਧਤਾ ਦੀ ਮੂਲ ਭਾਵਨਾ ਪੰਜਾਬੀਆਂ ਦੇ ਚਰਿੱਤਰ ਵਿੱਚ ਹੈ, ਉਹ ਬਦਲਦੀ ਨਹੀਂ।


ਦੇਸ਼ ਭਾਰਤ ਵੱਖ-ਵੱਖ ਫੁੱਲਾਂ ਦਾ ਗੁਲਦਸਤਾ ਹੈ। ਵੱਖਰੀ ਬੋਲੀ, ਧਰਮ, ਜਾਤ, ਸਭਿਆਚਾਰ ਹੋਣ ਦੇ ਬਾਵਜੂਦ ਵੀ ਭਾਰਤ ਦੇ ਲੋਕ ਜੇਕਰ ਏਕਤਾ ਨਾਲ ਰਹਿੰਦੇ ਹਨ ਤਾਂ ਉਸ ਪਿੱਛੇ ਮੂਲ ਭਾਵਨਾ ਭਾਰਤੀ ਸੰਵਿਧਾਨ ਦੀ ਹੈ।

ਸੰਵਿਧਾਨ ਅਨੁਸਾਰ ਕੇਂਦਰ ਅਤੇ ਸੂਬਾ ਸਰਕਾਰਾਂ ਦੇ ਅਧਿਕਾਰ ਖੇਤਰ ਵੱਖਰੇ ਹਨ। ਪਰ ਫਿਰ ਵੀ ਟਕਰਾਅ ਬਣਿਆ ਰਹਿੰਦਾ ਹੈ। ਕੇਂਦਰੀ ਹਾਕਮਾਂ ਦੀ ਕਬਜ਼ੇ ਅਤੇ ਵਾਧੂ ਸ਼ਕਤੀਆਂ ਹਥਿਆਉਣ ਦੀ ਭੁੱਖ ਕੇਂਦਰ ਸੂਬਾ ਸਬੰਧਾਂ 'ਚ ਖਟਾਸ ਪੈਦਾ ਕਰਦੀ ਹੈ।


ਲੋੜ ਤਾਂ ਇਹ ਹੈ ਕਿ ਕੇਂਦਰ ਸਰਕਾਰ ਆਪਣੇ ਅਧਿਕਾਰ ਅਤੇ ਸ਼ਕਤੀਆਂ ਦੀ ਵਰਤੋਂ ਸੰਜੀਦਗੀ ਨਾਲ ਕਰੇ ਅਤੇ ਸੂਬਿਆਂ ਦੇ ਅਧਿਕਾਰ ਖੇਤਰ 'ਚ ਬੇਲੋੜੀ ਦਖ਼ਲ ਅੰਦਾਜੀ ਨਾ ਕਰੇ। ਉਹਨਾ ਨੂੰ ਆਪਣਾ ਸੰਵਿਧਾਨਿਕ ਕਾਰਜ ਕਰਨ ਦੇਵੇ। ਨਹੀਂ ਤਾਂ ਕੇਂਦਰੀ ਧੱਕਾ ਧੌਂਸ ਵਾਲੀ ਰਾਜਨੀਤੀ ਦੇਸ਼ 'ਚ ਅਰਾਜਕਤਾ ਪੈਦਾ ਕਰ ਸਕਦੀ ਹੈ ਅਤੇ ਦੇਸ਼ ਦੀ ਏਕਤਾ, ਅਖੰਡਤਾ ਲਈ ਖ਼ਤਰਾ ਬਣ ਸਕਦੀ ਹੈ।

# ਕੈਬਨਿਟ ਮੰਤਰੀ ਪੰਜਾਬ ਸ਼੍ਰੀ ਬ੍ਰਮ ਸੰਕਰ ਜਿੰਪਾ ਨੇ ਮਲਟੀਪਰਪਜ ਸਪੋਰਟਸ ਸਟੇਡੀਅਮ ਪਠਾਨਕੋਟ ਦੀ ਗਰਾਊਂਡ ਵਿਖੇ ਲਹਿਰਾਇਆ ਤਿਰੰਗਾ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਮਾਲ, ਮੁੜ ਵਸੇਬਾ ਤੇ ਆਫਤ ਪ੍ਰਬੰਧਨ, ਜਲ ਸਪਲਾਈ ਤੇ ਸੈਨੀਟੇਸਨ ਵਿਭਾਗ ਮੰਤਰੀ ਸ੍ਰੀ ਬ੍ਰਮ ਸੰਕਰ ਜਿੰਪਾ ਨੇ ਅੱਜ ਆਜਾਦੀ ਦਿਹਾੜੇ ਤੇ ਜਿਲ੍ਹਾ ਪਠਾਨਕੋਟ ਅੰਦਰ ਮਲਟੀ ਪਰਪਜ ਸਪੋਰਟਸ ਸਟੇਡੀਅਮ ਪਠਾਨਕੋਟ ਵਿਖੇ ਆਯੋਜਿਤ ਕੀਤੇ ਜਿਲ੍ਹਾ ਪੱਧਰੀ ਆਜਾਦੀ ਦਿਹਾੜੇ ਸਮਾਰੋਹ ਤੇ ਮੁੱਖ ਮਹਿਮਾਨ ਵਜੋਂ ਹਾਜਰ ਹੋ ਕੇ ਰਾਸ਼ਟਰੀ ਝੰਡਾ ਤਿਰੰਗਾ ਲਹਿਰਾਉਂਣ ਦੀ ਰਸਮ ਅਦਾ ਕੀਤੀ। ਕੈਬਨਿਟ ਮੰਤਰੀ ਪੰਜਾਬ ਸ੍ਰੀ ਬ੍ਰਮ ਸੰਕਰ ਜਿੰਪਾ ਵੱਲੋਂ ਰਾਸਟਰੀ ਝੰਡਾ ਲਹਿਰਾਉਂਣ ਤੋਂ ਬਾਅਦ ਪਰੇਡ ਦਾ ਨਿਰੀਖਣ ਕੀਤਾ ਗਿਆ। ਉਨ੍ਹਾਂ ਵੱਲੋਂ ਜਿਲ੍ਹਾ ਵਾਸੀਆਂ ਦੇ ਨਾਮ ਸੰਦੇਸ ਪੜਿਆ ਗਿਆ। ਜਿਸ ਉਪਰੰਤ ਪੰਜਾਬ ਪੁਲਿਸ, ਮਹਿਲਾ ਪੰਜਾਬ ਪੁਲਿਸ, ਹੋਮ ਗਾਰਡ, ਐਨ।ਸੀ।ਸੀ। ਅਤੇ ਵੱਖ-ਵੱਖ ਸਕੂਲੀ ਬੱਚਿਆਂ ਦੀਆਂ ਟੁੱਕੜੀਆਂ ਵੱਲੋਂ ਮਾਰਚ ਪਾਸਟ ਕੀਤਾ ਗਿਆ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਆਦਿੱਤਿਆ ਉੱਪਲ ਡਿਪਟੀ ਕਮਿਸ਼ਨਰ ਪਠਾਨਕੋਟ ਅਤੇ ਬਹਾਦੁਰ ਸਿੰਘ ਕਮਾਂਡੇਂਟ 4ਈ ਆਈ.ਆਰ.ਬੀ. ਸਾਹਪੁਰਕੰਡੀ ਵੀ ਵਿਸੇਸ ਤੋਰ ਤੇ ਮੋਜੂਦ ਸਨ। ਅਪਣੇ ਸੰਬੋਧਨ ਦੋਰਾਨ ਸ੍ਰੀ ਬ੍ਰਮ ਸੰਕਰ ਜਿੰਪਾਂ ਕੈਬਨਿਟ ਮੰਤਰੀ ਪੰਜਾਬ ਨੇ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਸੰਬੋਧਿਤ ਕਰਦਿਆਂ ਕਿਹਾ ਕਿ ਸਭ ਤੋਂ ਪਹਿਲਾ ਉਹ ਜਿਲ੍ਹਾ ਪਠਾਨਕੋਟ ਦੇ ਨਿਵਾਸੀਆਂ ਨੂੰ , ਸੂਬਾ



ਨਿਵਾਸੀਆਂ ਅਤੇ ਭਾਰਤ ਵਾਸੀਆਂ ਨੂੰ ਦੇਸ਼ ਦੇ 78ਵੇਂ ਆਜ਼ਾਦੀ ਦਿਹਾੜੇ ਦੀ ਵਧਾਈ ਦਿੰਦੇ ਹਨ। ਉਨ੍ਹਾਂ ਕਿਹਾ ਕਿ ਸਾਨੂੰ ਮਾਣ ਹੈ ਕਿ ਦੇਸ਼ ਦੇ ਆਜ਼ਾਦੀ ਸੰਗਰਾਮ ਵਿੱਚ ਸਭ ਤੋਂ ਵੱਧ ਕੁਰਬਾਨੀਆਂ ਪੰਜਾਬੀਆਂ ਨੇ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਮਹਾਨ ਸ਼ਹੀਦਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਵਚਨਬੱਧ ਹੈ ਸ਼ਹੀਦ ਜਵਾਨਾਂ ਦੇ ਵਾਰਿਸਾਂ ਲਈ ਐਕਸ-ਗ੍ਰੇਸ਼ੀਆ ਰਾਸ਼ੀ 50 ਲੱਖ ਰੁਪਏ ਤੋਂ ਵਧਾ ਕੇ 1 ਕਰੋੜ ਰੁਪਏ ਕੀਤੀ ਹੈ ਅਤੇ ਇਸ ਵਿੱਤੀ ਸਹਾਇਤਾ ਸਕੀਮ ਅਧੀਨ ਅਗਨੀਵੀਰਾਂ ਨੂੰ ਵੀ



ਸ਼ਾਮਲ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਖੇਡਾਂ ਵਿਚ ਦੇਸ਼ ਦਾ ਮੁੜ ਮੋਹਰੀ ਸੂਬਾ ਬਣਾਉਣ ਲਈ ਓਲੰਪਿਕ ਖੇਡਾਂ ਤੇ ਏਸ਼ੀਅਨ ਖੇਡਾਂ ਵਿੱਚ ਹਿੱਸਾ ਲੈਣ ਗਏ ਖਿਡਾਰੀਆਂ ਨੂੰ ਤਿਆਰੀ ਲਈ ਕ੍ਰਮਵਾਰ 15 ਲੱਖ ਅਤੇ 8 ਲੱਖ ਰੁਪਏ ਪ੍ਰਤੀ ਖਿਡਾਰੀ ਰਾਸ਼ੀ ਦਿੱਤੀ ਜਾ ਰਹੀ ਹੈ।

ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਸ੍ਰੀ ਵਿਭੂਤੀ ਸਰਮਾ ਚੇਅਰਮੈਨ ਪੰਜਾਬ ਟੂਰਿਜਮ ਡਿਵੈਲਪਮੈਂਟ ਕਾਰਪੋਰੇਸਨ (ਪੀ।ਟੀ।ਡੀ।ਸੀ।) ਪੰਜਾਬ ਅਤੇ ਹਲਕਾ ਇੰਚਾਰਜ ਪਠਾਨੋਕਟ, ਅਸਵਨੀ ਸਰਮਾ ਵਿਧਾਇਕ ਪਠਾਨਕੋਟ, ਸਵਰਨ ਸਿੰਘ ਸਲਾਰੀਆਂ ਉਪਪ੍ਰਧਾਨ ਆਮ ਆਦਮੀ ਪਾਰਟੀ ਪੰਜਾਬ, ਸੁਨੀਲ ਗੁਪਤਾ ਚੇਅਰਮੈਨ ਪੈਸਕੋ ਪੰਜਾਬ, ਵਿਕਾਸ ਸੈਣੀ ਚੇਅਰਮੈਨ ਮਾਰਕਿਟ ਕਮੇਟੀ ਪਠਾਨਕੋਟ, ਸੋਰਭ ਵਹਿਲ ਮੈਂਬਰ ਗਾਊਸਾਲਾ, ਗੋਤਮ ਮਾਨ ਜੁਆਇੰਟ ਸਕੱਤਰ ਆਮ ਆਦਮੀ ਪਾਰਟੀ, ਰੋਹਿਤ ਵਰਮਾ ਯੂਥ ਪ੍ਰਧਾਨ, ਅਭੀ ਸਰਮਾ ਜਿਲ੍ਹਾ ਪ੍ਰਧਾਨ ਯੂਥ ਵਿੰਗ, ਸੁਭਾਸ ਵਰਮਾ ਪੰਜਾਬ ਸਕੱਤਰ ਆਮ ਆਦਮੀ ਪਾਰਟੀ, ਰੇਖਾ ਮਨੀ ਸਰਮਾ ਜਿਲ੍ਹਾ ਪ੍ਰਧਾਨ ਮਹਿਲਾ ਵਿੰਗ ਅਤੇ ਪੰਜਾਬ ਸਕੱਤਰ, ਮਾਸਟਰ ਮੋਹਣ ਲਾਲ ਸਾਬਕਾ ਕੈਬਨਿਟ ਮੰਤਰੀ, ਸਤੀਸ ਮਹਿੰਦਰੂ ਚੇਅਰਮੈਨ ਦਾਂ ਹਿੰਦੂ ਕਾਰਪੋਰੇਟਿਵ ਬੈਂਕ ਪਠਾਨਕੋਟ, ਐਡਵੋਕੇਟ ਰਾਮੇਸ ਚੰਦ, ਵਿਸੇਸ ਸਰਮਾ, ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ), ਮੇਜਰ ਡਾ। ਸੁਮਿਤ ਮੁਧ ਐਸ.ਡੀ.ਐਮ. ਪਠਾਨਕੋਟ ਅਤੇ ਹੋਰ ਵੱਖ ਵੱਖ ਵਿਭਾਗਾਂ ਦੇ ਜਿਲ੍ਹਾ ਅਧਿਕਾਰੀ ਅਤੇ ਆਮ ਆਦਮੀ ਪਾਰਟੀ ਕਾਰਜਕਰਤਾ ਵੀ ਹਾਜਰ ਸਨ।

# ਅਕਾਲੀ ਸਿਆਸਤ ਦਾ ਸੁਧਾਰ?

**ਛੋਟਾ ਮੂੰਹ ਬੜੀ ਬਾਤ!**



ਤਰਲੋਚਨ ਸਿੰਘ ਦੁਪਾਲ ਪੁਰ
001-408-915-1268

ਔਲ਼ਾ ਖਾਣ ਵਕਤ ਮੂੰਹ ਦਾ ਜ਼ਾਇਕਾ ਖੱਟਾ-ਕੌੜਾ ਜਿਹਾ ਹੋ ਜਾਂਦਾ ਐ ਤੇ ਇਵੇਂ ਹੀ ਸਿਆਣਿਆਂ ਵਲੋਂ ਕਹੀ ਗੱਲ ਮੌਕੇ ਮੁਤਾਬਕ ਤਾਂ ਅਤਿਕਥਨੀ ਜਾਪਦੀ ਹੁੰਦੀ ਹੈ ਪਰ ਜਿਵੇਂ ਔਲ਼ਾ ਖਾਣ ਬਾਅਦ ਮੂੰਹ ਵੀ ਸੁਆਦਲਾ ਹੋ ਜਾਂਦਾ ਤੇ ਗੱਲ ਕਹਿਣ ਵਾਲ਼ਾ ਸਿਆਣਾ ਵੀ ਯਾਦ ਆਉਣ ਲੱਗ ਪੈਂਦਾ ਹੈ। ਇਸੇ ਕਰਕੇ ਕਹਾਵਤ ਬਣੀ ਹੋਈ ਹੈ ਅਖੇ ਔਲ਼ੇ ਦਾ ਖਾਧਾ ਅਤੇ ਸਿਆਣੇ ਦਾ ਕਹਿਆ ਹੋਇਆ ਮਗਰੋਂ ਸੁਆਦ ਦਿੰਦੇ ਹਨ।

ਸੰਨ 2002 ਦਾ ਸਤੰਬਰ ਮਹੀਨਾ ਚੜ੍ਹਦਿਆਂ ਹੀ ਆਉਂਦੇ ਨਵੰਬਰ ਮਹੀਨੇ ਵਾਲ਼ੀ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਦੀ ਹੋਣ ਵਾਲ਼ੀ ਸਾਲਾਨਾ ਚੋਣ ਲਈ, ਬਾਦਲ ਧੜੇ ਅਤੇ ਜਥੇਦਾਰ ਟੌਹੜਾ ਸਾਹਬ ਦੇ ਨਵਗਠਿਤ ਸਰਬ ਹਿੰਦ ਅਕਾਲੀ ਦਲ ਨੇ ਕਮਰਕੱਸੇ ਕਰਨੇ ਸ਼ੁਰੂ ਕਰ ਦਿੱਤੇ। ਪ੍ਰਕਾਸ਼ ਸਿੰਘ ਬਾਦਲ ਹੁਣਾ ਸਾਨੂੰ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਜਥੇਦਾਰ ਟੌਹੜਾ ਦੇ ਪ੍ਰਭਾਵ ਤੋਂ ਦੂਰ ਕਰਨ ਹਿਤ ਪਹਿਲਾਂ ਚੰਡੀਗੜ੍ਹ ਲਾਗਲੇ ਇਤਿਹਾਸਕ ਗੁਰਦੁਆਰਾ ਨਾਢਾ ਸਾਹਬ ਵਿਖੇ ਰੱਖਿਆ।ਫਿਰ ਕੈਪਟਨ ਅਮਰਿੰਦਰ ਸਿੰਘ, ਜੋ ਉਦੋਂ ਮੁੱਖ ਮੰਤਰੀ ਸਨ,ਦੇ ਸਰਕਾਰੀ ਡਰੋਂ ਮਨਪ੍ਰੀਤ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸਾਨੂੰ ਦੋ ਵੱਖ ਵੱਖ ਬੱਸਾਂ ਵਿਚ ਲੱਦ ਕੇ ਲੈ ਗਏ ਆਪਣੇ ਹਰਿਆਣੇ ਵਿਚਲੇ ਫਾਰਮ ਬਾਲਾ ਸਰ ਨੂੰ।

ਉੱਥੇ ਇਕੱਠੇ ਕੀਤੇ ਮੈਂਬਰਾਂ ਵਿਚੋਂ ਸਾਨੂੰ ਕੁੱਝ ਕੁ ਨੂੰ ਬਡੂੰਗਰ ਸਾਹਬ ਬਾਲਾ ਸਰ ਤੋਂ ਲੈ ਗਏ ਚੌਟ੍ਹਾਲਿਆਂ ਦੇ ਸਿਰਸੇ ਵਾਲ਼ੇ ਫਾਰਮ 'ਤੇ ਜਿੱਥੇ ਅੰਮ੍ਰਿਤਸਰ ਇਲਾਕੇ ਦੇ ਬਹੁਤੇ ਮਝੈਲ ਮੈਂਬਰ ਸਾਹਿਬਾਨ 'ਰੱਖੇ ਹੋਏ' ਸਨ। ਜਿਨ੍ਹਾਂ ਦਾ ਉੱਥੇ 'ਛਕਣ ਛਕਾਉਣ ਦਾ ਪੂਰਾ ਪ੍ਰਬੰਧ' ਚੌਟ੍ਹਾਲਿਆਂ ਵਲੋਂ ਹੀ ਕੀਤਾ ਹੋਇਆ ਸੀ ! ਇੱਥੋਂ ਹੀ ਮੈਂ ਸਿਰਫ ਦੋ ਰਾਤਾਂ ਰਹਿਣ ਬਾਅਦ ਆਪਣੇ ਸਾਥੀ ਦੋ ਮੈਂਬਰ ਸਾਹਿਬਾਨ ਦੀ ਮੱਦਦ ਨਾਲ ਵੱਡੇ ਤੜਕੇ ਬਗਾਵਤ ਕਰ ਆਇਆ ਸਾਂ।

ਜਦੋਂ ਵੀ ਕਿਤੇ ਕਿਸੇ ਮੌਕੇ ਮੇਰਾ ਇਹ 'ਬਗਾਵਤੀ ਕਿੱਸਾ' ਛਿੜਦਾ ਹੈ ਤਾਂ ਮੈਂ ਇਹ ਦੱਸਣਾ ਕਦੇ ਨਹੀਂ ਭੁੱਲਦਾ ਹੁੰਦਾ ਕਿ ਚੌਟ੍ਹਾਲਿਆਂ ਦੇ ਫਾਰਮ 'ਚੋਂ ਜਿਸ ਦਿਨ ਮੈਂ ਨਿਕਲ਼ਿਆ ਸਾਂ ਓਦਣ ਸੰਨ 2002 ਦੇ ਅਕਤੂਬਰ ਮਹੀਨੇ ਦੀ 25 ਤਰੀਕ ਸੀ। ਇਹ ਤਰੀਕ ਪੱਕੀ ਯਾਦ ਹੋ ਜਾਣ ਦਾ ਕਾਰਨ ਇਹ ਹੈ ਕਿ ਉਸ ਤੋਂ ਇਕ ਦਿਨ ਪਹਿਲੇ 24 ਅਕਤੂਬਰ ਦੀ ਸ਼ਾਮ ਨੂੰ ਪੱਤਰਕਾਰ ਰਾਮਚੰਦਰ ਛਤਰਪਤੀ ਨੂੰ ਗੋਲ਼ੀਆਂ ਮਾਰ ਕੇ ਬੁਰੀ ਤਰਾਂ ਜ਼ਖਮੀਂ ਕਰ ਦਿੱਤਾ ਗਿਆ ਸੀ। ਬਾਅਦ ਵਿਚ ਉਸ ਵਿਚਾਰੇ ਦੀ 21 ਨਵੰਬਰ ਨੂੰ ਅਪੋਲੋ ਹਸਪਤਾਲ਼ ਦਿੱਲੀ ਵਿਚ ਮੌਤ ਹੋ ਗਈ ਸੀ।

ਉਦੋਂ ਕਿਵੇਂ ਦਸ ਕੁ ਮੀਲ ਰੇਤਿਆਂ ਵਿਚ ਪੈਦਲ ਚੱਲ ਕੇ ਅਤੇ ਫਿਰ ਸੜ੍ਹਕ 'ਤੇ ਜਾਂਦੇ ਇਕ ਟ੍ਰੈਕਟਰ ਉੱਤੇ ਬਹਿ ਕੇ ਦਿਨ ਚੜ੍ਹਦੇ ਨੂੰ ਮੈਂ ਡੱਬਵਾਲ਼ੀ ਕਿੱਦਾਂ ਪਹੁੰਚਿਆਂ ਸਾਂ,ਇਸ ਸਾਰੇ ਬਿਰਤਾਂਤ ਬਾਰੇ ਵੈਸੇ ਮੈਂ ਦੋ ਕਿਸ਼ਤਾਂ ਵਿਚ ਲੇਖ-ਲੜੀ ਲਿਖੀ ਸੀ ਜੋ ਉਦੋਂ ਦੇਸ਼ ਵਿਦੇਸ਼ ਦੇ ਪੰਜਾਬੀ ਅਖਬਾਰਾਂ ਵਿਚ ਇਸ ਸਿਰਲੇਖ ਹੇਠ 'ਜਦ ਮੈਂ ਭੇਡੂਆਂ ਦੇ ਵਾੜੇ 'ਚੋਂ ਨਿਕਲ਼ਿਆ' ਛਪੀ ਸੀ!

ਲਓ ਜੀ ਹੁਣ ਅਖੀਰ 'ਚ ਗੱਲ ਕਰੀਏ ਔਲ਼ੇ ਦੇ ਖਾਣ ਵਰਗੀ ਅਤੇ ਸਿਆਣੇ ਦੀ ਦੂਰਅੰਦੇਸ਼ੀ ਵਾਲ਼ੀ ਭਵਿੱਖਬਾਣੀ ਦੀ।ਜਦ ਮੈਂ ਬਾਦਲ ਦਲ ਤਿਆਗ ਕੇ ਆਪਣੇ ਪਿੰਡ ਆ ਗਿਆ ਤਾਂ ਪੰਥਕ ਸੋਚ ਵਾਲ਼ੇ ਅਨੇਕਾਂ ਲੋਕਾਂ ਵਲੋਂ ਮੈਨੂੰ ਵਧਾਈਆਂ ਦੇ ਫੋਨ ਆਉਣ ਲੱਗੇ।ਕੁੱਝ ਦੋਸਤ ਮੇਰੇ ਫੈਸਲੇ ਨਾਲ਼ ਅਸਹਿਮਤ ਵੀ ਸਨ।

ਪਰ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ,ਜੋ ਉਸ ਮੌਕੇ ਟੌਹੜਾ ਸਾਹਬ ਨਾਲ਼ ਸਨ, ਮੈਨੂੰ ਵਧਾਈ ਦੇਣ ਘਰੇ ਆਏ। ਜਦਕਿ ਸਾਡੇ ਹਲਕੇ ਦੇ ਬਾਦਲ ਪੱਖੀ ਵਿਧਾਨਕਾਰ ਤੋਂ ਲੈ ਕੇ ਵੱਡੇ ਅਕਾਲੀ ਆਗੂਆਂ ਬੀਬੀ ਜਗੀਰ ਕੌਰ, ਜਥੇਦਾਰ ਕਿਰਪਾਲ ਸਿੰਘ ਬਡੂੰਗਰ, ਅਜੈਬ ਸਿੰਘ ਮੁਖਮੈਲ ਪੁਰ ਵਗੈਰਾ ਸਾਡੇ ਘਰ ਆ ਕੇ ਮੈਨੂੰ ਮੁੜ ਬਾਦਲਾਂ ਨਾਲ਼ ਮਿਲਾਉਣ ਲਈ ਤਰਲਿਆਂ ਦੇ ਨਾਲ਼ ਨਾਲ ਕਈ ਤਰਾਂ ਦੇ ਲਾਲਚਾਂ ਦੀ ਪੇਸ਼ਕਸ਼ ਵੀ ਕਰਨ ਲੱਗੇ!

ਅਜਿਹੇ ਖਿੱਚੋ-ਤਾਣੀ ਦੇ ਮਾਹੌਲ ਵਿਚ ਮੈਨੂੰ ਮੁਬਾਰਕ ਦੇਣ ਆਏ ਅਜੋਕੀ ਵਿੱਦਿਅਕ ਤੇ ਸਾਹਿੱਤਕ ਸੰਸਥਾ 'ਨਾਦ ਪ੍ਰਗਾਸ' ਸ੍ਰੀ ਅੰਮ੍ਰਿਤਸਰ ਦੇ ਬਾਨੀ ਪ੍ਰੋਫੈਸਰ ਜਗਦੀਸ਼ ਸਿੰਘ, ਜੋ ਮੇਰੇ ਛੋਟੇ ਭਰਾ ਪ੍ਰੋਫੈਸਰ ਅਵਤਾਰ ਸਿੰਘ ਦੇ ਹਮਜਮਾਤੀ ਹੋਣ ਸਦਕਾ ਮੇਰੇ ਵੀ ਜਾਣੂ ਸਨ। ਬਾਦਲ ਦਲ ਤਿਆਗਣ ਕਾਰਨ ਮੇਰੇ ਸਨਮਾਨ ਵਜੋਂ ਰੱਖੇ ਗਏ ਇਕ ਸਾਦੇ ਸਮਾਗਮ ਵਿਚ ਬੋਲਦਿਆਂ ਉਨ੍ਹਾਂ ਅਜਿਹੇ ਵਿਚਾਰ ਪ੍ਰਗਟਾਏ ਸਨ-

'ਖਾਲਸਾ ਜੀ, ਸਿੱਖ ਪੰਥ ਦੀ ਸਿਆਸੀ ਜਮਾਤ ਸ਼੍ਰੋਮਣੀ ਅਕਾਲੀ ਦਲ ਨੂੰ ਸਾਡੇ ਸਮਿਆਂ ਵਿਚ 'ਬਾਦਲ ਦਲ' ਬਣਾ ਦੇਣ ਵਾਲ਼ਾ ਪ੍ਰਵਾਰ ਜਿਵੇਂ ਦਿਨ-ਬ-ਦਿਨ ਆਪਣੀ ਜਕੜ ਮਜ਼ਬੂਤ ਕਰਦਾ ਜਾ ਰਿਹਾ ਹੈ, ਇਹ ਇਨ੍ਹਾਂ ਨੂੰ ਕਿਸੇ ਦਿਨ ਬਹੁਤ ਮਹਿੰਗਾ ਪਵੇਗਾ। ਭਵਿੱਖ ਵਿਚ ਜਦੋਂ ਵੀ ਕਦੇ ਵੀ ਪਾਰਟੀ ਦਾ ਸੁਧਾਰ ਸ਼ੁਰੂ ਹੋਇਆ ਤਾਂ ਦਲ ਵਿਚਲੇ ਸਾਰੇ ਅਕਾਲੀਆਂ ਨੂੰ ਭਾਅ ਜੀ ਦੁਪਾਲ ਪੁਰੀ ਵਾਂਗ ਬਗਾਵਤ ਦਾ ਰਾਹ ਅਖਤਿਆਰ ਕਰਨਾ ਹੀ ਪਵੇ ਗਾ ! ਤਦ ਜਾ ਕੇ ਸ਼ਾਇਦ ਇਹ ਪਾਰਟੀ ਮੁੜ 'ਸ਼੍ਰੋਮਣੀ' ਬਣ ਸਕੇ ਗੀ!'

ਪ੍ਰੋਫੈਸਰ ਜਗਦੀਸ਼ ਸਿੰਘ ਦੇ ਇਹ ਸ਼ਬਦ ਉਦੋਂ ਮੈਨੂੰ 'ਵਧਾ ਚੜ੍ਹਾ ਕੇ ਕੀਤੀ ਗਈ ਮੇਰੀ ਸਿਫਤ' ਹੀ ਲੱਗੇ ਸਨ ਤੇ ਮੈਂ ਆਪਣੇ ਕੁੱਝ ਸਾਲਾਂ ਦੇ ਸਿਆਸੀ ਤਜ਼ਰਬੇ ਕਾਰਨ ਸੋਚਦਾ ਸਾਂ ਕਿ ਅਹੁਦਿਆਂ ਜਾਂ ਟਿਕਟਾਂ ਦੇ ਭੁੱਖੇ ਆਗੂ ਬਾਦਲ ਪ੍ਰਵਾਰ ਨੂੰ ਕਦੇ ਨਹੀਂ ਛੱਡਣਗੇ? ਪਰ ਹੁਣ ਜਦੋਂ ਮੈਂ ਸਰਦਾਰ ਢੀਂਡਸਾ, ਪ੍ਰੋਫੈਸਰ ਚੰਦੂ ਮਾਜਰਾ ਅਤੇ ਬੀਬੀ ਜਗੀਰ ਕੌਰ ਵਰਗੇ ਸਿਰਕੱਢ ਆਗੂਆਂ ਨੂੰ ਸੁਖਬੀਰ ਸਿੰਘ ਬਾਦਲ ਤੋਂ ਅਸਤੀਫਾ ਮੰਗ ਰਹੇ ਦੇਖਦਾ ਹਾਂ ਤਾਂ ਮੈਨੂੰ ਪ੍ਰੋਫੈਸਰ ਜਗਦੀਸ਼ ਸਿੰਘ ਵਲੋਂ ਬਾਈ ਸਾਲ ਪਹਿਲਾਂ ਦੇ ਬੋਲੇ ਹੋਏ ਬੋਲ ਹੁਣ ਸੱਚੇ ਹੋ ਰਹੇ ਜਾਪਦੇ ਹਨ! ਉਪਰੋਕਤ ਬਗਾਵਤੀ ਆਗੂ ਸਫਲ ਹੋਣਗੇ ਜਾਂ ਅਸਫਲ? ਇਸ ਸਵਾਲ ਦਾ ਜਵਾਬ ਸਮੇਂ ਦੇ ਗਰਭ ਵਿਚ ਪਿਆ ਹੈ!

ਸਿੱਖ ਸਕਾਲਰ ਰਣਜੀਤ ਸਿੰਘ ਉਰਫ ਕੁੱਕੀ ਗਿੱਲ ਵਲੋਂ ਸੁਖਬੀਰ ਸਿੰਘ ਬਾਦਲ ਪ੍ਰਤੀ ਬੋਲੀਆਂ ਗਈਆਂ ਸਤਰਾਂ-

'ਬੁੱਲਿਆ ਚਾਦਰ ਮੈਲ਼ੀ ਸਾਬਣ ਥੋੜ੍ਹਾ
ਬੈਠ ਕਿਨਾਰੇ ਧੋਂਵੇਂਗਾ।
ਦਾਗ ਨਹੀਂ ਮਿਟਣੇ ਪਾਪਾਂ ਵਾਲ਼ੇ
ਧੋਵੇਂਗਾ ਤੇ ਰੋਵੇਂਗਾ !'

---

## ਕਹਾਣੀ

# ਧੀਆਂ ਧਿਆਣੀਆਂ



ਡਾ. ਇਕਬਾਲ ਸਿੰਘ ਸਕਰੌਦੀ
91-84276-85020

ਸੁਖਜੀਤ ਨੇ ਫ਼ੋਨ ਬੰਦ ਕਰਦਿਆਂ ਹੋਇਆਂ ਬਹੁਤ ਹੀ ਖ਼ੁਸ਼ੀ ਅਤੇ ਹੁਲਾਸ ਭਰੇ ਲਹਿਜ਼ੇ ਵਿੱਚ ਆਪਣੀ ਸੱਸ ਮਾਂ ਨੂੰ ਕਿਹਾ,

"ਮਾਂ ਜੀ, ਕੱਲ੍ਹ ਨੂੰ ਰੱਖੜੀ ਦੇ ਤਿਉਹਾਰ ਉੱਤੇ ਮੇਰੇ ਭਾਅ ਜੀ ਅਤੇ ਵੱਡੇ ਭੈਣ ਜੀ ਆ ਰਹੇ ਨੇ। ਮੈਂ ਖਾਣ ਪੀਣ ਦਾ ਤਾਂ ਵਧੀਆ ਪ੍ਰਬੰਧ ਘਰ ਵਿੱਚ ਹੀ ਕਰ ਲੈਣੈ। ਪਰੰਤੂ ਭੈਣ ਜੀ ਦੇ ਪਸੰਦ ਦੇ ਦੋ ਵਧੀਆ ਜਿਹੇ ਸੂਟ ਅਸੀਂ ਦੋਵੇਂ ਜੀਅ ਬਜ਼ਾਰ ਜਾ ਕੇ ਲੈ ਆਉਣੇ ਆਂ।"

ਬਚਨ ਕੌਰ ਨੇ ਸਮਝਿਆ ਕਿ ਨੂੰਹ ਦੀ ਵੱਡੀ ਭੈਣ ਅਤੇ ਉਹਦਾ ਜੀਜਾ ਆ ਰਹੇ ਹਨ। ਉਹ ਇੱਕਦਮ ਅੱਗ ਦੇ ਭਮੂਕੇ ਵਾਂਗੂੰ ਭੜਕਦਿਆਂ ਹੋਇਆਂ ਬੋਲੀ, "ਲੈ, ਉਹਨਾਂ ਨੇ ਏਥੇ ਆ ਕੇ ਕੀ ਟਿੰਡੀਆਂ ਲੈਣੀਐਂ। ਜੀਹਦਾ ਜੀਅ ਕਰਦੈ, ਮੂੰਹ ਚੱਕੀ ਤੁਰਿਆ ਆਉਂਦੈ ਏਧਰ ਨੂੰ। ਸੁੱਖੀ ਸਾਂਦੀ ਤਿਉਹਾਰ ਵਾਲ਼ੇ ਦਿਨ ਵੀ ਕੋਈ ਕਿਸੇ ਦੇ ਘਰ ਜਾਂਦਾ ਹੁੰਦੈ?"

ਸੱਸ ਤੋਂ ਸੋਹਲੇ ਸੁਣ ਕੇ ਨੂੰਹ ਨੂੰ ਇੱਕਦਮ ਸਮਝ ਆ ਗਈ ਸੀ ਕਿ ਮਾਂ ਜੀ ਤਾਂ ਇਹ ਸਮਝ ਬੈਠੇ ਨੇ ਕਿ ਉਹਦੀ ਨੂੰਹ ਦੀ ਵੱਡੀ ਭੈਣ ਅਤੇ ਜੀਜਾ ਆ ਰਹੇ ਨੇ। ਪਹਿਲਾਂ ਤਾਂ ਉਹਦੇ ਮਨ ਵਿੱਚ ਆਇਆ ਕਿ ਆਪਣੀ ਸੱਸ ਨੂੰ ਸਾਫ਼-ਸਾਫ਼ ਦੱਸ ਦੇਵੇ ਕਿ ਮਾਂ, ਮੁਹਾਲੀ ਵਿਆਹੀ ਤੁਹਾਡੀ ਧੀ ਤੁਹਾਡੇ ਪੁੱਤ ਨੂੰ ਰੱਖੜੀ ਬੰਨ੍ਹਣ ਆ ਰਹੀ ਹੈ। ਪਰੰਤੂ ਇੱਕਦਮ ਕੁਝ ਸੋਚ ਕੇ ਉਹਨੇ ਆਪਣੇ ਮਨ ਹੀ ਮਨ ਵਿੱਚ ਕੁਝ ਸਮੇਂ ਲਈ ਸ਼ੁਗਲ ਕਰਨ ਦੀ ਠਾਣ ਲਈ।

ਉਸ ਨੇ ਆਪਣੀ ਸੱਸ ਦੇ ਸਾਹਮਣੇ ਆਪਣੇ ਘਰਵਾਲ਼ੇ ਨੂੰ ਫ਼ੋਨ ਮਿਲਾਉਂਦਿਆਂ ਹੋਇਆਂ ਆਖਿਆ,

"ਹਾਂ ਜੀ, ਸਰਦਾਰਾ ਸਿੰਘ ਜੀ, ਹੁਣੇ-ਹੁਣੇ ਵੱਡੇ ਭੈਣ ਜੀ ਦਾ ਫ਼ੋਨ ਆਇਆ ਸੀ। ਉਹ ਕੱਲ੍ਹ ਸਵੇਰੇ ਹੀ ਆਪਣੇ ਕੋਲ ਆ ਰਹੇ ਆ। ਤੁਸੀਂ ਕਾਹਲੀ ਨਾਲ਼ ਕ੍ਰਿਸ਼ਨ ਦੀ ਡੈਰੀ ਤੋਂ ਸੱਤ ਲੀਟਰ ਦੁੱਧ ਲਿਆ ਦਿਉ। ਭੈਣ ਜੀ ਨੂੰ ਇੱਕ ਤਾਂ ਠੰਢੀ ਖੀਰ ਬਹੁਤ ਪਸੰਦ ਆ। ਨਾਲ਼ ਹੀ ਮੈਂ ਆਈਸ ਕਰੀਮ ਤਿਆਰ ਕਰਕੇ ਰੈਫਰੀਜਰੇਟਰ ਵਿੱਚ ਲਾ ਦਿਆਂਗੀ। ਤੁਸੀਂ ਬਹੁਤਾ ਟਾਈਮ ਨਾ ਲਾਇਉ ਹੁਣ। ਸੱਤ ਕੁ ਵਜੇ ਫ਼ਿਰ ਆਪਾਂ ਭੈਣ ਜੀ ਲਈ ਸੋਹਣੇ-ਸੋਹਣੇ ਦੋ ਸੂਟ ਵੀ ਲੈ ਕੇ ਆਉਣੇ ਐਂ।"

ਜਿਉਂ ਹੀ ਉਸ ਨੇ ਫ਼ੋਨ ਬੰਦ ਕੀਤਾ ਤਾਂ ਸੱਸ ਨੇ ਨੂੰਹ ਵੱਲ ਤਿਰਛਾ ਜਿਹਾ ਵੇਂਹਦਿਆਂ ਇੱਕ ਲੰਮੀਂ ਹੂੰਘਰ ਮਾਰੀ, "ਹੂੰ... ਊਂ... ਕਰ ਲੈ ਬਹੂ ਤੂੰ ਆਪਣੇ ਮਨ ਦੀਆਂ। ਸਿੱਧਾ ਸਾਦਾ ਘਰ ਆਲ਼ਾ ਜੋ ਟੱਕਰਿਐ ਤੈਨੂੰ। ਤੂੰ ਜੇ ਦਿਨ ਨੂੰ ਰਾਤ ਕਹਿਨੀਂ ਐਂ, ਤਾਂ ਉਹ ਵਿਚਾਰਾ ਰਾਤ ਕਹਿ ਦਿੰਦੈ। ਪਤਾ ਨੀਂ ਭਾਈ, ਕੀ ਸਿਰ 'ਚ ਘੋਲ਼ ਕੇ ਪਾਇਐ ਤੂੰ?"

ਸੱਸ ਦੀਆਂ ਕਰਾਰੀਆਂ ਜਿਹੀਆਂ ਸੁਣ ਕੇ ਉਹ ਮੁਸਕਰਾ ਕੇ ਰਸੋਈ ਵਿੱਚ ਚਲੀ ਗਈ। ਦੋ ਕੁ ਮਿੰਟ ਬਾਅਦ ਇੱਕ ਥਾਲ਼ ਵਿੱਚ ਚੌਲ਼ ਪਾ ਕੇ ਇੱਕ ਗੀਤ ਦੇ ਬੋਲ, "ਕੋਠੇ 'ਤੇ ਕਾਂ ਬੋਲੇ, ਚਿੱਠੀ ਮੇਰੇ ਮਾਹੀਏ ਦੀ, ਵਿੱਚ ਮੇਰਾ ਨਾਂ ਬੋਲੇ।" ਗੁਣਗੁਣਾਉਂਦੀ ਹੋਈ ਸੱਸ ਕੋਲ ਆ ਗਈ। ਚੌਲਾਂ ਵਾਲ਼ਾ ਥਾਲ਼ ਸੱਸ ਅੱਗੇ ਕਰਕੇ ਕਹਿੰਦੀ, "ਮਾਂ ਜੀ, ਦੇਖਿਓ ਭਲਾਂ, ਖੀਰ ਲਈ ਇੰਨੇਂ ਕੁ ਚੌਲ਼ ਠੀਕ ਰਹਿਣਗੇ?"

ਸੱਸ ਵੀ ਸਭ ਸਮਝਦੀ ਸੀ। ਉਹਨੂੰ ਪਤਾ ਸੀ ਕਿ ਉਹਦੀ ਨੂੰਹ ਜਾਣ ਬੁੱਝ ਕੇ ਉਹਨੂੰ ਤੰਗ ਪ੍ਰੇਸ਼ਾਨ ਕਰਦੀ ਐ। ਗੁੱਸਾ ਤਾਂ ਉਹਨੂੰ ਪਹਿਲਾਂ ਹੀ ਵਧੇਰਾ ਚੜ੍ਹਿਆ ਹੋਇਆ ਸੀ। ਉਹ ਤਾਂ ਪਹਿਲਾਂ ਹੀ ਅੰਦਰੋਂ ਪੂਰੀ ਤਪੀ ਹੋਈ ਸੀ। ਉਹ ਦੁਖੀ ਹੋ ਕੇ ਉਹ ਬੋਲੀ, "ਬੱਸ ਬੱਸ, ਰਹਿਣ ਦੇ ਏਹ ਖੇਖਣ। ਸਭ ਜਾਣਦੀ ਆਂ ਮੈਂ ਤੈਨੂੰ ਵੱਡੀ ਚਲਾਕੋ ਨੂੰ। ਆਉਣ ਆਲ਼ਾ ਈ ਐ, ਜੀਹਨੂੰ ਹੁਣੇ ਫੂਨ ਖੜਕਾਇਐ। ਉਸੇ ਨੂੰ ਪੁੱਛ ਲੀਂ। ਅੱਗੇ ਵੀ ਤਾਂ ਦੋਏ ਜੀਅ ਰਸੋਈ 'ਚ ਵੜ੍ਹ ਕੇ ਪਤਾ ਨੀਂ ਕੇਹੜੇ ਗੁਰਮਤੇ ਪੜ੍ਹਦੇ ਰਹਿਨੇਂ ਓਂ।"

ਨੂੰਹ ਨੇ ਮਸਾਂ-ਮਸਾਂ ਆਪਣੇ ਹਾਸੇ ਨੂੰ ਰੋਕਿਆ। ਉਸ ਨੇ ਆਪਣੀ ਸੱਸ ਦੀਆਂ ਗੱਲਾਂ ਸੁਣ ਕੇ ਅੱਖਾਂ ਵਿੱਚ ਹੀ ਹੱਸਦਿਆਂ ਕਿਹਾ, "ਮਾਂ ਜੀ, ਉਹ ਤਾਂ ਸਰਦਾਰਾ ਸਿੰਘ ਜੀ। ਨਾ ਸੱਚ ਥੋਡੇ ਪੁੱਤ ਜੀ, ਗਰਮ-ਗਰਮ ਰੋਟੀ ਖਾ ਕੇ ਬਲਾਈਂ ਖ਼ੁਸ਼ ਹੁੰਦੇ ਐ। ਮੈਨੂੰ ਵੀ ਬੜਾ ਚੰਗਾ ਲੱਗਦੈ, ਜਦੋਂ ਉਹ ਕੋਲ ਬੈਹ ਕੇ ਰੋਟੀ ਖਾਂਦੇ ਐ।"

ਉਸੇ ਵੇਲੇ ਸਰਦਾਰਾ ਸਿੰਘ ਦੁੱਧ ਦੀ ਢੋਲੀ ਲੈ ਕੇ ਅੰਦਰ ਆ ਗਿਆ। ਵਹੁਟੀ ਨੂੰ ਦੁੱਧ ਦੀ ਢੋਲੀ ਫ਼ੜਾਉਣ ਉਪਰੰਤ ਮਾਂ ਨੂੰ ਪੁੱਛਿਆ, "ਮਾਂ ਜੀ! ਕੀ ਗੱਲ ਐ? ਤੁਹਾਡਾ ਚਿੱਤ ਤਾਂ ਰਾਜ਼ੀ ਐ? ਤੁਹਾਡਾ ਤਾਂ ਚਿਹਰਾ ਈ ਉੱਤਰਿਆ ਪਿਐ!"

"ਭਾਈ, ਸਾਡੇ ਉੱਤਰੇ ਚੜ੍ਹੇ ਚਿਹਰੇ ਦੀ ਕੀ-ਹਨੂੰ ਪ੍ਰਵਾਹ ਆ? ਬਹੂ ਨੇ ਤੈਨੂੰ ਮੁੱਠੀ 'ਚ ਕੀਤਾ ਹੋਇਐ। ਤਿੰਨ ਕਰੇ, ਤੇਰ੍ਹਾਂ ਕਰੇ! ਤੂੰ ਕਦੇ ਟੋਕਿਐ ਉਹਨੂੰ?" ਭਰੀ ਪੀਤੀ ਮਾਂ ਨੇ ਸਾਰਾ ਗੁੱਭ ਗੁਭਾਟ ਕੱਢ ਦਿੱਤਾ।



ਉਸ ਨੇ ਮਾਂ ਨੂੰ ਗਲ਼ੇ ਲਗਾਉਂਦਿਆਂ ਹੋਇਆਂ ਕਿਹਾ,

"ਓਹ ਹੋ! ਮਾਂ ਜੀ। ਤੁਸੀਂ ਵੀ ਪਤਾ ਨੀਂ ਕਦੇ-ਕਦੇ ਕਿਹੜੀਆਂ ਗੱਲਾਂ ਲੈ ਬਹਿੰਦੇ ਓ। ਤੁਹਾਡੀ ਨੂੰਹ ਤਾਂ ਸਾਰਾ ਦਿਨ 'ਮੇਰੇ ਮਾਂ ਜੀ, ਮੇਰੇ ਮਾਂ ਜੀ' ਕਰਦੀ ਰਹਿੰਦੀ ਐ। ਮੁਹਾਲੀ ਤੋਂ ਵੱਡੇ ਭੈਣ ਜੀ ਅਤੇ ਜੀਜਾ ਜੀ ਦੇ ਆਉਣ ਉੱਤੇ ਉਹਨੂੰ ਚਾਅ ਚੜ੍ਹ ਜਾਂਦੈ। ਹੋਰ ਦੱਸੋ, ਕੀ ਚਾਹੀਦੈ ਆਪਾਂ ਨੂੰ? ਚਲੋ, ਏਦਾਂ ਕਰਦਾਂ, ਨਾਲ਼ੇ ਥੋੜਾ ਚਿੱਤ ਰਾਜ਼ੀ ਹੋ ਜੂਗਾ। ਮੈਂ ਤੁਹਾਡੀ ਵੱਡੇ ਭੈਣ ਜੀ ਨਾਲ਼ ਫ਼ੋਨ 'ਤੇ ਗੱਲ ਕਰਵਾਉਂਦਾ ਹਾਂ।"

ਇੰਨੀਂ ਗੱਲ ਕਹਿ ਕੇ ਉਸ ਨੇ ਮੁਹਾਲੀ ਰਹਿੰਦੀ ਵੱਡੀ ਭੈਣ ਇੰਦਰਪ੍ਰੀਤ ਨੂੰ ਫ਼ੋਨ ਲਾ ਲਿਆ। ਜਿਉਂ ਹੀ ਭੈਣ ਨੇ "ਹੈਲੋ" ਕਿਹਾ ਤਾਂ ਉਸ ਨੇ ਭੈਣ ਨੂੰ ਸਤਿਕਾਰ ਦਿੰਦਿਆਂ ਹੋਇਆਂ ਕਿਹਾ,

"ਪੈਰੀਂ ਪੈਨਾਂ ਭੈਣ। ਹੋਰ ਸੁਣਾਓ! ਜੀਜਾ ਜੀ ਅਤੇ ਮੇਰੇ ਭਾਣਜੇ ਭਾਣਜੀ ਦਾ ਕੀ ਹਾਲ ਐ?"

"ਬੱਸ ਵੀਰ, ਗੁਰੂ ਦੀ ਕਿਰਪਾ ਨਾਲ਼ ਸਭ ਰਾਜ਼ੀ ਖ਼ੁਸ਼ੀ ਆਂ। ਹੋਰ ਮੇਰੀ ਭਾਬੋ ਰਾਣੀ ਕੀ ਕਰੀ ਜਾਂਦੀ ਐ? ਮਾਂ ਦੀ ਸਿਹਤ ਕਿਵੇਂ ਐਂ?" ਭੈਣ ਨੇ ਪੁੱਛਿਆ।

"ਭੈਣੇ, ਤੁਹਾਡੇ ਵੱਡਿਆਂ ਦੇ ਅਸ਼ੀਰਵਾਦ ਸਦਕਾ ਸਭ ਰਾਜ਼ੀ ਖ਼ੁਸ਼ੀ ਆਂ। ਚੜ੍ਹਦੀ ਕਲਾ 'ਚ ਆਂ। ਆਹ ਲਓ, ਮਾਂ ਜੀ ਨਾਲ਼ ਕਰੋ ਗੱਲ।" ਉਸ ਨੇ ਫ਼ੋਨ ਮਾਂ ਦੇ ਕੰਨ ਨਾਲ਼ ਲਾ ਦਿੱਤਾ।

ਮਾਂ ਨੇ ਉੱਚੀ-ਉੱਚੀ ਦੋ ਵਾਰ ਹੈ... ਲੋ...., ਹੈ... ਲੋ... ਕਿਹਾ। ਤਦ ਦੂਜੇ ਪਾਸੇ ਤੋਂ ਧੀ ਦੀ ਅਵਾਜ਼ ਉਸ ਦੇ ਕੰਨੀਂ ਪਈ, "ਸਤਿ ਸ਼੍ਰੀ ਅਕਾਲ ਮਾਂ ਜੀ। ਹੋਰ ਸੁਣਾਓ! ਤੁਹਾਡੀ ਸਿਹਤ ਕਿਵੇਂ ਰਹਿੰਦੀ ਐ? ਮੇਰੀ ਭਾਬੋ ਰਾਣੀ ਦਾ ਕੀ ਹਾਲ਼ ਐ?"

ਮਾਂ ਨੇ ਹਲਕੀ ਜਿਹੀ ਖ਼ਾਂਸੀ ਕਰਕੇ ਗਲ਼ਾ ਸਾਫ਼ ਕੀਤਾ। ਫ਼ਿਰ ਬੋਲੀ, "ਹਾਂ ਧੀਏ, ਸਿਹਤ ਤਾਂ ਮੇਰੀ ਚੰਗੀ ਭਲੀ ਐ। ਸੁੱਖ ਨਾਲ਼ ਬੈਠੀ ਬਿਠਾਈ ਨੂੰ ਤਿੰਨੋਂ ਡੰਗ ਤੱਤੀ ਰੋਟੀ ਮਿਲਦੀ ਐ। ਹੋਰ ਫ਼ਲ ਫ਼ਰੂਟ ਵੀ ਆਪਣੇ ਘਰ ਵਿੱਚ ਵਾਧੂ ਹੁੰਦੈ। ਤੂੰ ਦੱਸ, ਪ੍ਰਾਹੁਣਾ ਅਤੇ ਜੁਆਕ ਸਭ ਰਾਜ਼ੀ ਬਾਜ਼ੀ ਨੇਂ? ਧੀਏ ! ਕੱਲ੍ਹ ਨੂੰ ਸੁੱਖ ਨਾਲ਼ ਰੱਖੜੀ ਦਾ ਤਿਉਹਾਰ ਐ! ਤੂੰ ਆ ਜਾਂਦੀ ਕੱਲ੍ਹ ਨੂੰ। ਨਾ ਅੰਮ੍ਰਿਤਸਰ ਕਿਹੜਾ ਦੂਰ ਐ?"

ਆਪਣੀ ਮਾਂ ਦੀਆਂ ਗੱਲਾਂ ਸੁਣ ਕੇ ਉਹ ਬੋਲੀ, "ਮਾਂ, ਅੰਮ੍ਰਿਤਸਰ ਜੇ ਦੂਰ ਨੀਂ, ਤਾਂ ਮੁਹਾਲੀ ਤੋਂ ਬਹੁਤਾ ਨੇੜੇ ਵੀ ਨਹੀਂ ਹੈ। ਘਰਾਂ ਦੇ ਕੰਮਕਾਜ ਹੀ ਇੰਨੇਂ ਹੁੰਦੇ ਆ। ਘਰਾਂ ਚੋਂ ਨਿੱਕਲਿਆ ਕਿਹੜਾ ਜਾਂਦੈ? ਪਹਿਲਾਂ ਤਾਂ ਮੇਰਾ ਆਉਣ ਦਾ ਕੋਈ ਇਰਾਦਾ ਨਹੀਂ ਸੀ। ਇਸੇ ਕਰਕੇ ਮੈਂ ਰੱਖੜੀਆਂ ਕੋਰੀਅਰ ਕਰਵਾ ਕੇ ਭੇਜ ਦਿੱਤੀਆਂ ਸਨ।"

"ਪਰੰਤੂ ਆਹ ਘੰਟਾ ਕੁ ਪਹਿਲਾਂ ਮੇਰੀ ਪਿਆਰੀ ਭਾਬੋ ਰਾਣੀ ਦਾ ਫ਼ੋਨ ਆਇਆ ਸੀ। ਉਹਨੇ ਪੂਰਾ ਜ਼ੋਰ ਦੇ ਕੇ ਮੈਨੂੰ ਅੰਮ੍ਰਿਤਸਰ ਆ ਕੇ ਆਪਣੇ ਵੀਰ ਨੂੰ ਰੱਖ਼ੜੀ ਬੰਨ੍ਹਣ ਲਈ ਕਿਹਾ ਹੈ। ਇਸ ਲਈ ਅਸੀਂ ਮੁਹਾਲੀ ਤੋਂ ਸੁਵੱਖਤੇ ਪੰਜ ਵਜੇ ਚੱਲ ਕੇ ਨੌਂ ਵਜੇ ਤੱਕ ਅੰਮ੍ਰਿਤਸਰ ਪਹੁੰਚ ਜਾਵਾਂਗੇ।"

"ਮਾਂ ਜੀ, ਮੈਂ ਇੱਥੇ ਆਪਣੇ ਆਲ਼ੇ ਦੁਆਲ਼ੇ ਵਥੇਰੇ ਘਰਾਂ 'ਚ ਵੇਖਦੀ ਹਾਂ। ਭਰਾ, ਭਰਾ ਨਾਲ਼ ਨਹੀਂ ਵਰਤਦੇ। ਨਾ ਹੀ ਭੈਣ ਭਰਾ ਵਰਤਦੇ ਨੇ। ਹੁਣ ਤਾਂ ਬੱਸ ਸਾਲੀ ਅਤੇ ਸਾਂਢੂ ਨਾਲ਼ ਹੀ ਰਿਸ਼ਤੇਦਾਰੀ ਬਾਕੀ ਰਹਿ ਗਈ। ਮਾਂ, ਮੈਂ ਤੁਹਾਨੂੰ ਪਹਿਲਾਂ ਵੀ ਬਹੁਤ ਵਾਰੀ ਕਿਹਾ ਹੈ ਕਿ ਆਪਣਾ ਤਾਂ ਘਰ ਭਾਗਾਂ ਵਾਲ਼ਾ ਹੈ। ਜੋ ਸੁਖਜੀਤ ਜਿਹੀ ਮੇਰੀ ਪਿਆਰੀ ਭਾਬੀ ਨੇ ਆਪਣੇ ਘਰ ਨੂੰ ਭਾਗ ਲਾਏ ਨੇ। ਤੁਹਾਡੇ ਜੁਆਈ ਨੇ ਵੀ ਇਹੀ ਗੱਲ ਮੈਨੂੰ ਕਈ ਵਾਰੀ ਕਹੀ ਹੈ। ਅੰਮ੍ਰਿਤਸਰ ਸੁਖਜੀਤ ਭੈਣ ਨੂੰ ਮਿਲ ਕੇ ਇੰਝ ਲੱਗਦਾ ਹੁੰਦੈ, ਜਿਵੇਂ ਆਪਣੀ ਸਕੀ ਭੈਣ ਨੂੰ ਮਿਲਿਆ ਹੋਵਾਂ।"

"ਮਾਂ ਤੂੰ ਤਾਂ ਬਹੁਤ ਚੰਗੇ ਕਰਮਾਂ ਵਾਲੀ ਹੈਂ, ਜੋ ਆਪਣਾ ਬੁਢਾਪਾ ਸੁਖਾਲੇ ਢੰਗ ਨਾਲ਼ ਨੂੰਹ, ਪੁੱਤ ਨਾਲ਼ ਕੱਟ ਰਹੀ ਐਂ। ਮੇਰੀ ਸੁਖਜੀਤ ਭਾਬੀ ਵਰਗੀਆਂ ਨੂੰਹਾਂ ਭਾਗਾਂ ਨਾਲ਼ ਮਿਲਦੀਆਂ ਨੇ। ਚੰਗਾ ਮਾਂ, ਮੈਂ ਹੁਣ ਘਰ ਦਾ ਰੋਟੀ ਟੁੱਕ ਵੀ ਕਰਨੈਂ। ਕੱਲ੍ਹ ਸੁਵੱਖਤੇ ਇੱਥੋਂ ਤੁਰਨਾ ਵੀ ਐ।" ਇੰਨਾਂ ਕਹਿ ਕੇ ਉਸ ਨੇ ਫ਼ੋਨ ਕੱਟ ਦਿੱਤਾ।

ਬਚਨ ਕੌਰ ਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ। ਉਹ ਅਣਜਾਣੇ ਵਿੱਚ ਆਪਣੀ ਨੂੰਹ ਨੂੰ ਬੋਲੀਆਂ ਕੌੜੀਆਂ ਕਸੈਲੀਆਂ ਕਹਿ ਕੇ ਪਛਤਾ ਰਹੀ ਸੀ। ਉਸੇ ਵੇਲੇ ਨੂੰਹ ਖੀਰ ਦੀ ਭਰੀ ਪਲੇਟ ਲੈ ਕੇ ਆ ਗਈ। ਪਲੇਟ ਉਸ ਨੇ ਮੰਜੇ ਦੇ ਕੋਲ ਪਏ ਟੇਬਲ ਉੱਤੇ ਰੱਖ ਦਿੱਤੀ। ਫ਼ਿਰ ਕਿਹਾ, "ਮਾਂ ਜੀ, ਆਹ ਜ਼ਰਾ ਖੀਰ ਖਾ ਕੇ ਦੱਸਿਓ! ਮਿੱਠਾ ਕਿਵੇਂ ਐਂ?

ਸੱਸ ਨੇ ਨੂੰਹ ਦਾ ਹੱਥ ਫ਼ੜ ਲਿਆ। ਉਸ ਨੂੰ ਆਪਣੇ ਮੰਜੇ ਉੱਤੇ ਬਿਠਾਉਂਦਿਆਂ ਹੋਇਆਂ ਕਿਹਾ, "ਧੀਏ, ਮੈਨੂੰ ਮੁਆਫ਼ ਕਰ ਦੇ। ਮੇਰੀ ਚੰਦਰੀ ਜ਼ੁਬਾਨ ਪਤਾ ਨਹੀਂ ਤੈਨੂੰ ਕੀ ਕੀ ਬੋਲ ਗੀ? ਪਰ ਜਦ ਤੂੰ ਫੂਨ ਕਰਕੇ ਮੇਰੀ ਧੀ ਨੂੰ ਇੱਥੇ ਬੁਲਾਇਆ ਸੀ। ਤੂੰ ਮੈਨੂੰ ਸਾਫ਼-ਸਾਫ਼ ਕਿਉਂ ਨੀਂ ਸੀ ਦੱਸਿਆ ਕਿ ਸਰਦਾਰੇ ਦੇ ਰੱਖੜੀ ਬੰਨ੍ਹਣ ਲਈ ਉਹਦੀ ਵੱਡੀ ਭੈਣ ਨੂੰ ਬੁਲਾਇਆ ਹੈ?"

ਨੂੰਹ ਨੇ ਸੱਸ ਨੂੰ ਗਲਵਕੜੀ ਪਾਉਂਦਿਆਂ ਹੋਇਆਂ ਕਿਹਾ,

"ਮਾਂ ਜੀ, ਮੈਂ ਤਾਂ ਤੁਹਾਨੂੰ ਬਿਲਕੁਲ ਸਹੀ ਕਿਹਾ ਸੀ ਕਿ ਕੱਲ੍ਹ ਨੂੰ ਵੱਡੇ ਭੈਣ ਜੀ ਅਤੇ ਭਾਅ ਜੀ ਆ ਰਹੇ ਹਨ। ਕਿਉਂ ਜੋ ਮੁਹਾਲੀ ਵਾਲ਼ੇ ਵੱਡੇ ਦੀਦੀ ਨੂੰ ਮੈਂ ਵੱਡੇ ਭੈਣ ਜੀ ਹੀ ਕਹਿੰਦੀ ਹਾਂ। ਪਰੰਤੂ ਜਦੋਂ ਤੁਸੀਂ ਇਹ ਸਮਝ ਲਿਆ ਕਿ ਮੇਰੇ ਵੱਡੇ ਦੀਦੀ ਅਤੇ ਜੀਜਾ ਜੀ ਆ ਰਹੇ ਹਨ। ਤਦ ਮੈਂ ਸੋਚਿਆ ਕਿ ਚਲੋ ਜੇਕਰ ਮਾਂ ਜੀ ਨੂੰ ਹੁਣ ਭੁਲੇਖਾ ਲੱਗ ਹੀ ਗਿਆ ਹੈ ਤਾਂ ਕੁਝ ਦੇਰ ਇਹੀ ਸਸਪੈਂਸ ਬਣਾ ਕੇ ਰੱਖਦੇ ਹਾਂ। ਕੁਝ ਦੇਰ ਹਾਸਾ ਠੱਠਾ ਵੀ ਤਾਂ ਹੋਣਾ ਚਾਹੀਦੈ!"

"ਨਾ਼ਲੇ ਮਾਂ ਜੀ, ਮੁਹਾਲੀ ਵਾਲ਼ੇ ਭੈਣ ਜੀ ਤਾਂ ਕੱਲ੍ਹ ਨੂੰ ਆਉਣ ਲਈ ਤਿਆਰ ਹੀ ਨਹੀਂ ਸੀ ਹੁੰਦੇ। ਇਹ ਤਾਂ ਮੈਂ ਜਦੋਂ ਉਹਨਾਂ ਨੂੰ ਕਿਹਾ ਕਿ ਭੈਣ ਜੀ, ਤੁਹਾਡਾ ਆਪਣੀ ਛੋਟੀ ਭਾਬੀ ਨੂੰ ਮਿਲਣ ਲਈ ਜਮ੍ਹਾਂ ਈਂ ਜੀਅ ਨੀਂ ਕਰਦਾ? ਤਦ ਕਿਤੇ ਆਉਣ ਲਈ ਸਹਿਮਤ ਹੋਏ।

ਨਾ਼ਲੇ ਮਾਂ, ਧੀਆਂ ਧਿਆਣੀਆਂ ਨੇ ਕਿਹੜਾ ਕਿਸੇ ਦਾ ਘਰ ਚੁੱਕ ਕੇ ਲੈ ਜਾਣਾ ਹੁੰਦੈ। ਇਹ ਤਾਂ ਸਗੋਂ ਆਪਣੇ ਬਾਬੁਲ ਦੇ ਵਿਹੜੇ ਦੀ, ਆਪਣੇ ਵੀਰਾਂ ਦੀ, ਆਪਣੀਆਂ ਭਾਬੀਆਂ ਦੀ, ਆਪਣੇ ਭਤੀਜੇ ਭਤੀਜੀਆਂ ਦੀ ਸਦਾ ਸੁੱਖ ਈ ਮੰਗਦੀਆਂ ਆਈਆਂ ਨੇ। ਮਾਂ ਜੀ ਇਹ ਤਿੱਥ ਤਿਉਹਾਰ ਤਾਂ ਭੈਣ ਭਰਾਵਾਂ ਦੇ ਮੇਲ ਮਿਲਾਪ ਦੇ ਵਸੀਲੇ ਹਨ। ਨਹੀਂ ਤਾਂ ਅੱਜ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਕੀਹਦੇ ਕੋਲ ਵਿਹਲ ਐ? ਕੌਣ ਕਿਸੇ ਨੂੰ ਮਿਲਣ ਜਾਂਦੈ?"

ਨੂੰਹ ਦੀਆਂ ਇੰਨੀਆਂ ਸਿਆਣਪ ਭਰੀਆਂ ਗੱਲਾਂ ਸੁਣ ਕੇ ਬਚਨ ਕੌਰ ਦੀਆਂ ਅੱਖਾਂ ਵਿੱਚੋਂ ਹੰਝੂ ਵਹਿ ਤੁਰੇ।

# ਪੁਸਤਕ ਸਮੀਖਿਆ

**ਪੁਸਤਕ : ਸੁਰਮਈ ਪੈੜਾਂ**
**ਲੇਖਕ : ਡਾ. ਮਨਮੋਹਨ ਸਿੰਘ ਤੀਰ**
**ਪ੍ਰਕਾਸ਼ਕ : ਯੂਨੀਸਟਾਰ ਬੁੱਕਸ, ਮੋਹਾਲੀ-ਚੰਡੀਗੜ੍ਹ**
**ਪੰਨੇ : 156, ਮੁੱਲ : 295 ਰੁਪਏ।**

ਡਾ. ਮਨਮੋਹਨ ਸਿੰਘ ਤੀਰ ਬਹੁ-ਪੱਖੀ ਪ੍ਰਤਿਭਾ ਦਾ ਮਾਲਕ ਲੇਖਕ ਹੈ। ਇਕ ਖੋਜਕਾਰ, ਕਹਾਣੀਕਾਰ, ਵਾਰਤਕ ਲੇਖਕ, ਆਲੋਚਕ ਤੇ ਬਾਲ ਲੇਖਕ ਵਜੋਂ ਜਾਣਿਆ ਜਾਂਦਾ ਡਾ. ਤੀਰ ਆਪਣੀ 7ਵੀਂ ਪੁਸਤਕ 'ਸੁਰਮਈ ਪੈੜਾਂ' ਲੈ ਕੇ ਪੰਜਾਬੀ ਦੇ ਸਵੈ-ਜੀਵਨੀ ਸਾਹਿਤ ਵਿੱਚ ਆਪਣੀ ਹਾਜ਼ਰੀ ਲਗਵਾ ਰਿਹਾ ਹੈ। ਇਸ ਪੁਸਤਕ ਨੂੰ ਵੇਖਣ ਸਾਰ, ਪੜ੍ਹਨ ਦੌਰਾਨ ਤੇ ਪੜ੍ਹਨ/ਮਾਨਣ ਤੋਂ ਬਾਅਦ ਵੀ ਮੈਂ ਇਸ ਪੁਸਤਕ ਨਾਲ ਅਜੀਬ ਕਿਸਮ ਦੀ ਭਾਵਨਾਤਮਿਕ ਸਾਂਝ ਦੇ ਸੂਤਰ ਵਿੱਚ ਬੱਝ ਜਾਂਦਾ ਹਾਂ। ਇਸਦੇ ਕੁਝ ਕਾਰਨ ਹਨ। ਪਹਿਲਾ ਇਹ ਕਿ ਮਨਮੋਹਨ ਸਿੰਘ ਤੀਰ ਨੂੰ ਮੈਂ ਬਹੁਤ ਨੇੜਿਓਂ ਵੇਖਿਆ, ਸਮਝਿਆ, ਜਾਣਿਆ ਤੇ ਪੜ੍ਹਿਆ ਹੈ। ਕੁਝ ਮੌਕਿਆਂ 'ਤੇ ਸਾਹਿਤ ਨਾਲ ਜੁੜੇ ਕੁਝ ਕੰਮ ਅਸੀਂ ਇਕੱਠਿਆਂ ਮਿਲ ਕੇ ਕਰਦੇ ਰਹੇ ਹਾਂ ਤੇ ਇਕ ਹੀ ਕਾਲਜ ਦੇ ਇੱਕੋ ਵਿਭਾਗ ਵਿੱਚ ਸਾਨੂੰ ਇਕੱਠਿਆਂ ਪੜ੍ਹਾਉਣ ਦਾ ਅਵਸਰ ਵੀ ਪ੍ਰਾਪਤ ਹੋਇਆ ਹੈ। ਇਹ ਵੀ ਕਿ ਮੈਂ ਉਸਨੂੰ ਰੂਹ ਨਾਲ ਕਾਮਯਾਬ ਜ਼ਿੰਦਗੀ ਜੀਊਂਦਿਆਂ ਤੇ ਵਿਕਾਸ/ਵਿਸਥਾਰ ਕਰਦਿਆਂ ਵੇਖਿਆ ਹੈ। ਪੁਸਤਕ ਵਿੱਚ ਉਸਦੇ ਵਿਅਕਤੀਤਵ ਦੇ ਸਮਤੁਲ ਪ੍ਰਸਤੁਤ ਹੁੰਦੇ ਉਸਦੇ ਜੀਵਨ-ਬਿਰਤਾਂਤ ਦੇ ਵੇਰਵੇ ਬੜੇ ਸੁਭਾਵਿਕ, ਸਪਸ਼ਟ, ਸਹਿਜ ਤੇ ਸਰਲ ਰੂਪ ਧਾਰਨ ਕਰਕੇ ਪ੍ਰਗਟ ਹੁੰਦੇ ਹਨ। ਲੇਖਕ ਵੱਲੋਂ ਉਲੀਕੀਆਂ ਯਾਦਾਂ (ਸਵੈ-ਜੀਵਨੀ) ਨੂੰ ਪੜ੍ਹਦਿਆਂ ਮੈਂ ਆਪਣੇ ਆਪ ਨੂੰ ਉਸ ਬਹੁ-ਪੱਖੀ ਲੇਖਕ ਦੇ ਹੋਰ ਕਰੀਬ ਹੋਣ ਦਾ ਅਹਿਸਾਸ ਪਾਲ਼ ਰਿਹਾ ਹਾਂ। 21 ਸਿਰਲੇਖਾਂ ਦੀ ਲੜੀ ਵਿੱਚ ਪਰੋਇਆ ਵੰਨ-ਸਵੰਨੀਆਂ ਯਾਦਾਂ ਦਾ ਇਹ ਖ਼ੂਬਸੂਰਤ ਗੁਲਦਸਤਾ ਆਪਣੀ ਮਹਿਕ ਬਿਖੇਰਦਾ ਜਾਂਦਾ ਹੈ। ਇਸ ਪੁਸਤਕ ਦੀ ਰਚਨਾ ਰਾਹੀਂ ਡਾ।ਮਨਮੋਹਨ ਸਿੰਘ ਤੀਰ ਇਕ ਵੱਖਰੇ ਰੂਪਾਕਾਰ ਵਜੋਂ ਕਲਮ ਅਜ਼ਮਾਈ ਕਰਦਾ ਹੈ। ਜਦੋਂ ਲੇਖਕ ਆਪਣੇ ਜੀਵਨ ਦੇ ਦ੍ਰਿਸ਼ਟਮਾਨ ਯਥਾਰਥ ਨੂੰ ਸਵੈ-ਜੀਵਨੀ ਦੇ ਯਥਾਰਥ ਵਿੱਚ ਰੂਪਾਂਤਰਿਤ ਕਰਦਾ ਹੈ ਤਾਂ ਉਹ ਕਿਸੇ ਉਚੇਚ ਤੋਂ ਕੰਮ ਨਹੀਂ ਲੈਂਦਾ। ਜਦੋਂ ਉਹ ਆਪਣੇ ਬਾਲਪਨ ਦੀ ਅਵਸਥਾ ਤੋਂ ਗੱਲ ਪ੍ਰਾਰੰਭ ਕਰਦਾ ਹੈ ਤਾਂ ਉਸਦੀ ਮਾਸੂਮੀਅਤ, ਭੋਲ਼ੀਆਂ-ਭਾਲ਼ੀਆਂ ਸ਼ਰਾਰਤਾਂ ਅਤੇ ਪੜ੍ਹਨ ਵਿੱਚ ਉਸਦੀ ਵਿਸ਼ੇਸ਼ ਦਿਲਚਸਪੀ ਦੀ ਸਮਝ ਲੱਗਦੀ ਜਾਂਦੀ ਹੈ। ਉਹ ਮਿਹਨਤ ਦਾ ਪੱਲਾ ਫੜ੍ਹੀ ਰੱਖਣ ਦੀ ਜੁਗਤੀ ਦਾ ਗੁਣ ਧਾਰਨ ਕਰਦਾ ਚਲਾ ਜਾਂਦਾ ਹੈ। ਇਹੀ ਗੁਣ ਉਸਦੇ ਵਿਅਕਤੀਤਵ ਦੀ ਉਸਾਰੀ ਕਰਨ ਵਿੱਚ ਅਹਿਮ ਭੂਮਿਕਾ ਅਦਾ ਕਰਦਾ ਨਜ਼ਰ ਆਉਂਦਾ ਹੈ।

ਦੇਸ਼ ਦੀ ਵੰਡ ਵੇਲੇ ਉਧਰੋਂ ਉੱਜੜ ਕੇ ਆਏ ਤੇ ਜਾਨ ਜ਼ੋਖਮ ਵਿੱਚ ਪਾ ਕੇ, ਔਖੇ ਸੌਖੇ, ਕਿਸੇ ਹੀਲੇ ਵਸੀਲੇ ਇਧਰ ਪਹੁੰਚ ਗਏ ਲੋਕਾਂ ਲਈ ਨਵੇਂ ਸਿਰਿਓਂ ਜੀਵਨ ਪ੍ਰਾਰੰਭ ਕਰਨਾ ਬਹੁਤ ਕਠਿਨ ਇਮਤਿਹਾਨ ਵਿੱਚੋਂ ਗੁਜ਼ਰਨ ਬਰਾਬਰ ਸੀ। ਰਹਿਣ ਲਈ ਘਰ ਦੀ ਸਮੱਸਿਆ, ਰੋਟੀ ਰੋਜ਼ੀ ਦਾ ਪ੍ਰਬੰਧ ਕਰਨ ਲਈ ਕੋਈ ਕੰਮ ਲੱਭਣ ਦਾ ਸਵਾਲ ਬਹੁਤ ਡੂੰਘੀ ਚਿੰਤਾ ਵਿੱਚ ਡੁਬੋ ਦੇਣ ਵਾਲੇ ਪ੍ਰਸ਼ਨ ਸਨ।

ਮਨੁੱਖ ਜਿਥੇ ਵੀ,ਜਿਸ ਹਾਲਤ ਵਿੱਚ ਵੀ ਰਹਿ ਰਿਹਾ ਹੁੰਦਾ ਹੈ, ਜੇ ਉਸਨੇ ਨੌਕਰੀ ਕਰਨੀ ਹੈ ਤਾਂ ਦੂਰ ਪਾਰ ਦੀਆਂ ਥਾਵਾਂ 'ਤੇ ਜਾ ਕੇ ਨੌਕਰੀ ਕਰਨ,ਖੱਜਲ-ਖੁਆਰ ਹੋਣ ਦੇ ਨਾਲ ਨਾਲ ਕਈ ਕਠੋਰ ਤੇ ਕੌੜੇ-ਕੁਸੈਲੇ ਅਨੁਭਵ ਉਸਨੂੰ ਹੰਢਾਉਣੇ ਪੈਂਦੇ ਹਨ। ਕਿਰਾਏ ਦੇ ਮਕਾਨਾਂ ਵਿੱਚ ਰਹਿਣਾ ਪੈਂਦਾ ਹੈ, ਤੰਗੀਆਂ ਤੁਰਸ਼ੀਆਂ ਵਿੱਚੋਂ ਗੁਜ਼ਰਨਾ ਪੈਂਦਾ ਹੈ। ਅਜਿਹੇ ਤਜਰਬੇ ਵੀ ਜ਼ਿੰਦਗੀ ਨੂੰ ਸਿਦਕਦਿਲੀ ਨਾਲ ਜੀਉਣਾ ਸਿਖਾਉਂਦੇ ਹਨ। ਆਪਣੇ ਵਿਦਿਆਰਥੀ ਜੀਵਨ ਵਿੱਚ ਲੇਖਕ ਖੁਦ ਬਹੁਤ ਮਿਹਨਤੀ, ਜ਼ਾਬਤਾ-ਪਸੰਦ ਤੇ ਤੀਬਰ/ਤੀਖਣ ਬੁੱਧੀ ਵਾਲੇ ਵਿਦਿਆਰਥੀ ਵਜੋਂ ਆਪਣੀ ਵੱਖਰੀ ਪਛਾਣ ਰੱਖਦਾ ਰਿਹਾ ਹੈ। ਪੜ੍ਹਾਈ ਦੌਰਾਨ ਉਸਦੇ ਰਸਤੇ ਵਿੱਚ ਕਈ ਉਤਰਾਅ-ਚੜ੍ਹਾਅ ਵੀ ਆਉਂਦੇ ਰਹੇ ਪਰ ਆਪਣੀ ਧੁਨ ਵਿਚ ਮਸਤ ਹੋ ਕੇ ਚੱਲਦੇ ਰਹਿਣ ਦੀ ਜੀਵਨ-ਜਾਚ ਨੇ ਉਸਨੂੰ ਅਡੋਲਤਾ ਬਣਾਈ ਰੱਖਣ ਦਾ ਬਲ ਪ੍ਰਦਾਨ ਕੀਤਾ। ਪੜ੍ਹਾਈ ਕਰਨ ਅਤੇ ਕਠਿਨ ਮਿਹਨਤ ਕਰਨ ਦੇ ਵਰ੍ਹਿਆਂ ਦਾ ਸਿਲਸਿਲੇਵਾਰ ਬਿਰਤਾਂਤ ਪੇਸ਼ ਕਰਦਿਆਂ ਲੇਖਕ ਲਗਨ ਤੇ ਸਿਦਕਦਿਲੀ ਨਾਲ ਸਫਰ ਜਾਰੀ ਰੱਖਣ ਦੀ ਸਲਾਹ ਦਿੰਦਾ ਹੈ। ਆਪਣੇ ਬਚਪਨ ਦੇ ਦੋਸਤ ਗੱਟੂ ਨਾਲ ਦੋਸਤੀ, ਕਾਲਜ ਦੀ ਪੜ੍ਹਾਈ ਦੌਰਾਨ ਦੋਸਤੀ ਦੇ ਬੰਧਨ ਵਿੱਚ ਬੱਝੇ ਅਵਤਾਰ ਸੰਧੂ ਨਾਲ ਬਣੀ ਰਹੀ ਨੇੜਤਾ ਉਪਰ ਲੇਖਕ ਮਾਣ ਮਹਿਸੂਸ ਕਰਦਾ ਹੈ।

ਪੜ੍ਹਾਈ ਕਰਨ ਉਪਰੰਤ ਮੁੱਢਲੀ ਲੋੜ ਨੌਕਰੀ ਹਾਸਲ ਕਰਨ ਦੀ ਹੁੰਦੀ ਹੈ। ਲੇਖਕ ਅਧਿਆਪਨ ਦਾ ਕਿੱਤਾ ਚੁਣਦਾ ਹੈ ਤੇ ਮਿਹਨਤ ਜਾਰੀ ਰੱਖਦਾ ਹੈ। ਜ਼ਿੰਦਗੀ ਦੀਆਂ ਦੁਸ਼ਵਾਰੀਆਂ ਤੇ ਕਠੋਰ ਪਰਿਸਥਿਤੀਆਂ ਸੰਗ ਬੜੀ ਸਹਿਜਤਾ ਤੇ ਠਰ੍ਹੰਮੇ ਨਾਲ ਨਜਿੱਠਣਾ ਉਸਦੀ ਲਾਸਾਨੀ ਤੇ ਸੰਤੁਲਿਤ ਸ਼ਖ਼ਸੀਅਤ ਦਾ ਅਟੁੱਟ ਹਿੱਸਾ ਬਣਕੇ ਪ੍ਰਗਟ ਹੋਣ ਵਾਲਾ ਅਦਭੁੱਤ ਪਹਿਲੂ ਬਣਦਾ ਹੈ। ਜੀਵਨ ਵਿੱਚ ਆਉਂਦੀਆਂ ਦਿੱਕਤਾਂ/ਰੁਕਾਵਟਾਂ ਆਦਿ ਬਾਰੇ ਲੇਖਕ ਨਿਝਕ ਹੋ ਕੇ ਗੱਲ ਕਰਦਾ ਹੈ। ਕਈ ਘਟਨਾਵਾਂ ਨਾਲ ਜੁੜੇ ਅੰਦਰਲੇ ਰਹੱਸ ਨੂੰ ਲੇਖਕ ਕੇਵਲ ਸੰਕੇਤਾਂ ਰਾਹੀਂ ਹੀ ਪਾਠਕਾਂ ਨਾਲ ਸਾਂਝਿਆਂ ਕਰਦਾ ਹੈ। ਇਸਨੂੰ ਉਸਦੀ ਸਿਰਜਣ ਸਮਰੱਥਾ ਦਾ ਕਮਾਲ ਸਮਝਣਾ ਚਾਹੀਦਾ ਹੈ।

ਡਾ. ਮਨਮੋਹਨ ਸਿੰਘ ਤੀਰ ਆਪਣੀ ਸੁਹਜ ਭੁੱਖ ਦੀ ਤ੍ਰਿਪਤੀ ਲਈ ਕੁਝ ਨਵਾਂ ਲਿਖਦੇ ਰਹਿਣ ਦੇ ਕਾਰਜ ਨਾਲ ਜੁੜਿਆ ਰਹਿੰਦਾ ਹੈ। ਇੰਜ, ਇਹ ਸਵੈ-ਜੀਵਨੀ ਲੇਖਕ ਦੀ ਬਹੁ-ਪਰਤੀ ਸ਼ਖ਼ਸੀਅਤ ਦੇ ਸਮੁੱਚ ਨੂੰ ਬਿਆਨਦੀ ਹੈ। ਲੇਖਕ ਦਾ ਜੀਵਨ-ਪੰਧ ਨਿੱਜ ਤੋਂ ਨਿੱਜ ਤੱਕ ਸੀਮਤ ਨਹੀਂ ਰਹਿੰਦਾ ਸਗੋਂ ਉਹ ਆਪਣੇ ਘਰ-ਪਰਿਵਾਰ,ਵਿਭਿੰਨ ਪੜਾਵਾਂ ਦੇ ਜਮਾਤੀਆਂ, ਆਪਣੇ ਤੋਂ ਸੀਨੀਅਰ ਵਿਦਿਆਰਥੀਆਂ,ਅਧਿਆਪਕਾਂ, ਸੰਗੀਆਂ-ਸਾਥੀਆਂ, ਸਹਿਕਰਮੀਆਂ, ਸਹਿਯੋਗੀਆਂ, ਲੇਖਕ ਦੋਸਤਾਂ, ਜਿਗਰੀ ਦੋਸਤਾਂ ਆਦਿ ਬਾਰੇ ਦਿਲਚਸਪ ਜਾਣਕਾਰੀ ਦਿੰਦਾ ਜਾਂਦਾ ਹੈ। ਉਸਦੀ ਖ਼ੂਬੀ ਇਹ ਹੈ ਕਿ ਉਹ ਵਾਧੂ, ਬੋਝਲ ਤੇ ਬੇਲੋੜੇ ਬਿਰਤਾਂਤ ਨੂੰ ਰਚਨਾ ਵਿਚ ਘੁਸੇੜਨ ਤੋਂ ਸੰਕੋਚ ਕਰਦਾ ਹੈ। ਪ੍ਰਮੁੱਖ ਘਟਨਾਵਾਂ ਨੂੰ, ਉਨ੍ਹਾਂ ਪਿੱਛੇ ਕੰਮ ਕਰਦੇ ਰਹੇ ਕਾਰਨਾਂ/ਪ੍ਰੇਰਕਾਂ ਨੂੰ ਅਤੇ ਜੀਵਨ ਉਪਰ ਪਏ ਉਨ੍ਹਾਂ ਦੇ ਦੂਰ-ਰਸੀ ਪ੍ਰਭਾਵਾਂ ਆਦਿ ਬਾਰੇ ਲੇਖਕ ਯਥਾਰਥ ਦੀ ਪੱਧਰ ਉਪਰ ਅਰਥ ਭਰਪੂਰ ਖੁਲਾਸਾ ਕਰਦਾ ਜਾਂਦਾ ਹੈ। ਸੁਹਿਰਦ ਦੋਸਤਾਂ ਦੀ ਦੋਸਤੀ ਤੋਂ ਉਸਨੇ ਬਹੁਤ ਕੁਝ ਸਿੱਖਿਆ ਹੈ। ਜ਼ਿੰਦਗੀ ਦੇ ਵਿਆਪਕ ਪੱਧਰ ਵਾਲੇ ਵੇਰਵਿਆਂ ਵਿੱਚੋਂ ਕਾਂਟ-ਛਾਂਟ ਕਰਕੇ ਉਨ੍ਹਾਂ ਨੂੰ ਵਿਸ਼ਲੇਸ਼ਣਾਤਮਿਕ ਦ੍ਰਿਸ਼ਟੀ ਤੋਂ ਪੇਸ਼ ਕਰਨਾ ਲੇਖਕ ਦੀ ਵੱਡੀ ਪ੍ਰਾਪਤੀ ਬਣਨ ਵਾਲਾ ਪਹਿਲੂ ਬਣਦਾ ਹੈ। ਡਾ। ਮਨਮੋਹਨ ਸਿੰਘ ਤੀਰ ਆਪਣੀ ਸਕੂਲ ਦੀ ਨੌਕਰੀ ਤੋਂ ਸਰਕਾਰੀ ਕਾਲਜ ਦਾ ਅਧਿਆਪਕ ਬਣਨ ਤੱਕ ਦੇ ਔਖੇ ਸਫ਼ਰ ਦੇ ਬਿਰਤਾਂਤ ਦੀ ਪੇਸ਼ਕਾਰੀ ਸਮੇਂ ਉਤਸੁਕਤਾ ਬਣਾਈ ਰੱਖਣ ਵਿੱਚ ਸਫਲ ਰਹਿੰਦਾ ਹੈ। ਇਸ ਸਫ਼ਰ ਪਿੱਛੇ ਛੁਪੇ ਅਕੀਦੇ ਤੇ ਮਿਹਨਤ ਦੀ ਲਗਾਤਾਰਤਾ ਦੇ ਮੰਤਰ ਨੂੰ ਸਮਝਣ ਦੀ ਲੋੜ ਹੈ।

ਸਵੈ-ਜੀਵਨੀ ਦੇ ਰੂਪ ਵਿੱਚ ਸਾਹਮਣੇ ਆਉਂਦੀ ਇਸ ਰਚਨਾ ਅਤੇ ਪਾਠਕ ਦਰਮਿਆਨ ਸੂਝ-ਬੂਝ ਦਾ ਰਿਸ਼ਤਾ ਬਣਿਆ ਰਹਿੰਦਾ ਹੈ। ਇਹ ਚਿਰ-ਪ੍ਰਭਾਵੀ ਰਚਨਾ ਇਕ-ਦੂਜੇ ਨੂੰ ਸਮਝਣ/ਕਦਰ ਕਰਨ, ਜੀਵਨ ਵਿਚ ਉਮੰਗਾਂ ਦੇ ਰੰਗ ਭਰਨ, ਭਵਿੱਖੀ ਹੁਲਾਸ ਦੀ ਆਸ ਵਿਚ ਮੁਗਧ ਹੋ ਕੇ ਨਿੱਠ ਕੇ ਕੰਮ ਕਰਨ ਅਤੇ ਹਮੇਸ਼ਾ ਸਾਕਾਰਾਤਮਿਕ ਪਹੁੰਚ ਅਪਣਾਈ ਰੱਖਣ ਦਾ ਸੁਨੇਹਾ ਦਿੰਦੀ ਹੈ। ਜੀਵਨ ਵਿਚ ਮਨੁੱਖ ਦੀ ਪਸੰਦ, ਨਾ-ਪਸੰਦ ਦਾ ਬਹੁਤ ਮਹੱਤਵ ਹੁੰਦਾ ਹੈ। ਜ਼ਿੰਦਗੀ ਪ੍ਰਤੀ ਉਸਦੇ ਹਾਂ-ਪੱਖੀ ਹੁੰਗਾਰੇ ਨੇ ਹਮੇਸ਼ਾ ਉਸਦਾ ਮਾਰਗ ਦਰਸ਼ਨ ਕੀਤਾ ਹੈ ਤੇ ਉਸਨੂੰ ਸਹੀ ਰਸਤਾ ਸੁਝਾਇਆ ਹੈ।

ਲੇਖਕ ਦੀ ਜ਼ਿੰਦਗੀ ਦੇ ਸਫ਼ਰ ਦੇ ਮੁੱਢਲੇ ਸਾਲਾਂ ਵਿੱਚ ਜਦੋਂ ਉਸਦੇ ਮਾਪਿਆਂ ਨੂੰ ਰੋਟੀ ਰੋਜ਼ੀ ਦਾ ਪ੍ਰਬੰਧ ਕਰਨ ਦੀ ਚਿੰਤਾ ਸਤਾਉਂਦੀ ਹੁੰਦੀ ਸੀ, ਰਹਿਣ ਲਈ ਛੱਤ ਲੱਭਣ ਦਾ ਫਿਕਰ ਬੋਝ ਬਣਿਆ ਰਹਿੰਦਾ ਸੀ, ਤਾਂ ਸਮਕਾਲ ਦੀਆਂ ਘਰ/ਜੀਵਨ ਹਾਲਤਾਂ ਦਾ ਅਨੁਮਾਨ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਫਿਰ ਸਮੇਂ ਦੇ ਫੇਰ ਬਦਲ ਨਾਲ ਜਦੋਂ ਲੇਖਕ ਸਾਧਨ-ਸੰਪੰਨ ਹੋ ਜਾਂਦਾ ਹੈ ਤਾਂ ਆਪਣੇ ਪਰਿਵਾਰਕ ਮੈਂਬਰਾਂ ਨਾਲ ਉਹ ਕੁੱਲੂ ਮਿਨਾਲੀ ਦੀਆਂ ਵਾਦੀਆਂ ਦੀ ਸੈਰ ਕਰਨ ਜਾਂਦਾ ਹੈ। ਜ਼ਿੰਦਗੀ ਨੂੰ ਮਾਣਦਾ ਹੈ। ਇਸ ਅੰਤਰਾਲ ਵਿੱਚੋਂ ਜੀਵਨ ਦੇ ਵਿਕਾਸ ਦੀ ਰੇਖਾ ਨਜ਼ਰ ਆਉਂਦੀ ਹੈ। ਇਸ ਪਿੱਛੇ ਕੰਮ ਕਰਦੀ ਲਗਨ, ਮਿਥੇ ਟੀਚੇ ਤੱਕ ਪਹੁੰਚਣ ਦੇ ਨਿਹਚੇ ਤੇ ਨਿਰੰਤਰ ਮਿਹਨਤ ਵੀ ਵੇਖੇ ਜਾਣ ਦੀ ਲੋੜ ਹੈ। ਜ਼ਿੰਦਗੀ ਦੇ ਇਸ ਰਹੱਸ ਨੂੰ ਸਮਝਣ ਦੀ ਲੋੜ ਹੈ।

ਪੁਸਤਕ ਵਿਚਲਾ ਪ੍ਰੇਰਣਾਦਾਇਕ ਪਹਿਲੂ ਇਹ ਵੀ ਹੈ ਕਿ ਜ਼ਿੰਦਗੀ ਵਿਚਲੀ ਸਹਿਜਤਾ ਚੰਗੀ ਲੱਗਦੀ ਹੈ। ਪਰ ਜ਼ਿੰਦਗੀ ਦੀ ਬੇਤਰਤੀਬੀ ਨੂੰ ਵੀ ਰੁਖ਼ ਸਿਰ ਰੱਖ ਕੇ ਵੇਖਿਆ ਜਾ ਸਕਦਾ ਹੈ। ਜ਼ਿੰਦਗੀ ਦੇ ਕਠਿਨ ਤੇ ਕਠੋਰ ਸਮਿਆਂ/ਪੜਾਵਾਂ ਵਿੱਚੋਂ ਵੀ ਔਕੜਾਂ ਦੇ ਹੱਲ ਲੱਭ ਕੇ ਸੇਧ ਪ੍ਰਾਪਤ ਕੀਤੀ ਜਾ ਸਕਦੀ ਹੈ। ਜ਼ਿੰਦਗੀ ਵਿੱਚ ਸੰਵੇਦਨਾ ਕਾਇਮ ਰਹਿਣੀ ਚਾਹੀਦੀ ਹੈ। ਲੇਖਕ ਇਸ ਸੰਵੇਦਨਾ ਨੂੰ ਬਣਾਈ ਰੱਖਣ ਦਾ ਅਭਿਲਾਸ਼ੀ ਹੈ। ਲੇਖਕ ਆਪਣੀਆਂ ਇਨ੍ਹਾਂ ਯਾਦਾਂ ਰਾਹੀਂ ਜ਼ਿੰਦਗੀ ਵਿੱਚ ਨਿਖਾਰ ਲਿਆਉਣ ਦੇ ਗੁਰ ਸਮਝਾਉਂਦਾ ਹੈ। ਜ਼ਿੰਦਗੀ ਦੀਆਂ ਛੋਟੀਆਂ ਛੋਟੀਆਂ ਖੁਸ਼ੀਆਂ ਵਿੱਚੋਂ ਵੀ ਲੇਖਕ ਵੱਡੇ ਅਰਥਾਂ ਦੀ ਤਲਾਸ਼ ਕਰਨ ਦੇ ਯਤਨ ਵਿੱਚ ਰਹਿੰਦਾ ਹੈ। ਡਾ। ਮਨਮੋਹਨ ਸਿੰਘ ਤੀਰ ਦੀ ਇਸ ਪੁਸਤਕ ਨੂੰ ਮੈਂ ਸੁਪਨੇ ਤੋਂ ਹਕੀਕਤ/ਮਾਡਲ ਤੱਕ ਦੇ ਸਫ਼ਰ ਵਿਚਲੇ ਤਣਾਓ ਦਾ ਬਿਰਤਾਂਤ ਕਹਿ ਸਕਦਾ ਹਾਂ।

ਲੇਖਕ ਪਾਠਕ ਨੂੰ ਆਪਣੀ ਰੌਚਿਕਤਾ ਭਰਪੂਰ ਵਾਰਤਕ ਕਲਾ ਦੇ ਪ੍ਰਭਾਵ ਵਿਚ ਬੰਨ੍ਹੀ ਰੱਖਦਾ ਹੈ। ਬਹੁਤ ਥਾਈਂ ਇਸ ਸਵੈ-ਜੀਵਨੀ ਵਿਚ ਲੇਖਕ ਕਿਸੇ ਰੌਚਿਕ ਕਹਾਣੀ ਦੀ ਉਤਸੁਕਤਾ ਵਾਲਾ ਪ੍ਰਭਾਵ ਸਿਰਜਦਾ ਹੈ। ਗਤੀਸ਼ੀਲਤਾ ਤੇ ਕਲਾਤਮਿਕ ਸੰਜਮ ਇਸ ਰਚਨਾ ਦੀ ਪ੍ਰਾਪਤੀ ਬਣਦੇ ਹਨ। ਬਹੁਤੀਆਂ ਗੱਲਾਂ ਨੂੰ ਲੇਖਕ ਸੂਤਰਕ ਸ਼ੈਲੀ ਵਿਚ ਕਲਮਬੱਧ ਕਰਦਾ ਹੈ। ਪ੍ਰਬਲ ਭਾਵਾਂ ਨੂੰ ਲੇਖਕ ਆਪਣੀ ਕਥਨ-ਕਲਾ ਦੀ ਰਚਨਾਤਮਿਕ ਸੂਝ ਨਾਲ ਪੇਸ਼ ਕਰਦਾ ਹੈ। ਲੇਖਕ ਦੀ ਸੰਰਚਨਾਤਮਿਕ ਯੋਗਤਾ ਇਸ ਸਵੈ-ਜੀਵਨੀ ਨੂੰ ਕਲਾਤਮਿਕ ਰੰਗਾਂ ਨਾਲ ਸ਼ਿੰਗਾਰਨ ਵਿਚ ਸਹਾਈ ਹੁੰਦੀ ਹੈ। ਨਿਸਚੇ ਹੀ, ਡਾ. ਮਨਮੋਹਨ ਸਿੰਘ ਤੀਰ ਦੀ ਇਹ ਸਵੈ-ਜੀਵਨੀ ਪਾਠਕ ਦੇ ਮਨ 'ਤੇ ਸਥਾਈ ਪ੍ਰਭਾਵ ਪਾਉਣ ਦੇ ਸਮਰੱਥ ਹੈ। ਇਸ ਪੜ੍ਹਨਯੋਗ ਪੁਸਤਕ ਦਾ ਸਵਾਗਤ ਕਰਦਿਆਂ ਮੈਂ ਅਪਾਰ ਖੁਸ਼ੀ ਮਹਿਸੂਸ ਕਰ ਰਿਹਾ ਹਾਂ।

**ਡਾ. ਪ੍ਰਿਤਪਾਲ ਸਿੰਘ ਮਹਿਰੋਕ**
**91-98885-10185**

# 5ਵੀਂ ਨਸ਼ਾ ਵਿਰੋਧੀ ਜਾਗਰੂਕਤਾ ਮੁਹਿੰਮ - ਐਸਬੀਐਸ ਨਗਰ ਪੁਲਿਸ ਨੇ ਜ਼ਿਲ੍ਹੇ ਵਿੱਚ ਨਸ਼ਾ ਵਿਰੋਧੀ 'ਮੈਰਾਥਨ' ਦਾ ਆਯੋਜਨ ਕੀਤਾ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਐਸ.ਬੀ.ਐਸ.ਨਗਰ ਜ਼ਿਲ੍ਹਾ ਪੁਲਿਸ ਨੇ ਮੰਗਲਵਾਰ ਨੂੰ ਜ਼ਿਲ੍ਹਾ ਪੱਧਰੀ 5ਵੀਂ ਨਸ਼ਾ ਵਿਰੋਧੀ ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ ਕਰਨ ਲਈ ਜ਼ਿਲ੍ਹੇ ਵਿੱਚ ਨਸ਼ਾ ਵਿਰੋਧੀ ਮੈਰਾਥਨ ਦਾ ਆਯੋਜਨ ਕੀਤਾ। ਮੈਰਾਥਨ ਵਿੱਚ ਵੱਖ-ਵੱਖ ਉਮਰ ਵਰਗ ਦੇ 700 ਦੇ ਕਰੀਬ ਲੋਕਾਂ ਨੇ ਭਾਗ ਲਿਆ ਅਤੇ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਿਹਤਮੰਦ ਜੀਵਨ ਜਿਊਣ ਦਾ ਪ੍ਰਣ ਲਿਆ। ਇਹ ਮੈਰਾਥਨ ਸਵੇਰੇ 5:30 ਵਜੇ ਆਈ।ਟੀ।ਆਈ ਗਰਾਊਂਡ ਨਵਾਂਸ਼ਹਿਰ ਤੋਂ ਸ਼ੁਰੂ ਹੋ ਕੇ ਚੰਡੀਗੜ੍ਹ ਰੋਡ-ਚੰਡੀਗੜ੍ਹ ਚੌਕ-ਡਾ.ਬੀ.ਆਰ.ਅੰਬੇਦਕਰ ਚੌਕ-ਸ਼ੂਗਰ ਮਿੱਲ-ਚੰਡੀਗੜ੍ਹ ਰੋਡ ਤੋਂ ਹੁੰਦੀ ਹੋਈ 5 ਕਿਲੋਮੀਟਰ ਦਾ ਚੱਕਰ ਕੱਟ ਕੇ ਉਸੇ ਸਥਾਨ 'ਤੇ ਸਮਾਪਤ ਹੋਈ। ਐਸ ਬੀ ਐਸ ਨਗਰ ਦੇ ਸੀਨੀਅਰ ਕਪਤਾਨ ਪੁਲੀਸ ਡਾ: ਮਹਿਤਾਬ ਸਿੰਘ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਅਤੇ ਡੀ ਆਈ ਜੀ ਲੁਧਿਆਣਾ ਰੇਂਜ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪੁਲਿਸ ਵੱਲੋਂ ਵਿਸ਼ੇਸ਼ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਧਨਪ੍ਰੀਤ ਕੌਰ ਦਾ ਉਦੇਸ਼ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨਾ ਅਤੇ ਲੋਕਾਂ ਨੂੰ ਸਿਹਤਮੰਦ ਜੀਵਨ ਸ਼ੈਲੀ ਜਿਉਣ ਲਈ ਪ੍ਰੇਰਿਤ ਕਰਨਾ ਹੈ। ਡਾ: ਮਹਿਤਾਬ ਸਿੰਘ ਨੇ ਭਾਗੀਦਾਰਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਅਤੇ ਉਹਨਾਂ ਨੂੰ ਵਿੱਦਿਅਕ ਅਤੇ ਖੇਡਾਂ ਦੀਆਂ ਗਤੀਵਿਧੀਆਂ ਵਿੱਚ ਆਪਣੀ ਰੁਝੇਵਿਆਂ ਨੂੰ ਬਣਾਈ ਰੱਖਣ ਲਈ ਵੀ ਪ੍ਰੇਰਿਤ ਕੀਤਾ। ਐਸ ਐਸ ਪੀ ਨੇ ਅੱਗੇ ਕਿਹਾ ਕਿ ਮੈਰਾਥਨ ਦਾ ਆਯੋਜਨ ਕਰਨ ਦਾ ਉਦੇਸ਼ ਲੋਕਾਂ ਨੂੰ ਨਸ਼ਿਆਂ ਦੇ ਖ਼ਤਰਿਆਂ ਬਾਰੇ ਜਾਗਰੂਕ ਕਰਨਾ ਅਤੇ ਉਨ੍ਹਾਂ ਨੂੰ ਸਿਹਤਮੰਦ ਜੀਵਨ ਜਿਊਣ ਲਈ ਉਤਸ਼ਾਹਿਤ ਕਰਨਾ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਪਹਿਲਕਦਮੀਆਂ ਖੇਡਾਂ ਵਿੱਚ ਨੌਜਵਾਨਾਂ ਦੀ ਸ਼ਮੂਲੀਅਤ ਨੂੰ ਵਧਾਉਣ ਵਿੱਚ ਵੀ ਮਦਦ ਕਰਦੀਆਂ ਹਨ।

ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪੁਲਿਸ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਉਪਰਾਲੇ ਕਰਦੀ ਰਹੇਗੀ ਤਾਂ ਜੋ ਸਾਡੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖ ਕੇ ਆਪਣੀ ਊਰਜਾ ਨੂੰ ਸਹੀ ਦਿਸ਼ਾ ਵਿੱਚ ਲਗਾਇਆ ਜਾ ਸਕੇ। ਉਨ੍ਹਾਂ ਲੋਕਾਂ ਨੂੰ ਨਸ਼ਿਆਂ ਵਿਰੁੱਧ ਇਸ ਅਹਿਮ ਲੜਾਈ ਵਿੱਚ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਵੀ ਕੀਤੀ। ਇਸ ਦੌਰਾਨ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਲੜਕੇ ਅਤੇ ਲੜਕੀਆਂ ਨੂੰ ਇਨਾਮੀ ਰਾਸ਼ੀ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਸਾਰੇ ਪ੍ਰਤੀਯੋਗੀਆਂ ਨੂੰ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।

# ਕਵਿਤਾ

ਕੀ ਕਰਾਂ ਬਣਾ ਕੇ ਮੰਦਰ ਨੂੰ,
ਜਦੋਂ ਸੀਤਾ ਸਾਡੀ ਸੇਫ ਨਹੀਂ।
ਪੱਥਰਾਂ ਨੂੰ ਸੋਨਾ ਲਾ ਦੇਈਏ,
ਮਾੜੇ ਦੇ ਤਨ ਤੇ ਲੇਫ ਨਹੀਂ।

ਕਾਸ਼ ਧਰਮ ਸਥਾਨਾਂ ਤੋਂ ਵਧਕੇ,
ਗਿਆਨ ਦੇ ਮੰਦਰ ਖੋਲ੍ਹ ਲੈਂਦੇ।
ਫਿਰ ਖੌਰੇ ਇੱਜ਼ਤ ਧੀਆਂ ਦੀ,
ਨਾ ਗੁੰਡਿਆਂ ਹੱਥੋਂ ਰੋਲ ਲੈਂਦੇ।

ਰੱਬ ਚਾਰਦੀਵਾਰੀ ਕੈਦ ਕਦੇ,
ਸੱਚ ਆਖਾਂ ਨਹੀਂ ਜੇ ਹੋ ਸੱਕਦਾ।
ਜੇ ਮੁਖੀਆ ਹੋਵੇ ਚੰਗਾ ਕੋਈ,
ਨਹੀਂ ਜੁਲਮ ਕਿਸੇ ਤੇ ਹੋ ਸੱਕਦਾ

ਅਸੀਂ ਗੋਲਕ ਦੇ ਲਈ ਲੜਦੇ ਹਾਂ,
ਨਾਲੇ ਉੱਤੋਂ ਵੀ ਹਾਂ ਧਰਮੀ ਜੀ।
ਸਾਡੇ ਮੂੰਹ ਵਿੱਚ ਹੁੰਦੀ ਰਾਮ ਰਾਮ,
ਪਰ ਅੰਦਰੋਂ ਬੜੇ ਕੁਕਰਮੀ ਜੀ।

ਕਦੇ ਗੀਤਾ ਅਤੇ ਕੁਰਾਨ ਨਹੀਂ,
ਆਪਸ ਵਿੱਚ ਵੇਖੇ ਲੜਦੇ ਜੀ।

ਗੁਰੂ ਗ੍ਰੰਥ ਤੇ ਗਰੁੜ ਪੁਰਾਣ ਕਦੇ,
ਨਾ ਬਾਈਬਲ ਵੇਖੇ ਲੜਦੇ ਜੀ।

ਵਿੱਚ ਗੱਲਾਂ ਸਭ ਗਿਆਨ ਦੀਆਂ,
ਅਸੀਂ ਪੜ੍ਹ ਕੇ ਹੋਏ ਅਧਰਮੀ ਜੀ।
ਕਾਸ਼ ਕਿਤੇ ਕੁਝ ਸਮਝ ਲੈਂਦੇ,
ਨਹੀਂ ਧੀ ਸੀ ਕਦੇ ਕੋਈ ਸੜਨੀ ਜੀ

ਅਸੀਂ ਵੱਖੋ ਵੱਖਰੇ ਧਰਮ ਦੀਆਂ,
ਤਲਵਾਰਾਂ ਚੁੱਕੀ ਫਿਰਦੇ ਜੀ।
ਮਰਵਾ ਦੇਈਏ ਪੁੱਤਰ ਮਾਵਾਂ ਦੇ,
ਰੱਬ ਲੱਭਦੇ ਹਾਂ ਬੜੇ ਚਿਰ ਦੇ ਜੀ।

ਕਾਸ਼ ਧਰਮ ਦੀ ਸੋਝੀ ਆ ਜਾਵੇ,
ਨਾ ਵੱਖਰੇ ਧਰਮ ਬਣਾਈਏ ਜੀ।
ਹਿੰਦੂ ਮੁਸਲਿਮ ਸਿੱਖ ਈਸਾਈ ਨੂੰ,
ਅਸੀਂ ਘੁੱਟ ਗਲਵਕੜੀ ਪਾਈਏ ਜੀ

ਸ਼ਮਸ਼ੇਰ ਮੱਲ੍ਹੀ ਛੱਡ ਧਰਮਾਂ ਨੂੰ,
ਇਨਸਾਨੀ ਧਰਮ ਬਣਾ ਲੈ ਤੂੰ।
ਜਾਤ ਪਾਤ ਤੋਂ ਉੱਚਾ ਉੱਠ ਕੇ,
ਸਭ ਨੂੰ ਗਲ ਨਾਲ ਲਾ ਲੈ ਤੂੰ।

**ਸ਼ਮਸ਼ੇਰ ਸਿੰਘ ਮੱਲ੍ਹੀ**
**9056562524**

# ਡੇਂਗੂ ਨੂੰ ਠੱਲ੍ਹ ਪਾਉਣ ਵਿੱਚ ਨਾਕਾਮ ਹੈ ਪੰਜਾਬ ਦਾ ਸਿਹਤ ਵਿਭਾਗ: ਅਰਵਿੰਦ ਖੰਨਾ

## ਪੰਜਾਬ ਸਰਕਾਰ ਚੰਗੀਆਂ ਸਿਹਤ ਸਹੂਲਤਾਂ ਦੇਣ 'ਚ ਬੁਰੀ ਤਰ੍ਹਾਂ ਨਾਕਾਮ: ਖੰਨਾ



**ਚੰਡੀਗੜ੍ਹ-** ਪੰਜਾਬ ਭਾਜਪਾ ਦੇ ਸੂਬਾ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਨਾਕਾਮੀਆਂ ਦੇ ਕਾਰਨ ਸਿਹਤ ਵਿਭਾਗ ਡੇਂਗੂ ਵਰਗੀ ਗੰਭੀਰ ਬਿਮਾਰੀ ਨੂੰ ਠੱਲ੍ਹ ਪਾਉਣ ਵਿੱਚ ਨਾਕਾਮ ਹੈ। ਅੱਜ ਇੱਥੇ ਜਾਰੀ ਇੱਕ ਬਿਆਨ ਵਿੱਚ ਸ਼੍ਰੀ ਖੰਨਾ ਨੇ ਕਿਹਾ ਕਿ ਸਿਹਤ ਵਿਭਾਗ ਦੇ ਨਾਲ-ਨਾਲ ਸਥਾਨਕ ਸਰਕਾਰਾਂ ਵਿਭਾਗ ਵੀ ਅਜਿਹੀ ਸਥਿਤੀ ਨਾਲ ਟਾਕਰਾ ਕਰਨ ਵਿੱਚ ਨਾਕਾਮ ਦਿਖਾਈ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਹਰ ਰੋਜ਼ ਅਖ਼ਬਾਰਾਂ ਵਿੱਚ ਡੇਂਗੂ ਦੇ ਵਧ ਰਹੇ ਮਰੀਜਾਂ ਅਤੇ ਖਾਸਕਰ ਸ਼ਹਿਰੀ ਇਲਾਕਿਆਂ ਵਿੱਚ ਪਾਣੀ ਦੀ ਨਿਕਾਸੀ ਦੀ ਕਮੀਂ ਨਾਲ ਸਬੰਧਿਤ ਖ਼ਬਰਾ ਪ੍ਰਕਾਸ਼ਿਤ ਹੋ ਰਹੀਆਂ ਹਨ, ਪਰ ਪੰਜਾਬ ਸਰਕਾਰ ਦਾ ਇਸ ਵੱਲ ਕੋਈ ਧਿਆਨ ਨਹੀਂ ਹੈ।

ਉਨ੍ਹਾਂ ਕਿਹਾ ਕਿ ਬਰਸਾਤਾਂ ਦਾ ਮੌਸਮ ਚੱਲ ਰਿਹਾ ਹੈ ਪਰ ਨਾ ਤਾਂ ਸਿਹਤ ਵਿਭਾਗ ਅਤੇ ਨਾ ਹੀ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਖੜ੍ਹੇ ਹੋਣ ਵਾਲੇ ਪਾਣੀ ਦੀ ਸਮੱਸਿਆ ਦੇ ਹੱਲ ਲਈ ਕੋਈ ਅਗੇਤੀ ਤਿਆਰੀ ਕੀਤੀ ਗਈ ਹੈ। ਜਿਸ ਕਾਰਨ ਸੂਬੇ ਦੇ ਲੋਕਾਂ ਦੀ ਸਿਹਤ ਸੰਭਾਲ ਰੱਬ ਆਸਰੇ ਹੀ ਰਹਿ ਗਈ ਹੈ। ਉਨ੍ਹਾਂ ਕਿਹਾ ਕਿ ਸਥਾਨਕ ਸਰਕਾਰਾਂ ਵਿਭਾਗ ਨੂੰ ਮਾਨਸੂਨ ਦੇ ਮੌਸਮ ਨੂੰ ਦੇਖਦੇ ਹੋਏ ਪਾਣੀ ਦੀ ਨਿਕਾਸੀ ਦੇ ਪੁਖਤਾ ਪ੍ਰਬੰਧ ਕਰਨੇ ਚਾਹੀਦੇ ਸਨ ਪਰ ਸਰਕਾਰ ਦੀ ਨਲਾਇਕੀ ਦੇ ਕਾਰਨ ਇਸ ਗੰਭੀਰ ਮਸਲੇ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ।

ਉਨ੍ਹਾਂ ਕਿਹਾ ਕਿ ਆਮ ਆਦਮੀਂ ਕਲੀਨਿਕ ਖੋਲ੍ਹ ਕੇ ਬੇਹਤਰ ਸਿਹਤ ਸਹੂਲਤਾਂ ਦੇਣ ਵਾਲੀ ਮਾਨ ਸਰਕਾਰ ਹਰ ਪਾਸੇ ਤੋਂ ਸੂਬੇ ਦੇ ਲੋਕਾਂ ਨੂੰ ਸਿਹਤ ਸਹੂਲਤਾਂ ਦੇਣ ਵਿੱਚ ਅਸਫਲ ਰਹੀ ਹੈ। ਉਨਾਂ ਕਿਹਾ ਕਿ ਮੁਹੱਲਾ ਕਲਿਨਿਕਾਂ ਦੇ ਬਾਵਜੂਦ ਘਰ ਘਰ ਡੇਂਗੂ ਦੇ ਮਰੀਜ਼ ਆਉਣੇ ਜਾਰੀ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਐਨ।ਆਰ।ਐਚ।ਐਮ ਵੱਲੋਂ ਸਿਹਤ ਸਹੂਲਤਾਂ ਲਈ ਦਿੱਤੇ ਜਾਂਦੇ ਕਰੋੜਾਂ ਰੁਪਏ ਦੇ ਬਜ਼ਟ ਦੀ ਵੀ ਦੁਰਵਰਤੋਂ ਕੀਤੀ ਜਾ ਰਹੀ ਹੈ। ਜਿਸ ਕਾਰਨ ਹੀ ਖਾਸਕਰ ਪੇਂਡੂ ਇਲਾਕਿਆਂ ਵਿੱਚ ਸਿਹਤ ਸਹੂਲਤਾਂ ਦਾ ਦਿਵਾਲਾ ਨਿਕਲਿਆ ਹੋਇਆ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਨਵੇਂ ਦ੍ਰਿਸ਼ਟੀਕੋਣ ਦੀ ਲੋੜ ਹੈ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਜੇਕਰ ਔਰਤ ਦੇ ਸੁੱਖ-ਦੁੱਖ ਅਤੇ ਇਸ ਦੀ ਵਿਵਸਥਾ 'ਤੇ ਕੇਂਦਰਿਤ ਚਰਚਾ ਕੀਤੀ ਜਾਵੇ ਤਾਂ ਅਕਸਰ ਕਿਸੇ ਦੇ ਮੂੰਹੋਂ ਇਹ ਗੱਲ ਸੁਣਨ ਨੂੰ ਮਿਲਦੀ ਹੈ ਕਿ ਔਰਤ ਹੀ ਔਰਤ ਦੀ ਦੁਸ਼ਮਣ ਹੈ। ਇਸ ਮੁੱਦੇ ਦੀਆਂ ਪਰਤਾਂ ਤੋਂ ਦੂਰ ਰਹਿਣ ਵਾਲੇ ਸਹਿਮਤ ਹਨ, ਇਸ ਦੀਆਂ ਪਰਤਾਂ ਨੂੰ ਸਮਝਣ ਵਾਲਿਆਂ ਲਈ ਸਹਿਮਤ ਹੋਣਾ ਮੁਸ਼ਕਲ ਹੈ। ਅਸਲ ਵਿਚ ਔਰਤ ਜੋ ਕੁਝ ਵੀ ਹਾਸਲ ਕਰਦੀ ਹੈ, ਉਹੀ ਗਿਆਨ ਅਤੇ ਕਦਰਾਂ-ਕੀਮਤਾਂ ਆਪਣੀ ਧੀ, ਨੂੰਹ ਜਾਂ ਹੋਰ ਕੁੜੀਆਂ ਨੂੰ ਦਿੰਦੀ ਹੈ। ਅੱਜ ਦੇ ਯੁੱਗ ਵਿਚ ਜਦੋਂ ਆਮ ਤੌਰ 'ਤੇ ਹਰ ਲੜਕੀ ਅਤੇ ਔਰਤ ਦੀ ਇੰਟਰਨੈੱਟ ਰਾਹੀਂ ਆਪਣੇ ਘਰ ਤੱਕ ਪਹੁੰਚ ਹੁੰਦੀ ਹੈ।ਸਾਨੂੰ ਬਾਹਰੋਂ ਅਤੇ ਦੁਨੀਆ ਭਰ ਦੀਆਂ ਸਾਰੀਆਂ ਖਬਰਾਂ ਮਿਲ ਰਹੀਆਂ ਹਨ, ਅਜਿਹੇ ਵਿੱਚ ਜੇਕਰ ਕੋਈ ਔਰਤ ਇਹ ਕਹੇ ਕਿ ਉਹ ਅੱਜਕਲ ਕੁੜੀਆਂ ਤੋਂ ਡਰਦੀ ਹੈ ਤਾਂ ਹੈਰਾਨੀ ਹੁੰਦੀ ਹੈ। ਆਪਣੇ ਬੇਟੇ ਲਈ ਨੂੰਹ ਦੀ ਭਾਲ ਕਰਦੇ ਸਮੇਂ ਇੱਕ ਜਾਣਕਾਰ ਨੇ ਕਿਹਾ ਕਿ ਉਹ ਅੱਜਕੱਲ ਦੀਆਂ ਕੁੜੀਆਂ ਤੋਂ ਥੋੜਾ ਡਰਦਾ ਹੈ।।। ਅੱਜ ਦੀਆਂ ਕੁੜੀਆਂ ਬਹੁਤ ਹੁਸ਼ਿਆਰ ਹਨ।।। ਮੁੰਡੇ ਤੋਂ ਸਾਰੇ ਪੈਸੇ ਲੈ ਕੇ ਰੱਖ ਲੈਂਦੀਆਂ ਹਨ। ਆਪਣੇ ਨਾਲ। ਇਸ ਤਰ੍ਹਾਂ ਦੀਆਂ ਗੱਲਾਂ ਸੁਣ ਕੇ ਇਕਦਮ ਲੱਗਦਾ ਹੈ ਕਿ ਉਸ ਨੂੰ ਕਿਸੇ ਖਾਸ ਕੁੜੀ ਨਾਲ ਗੁੱਸਾ ਆਉਂਦਾ ਹੋਵੇਗਾ, ਇਸੇ ਲਈ ਉਹ ਅਜਿਹਾ ਕਹਿ ਰਿਹਾ ਹੈ ਪਰ ਵਿਡੰਬਨਾ ਇਹ ਹੈ ਕਿ ਇਹ ਰਾਏ ਉਸ ਦੀ ਸੋਚ ਨਾਲ ਜੁੜੀ ਹੋਈ ਸੀ। ਅਸਲ ਵਿੱਚ ਕੀਕੀ ਅੱਜ ਦੇ ਯੁੱਗ ਦੀ ਪੜ੍ਹੀ-ਲਿਖੀ ਤੇ ਜ਼ਿੰਮੇਵਾਰ ਔਰਤ ਲਈ ਥੋੜੀ ਜਿਹੀ ਆਜ਼ਾਦੀ ਨਾਲ ਸੁਪਨੇ ਦੇਖਣ ਵਾਲੀਆਂ ਕੁੜੀਆਂ ਬਾਰੇ ਅਜਿਹਾ ਸੋਚਣਾ ਠੀਕ ਹੈ? ਜਦੋਂ ਅਜਿਹੀਆਂ ਗੱਲਾਂ ਬੰਦਿਆਂ ਦੇ ਮੂੰਹੋਂ ਨਿਕਲਦੀਆਂ ਹਨ ਤਾਂ ਹੈਰਾਨ ਨਹੀਂ ਹੋਣਾ ਚਾਹੀਦਾ। ਜਦੋਂ ਵੀ ਕੋਈ ਕਿਸੇ ਦੀ ਤਾਕਤ ਵਿੱਚ ਘੁਸਪੈਠ ਕਰਦਾ ਹੈ, ਉਹ ਦੁੱਖ ਝੱਲਦਾ ਹੈ। ਪਰ ਜਦੋਂ ਪੜ੍ਹੀ-ਲਿਖੀ ਔਰਤ ਵਾਰ-ਵਾਰ ਅਜਿਹੇ ਵਿਚਾਰਾਂ ਨੂੰ ਦੁਹਰਾਉਂਦੀ ਹੈ ਤਾਂ ਇਸ ਬਾਰੇ ਸੋਚਣ ਦੀ ਲੋੜ ਮਹਿਸੂਸ ਹੁੰਦੀ ਹੈ। ਮਹਾਦੇਵੀ ਵਰਮਾ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਕ ਪੜ੍ਹੀ-ਲਿਖੀ ਔਰਤ ਨੂੰ ਹਮੇਸ਼ਾ ਆਪਣੀਆਂ ਅਨਪੜ੍ਹ ਭੈਣਾਂ ਦਾ ਸਾਥ ਦੇਣਾ ਚਾਹੀਦਾ ਹੈ, ਤਾਂ ਜੋ ਹੋਰ ਔਰਤਾਂ ਵੀਅੱਗੇ ਵਧ ਸਕਦਾ ਹੈ। ਜੇਕਰ ਸਾਵਿਤਰੀਬਾਈ ਫੂਲੇ ਨੇ ਵੀ ਇਹੀ ਸੋਚਿਆ ਹੁੰਦਾ, ਤਾਂ ਕੀ ਅੱਜ ਅੱਧੀ ਆਬਾਦੀ ਜੋ ਸਿੱਖਿਆ ਪ੍ਰਾਪਤ ਕਰਨ ਦੇ ਯੋਗ ਹੈ, ਆਪਣੇ ਘਰਾਂ ਤੋਂ ਬਾਹਰ ਆ ਜਾਂਦੀ? ਸ਼ਾਇਦ ਨਹੀਂ। ਦਰਅਸਲ, ਹਰ ਸਿੱਕੇ ਦੇ ਦੋ ਪਾਸੇ ਹੁੰਦੇ ਹਨ। ਜੇਕਰ ਗਹੁ ਨਾਲ ਦੇਖਿਆ ਜਾਵੇ ਤਾਂ ਇੱਕ ਪਹਿਲੂ ਅੱਜ ਦੇ ਦੌਰ ਵਿੱਚ ਲੜਕੀਆਂ ਦਾ ਘਰੋਂ ਬਾਹਰ ਨਿਕਲਣ ਲਈ ਸੰਘਰਸ਼ ਦਾ ਹੈ ਤਾਂ ਦੂਜਾ ਪਹਿਲੂ ਉਨ੍ਹਾਂ ਔਰਤਾਂ ਦੀ ਸੋਚ ਦਾ ਹੈ, ਜੋ ਇਹ ਮੰਨਦੇ ਹਨ ਕਿ ਔਰਤਾਂ ਦੇ ਘਰੋਂ ਬਾਹਰ ਜਾਣ ਦੀ ਆਜ਼ਾਦੀ ਨੇ ਪਰਿਵਾਰਕ ਜੀਵਨ ਨੂੰ ਬਦਲ ਦਿੱਤਾ ਹੈ। ਨੂੰ ਬਰਬਾਦ ਕਰ ਦਿੱਤਾ ਹੈ। ਇਸ ਤਰ੍ਹਾਂ ਵੀ ਦੇਖਿਆ ਜਾ ਸਕਦਾ ਹੈ ਕਿ ਜਿਹੜੀਆਂ ਔਰਤਾਂ ਘਰ ਤੋਂ ਬਾਹਰ ਕੰਮ ਕਰ ਰਹੀਆਂ ਹਨ, ਉਹਕੰਮਕਾਜੀ ਔਰਤਾਂ ਦੇ ਸਾਹਮਣੇ ਚੁਣੌਤੀਆਂ ਹਨ। ਅਸੀਂ ਬਚਪਨ ਤੋਂ ਸੁਣਦੇ ਆਏ ਹਾਂ ਕਿ ਇੱਕ ਖਾਸ ਉਮਰ ਤੋਂ ਬਾਅਦ ਕੁੜੀਆਂ ਨੂੰ ਘਰ ਸੰਭਾਲਣਾ ਸਿੱਖ ਲੈਣਾ ਚਾਹੀਦਾ ਹੈ, ਕਿਉਂਕਿ ਕੁੜੀਆਂ ਨੂੰ ਕਿਸੇ ਹੋਰ ਦੇ ਘਰ ਜਾਣਾ ਪੈਂਦਾ ਹੈ। ਆਜ਼ਾਦੀ ਦੇ ਸੱਤਰ ਸਾਲ ਬਾਅਦ ਵੀ ਸਾਡਾ ਸਮਾਜ ਇਸ ਸੋਚ ਤੋਂ ਮੁਕਤ ਨਹੀਂ ਹੋਇਆ। ਅੱਜ ਵੀ ਅਸੀਂ ਮੁੰਡਿਆਂ ਨਾਲੋਂ ਕੁੜੀਆਂ ਨੂੰ ਘਰ ਦੇ ਕੰਮ ਸਿਖਾਉਣ ਵੱਲ ਜ਼ਿਆਦਾ ਧਿਆਨ ਦਿੰਦੇ ਹਾਂ। ਨਤੀਜੇ ਵਜੋਂ, ਕੰਮਕਾਜੀ ਔਰਤਾਂ ਘਰ ਦੇ ਅੰਦਰ ਅਤੇ ਬਾਹਰ ਦੋਵਾਂ ਦਾ ਪ੍ਰਬੰਧ ਕਰਨ ਦੀ ਪੂਰੀ ਕੋਸ਼ਿਸ਼ ਕਰਦੀਆਂ ਹਨ, ਤਾਂ ਜੋ ਜੇਕਰ ਉਹ ਕੰਮ ਕਰ ਰਹੀਆਂ ਹਨ ਤਾਂ ਉਨ੍ਹਾਂ 'ਤੇ ਘਰ ਛੱਡਣ ਦਾ ਦੋਸ਼ ਨਾ ਲੱਗੇ। ਇੱਕ ਵੱਡਾਸੋਸ਼ਲ ਮੀਡੀਆ ਵੀ ਔਰਤਾਂ ਲਈ ਇੱਕ ਸਮੱਸਿਆ ਹੈ। ਸੋਸ਼ਲ ਮੀਡੀਆ ਔਰਤਾਂ ਨੂੰ ਸਾਰੇ ਗੁਣਾਂ ਵਾਲੀ ਔਰਤ ਦੇ ਅਕਸ ਤੋਂ ਮੁਕਤ ਨਹੀਂ ਹੋਣ ਦੇ ਰਿਹਾ। ਅਜਿਹੀ ਸਥਿਤੀ ਵਿੱਚ ਜੇਕਰ ਮਰਦ ਪ੍ਰਧਾਨ ਸਮਾਜ ਸੌਖਿਆਂ ਹੀ ਅੱਧੀ ਆਬਾਦੀ ਨੂੰ ਸਰਬ-ਸ਼ਕਤੀਮਾਨਤਾ ਦੀ ਬਿਮਾਰੀ ਨਾਲ ਗ੍ਰਸਤ ਪਾ ਲੈਂਦਾ ਹੈ ਤਾਂ ਇਸ ਵਿੱਚ ਕਸੂਰ ਕਿਸ ਦਾ ਹੈ? ਜਦੋਂ ਹਾਲਾਤ ਇੰਨੇ ਮਾੜੇ ਹੁੰਦੇ ਹਨ, ਔਰਤਾਂ ਨੂੰ ਆਪਣੇ ਆਪ ਨੂੰ ਸਾਬਤ ਕਰਨ ਲਈ ਸਖ਼ਤ ਮਿਹਨਤ ਕਰਨੀ ਪੈਂਦੀ ਹੈ। ਅਜਿਹੇ 'ਚ ਇਹ ਸਭ ਕਰਨ ਤੋਂ ਬਾਅਦ ਵੀ ਸੁਣਨ ਨੂੰ ਮਿਲਦਾ ਹੈ ਕਿ ਅੱਜ ਦੀਆਂ ਕੁੜੀਆਂ ਜ਼ਿਆਦਾ ਚਲਾਕ ਹੋ ਗਈਆਂ ਹਨ।।। ਉਹ ਭੋਲੇ-ਭਾਲੇ ਮੁੰਡਿਆਂ ਨੂੰ ਫਸਾਉਂਦੀਆਂ ਹਨ। ਕਈ ਵਾਰ ਇਹ ਇਸ ਤਰ੍ਹਾਂ ਹੁੰਦਾ ਹੈਅਜਿਹਾ ਲਗਦਾ ਹੈ ਕਿ ਜਿਹੜੀਆਂ ਮਾਵਾਂ ਆਪਣੇ ਪੁੱਤਰਾਂ ਨੂੰ ਬਹੁਤ ਪਿਆਰ ਕਰਦੀਆਂ ਹਨ ਅਤੇ ਆਪਣੀ ਮਾਸੂਮੀਅਤ ਅਤੇ ਆਪਣੇ ਪੁੱਤਰਾਂ 'ਤੇ ਮਾਣ ਕਰਦੀਆਂ ਹਨ, ਉਨ੍ਹਾਂ ਨੂੰ ਸਾਵਧਾਨੀ ਵਜੋਂ, ਆਪਣੇ ਬੱਚਿਆਂ ਨਾਲ ਵਿਆਹ ਕਰਨ ਤੋਂ ਇਨਕਾਰ ਕਰ ਦੇਣਾ ਚਾਹੀਦਾ ਹੈ। ਜਦੋਂ ਤੁਸੀਂ ਖੁਦ ਰੋਟੀ ਅਤੇ ਦਾਲ ਪਕਾਉਣਾ ਸ਼ੁਰੂ ਕਰੋਗੇ, ਤਾਂ ਤੁਸੀਂ ਦੋਹਰੇ ਦਬਾਅ ਵਿੱਚ ਘਿਰੀ ਔਰਤ ਦੀ ਜ਼ਿੰਦਗੀ ਦੇ ਦਰਦ ਨੂੰ ਸਮਝ ਸਕੋਗੇ। ਇੱਕ ਹੋਰ ਸਮੱਸਿਆ ਹੈ। ਅੱਜ ਦੀਆਂ ਔਰਤਾਂ ਦੋ ਪੱਧਰਾਂ 'ਤੇ ਕੰਮ ਕਰ ਰਹੀਆਂ ਹਨ। ਇੱਕ ਇਹ ਕਿ ਉਹ ਆਪਣੇ ਆਪ ਨੂੰ ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਦੂਜਾ ਇਹ ਕਿ ਉਹ ਆਪਣੀ ਆਜ਼ਾਦੀ ਵੀ ਜਿਊਣਾ ਚਾਹੁੰਦੀ ਹੈ। ਇਨ੍ਹਾਂ ਦੋਵਾਂ ਦਬਾਅ ਕਾਰਨ ਨਿੱਜੀ ਜ਼ਿੰਦਗੀ ਵਿਚ ਵਿਰੋਧਤਾਈ ਪੈਦਾ ਹੋਣੀ ਸੁਭਾਵਿਕ ਹੈ।ਇਹ ਉੱਥੇ ਹੀ ਹੈ। ਇਹ ਵਿਰੋਧਾਭਾਸ ਉਦੋਂ ਹੋਰ ਵੀ ਮਜ਼ਬੂਤ ਹੋ ਜਾਂਦਾ ਹੈ ਜਦੋਂ ਅੱਜ ਦੇ ਸਮੇਂ ਵਿੱਚ ਹਰ ਕੋਈ ਪੜ੍ਹੀ-ਲਿਖੀ ਆਧੁਨਿਕ ਨੂੰਹ ਅਤੇ ਪਤਨੀ ਚਾਹੁੰਦਾ ਹੈ, ਪਰ ਉਹ ਉਸਦੀ ਆਜ਼ਾਦੀ ਨੂੰ ਸੀਮਤ ਕਰਨਾ ਚਾਹੁੰਦਾ ਹੈ। ਅਜਿਹੀ ਸਥਿਤੀ ਵਿਚ ਲੋਕ ਅਕਸਰ ਮੁੱਠੀ ਭਰ ਔਰਤਾਂ ਦੀ ਮਿਸਾਲ ਪੇਸ਼ ਕਰਦੇ ਹਨ ਅਤੇ ਹਰ ਔਰਤ ਦੀ ਆਜ਼ਾਦੀ ਨੂੰ ਉਸੇ ਪੈਮਾਨੇ 'ਤੇ ਤੋਲਦੇ ਹਨ। ਸਮੱਸਿਆ ਇਹ ਹੈ ਕਿ ਜਦੋਂ ਆਜ਼ਾਦੀ ਦੇ ਅਰਥ ਇੱਕ ਘਰ ਤੋਂ ਦੂਜੇ ਘਰ ਵਿੱਚ ਬਦਲ ਜਾਂਦੇ ਹਨ, ਤਾਂ ਅਸੀਂ ਸਾਰੀਆਂ ਸਮਾਜਿਕ ਸ਼੍ਰੇਣੀਆਂ ਵਿੱਚ ਸਾਰੀਆਂ ਔਰਤਾਂ ਦੀ ਆਜ਼ਾਦੀ ਨੂੰ ਇੱਕੋ ਲੈਂਸ ਤੋਂ ਕਿਵੇਂ ਦੇਖ ਸਕਦੇ ਹਾਂ! ਅਜਿਹੀ ਸਥਿਤੀ ਵਿੱਚ ਅੱਜ ਪੁਰਾਣੀ ਪੀੜ੍ਹੀ ਦੀਆਂ ਔਰਤਾਂ ਨੂੰ ਜੀਨਵੀਂ ਪੀੜ੍ਹੀ ਦੀਆਂ ਔਰਤਾਂ ਲਈ ਨਵੇਂ ਦ੍ਰਿਸ਼ਟੀਕੋਣ ਦੀ ਲੋੜ ਹੈ।

# ਸਿਲੈਕਟ ਹੋਏ ਅਸਿਸਟੈਂਟ ਪ੍ਰੋਫੈਸਰਾਂ ਦਾ ਉਲਝਿਆ ਮਸਲਾ ਸਰਕਾਰ ਹੱਲ ਕਰੇ



ਮੇਜਰ ਸਿੰਘ ਨਾਭਾ
91-94635-53962

ਉਚੇਰੀ ਸਿੱਖਿਆ ਦੇ ਗਿਰ ਚੁੱਕੇ ਮਿਆਰ ਨੇ ਸਰਕਾਰ ਲਈ ਚੁਣੌਤੀ ਵਾਲਾ ਮਾਹੌਲ ਪੈਦਾ ਕੀਤਾ ਹੋਇਆ ਹੈ ਜੋ ਕਿ ਨਵੀਂ ਸਰਕਾਰ ਦਾ ਪ੍ਰਾਥਮਿਕ ਅਹਿਮ ਸੁਧਾਰ ਦਾ ਮੁੱਦਾ ਸੀ। ਪਰ ਇਸ ਵੱਲ ਕੋਈ ਅਜੇ ਤੱਕ ਸਰਕਾਰ ਨੇ ਗੰਭੀਰਤਾ ਨਹੀਂ ਦਿਖਾਈ। ਪੰਜਾਬ ਦੇ ਸਰਕਾਰੀ ਕਾਲਜਾਂ ਅੰਦਰ ਦੋ ਦਹਾਕੇ ਤੋਂ ਵੱਧ ਸਮੇਂ ਤੋਂ ਪ੍ਰੋਫੈਸਰਾਂ ਦੀ ਰੈਗੂਲਰ ਭਰਤੀ ਨਹੀਂ ਹੋਈ, ਜੋ ਕਿ ਉਚੇਰੀ ਸਿੱਖਿਆ ਦੇ ਮਿਆਰ ਨੂੰ ਜਰੂਰ ਢਾਹ ਲਾ ਰਹੀ ਹੈ। ਮੌਜੂਦਾ ਸਮੇਂ ਦੌਰਾਨ ਕਰੀਬ 63 ਸ਼ਰਕਾਰੀ ਕਾਲਜ ਸੂਬੇ ਅੰਦਰ ਚਲ ਰਹੇ ਹਨ । ਇੱਕ ਖਬਰ ਮੁਤਾਬਕ ਇਨ੍ਹਾਂ ਕਾਲਜਾਂ ਵਿੱਚ 1990 ਵਿੱਚ ਪ੍ਰੋਫੈਸਰਾਂ ਦੀਆਂ 1873 ਰੈਗੂਲਰ ਆਸਾਮੀਆਂ ਮਨਜੂਰ ਸਨ। ਸਮੇਂ ਦੀਆਂ ਸਰਕਾਰਾਂ ਨੇ ਨਵੇਂ ਕਾਲਜ ਤਾਂ ਹੋਰ ਕਈ ਵਾਰ ਖੋਲ੍ਹ ਦਿੱਤੇ ਪਰ ਪੋਸਟਾਂ ਨਵੀਆਂ ਨਹੀਂ ਦਿੱਤੀਆਂ। ਪਿਛਲੇ ਲੰਬੇ ਸਮੇਂ ਤੋਂ 1500 ਦੇ ਕਰੀਬ ਆਸਾਮੀਆਂ ਖਾਲੀ ਪਈਆਂ ਹਨ। ਅਗਲੇ ਕੁਝ ਸਾਲਾਂ ਦੌਰਾਨ ਜੋ ਪੱਕੇ ਪ੍ਰੋਫੈਸਰ ਹਨ ਉਹ ਵੀ ਸੇਵਾ ਮੁਕਤ ਹੋਣ ਜਾ ਰਹੇ ਹਨ। ਇਨ੍ਹਾਂ ਕਾਲਜਾਂ ਵਿੱਚ ਬਹੁਤੇ ਗੈਸਟ ਫੈਕਲਟੀ, ਪਾਰਟ ਟਾਈਮ ਅਤੇ ਠੇਕੇ ਉੱਪਰ ਰੱਖੇ ਅਧਿਆਪਕ ਹੀ ਹੁਣ ਕਾਲਜਾਂ ਨੂੰ ਚਲਾ ਰਹੇ ਹਨ। ਇਨ੍ਹਾਂ ਵਿੱਚੋਂ ਬਹੁਤੇ ਯੂ.ਜੀ.ਸੀ. ਵਲੋਂ ਨਿਰਧਾਰਤ ਯੋਗਤਾ ਵੀ ਪੂਰੀ ਨਹੀਂ ਕਰਦੇ। ਠੇਕੇ 'ਤੇ ਕੰਮ ਕਰਨ ਵਾਲੇ ਅਧਿਆਪਕਾਂ ਦੀ ਗਿਣਤੀ ਵਿਦਿਆਰਥੀਆਂ ਦੀ ਗਿਣਤੀ ਉੱਪਰ ਨਿਰਭਰ ਕਰਦੀ ਹੈ, ਉਨ੍ਹਾਂ ਦੀ ਤਨਖਾਹ ਵਿਦਿਆਰਥੀਆਂ ਕੋਲੋਂ ਵਸੂਲੀ ਜਾਂਦੀ ਫੀਸ / ਫੰਡਾਂ ਉੱਪਰ ਨਿਰਭਰ ਕਰਦੀ ਹੈ। ਕਈ ਕਾਲਜਾਂ ਵਿੱਚ ਤਾਂ ਤਕਰੀਬਨ ਨਾਮਾਤਰ ਹੀ ਰੈਗੂਲਰ ਅਧਿਆਪਕ ਹਨ। ਹੁਣ ਉਚੇਰੀ ਸਿੱਖਿਆ ਵਿਭਾਗ ਨੇ ਸਰਕਾਰੀ ਕਾਲਜਾਂ ਦੇ ਕਲੱਸਟਰ ਬਣਾ ਦਿੱਤੇ ਹਨ ਜਿਨ੍ਹਾਂ 'ਚ ਦੂਜੇ ਜਿਲ੍ਹਿਆਂ ਦੇ ਕਾਲਜ ਵੀ ਸ਼ਾਮਲ ਕੀਤੇ ਗਏ ਹਨ। ਅਧਿਆਪਕ ਹਫਤੇ ਦੇ ਅੱਧੇ ਦਿਨ ਆਪਣੇ ਕਾਲਜ ਵਿੱਚ ਅਤੇ ਬਾਕੀ ਦੂਜੇ ਕਾਲਜਾਂ ਵਿੱਚ ਪੜ੍ਹਾਉਣ ਜਾਣ ਕਰਕੇ ਖਜ਼ਲਖੁਆਰ ਹੋ ਰਹੇ ਹਨ। ਦੋਹਾਂ ਪਾਸੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਤਾਂ ਹੋ ਹੀ ਰਿਹਾ ਹੈ।

ਸਰਕਾਰੀ ਕਾਲਜਾਂ ਵਿੱਚ ਲੰਬੇ ਸਮੇਂ ਤੋਂ ਰੈਗੂਲਰ ਅਸਿਸਟੈਂਟ ਪ੍ਰੋਫੈਸਰਾਂ/ ਪ੍ਰੋਫੈਸਰਾਂ ਦੀ ਭਰਤੀ ਨਾ ਹੋਣ ਤੇ ਉਚੇਰੀ ਸਿੱਖਿਆ ਦੇ ਡਿੱਗ ਰਹੇ ਮਿਆਰ ਨੂੰ ਉੱਚਾ ਚੁੱਕਣ ਲਈ ਪਿਛਲੀ ਸਰਕਾਰ ਵਲੋਂ 19 ਅਕਤੂਬਰ 2021 ਨੂੰ ਖਾਲੀ ਆਸਾਮੀਆਂ ਭਰਨ ਦੇ ਐਲਾਨ ਨੂੰ ਅਮਲੀ ਰੂਪ ਦਿੰਦੇ ਹੋਏ 1158 ਅਸਾਮੀਆਂ ਜਿੰਨ੍ਹਾਂ ਵਿੱਚ 1091 ਅਸਿਸਟੈਂਟ ਪ੍ਰੋਫੈਸਰਾਂ ਅਤੇ ਬਾਕੀ ਦੀਆਂ ਲਾਇਬਰੇਰੀਅਨ ਭਰਨ ਦਾ ਇਸ਼ਤਿਹਾਰ ਨਾਲੋ-ਨਾਲ ਜਾਰੀ ਕਰ ਦਿੱਤਾ ਸੀ ਜੋ ਕਿ ਇਨ੍ਹਾਂ ਆਸਾਮੀਆਂ ਨੂੰ ਉਡੀਕ ਰਹੇ ਯੋਗ ਉਮੀਦਵਾਰਾਂ ਲਈ ਖੁਸ਼ੀ ਵਾਲੀ ਗੱਲ ਸੀ। ਇਹ ਭਰਤੀ ਯੂ.ਜੀ.ਸੀ. ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰਾਂ ਦੀ ਅਗਵਾਈ ਵਿੱਚ ਕਮੇਟੀਆਂ ਬਣਾ ਕੇ ਭਰਤੀ ਨਿਰੋਲ ਲਿਖਤੀ ਟੈਸਟ ਦੇ ਆਧਾਰ ਤੇ ਤੇਜ਼ੀ ਨਾਲ 45 ਦਿਨਾਂ 'ਚ ਮੁਕੰਮਲ ਕਰਨ ਦੀ ਵਧੀਆ ਗੱਲ ਕੀਤੀ ਸੀ। ਇਸ਼ਤਿਹਾਰ ਦੀ ਚੋਣ ਪ੍ਰਕ੍ਰਿਆ ਮੁਤਾਬਿਕ ਸਰਕਾਰੀ ਕਾਲਜਾਂ ਦੇ ਗੈਸਟ ਫੈਕਲਟੀ, ਪਾਰਟ ਟਾਈਮ, ਠੇਕਾ ਆਧਾਰਤ ਕਾਲਜ ਅਧਿਆਪਕਾਂ ਨੂੰ ਇੱਕ ਸ਼ੈਸ਼ਨ ਦੇ ਤਜਰਬੇ ਦਾ ਇੱਕ ਨੰਬਰ ਅਤੇ ਵੱਧ ਤੋਂ ਵੱਧ ਪੰਜ ਅੰਕ ਲਿਖਤੀ ਟੈਸਟ ਦੇ ਅੰਕਾਂ 'ਚ ਵਾਧਾ ਲੈ ਸਕਣਗੇ। ਇਸ ਲਈ ਇਹ ਟੀਚਿੰਗ ਤਜ਼ਰਬੇ ਨੂੰ ਦੋ ਦਹਾਕਿਆਂ ਤੋਂ ਕੰਮ ਕਰ ਰਹੇ ਗੈਸਟ ਫੈਕਲਟੀ / ਪਾਰਟ ਟਾਈਮ ਅਧਿਆਪਕਾਂ ਆਦਿ ਨੂੰ ਹਮਦਰਦੀ ਵਜੋਂ ਦੇਣ ਦੇ ਸਰਕਾਰ ਦੇ ਫੈਸਲੇ ਨੂੰ ਕਾਨੂੰਨੀ ਪੱਖਾਂ ਤੋਂ ਚੰਗੀ ਤਰ੍ਹਾਂ ਨਾ ਵਿਚਾਰੇ ਜਾਣ ਕਾਰਨ ਸਾਰੀ ਭਰਤੀ ਪ੍ਰਕ੍ਰਿਆ ਮੁਕੰਮਲ ਹੋਣ ਉਪਰੰਤ ਇਸਤਿਹਾਰ 'ਚ ਇਕੱਲੇ 'ਸਰਕਾਰੀ ਕਾਲਜ ਦੇ ਤਜ਼ਰਬੇ' ਦੀ ਸਬਦਾਵਲੀ ਨੇ ਬਾਅਦ 'ਚ ਕਈ ਉਲਝਨਾਂ ਪੈਦਾ ਕਰ ਦਿੱਤੀਆਂ ਸਨ। ਪੰਜਾਬੀ ਯੂਨੀਵਰਸਿਟੀ ਅਧੀਨ ਚਲ ਰਹੇ ਕਾਲਜਾਂ 'ਚ ਪੜ੍ਹਾ ਰਹੇ ਅਧਿਆਪਕਾਂ ਵਲੋਂ ਉਨ੍ਹਾਂ ਦੇ ਤਜ਼ਰਬੇ ਨੂੰ ਸਕਰੂਟਿੰਗ ਸਮੇਂ ਨਾ ਮੰਨਣ ਕਾਰਨ ਉਨ੍ਹਾਂ ਨੇ ਮਾਣਯੋਗ ਹਾਈ ਕੋਰਟ ਵਿੱਚ ਪਟੀਸ਼ਨਰ ਵਜੋਂ ਰਿੱਟ ਪਾ ਕੇ ਭਰਤੀ ਪ੍ਰਕ੍ਰਿਆ 'ਚ ਰੋਕ ਲਗਵਾ ਦਿੱਤੀ ਸੀ । ਇਸੇ ਤਰ੍ਹਾਂ ਕਈ ਅਸਫਲ ਉਮੀਦਵਾਰਾਂ ਨੇ ਹੋਰ ਕਈ ਤਰ੍ਹਾਂ ਦੀਆਂ ਰਿੱਟਾਂ ਪਾ ਕੇ ਇਸ ਪ੍ਰਕ੍ਰਿਆ ਨੂੰ ਰੋਕਣ ਦਾ ਯਤਨ ਕੀਤਾ ।

ਸਰਕਾਰ ਨੇ ਬਾਅਦ 'ਚ ਸਾਰੀ ਪ੍ਰਕ੍ਰਿਆ ਮੁਕੰਮਲ ਹੋਣ ਤੇ ਪੰਜ ਅੰਕਾਂ ਵਾਲੇ ਫੈਸਲੇ ਨੂੰ ਵਾਪਿਸ ਲੈਣ ਦਾ ਪਬਲਿਕ ਨੋਟਿਸ ਰਾਹੀਂ ਸ਼ੋਧ-ਪੱਤਰ ਜਾਰੀ ਕਰਕੇ ਮਸਲੇ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਸੀ । ਪਰ ਮਾਣਯੋਗ ਹਾਈ ਕੋਰਟ ਨੇ ਨੌ ਮਹੀਨਿਆਂ ਬਾਅਦ 8 ਅਗਸਤ 2022 ਨੂੰ ਇਸ ਭਰਤੀ ਨੂੰ ਰੱਦ ਕਰਨ ਦਾ ਫੈਸ਼ਲਾ ਸੁਣਾ ਕੇ 1158 ਪਰਿਵਾਰਾਂ ਦੀਆਂ ਆਸਾਂ ਤੇ ਪਾਣੀ ਫੇਰ ਦਿੱਤਾ। ਜਿਨ੍ਹਾਂ ਨੂੰ ਆਸ ਸੀ ਕਿ ਉੱਚ ਅਦਾਲਤ ਸਿੱਖਿਆ ਦੇ ਡਿੱਗ ਰਹੇ ਮਿਆਰ ਨੂੰ ਬਚਾਉਣ ਲਈ ਸਫਲ ਉਮੀਦਵਾਰਾਂ ਦੇ ਹੱਕ 'ਚ ਫੈਸਲਾ ਦੇਵੇਗੀ। ਪਿਛਲੀ ਸਰਕਾਰ ਸਮੇਂ 1158 ਅਸਿਸਟੈਂਟ ਪ੍ਰੋਫੈਸਰਾਂ ਅਤੇ ਲਾਇਬ੍ਰੇਰੀਅਨ ਦੀ ਭਰਤੀ ਸਮੇਂ ਬਹੁਤ ਸਾਰੇ ਸਫਲ ਉਮੀਦਵਾਰ ਆਪਣੀਆਂ ਪਿਛਲੀਆਂ ਨੌਕਰੀਆਂ ਤੋਂ ਵਿਭਾਗ ਦੇ ਕਹਿਣ ਤੇ ਅਸਤੀਫੇ ਦੇ ਕੇ ਚਾਅ ਨਾਲ ਨਵੀਂ ਨਿਯੁਕਤੀ ਹੋਣ ਕਾਰਨ ਨਵੀਂ ਨੌਕਰੀ ਹਾਸਲ ਕਰਕੇ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰਨ ਦੀ ਸੋਚ ਰਹੇ ਸਨ ਪਰ ਇਹ ਕੰਮ ਉੱਚ-ਅਦਾਲਤ ਦੇ ਆਦੇਸ਼ਾਂ ਅਨੁਸਾਰ ਐਨ ਮੌਕੇ ਤੇ ਰੋਕ ਦਿੱਤਾ ਗਿਆ। ਦੂਜੇ ਪਾਸੇ ਦੋ ਤਿੰਨ ਵਿਸ਼ਿਆਂ ਦੀਆਂ ਦੀਆਂ ਲਿਸਟਾਂ ਮਹਿਕਮੇ ਦੀ ਵੈਬਸਾਈਟ ਤੇ ਪਾ ਕੇ ਸਾਈਟ ਤੋਂ ਹਟਾ ਦਿੱਤੀਆਂ ਗਈਆਂ ਸਨ ਜੋ ਕਿ ਭਾਵੇਂ ਡਾਊਨਲੋਡ ਹੋ ਕੇ ਆਊਟ ਹੋ ਚੁੱਕੀਆਂ ਸਨ ਪਰ ਇਨ੍ਹਾਂ ਲਿਸਟਾਂ ਦੇ ਸਫਲ ਉਮੀਦਵਾਰਾਂ ਦੀ ਚਿੰਤਾ ਹੋਰ ਵੀ ਵਧੇਰੇ ਹੈ। ਸਮੇਂ ਸਿਰ ਇਹ ਲਿਸਟਾਂ ਜਾਰੀ ਨਾ ਹੋਣ ਕਾਰਨ ਸਫਲ ਉਮੀਦਵਾਰ ਨਿਯੁਕਤੀ ਪੱਤਰ ਪ੍ਰਾਪਤ ਨਹੀਂ ਕਰ ਸਕੇ ਜਦੋਂ ਕਿ ਹੋਰ ਵਿਸ਼ਿਆਂ ਦੇ ਬਹੁਤੇ ਸਫਲ ਉਮੀਦਵਾਰ ਨਿਯੁਕਤੀ ਪੱਤਰ ਪ੍ਰਾਪਤ ਕਰ ਚੁੱਕੇ ਹਨ, ਜਿਨ੍ਹਾਂ 'ਚੋਂ ਬਹੁਤੇ ਸਕੂਲਾਂ/ਕਾਲਜਾਂ ਜਾਂ ਹੋਰ ਅਦਾਰਿਆਂ ਵਿੱਚ ਰੈਗੂਲਰ ਜਾਂ ਐਡਹਾਕ ਤੌਰ ਤੇ ਡਿਊਟੀ ਨਿਭਾ ਰਹੇ ਸੀ, ਉਨ੍ਹਾਂ ਨੂੰ ਪਿਛਲੀ ਨੌਕਰੀ ਤੋਂ ਅਸਤੀਫਾ ਦੇ ਕੇ ਹੀ ਜੁਆਇਨ ਕਰਨ ਲਈ ਕਹਿਆ ਗਿਆ ਸੀ, ਜਿਸ ਨਾਲ ਉਹ ਹੁਣ ਬੇਰੁਜ਼ਗਾਰ ਹੋਏ ਬੈਠੇ ਹਨ। ਕਈ ਵਿਸ਼ਿਆਂ ਦੇ ਸੌ ਤੋਂ ਉੱਪਰ ਸਿਲੈਕਟ ਹੋਏ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਅਤੇ ਸਟੇਸ਼ਨ ਸਟੇਅ ਤੋਂ ਪਹਿਲਾਂ ਅਲਾਟ ਹੋ ਚੁੱਕੇ ਸਨ ਜੋ ਕਿ ਕਾਲਜਾਂ 'ਚ ਹਾਜ਼ਰੀ ਦੇ ਕੇ ਸੇਵਾ ਨਿਭਾ ਰਹੇ ਹਨ ਅਤੇ ਆਪਣੀ ਤਨਖਾਹ ਲੈ ਰਹੇ ਹਨ। ਬਾਅਦ 'ਚ ਵਿਭਾਗ ਵਲੋਂ ਇੱਕ ਪੱਤਰ ਜਾਰੀ ਕਰਕੇ ਜਿਨ੍ਹਾਂ ਨੂੰ ਨਿਯੁਕਤੀ ਪੱਤਰ ਮਿਲ ਚੁੱਕੇ ਸਨ ਪਰ ਉਹ ਕਾਲਜਾਂ 'ਚ ਜੁਆਇਨ ਨਹੀਂ ਕਰ ਸਕੇ ਉਨ੍ਹਾਂ ਕੁਲ 462 ਸਹਾਇਕ ਪ੍ਰੋਫੇਸਰਾਂ ਦੀ ਹਾਜ਼ਰੀ ਡਾਇਰੈਕਟੋਰੇਟ ਦਫਤਰ ਵਿਖੇ ਮੰਨ ਕੇ ਉਨ੍ਹਾਂ ਦੀ ਵੀ ਹਾਜ਼ਰ ਹੋ ਚੁੱਕੇ ਅਸਿਸਟੈਂਟ ਪ੍ਰੋਫੈਸਰਾਂ ਦੇ ਨਾਲ ਹੀ ਤਨਖਾਹ ਵੱਖ-ਵੱਖ ਕਾਲਜਾਂ ਵਿੱਚ ਪਈਆਂ ਖਾਲੀ ਪੋਸਟਾਂ ਵਿਰੁੱਧ ਕਢਵਾਉਣ ਲਈ ਸਬੰਧਤ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਆਦੇਸ਼ ਦਿੱਤੇ ਗਏ ਸਨ ਪਰ ਅਜੇ ਤੱਕ ਉਨ੍ਹਾਂ ਨੂੰ ਤਨਖਾਹ ਨਹੀਂ ਮਿਲੀ। ਇਥੇ ਇਹ ਵੀ ਵਰਣਨਯੋਗ ਹੈ ਕਿ ਨਿਯੁਕਤੀ ਪੱਤਰ ਪ੍ਰਾਪਤ ਕਰਨ ਵਾਲੇ ਉਮੀਦਵਾਰਾਂ ਤੋਂ ਪਿਛਲੀਆਂ ਨੌਕਰੀਆਂ ਤੋਂ ਅਸਤੀਫੇ ਲਏ ਗਏ ਹਨ ਜਿਸ ਨਾਲ ਹੁਣ ਉਹ ਸਾਰੇ ਹੀ ਬੇਰੁਜ਼ਗਾਰ ਹੋ ਕੇ ਆਰਥਿਕ ਤੰਗੀ 'ਚੋਂ ਲੰਘ ਰਹੇ ਹਨ। ਕਈਆਂ ਨੇ ਕਈ ਕਿਸਮ ਦੇ ਲੋਨ ਵਗੈਰਾ ਲਏ ਹੋਣਗੇ, ਉਨ੍ਹਾਂ ਦੀਆਂ ਕਿਸ਼ਤਾਂ ਉਹ ਕਿਵੇਂ ਭਰਨਗੇ। ਇਸ ਤਰ੍ਹਾਂ ਇਹ ਤਾਣਾ ਬਾਣਾ ਉਲਝਿਆ ਪਿਆ ਹੈ, ਹੁਣ ਇਹ ਇੱਕ ਗੰਭੀਰ ਮੁੱਦਾ ਬਣ ਗਿਆ ਹੈ। ਤਕਰੀਬਨ ਅੱਧੇ ਸਫਲ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਨਹੀਂ ਮਿਲ ਸਕੇ ਉਹ ਅਜੇ ਆਪਣੇ ਭਵਿੱਖ ਲਈ ਚਿੰਤਾਗ੍ਰਸ਼ਤ ਹਨ ।ਇਹ ਪੀੜ੍ਹਤ ਸਿਲੈਕਟਿਡ ਅਧਿਆਪਕ ਪਿਛਲੇ ਲੰਬੇ ਸਮੇਂ ਤੋਂ ਸਿੱਖਿਆ ਮੰਤਰੀ ਦੇ ਪਿੰਡ ਪੱਕਾ ਮੋਰਚਾ ਲਾਈ ਬੈਠੇ ਹਨ। ਪਰ ਪਰਨਾਲਾ ਉਥੇ ਦਾ ਉਥੇ ਹੀ ਹੈ।

ਪੰਜਾਬ ਅੰਦਰ ਨਵੀਂ ਬਣੀ ਸਰਕਾਰ ਵਲੋਂ ਸਿਹਤ ਅਤੇ ਸਿੱਖਿਆ ਦੇ ਸੁਧਾਰ ਦੇ ਮਹੱਤਵਪੂਰਣ ਮੁੱਦੇ ਪਹਿਲ ਦੇ ਆਧਾਰ ਤੇ ਹੱਲ ਕਰਨ ਲਈ ਰੱਖੇ ਗਏ ਸਨ । ਜਿਨ੍ਹਾਂ 'ਚੋਂ ਉਚੇਰੀ ਸਿੱਖਿਆ ਦੇ ਡਿੱਗ ਰਹੇ ਮਿਆਰ ਨੂੰ ਬਚਾਉਣਾ ਵੀ ਅਹਿਮ ਮੁੱਦਾ ਹੈ ਜੋ ਨੌਜਵਾਨਾਂ ਅਤੇ ਰੁਜ਼ਗਾਰ ਨਾਲ ਜੁੜਿਆ ਹੋਇਆ ਹੈ। ਇਸ ਵਿਭਾਗ ਦੇ ਸਿੱਖਿਆ ਮੰਤਰੀ ਵੀ ਨੌਜਵਾਨ ਅਤੇ ਚੰਗੇ ਪੜ੍ਹੇ ਲਿਖੇ ਹਨ ਜਿਨ੍ਹਾਂ ਤੋਂ ਇਸ ਮਸਲੇ ਦੇ ਹੱਲ ਦੀ ਆਸ ਕੀਤੀ ਜਾ ਰਹੀ ਹੈ ਕਿਉਂ ਕਿ ਉਹ ਜਰੂਰ ਬੇਰੁਜ਼ਗਾਰਾਂ ਦੇ ਦਰਦ ਨੂੰ ਭਲੀਭਾਂਤ ਜਾਣਦੇ ਹੋਣਗੇ। ਪਿਛਲੇ ਦਿਨਾਂ ਤੋਂ ਵੱਖ-ਵੱਖ ਸਹਿਰਾਂ ਵਿਖੇ ਪੀੜ੍ਹਤ ਸਫਲ ਉਮੀਦਵਾਰਾਂ ਵਲੋਂ ਸਥਾਨਕ ਪੱਧਰੀ ਇਕੱਤਰਤਾ ਕਰਕੇ ਆਪਣਾ ਸਾਂਤਮਈ ਰੋਸ਼ ਪ੍ਰਗਟ ਕੀਤਾ ਹੈ। ਪਿਛਲੇ ਸਮੇਂ ਸੰਗਰੂਰ ਵਿਖੇ ਮੁੱਖ ਮੰਤਰੀ ਦੀ ਕੋਠੀ ਅੱਗੇ ਰੋਸ ਰੈਲੀ ਕੱਢ ਕੇ ਵੱਡਾ ਇਕੱਠ ਕਰਕੇ ਆਪਣੀਆਂ ਮੰਗਾਂ ਦੇ ਸਬੰਧ ਵਿਚ ਤਹਿਸੀਲਦਾਰ ਨੂੰ ਮੰਗ ਪੱਤਰ ਦੇਣ ਉਪਰੰਤ ਮੁੱਖ ਮੰਤਰੀ ਨਾਲ ਮੀਟਿੰਗ ਦੀ ਤਾਰੀਖ ਲਈ ਹਾਂ ਹੋਈ ਸੀ ਪਰ ਇਹ ਮੀਟਿੰਗ ਨਹੀਂ ਮਿਲੀ। ਮਾਣਯੋਗ ਹਾਈ ਕੋਰਟ ਵਲੋਂ 16 ਸਤੰਬਰ 2022 ਨੂੰ ਫੈਸ਼ਲੇ ਦੀ ਕਾਪੀ ਜਾਰੀ ਕੀਤੀ ਗਈ ਜਿਸ ਵਿੱਚ ਸਰਕਾਰ ਵਲੋਂ ਭਰਤੀ ਪ੍ਰਕ੍ਰਿਆ ਨੂੰ ਕਰਦੇ ਸਮੇਂ ਜੋ ਊਣਤਾਈਆਂ ਪਾਈਆਂ ਗਈਆਂ ਜੋ ਕਿ ਸਰਕਾਰ ਦੀ ਅਣਗਹਿਲੀ ਸਦਕਾ ਹੋਇਆ । ਇਸ ਲਈ 1158 ਸਫਲ ਉਮੀਦਵਾਰਾਂ ਦਾ ਇਸ 'ਚ ਕੋਈ ਕਸੂਰ ਨਹੀਂ। ਜਿਨ੍ਹਾਂ ਸਬੰਧਤ ਅਧਿਕਾਰੀਆਂ ਨੇ ਅਣਗਹਿਲੀ ਕੀਤੀ ਹੈ ਉਨ੍ਹਾਂ ਨੂੰ ਸ਼ਜਾ ਮਿਲਣੀ ਚਾਹੀਦੀ ਹੈ ਨਾ ਕਿ ਉਮੀਦਵਾਰਾਂ ਨੂੰ। ਇਸ ਕੋਰਟ ਕੇਸ ਨਾਲ ਨਾ ਤਾਂ ਰਿੱਟਾਂ ਕਰਨ ਵਾਲਿਆ ਨੂੰ ਕੋਈ ਰਾਹਤ ਮਿਲੀ, ਨਾ ਕੋਈ ਸਰਕਾਰ ਦੀ ਅਗਲੀ ਰਣਨੀਤੀ ਇਸ ਮਸਲੇ ਨੂੰ ਹੱਲ ਕਰਨ ਲਈ ਸਾਹਮਣੇ ਆਈ ਹੈ, ਜਦੋਂ ਕਿ ਲੱਖਾਂ ਰੁਪਏ ਇਸ ਪ੍ਰਕ੍ਰਿਆ ਉੱਪਰ ਖਰਚੇ ਗਏ ਹਨ। ਪਹਿਲਾਂ ਹੀ ਸਥਿਤੀ ਬੜੀ ਚਿੰਤਾਜਨਕ ਬਣੀ ਹੋਈ ਸੀ ਜੋ ਕਿ ਮਾਣਯੋਗ ਹਾਈ ਕੋਰਟ ਦੇ ਆਏ ਫੈਸਲੇ ਨਾਲ ਹੁਣ ਹੋ ਵੀ ਵਧੇਰੇ ਚਿੰਤਾਜਨਕ ਬਣ ਗਈ ਹੈ। ਇਸ ਭਰਤੀ ਪ੍ਰਕ੍ਰਿਆ ਵਿੱਚ ਰਾਜਨੀਤਕ ਲੋਕਾਂ ਦੀ ਸਮੂਲੀਅਤ ਦੀ ਦੂਰ ਦੀ ਗੱਲ ਸੀ ਕਿਉਂ ਕਿ ਕੋਈ ਇੰਟਰਵਿਊ ਕਮੇਟੀ ਦੇ ਅੰਕ ਬਗੈਰਾ ਨਹੀਂ ਰੱਖੇ ਗਏ , ਜਿਥੇ ਕਿ ਪਹੁੰਚ ਵਾਲੇ ਲੋਕਾਂ ਲਈ ਲਾਹੇਵੰਦ ਹੋਣਾ ਸੀ, ਜੋ ਨਹੀਂ ਹੋਇਆ। ਇਸੇ ਕਰਕੇ ਇਹ ਭਰਤੀ ਦਾ ਪਾਰਦਰਸ਼ੀ ਕੰਮ ਤੇਜ਼ੀ ਨਾਲ ਹੋਇਆ। ਉਚੇਰੀ ਸਿੱਖਿਆ ਦੇ ਸਕੱਤਰ ਨੂੰ ਇਸ ਗੰਭੀਰ ਮਸਲੇ ਨੂੰ ਬਾਰੀਕੀ ਨਾਲ ਘੋਖ ਕਰਕੇ ਸਰਕਾਰ ਦਾ ਪੱਖ ਉੱਚ ਅਦਾਲਤ ਵਿੱਚ ਪੇਸ਼ੀ 'ਤੇ ਰੱਖ ਕੇ ਸਟੇਅ ਖਾਲੀ ਕਰਵਾਉਣ ਦਾ ਹੋਣਾ ਚਾਹੀਦਾ ਸੀ, ਜੋ ਨਹੀਂ ਹੋਇਆ।

ਪੰਜਾਬ ਸਰਕਾਰ ਵਲੋਂ ਵਾਰ-ਵਾਰ ਐਡਵੋਕੇਟ ਜਨਰਲ ਨੂੰ ਬਦਲਣ ਦੇ ਚੱਕਰ ਵਿੱਚ ਹੀ ਸਮਾਂ ਲੰਘਦਾ ਜਾ ਰਿਹਾ ਹੈ ਜਿਸ ਸਦਕਾ ਇਸ ਕੇਸ ਦੀ ਸਰਕਾਰ ਤਰਫੋਂ ਕੋਈ ਲੋਕ ਹਿਤ ਲਈ ਠੋਸ ਪੈਰਵਾਈ ਹੁਣ ਤੱਕ ਨਹੀਂ ਹੋ ਸਕੀ। ਮਾਣਯੋਗ ਹਾਈ ਕੋਰਟ ਵਲੋਂ ਕਿੰਨੀ ਵਾਰ ਤਾਂ ਸਰਕਾਰ ਵਲੋਂ ਜਵਾਬਦਾਵਾ ਪੇਸ਼ ਨਾ ਕਰਨ ਕਾਰਨ ਸੁਣਵਾਈ ਵਾਰ-ਵਾਰ ਅੱਗੇ ਪਾਈ ਗਈ ਹੈ ।

ਕੁਝ ਸਿਲੈਕਟ ਹੋਏ ਉਮੀਦਵਾਰਾਂ ਨੂੰ ਸਟੇਸ਼ਨ ਅਲਾਟ ਹੋ ਚੁੱਕੇ ਹਨ ਜੋ ਕਿ ਕਾਲਜਾਂ 'ਚ ਹਾਜ਼ਰੀ ਦੇ ਚੁੱਕੇ ਹਨ, ਉਨ੍ਹਾਂ ਦੀ ਤਨਖਾਹ ਕਢਵਾਉਣ ਦੇ ਮਹਿਕਮੇ ਵਲੋਂ ਪ੍ਰਿੰਸੀਪਲਾਂ ਨੂੰ ਪੱਤਰ ਜਾਰੀ ਕੀਤਾ ਗਿਆ। ਬਾਅਦ 'ਚ ਨਵਾਂ ਪੱਤਰ ਜਾਰੀ ਕਰਕੇ ਜਿਨ੍ਹਾਂ ਨੂੰ ਨਿਯੁਕਤੀ ਪੱਤਰ ਮਿਲ ਚੁੱਕੇ ਹਨ ਉਨ੍ਹਾਂ ਕੁਲ 462 ਸਹਾਇਕ ਪ੍ਰੋਫੇਸਰਾਂ ਦੀ ਹਾਜ਼ਰੀ ਡਾਇਰੈਕਟੋਰੇਟ ਦਫਤਰ ਵਿਖੇ ਮੰਨ ਕੇ ਉਨ੍ਹਾਂ ਦੀ ਵੀ ਹਾਜ਼ਰ ਹੋ ਚੁੱਕੇ ਅਸਿਸਟੈਂਟ ਪ੍ਰੋਫੈਸਰਾਂ ਦੇ ਨਾਲ ਹੀ ਤਨਖਾਹ ਵੱਖ-ਵੱਖ ਕਾਲਜਾਂ ਵਿੱਚ ਪਈਆਂ ਖਾਲੀ ਪੋਸਟਾਂ ਵਿਰੁੱਧ ਕਢਵਾਉਣ ਲਈ ਸਬੰਧਤ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਆਦੇਸ਼ ਦਿੱਤੇ ਗਏ ਸਨ ਪਰ ਅਜੇ ਤੱਕ ਉਨ੍ਹਾਂ ਨੂੰ ਤਨਖਾਹ ਨਹੀਂ ਮਿਲੀ। ਇਥੇ ਇਹ ਵੀ ਵਰਣਨਯੋਗ ਹੈ ਕਿ ਨਿਯੁਕਤੀ ਪੱਤਰ ਪ੍ਰਾਪਤ ਕਰਨ ਵਾਲੇ ਉਮੀਦਵਾਰਾਂ ਤੋਂ ਪਿਛਲੀਆਂ ਨੌਕਰੀਆਂ ਤੋਂ ਅਸਤੀਫੇ ਲਏ ਗਏ ਹਨ ਜਿਸ ਨਾਲ ਹੁਣ ਉਹ ਸਾਰੇ ਹੀ ਬੇਰੁਜ਼ਗਾਰ ਹੋ ਕੇ ਆਰਥਿਕ ਤੰਗੀ 'ਚੋਂ ਲੰਘ ਰਹੇ ਹਨ। ਕਈਆਂ ਨੇ ਕਈ ਕਿਸਮ ਦੇ ਲੋਨ ਵਗੈਰਾ ਲਏ ਹੋਣਗੇ, ਉਨ੍ਹਾਂ ਦੀਆਂ ਕਿਸ਼ਤਾਂ ਕਿਵੇਂ ਭਰਨਗੇ। ਇਹ ਇੱਕ ਗੰਭੀਰ ਮੁੱਦਾ ਬਣ ਗਿਆ ਹੈ। ਤਕਰੀਬਨ ਅੱਧੇ ਸਫਲ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਨਹੀਂ ਮਿਲ ਸਕੇ ਉਹ ਅਜੇ ਆਪਣੇ ਭਵਿੱਖ ਲਈ ਚਿੰਤਾਗ੍ਰਸ਼ਤ ਹਨ ਜਦੋਂ ਕਿ ਕੁਝ ਵਿਸ਼ਿਆਂ ਦੇ ਸਿਲੈਕਟ ਉਮੀਦਵਾਰ ਕਾਲਜਾਂ ਵਿੱਚ ਸਟੇਅ ਤੋਂ ਪਹਿਲਾਂ ਜੁਆਇਨ ਕਰ ਚੁੱਕੇ ਹਨ ਜੋ ਆਪਣੀ ਡਿਊਟੀ ਨਿਭਾ ਰਹੇ ਹਨ ਅਤੇ ਤਨਖਾਹ ਲੈ ਰਹੇ ਹਨ ।ਇਸ ਤਰ੍ਹਾਂ ਇਹ ਤਾਣਾ ਬਾਣਾ ਉਲਝਿਆ ਪਿਆ ਹੈ।

ਜੇ ਨਵੀਂ ਸਰਕਾਰ ਇਨ੍ਹਾਂ ਸਫ਼ਲ ਉਮੀਦਵਾਰਾਂ ਲਈ ਜੁਆਇਨਿੰਗ ਕਰਵਾਉਣ ਲਈ ਕਾਨੂੰਨੀ ਰਾਇ ਲੈ ਕੇ ਸਪੈਸ਼ਲ ਆਰਡੀਨੈਂਸ ਜਾਰੀ ਕਰਕੇ ਇਸ ਮਸਲੇ ਦਾ ਹੱਲ ਕੱਢ ਸਕਦੀ ਹੈ ਤਾਂ ਜਰੂਰ ਕੱਢਣਾ ਚਾਹੀਦਾ ਹੈ।

ਆਸ ਸੀ ਕਿ ਨਵੀਂ ਸਰਕਾਰ ਆਪਣਾ ਪੱਖ ਮਜਬੂਤੀ ਨਾਲ ਰੱਖ ਕੇ ਸਟੇਅ ਨੂੰ ਤੜਵਾਉਣ ਲਈ ਹਰ ਸੰਭਵ ਯਤਨ ਕਰੇਗੀ ਤਾਂ ਕਿ ਇਹ ਭਰਤੀ ਜਲਦੀ ਸਿਰੇ ਚੜ੍ਹ ਜਾਵੇ ਜਿਸ ਨਾਲ ਰਹਿੰਦੇ ਸਫਲ ਉਮੀਦਵਾਰਾਂ ਨੂੰ ਰੁਜ਼ਗਾਰ ਮਿਲ ਸਕੇ ਅਤੇ ਉਚੇਰੀ ਸਿੱਖਿਆ ਦੇ ਡਿੱਗ ਰਹੇ ਮਿਆਰ ਨੂੰ ਬਚਾਇਆ ਜਾ ਸਕੇ ਕਿਉਂ ਕਿ ਲੋਕਾਂ ਲਈ ਸਿੱਖਿਆ ਅਤੇ ਸਿਹਤ 'ਚ ਸੁਧਾਰ ਕਰਨਾ ਆਮ ਆਦਮੀ ਪਾਰਟੀ ਦੇ ਮੁੱਖ ਮੁੱਦੇ ਸੀ। ਪਰ ਅਜੇ ਤੱਕ ਸਰਕਾਰ ਦਾ ਹੁੰਗਾਰਾ ਕੋਈ ਵਧੀਆ ਨਹੀਂ ਦਿੱਸ ਰਿਹਾ ਜੋ ਕਿ 'ਆਪ' ਸਰਕਾਰ ਦੀਆਂ ਨੀਤੀਆਂ ਉੱਪਰ ਸਵਾਲੀਆਂ ਚਿੰਨ੍ਹ ਖੜ੍ਹਾ ਕਰਦਾ ਹੈ।

ਸਰਕਾਰ ਵਲੋਂ ਇਸ ਸਬੰਧ ਵਿੱਚ ਕੋਈ ਹੱਲ ਕੱਢਣ ਦਾ ਕੋਈ ਬਿਆਨ ਨਾ ਜਾਰੀ ਕਰਨਾ, ਕੋਈ ਸੁਹਿਰਦਤਾ ਨਾਲ ਮੀਟਿੰਗ ਨਾ ਦੇਣਾ ਵੀ ਲੋਕ ਵਿਰੋਧੀ ਜਾਪਦਾ ਹੈ। ਵੋਟਾਂ ਤੋਂ ਲੈਣ ਤੋਂ ਪਹਿਲਾਂ ਜੋ ਕੁਰਸੀਆਂ ਪ੍ਰਾਪਤ ਕਰਨ ਵਾਲੇ ਕਹਿੰਦੇ ਸੀ ਉਹ ਲਾਰੇ ਹੀ ਸਾਬਤ ਹੋਏ।

ਆਸ ਹੈ ਕਿ ਉੱਚ ਅਦਾਲਤ ਇਨ੍ਹਾਂ ਸਫਲ ਉਮੀਦਵਾਰਾਂ ਨੂੰ ਜਰੂਰ ਰਾਹਤ ਦੇਵੇਗੀ, ਜਿਨ੍ਹਾਂ ਖਿਲਾਫ ਕੋਈ ਸ਼ਿਕਾਇਤ ਨਹੀਂ ।ਅਗਰ ਰਿੱਟਾਂ ਕਰਨ ਵਾਲੇ ਉਮੀਦਵਾਰਾਂ ਲਈ ਕੋਈ ਰਾਹਤ ਦੀ ਗੱਲ ਹੈ , ਉਹ ਕੋਰਟ ਦੇ ਫੈਸ਼ਲੇ ਤੇ ਛੱਡ ਦੇਣੀ ਚਾਹੀਦੀ ਹੈ। ਐਡੀ ਵੱਡੀ ਪ੍ਰਕ੍ਰਿਆ ਨੂੰ ਬਹੁਤ ਸਾਲਾਂ ਬਾਅਦ ਬਹੁਤ ਘੱਟ ਸੀਮਤ ਸਮੇਂ ਵਿੱਚ ਨੇਪੜੇ ਚਾੜ੍ਹਨਾ ਮਹਿਕਮੇ ਦੀ ਵੱਡੀ ਪ੍ਰਾਪਤੀ ਜਰੂਰ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭਰਤੀ ਨਿਰੋਲ ਪਾਰਦਰਸ਼ੀ ਢੰਗ ਨਾਲ ਹੋਈ ਹੈ। ਸਿਫਾਰਸ਼ ਦੀ ਗੁੰਜਾਇਸ਼ ਨਾ ਹੋਣ ਕਰਕੇ ਵੀ ਕਈਆਂ ਨੂੰ ਐਨੀ ਜਲਦੀ ਭਰਤੀ ਕਰਨ ਕਰਕੇ ਵੀ ਇਹ ਗੱ.ਲ ਹਜ਼ਮ ਨਹੀਂ ਆ ਰਹੀ। ਅਜੇ ਵੀ ਇਨ੍ਹਾਂ ਸਿਲੈਕਟ ਹੋਏ ਉਮੀਦਵਾਰਾਂ ਨੂੰ ਆਸ ਹੈ ਕਿ ਸਿੱਖਿਆ ਮੰਤਰੀ ਅਤੇ ਸਿੱਖਿਆ ਸਕੱਤਰ ਰਾਜ ਸਰਕਾਰ ਵਲੋਂ ਦਿਆਨਤਦਾਰੀ ਨਾਲ ਇਸ ਕੇਸ ਦੀ ਪੈਰਵੀ ਕਰਵਾ ਕੇ ਮਸਲਾ ਹੱਲ ਕਰਵਾ ਲੈਣਗੇ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

### ਐਡਮਿੰਟਨ ਦਾ ਸਭ ਤੋਂ ਪਹਿਲਾ ਗੁਰਦੁਆਰਾ

# ਸ੍ਰੀ ਗੁਰੂ ਨਾਨਕ ਸਿੱਖ ਗੁਰਦੁਆਰਾ ਆਫ਼ ਅਲਬਰਟਾ, ਐਡਮਿੰਟਨ, ਕਨੇਡਾ



ਬਲਵਿੰਦਰ 'ਬਾਲਮ' ਗੁਰਦਾਸਪੁਰ
91-98156-25409

ਸ੍ਰੀ ਗੁਰੂ ਨਾਨਕ ਸਿੱਖ ਗੁਰਦੁਆਰਾ ਆਫ਼ ਅਲਬਰਟਾ, ਐਡਮਿੰਟਨ, ਕਨੇਡਾ ਲਗਭਗ 1980 ਨੂੰ ਹੋਂਦ ਵਿਚ ਐਡਮਿੰਟਨ ਵਿਚ ਇਹ ਸਭ ਤੋਂ ਪਹਿਲਾ ਬਣਿਆ ਗੁਰਦੁਆਰਾ ਹੈ। ਇਹ ਨਾਰਥ ਵੈਸਟ, ਸੇਂਟ ਅਲਬਰਟ ਟਰੇਲ ਵਿਖੇ ਸਥਿਤ ਹੈ। ਵਿਦੇਸ਼ਾਂ ਵਿਚ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ਾਂ, ਉਪਦੇਸ਼ਾਂ, ਬਾਣੀ, ਭੋਤਿਕਵਾਦੀ ਸਮਾਜ ਸੰਪਰਕਾਂ ਨੂੰ ਮਜ਼ਬੂਤ ਕਰਨਾ, ਪੰਜਾਬੀ ਸਭਿਆਚਾਰ ਅਤੇ ਵਿਰਾਸਤ ਨੂੰ ਸ਼ਾਨਦਾਰ ਢੰਗ ਨਾਲ ਮਲਮਲੀ ਕੋਮਲਤਾ, ਭਾਵੁਕਤਾ, ਮਨੁੱਖ ਵਿਚ ਸੰਵੇਦਨ ਦੀ ਤਰਲਤਾ ਅਤੇ ਸੰਵੇਦਨਸ਼ੀਲਤਾ ਦੀ ਗਗਾਤਮਿਕਤਾ ਦੀ ਖੁਸ਼ਬੂ ਬਿਖੇਰਦੇ ਹੋਏ ਸਿੱਖ ਭਾਈਚਾਰਾ ਸਮਾਜ ਜੀਵਨ ਦੀ ਨੂੰ ਆਸਰਾ, ਦਸਤਾਰ, ਪੰਜਕਰਾਰ, ਅਮ੍ਰਿਤ ਬਾਂਟੇ ਦਾ ਸੰਦੇਸ਼, ਕੇਸਰੀ ਨਿਸ਼ਾਨ ਦੀ ਮਹਤੱਤਾ, ਨੌਛਾਵਰ ਭਾਵਨਾ, ਹੁਕਮ ਰਜਾਈ ਚਲਣਾ, ਲੰਗਰ ਪ੍ਰਥਾ ਆਦਿ ਸਿੱਖੀ ਚਿੰਨ੍ਹ ਵੇਖਣ ਨੂੰ ਮਿਲਦੇ ਹਨ ਅਤੇ ੧ਓ ਦੇ ਖੋਜੀ ਬਾਬਾ ਨਾਨਕ ਦਾ ਸੰਦੇਸ਼ । ਗੁਰੂ ਨਾਨਕ ਦੇਵ ਜੀ ਦੇ ਧਰਮ ਸਥਾਨ ਨਾਲ ਸੰਬਧਿਤ, ਜਿਸ ਵੀ ਧਰਮਧਾਮ ਜਾਂ ਸਰਬਸਾਂਝੇ ਸਥਾਨ ਵਿਚ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇ ਉਸ ਨੂੰ ਸਿੱਖ ਪਰੰਪਰਾ ਸ਼ਬਦਾਵਲੀ ਵਿਚ ਗੁਰਦੁਆਰਾ ਸਾਹਿਬ ਕਿਹਾ ਜਾਂਦਾ ਹੈ। ਇਸ ਦਾ ਸ਼ਾਬਦਿਕ ਅਰਥ ਹੈ-ਗੁਰੂ ਦਾ ਘਰ, ਗੁਰੂ ਦਾ ਦੁਆਰਾ, ਸੱਚ ਖੰਡ, ਹਰ ਗੁਰਦੁਆਰੇ ਵਿਚ ਇਕ ਉੱਚਾ ਕੇਸਰੀ ਪਰਚਮ ਜਰੂਰ ਹੁੰਦਾ ਹੈ, ਸੰਗਠਨ ਕੀਤਾ ਗਿਆ ਹੈ । ਪ੍ਰਾਚੀਨ ਇਮਾਰਤ ਦਾ ਘੇਰਾ ਘੱਟ ਹੋਣ ਕਰਕੇ ਇਸ ਨੂੰ ਹੋਰ ਵਧਾ ਕੇ ਆਧੁਨਿਕ ਸੁਵਿਧਾ ਪੂਰਵਕ ਸ਼ੈਲੀ ਵਿਚ ਸਿਰਜਨ ਕੀਤਾ ਗਿਆ ਹੈ । ਬਾਹਰੀ ਦਿੱਖ ਨੂੰ ਹੋਰ ਸੁੰਦਰੀਕਰਣ ਅਤੇ ਮਰਮ ਸਪਰਸ਼ੀ ਬਣਾਉਣ ਲਈ ਵੱਡੇ ਆਕਾਰ ਦੇ ਕੰਧ ਨੁਮਾਂ ਸ਼ੀਸ਼ਿਆਂ ਨਾਲ ਤਿਆਰ ਕੀਤਾ ਜਾ ਰਿਹਾ ਹੈ । ਜਿੱਥੇ ਸਿੱਖ ਮਰਿਆਦਾ ਅਨੁਸਾਰ ਹਰ ਤਰ੍ਹਾਂ ਦੇ ਸਮਾਗਮ ਕਰਵਾਏ ਜਾ ਸਕਦੇ ਹਨ । ਵਿਆਹ-ਸ਼ਾਦੀਆਂ ਲਈ ਆਧੁਨਿਕ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਕਿਸੇ ਵੀ ਰਸਮ ਰੀਤੀ ਰਿਵਾਜ਼ ਜਾਂ ਸਮਾਗਮ ਲਈ ਕੋਈ ਪੈਸਾ ਨਹੀਂ ਲਿਆ ਜਾਂਦਾ । ਘਰਾਂ ਵਿਚ ਕੋਈ ਵੀ ਧਾਰਮਿਕ ਕਾਰਜ ਕਰਵਾਉਣਾ ਮੁਫ਼ਤ ਹਨ। ਬੁੱਧਵਾਰ ਸੁਖਮਣੀ ਸਾਹਿਬ, ਸ਼ਨੀਵਾਰ ਵਾਹਿਗੁਰੂ ਦਾ ਜਾਪ ਅਤੇ ਐਤਵਾਰ ਕੀਰਤਨ, ਛੇ ਛੌਂ ਨੌ ਵਜੇ ਤੱਕ। ਰਸੋਈ ਘਰ ਵਿਚ ਸਾਰੀਆਂ ਸਹੂਲਤਾਂ ਆਧੁਨਿਕ ਸ਼ੈਲੀ ਵਿਚ ਓਤ ਪ੍ਰੋਤ ਹਨ । ਰਸੋਈ ਘਰ ਲਗਭਗ 1280 ਸਕੇਅਰ ਫੁੱਟ ਵਿਚ ਅਲੰਕਾਰਿਤ ਹੈ, ਧੋਣ







ਭਾਂਤੀ ਅਤੇ ਪ੍ਰਸੰਨਤਾ ਵੰਡ ਰਹੇ ਹਨ। ਵਿਦੇਸ਼ਾਂ ਵਿਚ ਵੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਪ੍ਰਫੁਲਤ ਕਰਕੇ ਖੁਬਸੂਰਤ ਮਾਨਵਤਾਵਾਦੀ ਕੀਰਤੀਮਾਨ ਸਥਾਪਿਤ ਕੀਤੇ ਹੋਏ ਹਨ । ਅਗਰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਅਸਲੀ ਰੂਪ ਵੇਖਣਾ ਹੋਵੇ ਤਾਂ ਗੁਰਦੁਆਰਾ ਸਾਹਿਬ ਚਲੇ ਜਾਉ । ਇਸ ਦੀ ਪ੍ਰਾਚੀਨਤਾ ਅਤੇ ਨਵੀਨਤਾ ਦੀ ਝਲਕ ਮਹਿਸੂਸ ਕਰ ਲਵੋਂਗੇ । ਆਪਣੇ ਆਪ ਨੂੰ ਮੋਹ ਦੇ ਨਿੱਘ ਵਿਚ ਪਿਰੋ ਕੇ, ਇੰਨਸਾਨੀ ਕਦਰਾਂ ਕੀਮਤਾਂ ਵਿਚ ਰਹਿ ਕੇ ਅਧਿਆਤਮਿਕਤਾ ਦੇ ਪਰਾਏਵਾਚੀ ਹੋ ਜਾਉਗੇ। ਇੱਥੇ ਅਧਿਆਤਮਿਕ ਸਕੂਨ, ਗੁਰਬਾਣੀ ਦੀ ਮਰਿਆਦਾ ਦੇ ਸਾਕਾਰਤਮਿਕ ਚਿੰਨ੍ਹ ਧੁਰ ਅੰਦਰ ਤੱਕ ਆਤਮਤੁਸ਼ਟੀ ਦਾ ਸਬੂਤ ਦਿੰਦੇ ਹਨ । ਸਰਬ ਸਾਂਝੀ ਵਾਲਤਾ ਅਥੇ ਇਨਸਾਨੀ ਕਰਦਰਾਂ ਕੀਮਤਾਂ ਦੀ ਰੰਗਤ ਆਪ ਮੁਹਾਰੇ ਹੀ ਹਿਰਦੇ ਵਿਚ ਸਮੋ ਜਾਂਧੀ ਹੈ । ਨਿਮਰਤਾ ਅਤੇ ਸੇਵਾ ਪੰਚ ਦੀ ਪਰਿਭਾਸ਼ਾ ਵੇਖਣ ਨੂੰ ਮਿਲ ਜਾਂਦੀ ਹੈ, ਜਿੱਥੇ ਸਮਤਾ, ਭਗਤੀ, ਸ਼ਕਤੀ ਸੰਜਮ, ਸਾਂਝੀਵਾਲਤਾ, ਅਨੁਸ਼ਾਸਨ, ਕਰਮਠ ਨਿਸ਼ਠਾ, ਇਕਜੁਟਤਾ, ਦਯਾ ਸੰਤੋਖ, ਸਬਰ, ਕੁਰਬਾਨੀ, ਨਿਸ-ਸਵਾਰਥ ਸੇਵਾ, ਵੰਡ ਛਕਣਾ, ਦਸਵੰਦ, ਨਿਤਨੇਮ, ਕਿਰਤ, ਸਰਬਤ ਦਾ ਭਲਾ, ਬੇਆਸਰਿਆਂ ਜਿਸ ਨੂੰ ਨਿਸ਼ਾਨ ਸਾਹਿਬ ਕਹਿੰਦੇ ਹਨ ।ਜਿਨ੍ਹਾਂ ਸਥਾਨਾਂ ਉਪੱਰ ਛੇਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਾਹਿਬ ਨੇ ਯਾਤਰਾ ਕੀਤੀ, ਉੱਥੇ ਮੌਜੂਦਾ ਗੁਰਦੁਆਰਿਆਂ ਵਿਚ ਦੋ ਨਿਸ਼ਾਨ ਸਾਹਿਬ ਵੀ ਲੱਗੇ ਹੁੰਦੇ ਹਨ, ਮੀਰੀ ਅਤੇ ਪੀਰੀ ਦੀ ਨਿਸ਼ਾਨੀ ਹਨ । ਸ੍ਰੀ ਗੁਰੂ ਨਾਨਕ ਸਿੱਖ ਗੁਰਦੁਆਰਾ ਆਫ਼ ਅਲਬਰਟਾ, ਐਡਮਿੰਟਨ, ਕਨੇਡਾ, ਪ੍ਰਾਚੀਨਤਾ ਤੋਂ ਵਰਤਮਾਨ ਸਾਕਾਰਾਤਮਿਕ ਸ਼ਿਲਪਕਾਰੀ ਦੀ ਨਵੀਨਤਾ ਨੂੰ ਅਪਣਾ ਰਿਹਾ ਹੈ । ਇਸ ਸਥਾਨ ਦੇ ਸੇਵਕ (ਅਨੁਯਾਈ) ਸ. ਅਵਤਾਰ ਸਿੰਘ ਗਿੱਲ ਨੇ ਦੱਸਿਆ ਕਿ ਇੱਥੇ ਪ੍ਰਾਚੀਨ ਅਤੇ ਆਧੁਨਿਕ ਸਹੂਲਤਾਂ ਗਹਿਰੀ ਪ੍ਰਤੀਤੀ, ਆਤਮ ਪ੍ਰਸੰਨਤਾ, ਪ੍ਰੇਮ ਅਤੇ ਸਮਤਾ ਭਾਵਨਾ ਨਾਲ ਮੁਹੱਈਆ ਕੀਤੀਆਂ ਜਾਂਦੀਆਂ ਹਨ । ਪ੍ਰਾਚੀਨ ਸਰਲਤਾ ਅਤੇ ਆਧੁਨਿਕ ਦ੍ਰਿਸ਼ ਸੁੰਦਰਤਾ ਵਿਚ ਨਿਸ਼ਠਾ ਦੀ ਪ੍ਰਤਿਸ਼ਠਾ ਗਹਿਰੀਅਰਥਾਂ ਨਾਲ ਸੰਪੂਰਨ ਹੈ । ਇਹ ਪਵਿੱਤਰ ਸਥਾਨ ਲਗਭਗ ਦੋ ਏਕੜ ਵਿਚ ਸੁਸ਼ੋਭਿਤ ਹੈ । ਲੰਗਰ ਹਾਲ ਲਗਭਗ 7200 ਸਕੇਅਰ ਫੁੱਟ ਹੋਵੇਗਾ । ਜਿਸ ਨੂੰ ਵਰਤਮਾਨ ਹਾਲਾਤਾਂ ਵਿਚ ਆਧੁਨਿਕ ਢੰਗ ਅਵਸਥਾ ਵਿਚ ਬਦਲਿਆ ਗਿਆ ਹੈ ਅਤੇ ਪੁਰਾਣੀ ਇਮਾਰਤ ਦੇ ਕੁਝ ਹਿਸੇ ਨੂੰ ਦੁਬਾਰਾ ਸੁੰਦਰੀਕਰਣ ਵਿਚ ਪਿਰੋਕੇ ਪੁਨਰ ਹੋਵੇ ਉਸ ਦਾ ਪ੍ਰਬੰਧਕੀ ਖਰਚਾ ਨਹੀਂ ਲਿਆ ਜਾਂਦਾ। ਮਹਾਰਾਜ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੀ ਸਵਾਰੀ ਦੇ ਆਉਦ ਜਾਣ ਲਈ ਵਰਤੀ ਜਾਣ ਵਾਲੀ ਪ੍ਰਬੰਧਕੀ ਕਾਰ ਦਾ ਵੀ ਕੋਈ ਖਰਚਾ ਨਹੀਂ ਲਿਆ ਜਾਂਦਾ । ਪਾਠੀ ਸਿੰਘਾਂ ਅਤੇ ਹੋਰ ਜ਼ਰੂਰੀ ਸਿੰਘਾਂ ਲਈ ਆਧੁਨਿਕ ਕਮਰੇ, ਸਹੂਲਤਾਂ ਅਤੇ ਸੁਵਿਧਾ ਜਨ ਕਮਰੇ ਹਨ । ਇਥੇ ਹੀ ਪੰਜਾਬੀ ਅਤੇ ਕੀਰਤਨ ਦੀ ਸਿੱਖਿਆ ਲਈ ਖ਼ਾਲਸਾ ਸਕੂਲ ਵੀ ਹੈ । ਜਿਥੇ ਬੱਚਿਆਂ ਨੂੰ ਜਾਂ ਹੋਰ ਵੀ ਉਮਰ ਦਾ ਵਿਅਕਤੀ ਸਿਖਿਆ ਲੈ ਸਕਦਾ ਹੈ। ਵਧੀਆ ਕਮਰੇ ਅਤੇ ਸੁਵਿਧਾਜਨਕ ਵਾਤਾਵਰਣ ਦੀ ਹੋਂਦ ਹੈ। ਕੀਰਤਨ ਦਰਬਾਰ, ਕਥਾ ਵਿਚਾਰ ਪ੍ਰਵਚਨ ਹੁੰਦੇ ਹਨ। ਪੰਜਾਬੀ ਸਿੱਖਣ ਦਾ ਸਮਾਂ ਐਤਵਾਰ ਸਾਢੇ ਦਸ ਤੋਂ 12 ਵਜੇ (ਦਿਨੇਂ) ਹੈ। ਲਗਭਗ ਸੌ ਦੇ ਕਰੀਬ ਸਿਖਿਆਰਥੀ ਆਉਂਦੇ ਹਨ । ਵਿਸ਼ੇਸ ਵੇਖਣ ਵਾਲੀ ਗੱਲ ਇਹ ਹੈ ਕਿ ਪੰਜਾਬੀ ਸਿੱਖਣ ਲਈ ਇਕ ਕਨੇਡੀਅਨ ਲੜਕੀ ਵੀ ਆਉਂਦੀ ਹੈ। ਸਭ ਧਰਮਾਂ ਦੇ ਲੋਕ ਇੱਥੋਂ ਦੀਆਂ ਸਹੂਲਤਾਂ ਲੈ ਸਕਦੇ ਹਨ। ਗੁਰਮਤ ਕੈਂਪ ਸਾਲ ਵਿਚ ਦੋ ਵਾਰ ਲਗਾਏ ਜਾਂਦੇ ਹਨ । ਵੈਨਕੂਵਰ ਤੋਂ ਵਿਸ਼ੇਸ਼ ਤੌਰ 'ਤੇ ਵਿਦਵਾਨ ਆਉਂਦੇ ਹਨ। ਸੁਖਮਨੀ ਸਾਹਿਬ ਅਤੇ ਅਖੰਡ ਪਾਠਾਂ ਆਦਿ ਦੀਆਂ ਸਹੂਲਤਾਂ ਵਾਲੀਆਂ ਚੀਜ਼ਾਂ ਲਈ ਅਲੱਗ ਮਸ਼ੀਨਾਂ ਹਨ, ਵਰਤਨ ਵਾਲੀਆਂ ਚੀਜ਼ਾਂ ਲਈ ਵਖਰੇ ਮਸ਼ੀਨੀ ਪ੍ਰਬੰਧ ਹਨ। ਫਰਿਜ਼ਾਂ, ਲੌਂਡਰੀ (ਕੱਪੜੇ ਧੋਣ ਦੀਆਂ ਮਸ਼ੀਨਾਂ) ਅਲਗ-ਅਲਗ ਕਾਰਜ਼ਾਂ ਲਈ ਅਲੱਗ-ਅਲੱਗ ਹਨ। ਖ਼ਾਸ ਕਰਕੇ ਪਾਲਕੀ ਸਾਹਿਬ ਦੇ ਸਥਾਨ ਨਾਲ ਸਬੰਧਿਤ ਸਾਰੇ ਵਸਤਰਾਂ ਦੀ ਸਫਾਈ ਲਈ ਅਲੱਗ ਮਸ਼ੀਨਾਂ ਹਨ। ਲਿਫ਼ਟ (ਐਲੀਵੇਟਰ) ਦਾ ਪ੍ਰਬੰਧ ਹੈ। ਮੀਟਿੰਗ ਰੂਮ ਦੀ ਅਵਸਥਾ ਜ਼ਰੂਰਤ ਮੁਤਾਬਿਕ ਢੁਕਵਾ ਅਤੇ ਸਾਰਥਕ ਹੈ। ਇਸ ਗੁਰਦੁਆਰੇ ਸਾਹਿਬ ਦੇ ਪ੍ਰਧਾਨ ਭਾਈ ਸੰਤੋਖ ਸਿੰਘ ਉਪਲ, ਭਾਈ ਜਗਰੂਪ ਸਿੰਘ ਸੈਕਟਰੀ, ਭਾਈ ਮੁਕੰਦ ਸਿੰਘ ਬੈਂਸ, ਸਹਾਇਕ ਸੈਕਟਰੀ ਭਾਈ ਦਵਿੰਦਰ ਸਿੰਘ ਬੈਂਸ, ਖਜ਼ਾਨਚੀ ਭਾਈ ਜੁਝਾਰ ਸਿੰਘ, ਭਾਈ ਬਲਵੰਤ ਸਿੰਘ ਅਤੇ ਮੈਂਬਰ ਭਾਈ ਬਖ਼ਤਾਰ ਸਿੰਘ, ਭਾਈ ਅਵਤਾਰ ਸਿੰਘ ਗਿੱਲ ਹਨ । ਭਵਿੱਖ ਵਿਚ ਇਸ ਪ੍ਰਬੰਧਕ ਕਮੇਟੀ ਤੇ ਹੋਰ ਆਸਾਂ ਹਨ ਕਿ ਸਿੱਖੀ ਧਰਮ ਦੀਆਂ ਪਰੰਪਰਾਵਾਂ-ਸਭਿਆਚਾਰ, ਸਿੱਖਿਆਵਾਂ, ਉਪਦੇਸ਼ਾਂ ਨੂੰ, ਸਾਂਝੀਵਾਲਤਾ ਦੇ ਸੁਨੇਹੇ ਨੂੰ, ੧ਓ ਦੇ ਅੰਦੇਸ਼ ਨੂੰ, ਗੁਰਬਾਣੀ ਦੇ ਸੰਦੇਸ਼ਾਂ ਨੂੰ, ਪੰਜਾਬੀ ਅਤੇ ਪੰਜਾਬੀਅਤ ਨੂੰ ਪ੍ਰਫੁਲਤ ਕਰਨ ਵਿਚ ਵਡਮੁੱਲਾ ਯੋਗਦਾਨ ਪਾਉਂਦੇ ਰਹਿਣਗੇ।

# ਤੀਆਂ ਦੇ ਤਿਉਹਾਰ ਨੇ ਕਰਵਾਇਆ ਵਿਰਸਾ ਯਾਦ





**ਲਹਿਰਾਗਾਗਾ, (ਦਲਜੀਤ ਕੌਰ)** ਪੰਜਾਬੀ ਸੱਭਿਆਚਾਰ ਵਿਚ 'ਤੀਆਂ' ਨੂੰ ਵਿਸ਼ੇਸ ਥਾਂ ਹਾਸਿਲ ਹੈ। ਪੱਛਮੀ ਸੱਭਿਆਚਾਰ ਦੇ ਪ੍ਰਭਾਵ ਨੇ ਪਿੰਡਾਂ 'ਚੋਂ ਤੀਆਂ ਦੇ ਪਿੜ ਅਲੋਪ ਕਰ ਦਿੱਤੇ ਹਨ। ਸੀਬਾ ਇੰਟਰਨੈਸ਼ਨਲ ਪਬਲਿਕ ਸਕੂਲ, ਲਹਿਰਾਗਾਗਾ ਵੱਲੋਂ ਜੀਪੀਐਫ਼ ਕੰਪਲੈਕਸ ਵਿਖੇ 'ਤੀਆਂ' ਦਾ ਮੇਲਾ ਲਗਾਇਆ ਗਿਆ। ਇਸ ਮੇਲੇ ਵਿਚ ਸਕੂਲੀ ਵਿਦਿਆਰਥਣਾਂ, ਅਧਿਆਪ-ਕਾਵਾਂ ਅਤੇ ਔਰਤ ਮਾਪਿਆਂ ਨੇ ਚਾਵਾਂ ਨਾਲ ਹਿੱਸਾ ਲਿਆ। ਇਸ ਦੌਰਾਨ ਮੈਡਮ ਮੀਨਾ ਸੇਖੋਂ, ਕੁਲਵਿੰਦਰ ਕੌਰ ਢੀਂਡਸਾ, ਪਤਵਿੰਦਰ ਕੌਰ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ।

ਇਸ ਮੌਕੇ ਮੰਚ ਪੁਰਾਤਨ ਪੰਜਾਬੀ ਸੱਭਿਆਚਾਰ ਨਾਲ ਜੁੜੀਆਂ ਵਸਤਾਂ ਨਾਲ ਸਜਾਇਆ ਹੋਇਆ ਸੀ। ਖੀਰ-ਪੂੜਿਆਂ ਦਾ ਲੰਗਰ ਵੀ ਲਗਾਇਆ ਗਿਆ। ਵਿਦਿਆਰਥਣਾਂ, ਅਧਿਆਪਕਾਵਾਂ ਅਤੇ ਵਿਦਿਆਰਥਣਾਂ ਨਾਲ ਆਈਆਂ ਉਨ੍ਹਾਂ ਦੀਆਂ ਮਾਤਾਵਾਂ, ਭੈਣਾਂ ਅਤੇ ਭਰਜਾਈਆਂ ਗਿੱਧੇ ਦੇ ਪਿੜ ਵਿਚ ਔਰਤਾਂ ਮੋੜਵੀਂ ਬੋਲੀ ਪਾ ਕੇ ਨੱਚ ਰਹੀਆਂ ਸਨ। ਲੋਕ-ਗੀਤਾਂ ਦੀ ਲੰਮੀਆਂ ਹੇਕਾਂ ਨਾਲ ਪੇਸ਼ਕਾਰੀ ਨੇ ਮਾਹੌਲ ਸੁਰਮਈ ਬਣਿਆ ਹੋਇਆ ਸੀ। ਪੀਘਾਂ ਅਤੇ ਕਿੱਕਲੀਆਂ ਦਾ ਰੰਗ ਵੀ ਵੱਖਰਾ ਸੀ। ਮੇਲੇ ਦੀ ਪ੍ਰਬੰਧਕ ਮੈਡਮ ਅਮਨ ਢੀਂਡਸਾ ਨੇ ਕਿਹਾ ਕਿ ਭਾਵੇਂ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਨੇ ਪਿੰਡਾਂ 'ਚੋਂ 'ਤੀਆਂ' ਦਾ ਪਿੜ ਅਲੋਪ ਕਰ ਦਿੱਤਾ ਹੈ। ਤੀਆਂ ਦੇ ਇਸ ਪ੍ਰੋਗਰਾਮ 'ਚ ਵਿਦਿਆਰਥਣਾਂ ਦੇ ਨਾਲ ਨਾਲ ਉਨ੍ਹਾਂ ਦੀਆਂ ਭੈਣਾਂ, ਮਾਤਾਵਾਂ ਅਤੇ ਦਾਦੀਆਂ ਵੱਡੀ ਗਿਣਤੀ ਵਿਚ ਸਮੂਲੀਅਤ ਕੀਤੀ। ਪ੍ਰੋਗਰਾਮ ਦਾ ਮੰਚ ਸੰਚਾਲਨ ਮੈਡਮ ਗੁਰਪਿੰਦਰ ਕੌਰ ਅਤੇ ਆਸ਼ਾ ਛਾਬੜਾ ਨੇ ਕੀਤਾ।



# ਡਾਕਟਰ ਭੀਮ ਰਾਓ ਅੰਬੇਡਕਰ ਭਵਨ ਸ਼ਾਹਪੁਰ ਵਿਖੇ ਵੱਖ-ਵੱਖ ਕਿਸਮ ਦੇ ਬੂਟੇ ਲਗਾਏ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)-** ਡਾਕਟਰ ਭੀਮ ਰਾਓ ਅੰਬੇਡਕਰ ਭਵਨ ਸ਼ਾਹਪੁਰ ਵਿੱਖੇ ਅੱਜ ਟਰੱਸਟ ਦੇ ਪ੍ਰਧਾਨ ਡਾਕਟਰ ਅਵਤਾਰ ਸਿੰਘ ਅਤੇ ਸਮਾਜ ਸੇਵੀ ਦਰਸ਼ਨ ਸਿੰਘ ਮੱਟੂ ਦੀ ਅਗਵਾਈ ਹੇਠ ਟਰੱਸਟ ਦੇ ਮੈਂਬਰਾਂ ਵਲੋਂ ਵੱਖ-ਵੱਖ ਕਿਸਮ ਦੇ ਬੂਟੇ ਲਗਾਉਣ ਦੀ ਮੁਹਿੰਮ ਸ਼ੁਰੂ ਕੀਤੀ ਗਈ। ਇਸ ਮੌਕੇ ਟਰੱਸਟ ਦੇ ਪ੍ਰਧਾਨ ਡਾਕਟਰ ਅਵਤਾਰ ਸਿੰਘ ਅਤੇ ਦਰਸ਼ਨ ਸਿੰਘ ਮੱਟੂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਡਾਕਟਰ ਭੀਮ ਰਾਓ ਅੰਬੇਡਕਰ ਟਰੱਸਟ ਵਲੋਂ ਪਿਛਲੇ ਲੰਬੇ ਸਮੇਂ ਤੋਂ ਸਮਾਜ ਭਲਾਈ ਦੇ ਕੰਮ ਕੀਤੇ ਜਾ ਰਹੇ ਹਨ।

ਜਿਸਦੇ ਤਹਿਤ ਅੱਜ ਅੰਬੇਡਕਰ ਭਵਨ ਦੇ ਆਲੇ ਦੁਆਲੇ ਵੱਖ-ਵੱਖ ਕਿਸਮ ਦੇ 150 ਬੂਟੇ ਲਗਾਏ ਗਏ ਅਤੇ ਇਨ੍ਹਾਂ ਬੂਟਿਆਂ ਦੀ ਸਾਂਭ ਸੰਭਾਲ ਦਾ ਵੀ ਟਰੱਸਟ ਵੱਲੋਂ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਬੂਟੇ ਲਗਾਉਣ ਦਾ ਮੁੱਖ ਮਕਸਦ ਵਾਤਾਵਰਣ ਨੂੰ ਹਰਾ ਭਰਾ ਬਨਾਉਣ ਦੇ ਵਿੱਚ ਯੋਗਦਾਨ ਪਾਉਣਾ ਹੈ।

ਉਨ੍ਹਾਂ ਕਿਹਾ ਕਿ ਅੱਜ ਵਾਤਾਵਰਣ ਨੂੰ ਹਰਾ ਭਰਾ ਅਤੇ ਦੂਸ਼ਿਤ ਹੋਣ ਤੇ ਬਚਾਉਣ ਲਈ ਹਰ ਇੱਕ ਵਿਅਕਤੀ ਨੂੰ ਬੂਟੇ ਲਗਾਉਣੇ ਚਾਹੀਦੇ ਹਨ ਤਾਕਿ ਆਪਣੀ ਆਣ ਵਾਲੀ ਪੀੜ੍ਹੀ ਨੂੰ ਚੰਗਾ ਵਾਤਾਵਰਨ ਉਪਲੱਬਧ ਕਰਵਾਇਆ ਜਾ ਸਕੇ। ਇਸ ਮੌਕੇ ਉਪਰੋਕਤ ਤੋਂ ਇਲਾਵਾ ਬੀਬੀ ਸੁਭਾਸ਼ ਮੱਟੂ, ਡਾ. ਰਜਿੰਦਰ ਕੁਮਾਰ, ਮਾਸਟਰ ਪ੍ਰਦੀਪ ਕੁਮਾਰ, ਦੀਵਾਨ ਚੰਦ, ਰਜਿੰਦਰ ਸਿੰਘ ਅਤੇ ਕੁੰਦਨ ਲਾਲ ਆਦਿ ਹਾਜ਼ਰ ਸਨ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com www.ambedkartimes.com

# ਚਲੋ ਚਲੀਏ ਸ਼੍ਰੀ ਗੁਰੂ ਨਾਨਕ ਦੇਵ ਜੀ ਵਲੋਂ ਵਸਾਏ ਸ਼ਹਿਰ ਸ਼੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ



ਬਲਵਿੰਦਰ 'ਬਾਲਮ' ਗੁਰਦਾਸਪੁਰ
91-98156-25409

**ਸੰਖੇਪ ਭੂਮਿਕਾ–** ੴ ਦੇ ਖੋਜੀ ਕਵੀ ਬਾਬਾ ਨਾਨਕ ਨੇ 1504 ਵਿੱਚ ਰਾਵੀ ਨਦੀ ਦੇ ਕੰਢੇ ਕਰਤਾਰਪੁਰ ਸਾਹਿਬ ਜ਼ਿਲ੍ਹਾ ਨਾਰੋਵਾਲ ਤਹਿਸੀਲ ਸ਼ਕਰਗੜ੍ਹ ਪੰਜਾਬ ਪਾਕਿਸਤਾਨ ਦੀ ਸਥਾਪਨਾ ਕੀਤੀ। ਸਾਰੇ ਸਿੱਖ ਭਾਈਚਾਰੇ ਨੂੰ ਇਕੱਠਾ ਕੀਤਾ ਅਤੇ 22 ਸਤੰਬਰ 1939 ਨੂੰ ਜੋਤੀ ਜੋਤ ਸਮਾਉਣ ਤੱਕ 18 ਸਾਲ ਆਪਣੀਆਂ ਬਹੁਮੁਲੀਆਂ ਸੇਵਾਵਾਂ ਦਿੱਤੀਆਂ। ਗੁਰੂ ਜੀ ਨੇ ਆਪਣੇ ਜੀਵਨ ਕਾਲ ਦੇ 18 ਸਾਲ ਦੌਰਾਨ ਇੱਥੇ ਪ੍ਰਚਾਰ ਕੀਤਾ। ਇੱਕ ਅਮੀਰ ਖੱਤਰੀ ਧਾਰਮਿਕ ਪਰਿਵਾਰ ਕਰੋੜੀ ਦੁਆਰਾ ਦਾਨ ਕੀਤੇ ਧਨ ਨਾਲ ਕਰਤਾਰਪੁਰ ਸਾਹਿਬ ਦੀ ਸਥਾਪਨਾ ਕੀਤੀ ਗਈ। ਕਰਤਾਰਪੁਰ ਦਾ ਅਰਥ ਹੈ ਨਿਰਮਾਤਾ ਜਾਂ ਭਗਵਾਨ ਦਾ ਸ਼ਹਿਰ ਅਤੇ ਪੁਰ ਦਾ ਅਰਥ ਹੈ ਸ਼ਹਿਰ। ਲਗਭਗ 20 ਸਾਲਾਂ ਦੀ ਯਾਤਰਾ ਤੋਂ ਬਾਅਦ ਗੁਰੂ ਜੀ ਆਪਣੇ ਪਰਿਵਾਰ ਸਹਿਤ ਕਰਤਾਰਪੁਰ ਵਿਖੇ ਵਸ ਗਏ। ਗੁਰੂ ਜੀ ਦੀ ਮੌਤ ਤੋਂ ਬਾਅਦ ਹਿੰਦੂਆਂ ਅਤੇ ਮੁਸਲਮਾਨਾਂ ਦੋਵਾਂ ਨੇ ਉਨਾਂ ਉੱਪਰ ਆਪਣਾ ਦਾਅਵਾ ਕੀਤਾ ਅਤੇ ਉਨਾਂ ਦੀ ਯਾਦ ਵਿਚ ਇੱਕ ਦੀਵਾਰ ਦੇ ਨਾਲ ਮਕਬਰੇ ਬਣਾਏ। ਰਾਵੀ ਨਦੀ ਦੇ ਬਦਲਦੇ ਮਾਰਗ ਕਰਕੇ ਮਕਬਰੇ ਵਹਿ ਗਏ ਪਰ ਗੁਰੂ ਜੀ ਦੇ ਪਰਿਵਾਰ ਨੇ ਉਹਨਾਂ ਦੀ ਰਾਖਵਾਲਾ ਕਲਸ ਬਚਾ ਲਿਆ ਅਤੇ ਓਸੇ ਨਦੀ ਦੇ ਸੱਜੇ ਕਿਨਾਰੇ ਵਿੱਚ ਸਥਾਨ ਦੇ ਦਿੱਤਾ ਜਿੱਥੇ ਇੱਕ ਨਵੀਂ ਬਸਤੀ ਬਣਾਈ ਗਈ ਜੋ ਵਰਤਮਾਨ ਡੇਰਾ ਬਾਬਾ ਨਾਨਕ ਦਾ ਪ੍ਰਤੀਨਿਧ ਕਰਦੀ ਹੈ। ਗੁਰੂ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਸ਼ੁਰੂਆਤੀ ਸਿੱਖ ਸਮੁਦਾਏ ਉਹਨਾਂ ਦੇ ਉੱਤਰ ਅਧਿਕਾਰੀ ਗੁਰੂ ਅਗੰਦ ਦੇਵ ਜੀ ਕਰਤਾਰਪੁਰ ਤੋਂ ਸ੍ਰੀ ਖੰਡੂਰ ਸਾਹਿਬ ਵਿੱਚ ਚਲੇ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਸਾਹਿਬ ਦੀ ਸਥਾਪਨਾ ਕੀਤੀ, ਖੇਤੀਬਾੜੀ ਕੀਤੀ ਅਤੇ ਲੰਗਰ ਦੀ ਸਥਾਪਨਾ ਕੀਤੀ। ਵੰਡ ਛਕਣਾ, ਕੀਰਤਨ ਕਰਨਾ, ੴ ਦਾ ਸੰਦੇਸ਼ ਫੈਲਾਇਆ, ਨਾਮ ਜਪਣਾ, ਸਰਬੱਤ ਦਾ ਭਲਾ, ਅੰਧ ਵਿਸ਼ਵਾਸ ਵਿਰੁੱਧ ਦਾ ਸੰਦੇਸ਼ ਦੇਸ਼ਾਂ-ਵਿਦੇਸ਼ਾਂ ਵਿੱਚ ਦਿੱਤਾ। ਕਰਤਾਰਪੁਰ ਸਾਹਿਬ ਸਥਾਨ ਯਾਤਰੀਆਂ ਸ਼ਰਧਾਲੂਆਂ ਲਈ ਆਕਰਸ਼ਣ ਅਤੇ ਅਧਿਆਤਮਿਕਤਾ ਦਾ ਕੇਂਦਰ ਹੈ। ਦੁਨੀਆ ਭਰ ਦੇ ਲਗਭਗ 30 ਮਿਲੀਅਨ ਸਿੱਖਾਂ ਦੇ ਲਈ ਸਭ ਤੋਂ ਵੱਧ ਪਵਿੱਤਰ ਸਥਾਨਾਂ ਵਿੱਚੋਂ ਇੱਕ ਹੈ। ਇੱਥੇ ਮੁਖ ਤੀਰਥ ਭਵਨ 1925 ਵਿੱਚ ਰੁਪਏ ਦੀ ਲਾਗਤ ਨਾਲ ਬਣਾਇਆ ਗਿਆ। ਪਟਿਆਲੇ ਦੇ ਮਹਾਰਾਜਾ ਸਰਦਾਰ ਭੁਪਿੰਦਰ ਸਿੰਘ ਦੁਆਰਾ 135600 ਦਾ ਦਾਨ ਦਿੱਤਾ ਗਿਆ। ਇਸ ਸਥਾਨ ਦੀ ਮੁਰੰਮਤ 1995 ਵਿੱਚ ਪਾਕਿਸਤਾਨ ਸਰਕਾਰ ਦੁਆਰਾ ਕੀਤੀ ਗਈ। ਮਈ 2017 ਵਿੱਚ ਅਮਰੀਕਾ ਸਥਿਤ ਗੈਰ ਸਰਕਾਰੀ ਸੰਗਠਨ ਈਕੋ ਸਿੱਖ ਨੇ ਇਸ ਸਥਾਨ ਦੇ ਚਾਰੇ ਤਰਫ 100 ਏਕੜ ਦੇ ਪਵਿੱਤਰ ਸਥਾਨ ਦੀ ਸਥਾਪਨਾ ਦਾ ਪ੍ਰਸਤਾਵ ਰੱਖਿਆ। ਨਵੰਬਰ 2018 ਵਿੱਚ 42 ਏਕੜ ਖੇਤਰ ਵਿੱਚ ਫੈਲੇ ਪ੍ਰਾਂਗਣ, ਸੰਗ੍ਰਹਿਆਲਯ, ਲਾਇਬਰੇਰੀ, ਕਮਰੇ ਅਤੇ ਲਾਕਰ ਰੂਮ ਦੇ ਨਿਰਮਾਣ ਨਾਲ ਗੁਰਦੁਆਰੇ ਦਾ ਵਿਸਥਾਰ ਕੀਤਾ ਗਿਆ। ਇੱਥੇ 20 ਫੁੱਟ ਦਾ ਪ੍ਰਾਚੀਨ ਖੂਹ ਛੋਟੀਆਂ ਇੱਟਾਂ ਦੁਆਰਾ ਨਿਰਮਿਤ ਲਗਭਗ 500 ਸਾਲ ਪੁਰਾਣਾ ਹੈ। ਇੱਥੇ ਮੂਲ ਗੁਰੂ ਗ੍ਰੰਥ ਸਾਹਿਬ ਦੀਆਂ ਅੰਤਿਮ ਪ੍ਰਤੀਆਂ ਗੁਰੂ ਗ੍ਰੰਥ ਇਥੇ ਹਰ ਕਦਮ ਗੁਰੂ ਜੀ ਦੇ ਜੀਵਨ ਦੀ ਯਾਦ ਦਿਲਾਂਦਾ ਹੈ। ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਸਮਰੋਹ ਸਮੇਂ ਗਲਿਆਰਾ ਨਵੰਬਰ 2028 ਨੂੰ ਖੋਲਿਆ ਗਿਆ। ਇਸ ਮੌਕੇ 550 ਯਾਤਰੀ ਆਏ। ਨਵਜੋਤ ਸਿੰਘ ਸਿੱਧੂ ਨੇ ਆਪਣੇ ਭਾਸ਼ਣ ਵਿੱਚ ਕਿਹਾ ਸੀ ਕਿ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਗਲਿਆਰਾ ਖੋਲ੍ਹ ਕੇ ਸਿੱਖ ਸਮੁਦਾਇ ਦਾ ਦਿਲ ਜਿੱਤ ਲਿਆ ਹੈ। ਇਸ ਮੌਕੇ ਹਜ਼ਾਰਾਂ ਸ਼ਰਧਾਲੂ ਹਾਜ਼ਰ ਸਨ।

**ਸ਼ਬਦ ਚਿੱਤਰ ਵਾਰਤਾ – ੨** ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਸ਼ਕਰਗੜ੍ਹ ਤਹਿਸੀਲ ਜ਼ਿਲ੍ਹਾ ਨਾਰੋਵਾਲ ਪਾਕਿਸਤਾਨ ਜਾਣ ਲਈ ਕਈ ਵਾਰੀ ਪ੍ਰੋਗਰਾਮ ਬਣਿਆ ਪਰ ਕਈਆਂ ਕਾਰਨਾਂ ਕਰਕੇ ਅੱਧ ਵਿਚਾਲੇ ਹੀ ਰਹਿ ਜਾਂਦਾ। ਪਾਕਿਸਤਾਨ ਲਾਹੌਰ ਤੰਤ ਮੇਰੇ ਦੋਸਤ ਪ੍ਰੋਫੈਸਰ ਤਨਵੀਰ ਸਾਦਿਕ ਅਤੇ ਨੂਰ ਮੁਹੰਮਦ ਜੱਟ ਸਾਹਿਬ ਅਤੇ ਕਈ ਦੋਸਤਾਂ ਦੇ ਹਰ ਹਫਤੇ ਕਈ ਫੋਨ ਆਉਂਦੇ ਕਿ ਆਓ ਕਰਤਾਰਪੁਰ ਸਾਹਿਬ ਆ ਕੇ ਮਿਲ ਲਈਏ। ਲਗਭਗ ਇੱਕ ਦਹਾਕਾ ਪਹਿਲਾਂ ਅਸੀਂ ਪ੍ਰੋਫੈਸਰ ਤਨਵੀਰ ਸਾਹਿਬ ਦੀ ਬੇਟੀ ਦੀ ਸ਼ਾਦੀ 'ਤੇ ਲਾਹੌਰ ਗਏ ਸੀ ਉਹ ਵੀ ਸਾਡੇ ਕੋਲ 8-10 ਸੱਜਣ ਲੇਖਕ ਗੁਰਦਾਸਪੁਰ ਆਏ ਸੀ। ਅਸੀਂ ਉਹਨਾ ਨੂੰ ਸਮਾਗਮ 'ਤੇ ਬੁਲਾਇਆ ਸੀ, ਇੱਕ ਮੇਲ ਮਿਲਾਪ ਨਾਲ ਸਾਂਝੀ ਵਾਲਤਾ ਦੀ ਇੱਕ ਗਹਿਰੀ ਰਿਸ਼ਤੇ ਨੁਮਾ ਦੋਸਤੀ ਹੋ ਗਈ। ਬਸ ਜਦੋਂ ਕਰਤਾਰਪੁਰ ਸਾਹਿਬ ਜਾਣ ਦਾ ਰਸਤਾ ਖੁੱਲਿਆ ਉਦੋਂ ਤੋਂ ਹੀ ਦੋਵੇਂ ਪਾਸੇ ਸਾਡੇ ਵਿੱਚ ਦਿਲ ਖਿੱਚਵੀਂ ਤਾਂਘ ਤਾਂ ਸੀ ਕਿ ਜਲਦੀ ਤੋਂ ਜਲਦੀ ਆਪਸ ਵਿੱਚ ਮਿਲੀਏ ਤਾਂ ਆਖਿਰ ਮੇਰੇ ਪਰਮ ਮਿੱਤਰ ਉੱਘੇ ਕਹਾਣੀਕਾਰ ਰਾਜੇਸ਼ ਗੁਪਤਾ ਨਾਲ ਸਲਾਹ ਮਸ਼ਵਰਾ ਕੀਤਾ ਅਤੇ ਸਾਡਾ ਮਨ ਬਣ ਗਿਆ ਕਿ ਕਰਤਾਰਪੁਰ ਸਾਹਿਬ ਚੱਲੀਏ ਬਸ ਉਹਨਾਂ ਦੀ ਦੁਕਾਨ 'ਤੇ ਬੈਠੇ-ਬੈਠੇ ਫੈਸਲਾ ਲੈ ਲਿਆ। ਰਾਜੇਸ਼ ਗੁਪਤਾ ਦੀ ਹਨੁਮਾਨ ਚੌਂਕ ਗੁਰਦਾਸਪੁਰ ਵਿਖੇ ਹਾਰਡਵੇਅਰ ਦੀ ਦੁਕਾਨ ਹੈ ਜਿੱਥੇ ਸਾਹਿਤਕਾਰਾਂ ਦਾ ਆਉਣਾ ਜਾਣਾ ਬਣਿਆ ਰਹਿੰਦਾ ਹੈ। ਰਾਜੇਸ਼ ਗੁਪਤਾ ਜੀ ਕਹਿਣ ਲੱਗੇ ਕਿ ਮੇਰਾ ਸਾਰਾ ਪਰਿਵਾਰ ਹੀ ਜਾਵੇਗਾ ਅਤੇ ਨਾਲ ਕੁਝ ਹੋਰ ਰਿਸ਼ਤੇਦਾਰ ਵੀ, ਖੈਰ ਅਸੀਂ ਇੱਕ ਕੰਪਿਊਟਰ ਕੈਫੇ ਤੋਂ ਫਾਰਮ ਭਰਵਾ ਕੇ ਭੇਜਣ ਦਾ ਮਨ ਬਣਾ ਲਿਆ। ਕਰਤਾਰਪੁਰ ਸਾਹਿਬ ਜਾਣ ਲਈ ਇੱਕ ਮਹੀਨਾ ਬਾਅਦ 12 ਮਈ ਐਤਵਾਰ ਦੀ ਤਾਰੀਖ ਮਿਲ ਗਈ। ਐਤਵਾਰ ਸਾਰਿਆਂ ਨੂੰ ਠੀਕ ਬੈਠਦਾ ਸੀ, ਛੁੱਟੀ ਵਾਲਾ ਦਿਨ ਸੀ ਕਰਤਾਰਪੁਰ ਸਾਹਿਬ ਜਾਣ ਲਈ ਗੂਗਲ ਤੋਂ ਖੋਜੇ ਕਰਤਾਰਪੁਰ ਕੋਰੀਡੋਰ ਆਨਲਾਈਨ ਇਸ ਵਿੱਚ ਜਾਣ ਲਈ ਫਾਰਮ ਆ ਜਾਣਗੇ ਜੇ ਤੁਸੀਂ ਆਪ ਭਰ ਸਕਦੇ ਹੋ ਤਾਂ ਠੀਕ ਹੈ ਨਹੀਂ ਤਾਂ ਕਿਸੇ ਵੀ ਕੈਫੇ ਤੋਂ ਭਰਵਾ ਲਵੋ। ਤੁਹਾਨੂੰ ਬੇਸ਼ੱਕ ਥੋੜ੍ਹ ਦੇਰ ਪਰ ਮਨ ਮਰਜ਼ੀ ਦੀ ਤਾਰੀਖ ਮਿਲ ਸਕਦੀ ਹੈ। ਕਰਤਾਰਪੁਰ ਸਾਹਿਬ ਜਾਣ ਲਈ ਤੁਹਾਡਾ ਪਾਸਪੋਰਟ, ਕੋਰੋਨਾ ਸਰਟੀਫਿਕੇਟ, ਦੋ ਪਾਸਪੋਰਟ ਸਾਈਜ਼ ਫੋਟੋ, ਆਧਾਰ ਕਾਰਡ, ਪੈਨ ਕਾਰਡ ਜ਼ਰੂਰੀ ਹਨ। ਪਾਸਪੋਰਟ ਸਿਰਫ ਪਹਿਚਾਣ ਪੱਤਰ ਲਈ ਇਸ ਉੱਪਰ ਕੋਈ ਮੋਹਰ ਨਹੀਂ ਲੱਗਦੀ। ਮੈਂ ਆਪਣੇ ਕੁਝ ਸ਼ਾਇਰ ਲੇਖਕ ਦੋਸਤਾਂ ਨੂੰ ਫੋਨ ਕੀਤਾ ਕਿ ਚਲੋ ਸ੍ਰੀ ਕਰਤਾਰਪੁਰ ਸਾਹਿਬ ਚੱਲੀਏ ਉਨਾਂ ਨੂੰ ਕਹਿਣ ਦੀ ਦੇਰ ਸੀ ਉਹ ਝੱਟ ਮੰਨ ਗਏ। ਦੋਸਤਾਂ ਨੂੰ ਕਿਹਾ ਕਿ ਪਾਕਿਸਤਾਨ ਲਾਹੌਰ ਤੋਂ ਵੀ ਕੁਝ ਦੋਸਤ ਸਾਨੂੰ ਉੱਥੇ ਮਿਲਣ ਲਈ ਆਉਣਗੇ। ਸਭ ਜਾਣ ਲਈ ਤਿਆਰ ਹੋ ਗਏ।

ਪਠਾਨਕੋਟ ਪੰਜਾਬ ਭਾਰਤ ਤੋਂ ਪ੍ਰਸਿੱਧ ਸ਼ਾਇਰ ਪਾਲ ਗੁਰਦਾਸਪੁਰੀ ਰਾਜ ਗੁਰਦਾਸਪੁਰੀ ਮਨਮੋਹਣ ਢਕਾਲਵੀ ਅਤੇ ਉਨਾਂ ਦੀ ਧਰਮ ਪਤਨੀ ਸ਼੍ਰੀਮਤੀ ਕੁਲਵੰਤ ਕੌਰ ਡਾਕਟਰ ਕੇਵਲ ਕ੍ਰਿਸ਼ਨ ਜੇਪੀ ਕਰਲਾਂਵਾਲਾ, ਮੰਗਲਦੀਪ, ਐਡਵੋਕੇਟ ਰਾਜਪਾਲ ਸਿੰਘ, ਰਾਜੇਸ਼ ਗੁਪਤਾ ਉਹਨਾਂ ਦੀ ਧਰਮ ਪਤਨੀ ਸ਼੍ਰੀਮਤੀ ਨੀਤੂ ਗੁਪਤਾ, ਡਾਕਟਰ ਮਹਿਕਜੋਤ, ਹਰ ਰਾਜਵਿੰਦਰ ਸਿੰਘ, ਸੁਰਿੰਦਰ ਕੌਰ, ਵਿਕਰਾਂਤ ਗੁਪਤਾ, ਕੁਲਵੰਤ ਕੌਰ, ਸੰਦੇਸ਼ ਕੁਮਾਰੀ ਅਤੇ ਮੈਂ ਬਲਵਿੰਦਰ ਬਾਲਮ ਅਤੇ ਪਤਨੀ ਬਲਵੀਰ ਕੌਰ ਸਭ ਨੇ ਇਕੱਠੇ ਫਰਮ ਭਰ ਕੇ ਭੇਜ ਦਿੱਤੇ। ਕੁਝ ਦਿਨਾਂ ਬਾਅਦ ਪੁਲਿਸ ਇਨਕੁਆਇਰੀ ਹੋਈ। ਪੁਲਿਸ ਸਟੇਸ਼ਨ ਤੋਂ ਇੱਕ ਫਾਰਮ ਮਿਲਦਾ ਹੈ ਇਸ ਫਾਰਮ ਨੂੰ ਕਿਸੇ ਵੀ ਮੋਹਤਬਾਰ ਵਿਅਕਤੀ ਐਮ।ਐਲ।ਏ।, ਐਮ।ਸੀ। ਜਾਂ ਸਰਪੰਚ ਦੁਆਰਾ ਤਸਦੀਕ ਕੀਤਾ ਜਾਂਦਾ ਹੈ। ਇਸ ਫਾਰਮ ਦੇ ਖੱਬੇ ਪਾਸੇ ਤੁਹਾਡੀ ਫੋਟੋ ਲੱਗਦੀ ਹੈ ਅਤੇ ਫੋਟੋ ਦੇ ਨਾਲ ਕਿਸੇ ਇੱਕ ਪਰਿਸ਼ਚਿਤ ਵਿਅਕਤੀ ਦੀ ਗਵਾਹੀ ਪੈਂਦੀ ਹੈ। ਇਸ ਗਵਾਹੀ ਵਿੱਚ ਪਰਿਚਿਤ ਵਿਅਕਤੀ ਦੇ ਦਸਤਖ਼ਤ, ਪੂਰਾ ਪਤਾ ਅਤੇ ਮੋਬਾਇਲ ਨੰਬਰ ਹੁੰਦਾ ਹੈ। ਇਸ ਪੁਲਿਸ ਇਨਕੁਆਇਰੀ ਤੋਂ ਬਾਅਦ ਇੱਕ ਟਿਕਟ ਨੁਮਾ ਦਸਤਾਵੇਜ ਫਾਰਮ ਮਿਲ ਜਾਂਦਾ ਹੈ ਉਸ ਨੂੰ ਕੈਫੇ ਤੋਂ ਰੰਗਦਾਰ ਪ੍ਰਿੰਟ ਵਿੱਚ ਕਢਵਾਉਣਾ ਹੁੰਦਾ ਹੈ ਜੋ ਸਬੂਤ ਲਈ ਜਰੂਰੀ ਹੈ। ਜਾਣ ਤੋਂ ਪਹਿਲਾਂ ਇੱਕ ਦਿਨ ਕੋਵਿਡ ਟੈਸਟ ਸਰਟੀਫਿਕੇਟ ਨਾਲ ਲਿਜਾਣਾ ਜ਼ਰੂਰੀ ਹੈ। ਅਸਾਂ ਸਭ ਨੇ ਫੋਨ ਉੱਪਰ ਗੱਲਬਾਤ ਕਰਕੇ ਜਾਣ ਲਈ ਸਮਾਂ ਸਥਾਨ ਨਿਸ਼ਚਿਤ ਕਰ ਲਿਆ ਜੋ ਤਾਰੀਖ ਮਿਲੀ ਸੀ ਉਸ ਦੇ ਅਨੁਸਾਰ 12 ਮਈ ਨੂੰ ਅਸੀਂ ਗੁਰਦਾਸਪੁਰ ਤੋਂ ਲਗਭਗ ਸਵੇਰੇ ਸਾਢੇ ਸੱਤ ਵਜੇ ਦੇ ਕਰੀਬ ਆਪਣੀਆਂ ਗੱਡੀਆਂ ਉੱਪਰ ਚਲੇ ਗਏ। ਪਠਾਨਕੋਟ ਵਾਲੇ ਸਾਥੀ ਵੀ ਨਿਸ਼ਚਿਤ ਸਮੇਂ ਤੇ ਚੱਲ ਪਏ। ਅਸੀਂ ਸਾਰੇ ਜਣੇ ਗੁਰਦਾਸਪੁਰ ਤੋਂ ਡੇਰਾ ਬਾਬਾ ਨਾਨਕ ਕੋਰੀਡੋਰ ਵਿਖੇ ਲਗਭਗ ਇੱਕ ਘੰਟੇ ਵਿੱਚ ਪਹੁੰਚ ਗਏ। ਗੁਰਦਾਸਪੁਰ ਤੋਂ ਡੇਰਾ ਬਾਬਾ ਨਾਨਕ ਕੋਰੀਡੋਰ ਲਗਭਗ 40 ਕਿਲੋਮੀਟਰ ਦੇ ਕਰੀਬ ਹੈ। ਡੇਰਾ ਬਾਬਾ ਨਾਨਕ ਦਾ ਖ਼ੂਬਸੂਰਤ ਅਲੀਸ਼ਾਨ ਆਕਰਸ਼ਣ ਭਰਪੂਰ ਕੋਰੀਡੋਰ ਵੇਖ ਕੇ ਮਨ ਬਾਗ਼ ਬਾਗ਼ ਹੋ ਗਿਆ। ਸਭ ਨੂੰ ਚਾਅ ਚੜ੍ਹ ਗਏ ਇਵੇਂ ਮਹਿਸੂਸ ਹੋਣ ਲੱਗਾ ਜਿਵੇਂ ਹਕ਼ੀਕ਼ਤ ਵਿੱਚ ਹੀ ਅਸੀਂ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨੇ ਚੱਲੇ ਹਾਂ। ਉਹਨਾਂ ਦੀ ਇੱਕ ਤਸਵੀਰ ਜ਼ਿਹਨ ਵਿੱਚ ਉਤਰਨ ਲੱਗੀ, ਜਿਵੇਂ ਆਪਣੇ ਵਿਛੜੇ ਮਹਾਨ ਤੀਰਥ ਸਥਾਨ ਨੂੰ ਵੇਖਣ ਚੱਲੇ ਹੋਈਏ ਜਿਵੇਂ ਆਪਣੀ ਵਿਛੜੀ ਧਰਤੀ ਦਾ ਨਿੱਘ ਮਾਨਣ ਲਈ ਉਸ ਦਾ ਅਸ਼ੀਰਵਾਦ, ਉਸ ਦੀਆਂ ਸ਼ੁਭਕਾਮਨਾਵਾਂ ਲੈਣ ਲਈ ਜਾ ਰਹੇ ਹੋਈਏ। ਸਾਰਾ ਤਨ ਮਨ ਰੂਹ ਭਾਵੁਕ ਹੋ ਗਏ ਜਿਵੇਂ ਆਪਣੇ ਦਾਦੇ ਨੂੰ ਮਿਲਣ ਲਈ ਜਾ ਰਹੇ ਹੋਈਏ। ਮਨ ਵਿੱਚ ਤਾਂਘ ਵਲੇਵੇ ਖਾਣ ਲੱਗੀ। ਡੇਰਾ ਬਾਬਾ ਨਾਨਕ ਕੋਰੀਡੋਰ ਨੂੰ ਲੈਂਡਸਕੇਪਿੰ, ਤਰ੍ਹਾਂ-ਤਰ੍ਹਾਂ ਦੇ ਸਟੈਚੂ ਖ਼ੂਬਸੂਰਤ ਸ਼ਿਲਪ ਦੀ ਕਾਰੀਗਰੀ ਆਕਰਸ਼ਕ ਬਣਾਵਟ ਸਜਾਵਟ ਅਤੇ ਸੱਭਿਆਚਾਰ ਦੀ ਰਹੁ ਰੀਤੀ ਦਾ ਰੰਗ ਰੂਪ ਦਿੱਤਾ ਹੋਇਆ ਸੀ। ਪ੍ਰਵੇਸ਼ ਕਰਦੇ ਹੀ ਨਿੱਕਾ ਨਿੱਕਾ ਮੀਂਹ ਸਾਡਾ ਸਵਾਗਤ ਕਰਨ ਲੱਗਾ। ਨਿੱਕਾ ਨਿੱਕਾ ਜਾਲੀਦਾਰ ਮੀਂਹ ਜੀ ਆਇਆਂ ਨੂੰ ਕਹਿੰਦਾ ਹੋਇਆ ਕਦੀ ਤੇਜ਼ ਤੇ ਕਦੀ ਮਧਮ ਸੰਗੀਤ ਦੀਆਂ ਧੁੰਨਾਂ ਛੇੜਨ ਲੱਗਿਆ ਅਤੇ ਗਰਮੀ ਵਿੱਚ ਮੌਸਮ ਸੁਹਾਣਾ ਦਿਲਕਸ਼ ਹੋ ਗਿਆ ਸੀ। ਮੌਸਮ ਨੇ ਜਿਵੇਂ ਮਰਮ ਸਪਰਸ਼ੀ ਬਹਾਰ ਲੈ ਆਉਂਦੀ ਹੋਵੇ। ਪ੍ਰਵੇਸ਼ ਦੁਆਰ 'ਤੇ ਅੱਗੇ ਜਾ ਕੇ ਏਅਰਪੋਰਟ ਦੀ ਤਰਜ਼ ਵਰਗੀ ਚੈਕਿੰਗ। ਇੱਥੇ ਸਾਡੇ ਪਾਸਪੋਰਟ, ਟਿਕਟਾਂ ਵਾਲਾ ਫਾਰਮ, ਕੋਵਿਡ ਫਾਰਮ ਆਦਿ ਚੈਕ ਕੀਤੇ ਗਏ, ਇੱਕ ਇੱਕ ਚੀਜ਼ ਦੀ ਚੈਕਿੰਗ, ਚੈਕਿੰਗ ਜ਼ਰੂਰਤ ਤੋਂ ਜ਼ਿਆਦਾ ਸੀ ਜਾਂ ਠੀਕ ਸੀ। ਸਾਡੇ ਲੇਖਕ ਦੋਸਤਾਂ ਨੇ ਆਪਣੀਆਂ ਨਵ ਪ੍ਰਕਾਸ਼ਿਤ ਪੁਸਤਕਾਂ ਨਾਲ ਲਿਆਂਦੀਆਂ ਸੀ ਕਿ ਉੱਥੇ ਜਾ ਕੇ ਪਾਕਿਸਤਾਨ ਦੇ ਦੋਸਤਾਂ ਨੂੰ ਦੇਵਾਂਗੇ ਅਤੇ ਉਹਨਾਂ ਕੋਲੋਂ ਪੁਸਤਕ ਵਿਮੋਚਨ ਵੀ ਕਰਵਾਵਾਂਗੇ ਪਰ ਸਿਕਿਉਰਟੀ ਗਾਰਡ ਵਾਲਿਆਂ ਨੇ ਪੁਸਤਕਾਂ ਲਿਜਾਣ ਤੋਂ ਮਨ੍ਹਾ ਕਰ ਦਿੱਤਾ। ਤੁਸੀਂ ਪੁਸਤਕਾਂ ਜਾਂ ਕੋਈ ਵੀ ਲਿਟਰੇਚਰ ਨਾਲ ਨਹੀਂ ਲਿਜਾ ਸਕਦੇ। ਭਾਰਤੀ ਕਰੰਸੀ ਤੋਂ ਇਲਾਵਾ ਹੋਰ ਕੋਈ ਕਰੰਸੀ ਨਾਲ ਨਹੀਂ ਲਿਜਾ ਸਕਦੇ।

ਆਪਣੇ ਦੋਸਤ ਜਨਾਬ ਨੂਰ ਅਹਿਮਦ ਜੱਟ ਹੋਰਾਂ ਲਈ ਇੱਕ ਕੈਨੇਡੀਅਨ ਘੜੀ, ਇੱਕ ਪਰਫਿਊਮ ਦੀ ਸ਼ੀਸ਼ੀ, ਉਸ ਦੀ ਬੇਗ਼ਮ ਦਾ ਪੰਜਾਬੀ ਸੂਟ ਅਤੇ ਉਸ ਦੇ ਪੁੱਤਰ ਲਈ ਕੱਪੜੇ ਖੜੇ ਸੀ। ਸਿਕਿਉਰਟੀ ਵਾਲਿਆਂ ਪੰਗਾ ਖੜ੍ਹਾ ਕਰ ਦਿੱਤਾ ਕਿ ਤੁਸੀਂ ਘੜੀ ਨਾਲ ਨਹੀਂ ਲਿਜਾ ਸਕਦੇ। ਮੈਂ ਉਹਨਾਂ ਨੂੰ ਬੇਨਤੀ ਕੀਤੀ ਕਿ ਮੇਰੇ ਪਾਕਿਸਤਾਨੀ ਦੋਸਤ ਹਨ, ਅਸੀਂ ਇੱਕ ਦੂਸਰੇ ਦੇ ਸ਼ੁਭ ਕਾਰਜਾਂ ਵਿੱਚ ਮਿਲਦੇ ਰਹਿੰਦੇ ਹਾਂ ਕਿਉਂਕਿ ਮੇਰੇ ਪਾਸਪੋਰਟ ਉੱਪਰ ਪਹਿਲਾਂ ਵੀ ਲਾਹੌਰ ਦੀ ਐਂਟਰੀ ਹੋਈ ਸੀ। ਉਹਨਾਂ ਮੇਰੇ ਤੋਂ ਕਾਫੀ ਪੁੱਛਕਿਛ ਕੀਤੀ ਪਰ ਮੈਂ ਘੜੀ ਨਾਲ ਜਾਣ ਲਈ ਬਜ਼ਿੱਦ ਸਾਂ। ਆਖ਼ਿਰ ਉਸ ਮਹਿਲਾ ਕਰਮਚਾਰੀ ਨੇ ਆਪਣੇ ਉੱਚ ਅਧਿਕਾਰੀ ਨਾਲ ਗੱਲ ਕੀਤੀ ਕਿ ਇੱਕ ਲੇਖਕ ਪੱਤਰਕਾਰ ਹਨ ਜੋ ਆਪਣੇ ਦੋਸਤ ਲਈ ਘੜੀ ਆਦਿ ਸਾਮਾਨ ਲਿਜਾਣਾ ਚਾਹੁੰਦੇ ਹਨ। ਉਹਨਾਂ ਨੇ ਕੁਝ ਸੋਚ ਵਿਚਾਰ ਤੋਂ ਬਾਅਦ ਇਜਾਜ਼ਤ ਦੇ ਦਿੱਤੀ। ਇਸ ਤੋਂ ਬਾਅਦ ਇੱਕ ਕਤਾਰ ਦੇ ਰੂਪ ਵਿੱਚ ਸਭ ਨੂੰ ਪੋਲੀਓ ਬੂੰਦਾ ਪਿਲਾਈਆਂ ਗਈਆਂ। ਸਾਰੇ ਸਾਮਾਨ ਦੀ ਫਿਰ ਤੋਂ ਚੈਕਿੰਗ ਕੀਤੀ। ਚੈਕਿੰਗ ਤੋਂ ਬਾਅਦ ਇੱਕ ਆਖ਼ਰੀ ਹਾਲ ਵਿੱਚ ਪ੍ਰਵੇਸ਼ ਕੀਤਾ ਅਤੇ ਉਸ ਦੇ ਬਾਹਰ ਰਿਕਸ਼ੇਨੁਮਾ ਇਲੈਕਟਰੋਨਿਕ ਕਾਰਾਂ ਵਿੱਚ ਬਿਠਾ ਕੇ ਸਾਨੂੰ ਭਾਰਤ ਪਾਕਿਸਤਾਨ ਸੀਮਾ ਤੱਕ ਪਹੁੰਚਾਇਆ। ਉੱਥੇ ਚੈਕਿੰਗ ਕੀਤੀ। ਭਾਰਤ ਪਾਕਿਸਤਾਨ ਸੀਮਾ ਵੇਖ ਕੇ ਸਭ ਦਾ ਮਨ ਖੁਸ਼ ਹੋ ਗਿਆ। ਖੁਸ਼ੀ ਰੂਹ ਤੱਕ ਉਤਰ ਗਈ ਉੱਥੇ ਅਸੀਂ ਸਭ ਨੇ ਗਰੁੱਪ ਫੋਟੋ ਅਤੇ ਹੋਰ ਤਰ੍ਹਾਂ ਤਰ੍ਹਾਂ ਦੇ ਐਕਸ਼ਨ ਵਿੱਚ ਫੋਟੋਆਂ ਖਿਚਵਾਈਆਂ ਤਾਂ ਕਿ ਇੱਕ ਯਾਦ ਸਾਂਭੀ ਰਹੇ। ਪਾਕਿਸਤਾਨ ਸੀਮਾਂ 'ਤੇ ਇੱਕ ਖ਼ੂਬਸੂਰਤ ਬਸ ਖੜ੍ਹੀ ਸੀ ਜਿਸ ਵਿੱਚ ਅਸੀਂ ਤੇ ਹੋਰ ਯਾਤਰੀ ਸ਼ਰਧਾਲੂ ਬੈਠ ਗਏ। ਥੋੜ੍ਹੀ ਦੇਰ ਬਾਅਦ ਬਸ ਚੱਲ ਪਈ, ਮੱਧਮ ਰਫਤਾਰ ਵਿੱਚ ਬੱਸ ਵਿੱਚ ਪੰਜਾਬੀ ਗੀਤ ਸੁਣਾਈ ਦੇਣ ਲੱਗੇ। ਪੰਜਾਬੀਅਤ ਦਾ ਰੰਗ ਬੱਝ ਗਿਆ। ਪਾਕਿਸਤਾਨ ਅਤੇ ਪੰਜਾਬ ਦਾ ਇਲਾਕਾ ਇਵੇਂ ਮਹਿਸੂਸ ਹੋਣ ਲੱਗਾ ਜਿਵੇਂ ਵਿਛੜੇ ਹੋਏ ਦੋ ਸਕੇ ਭਰਾ ਹੋਣ। ਸਭ ਕੁਝ ਮਿਲਦਾ ਜੁਲਦਾ। ਮੈਨੂੰ ਯਾਦ ਆ ਗਏ ਉਹ ਦਿਨ ਮੇਰੇ ਨਾਨਕੇ ਤੇਗ ਬਾਬਾ ਨਾਨਕ ਵਿਖੇ ਸਨ। ਅਸੀਂ ਛੋਟੇ ਹੁੰਦੇ ਪਾਕਿਸਤਾਨ ਭਾਰਤ ਸੀਮਾ ਦੇ ਖੇਤਾਂ ਵਿੱਚ ਜਾਇਆ ਕਰਦੇ ਸਾਂ, ਸਾਡੀ ਨਾਨਕਿਆਂ ਦੀ ਜ਼ਮੀਨ ਬਿਲਕੁਲ ਪਾਕਿਸਤਾਨ ਸੀਮਾ ਦੇ ਨਾਲ ਸੀ। ਉਦੋਂ ਵਿਚਕਾਰ ਕੰਡਿਆਲੀ ਤਾਰ ਜਾਂ ਧੁੱਸੀ ਨਹੀਂ ਸੀ ਹੁੰਦੀ। ਸਿਰਫ ਇੱਕ ਟਰੈਕਟਰ ਦੇ ਸਿਆੜ ਦੀ ਸੀਮਾ ਰੇਖਾ ਹੁੰਦੀ ਹੈ, ਅਸੀਂ ਸੀਮਾ ਪਾਰ ਕਰਕੇ ਪਾਕਿਸਤਾਨ ਕਿਸਾਨਾਂ ਦੇ ਘਰਾਂ ਵਿੱਚ ਵੀ ਚਲੇ ਜਾਂਦੇ ਸਾਂ, ਉਹ ਵੀ ਆ ਜਾਂਦੇ ਸੀ। ਸੀਮਾ 'ਤੇ ਏਨੇ ਸਖ਼ਤ ਪਹਿਰੇ ਨਹੀਂ ਸਨ, ਚੇਤਾਵਨੀ ਜ਼ਰੂਰੀ ਹੁੰਦੀ ਸੀ। ਪਾਕਿਸਤਾਨ ਦੀ ਧਰਤੀ ਵੇਖ ਕੇ ਮੈਨੂੰ ਮੇਰਾ ਬਚਪਨ ਯਾਦ ਆ ਗਿਆ ਕਿ ਕਿਸ ਤਰ੍ਹਾਂ ਅਸੀਂ ਭਰਾਵਾਂ ਵਾਂਗੂੰ ਇੱਕ ਦੂਸਰੇ ਨੂੰ ਮਿਲਦੇ ਸੀ। ਇਹ ਪਰੰਪਰਾ ਪਿਆਰ ਮੁਹੱਬਤ ਅੱਜ ਵੀ ਬਰਕਰਾਰ ਹੈ, ਬਸ ਚੱਲਣ ਲੱਗਿਆਂ ਸੰਗਤਾਂ ਨੇ ਪੂਰੇ ਜੋਸ਼ੋ ਖਰੋਸ਼ ਨਾਲ ਪੂਰੇ ਆਤਮ ਬਲ ਨਾਲ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰੇ ਛੱਡ ਦਿੱਤੇ। ਸਤਿਨਾਮ ਸ਼੍ਰੀ ਵਾਹਿਗੁਰੂ ਜੀ ਦਾ ਪਾਠ ਉਚਾਰਨ ਸ਼ੁਰੂ ਹੋ ਗਿਆ, ਇੱਕ ਸਿੰਘ ਸਾਹਿਬਾਨ ਪਹਿਲਾਂ ਸਤਿਨਾਮ ਵਾਹਿਗੁਰੂ ਬੋਲਦੇ ਅਤੇ ਉਹਨਾਂ ਦੇ ਉਚਾਰਨ ਪਿੱਛੇ ਸ਼ਰਧਾਲੂ ਉਹ ਵੀ ਬੋਲਦੇ। ਨਜ਼ਾਰੇ ਦੀਆਂ ਸੀਮਾਂ ਹੀ ਖ਼ਤਮ। ਬਰਲਿਨ ਦੀ ਦੀਵਾਰ ਮੈਨੂੰ ਯਾਦ ਆ ਗਈ। ਪਾਕਿਸਤਾਨ ਦੇ ਕੋਰੀਡੋਰ ਵਿੱਚ ਬਸ ਪ੍ਰਵੇਸ਼ ਕਰ ਗਈ। ਭਾਰਤ ਪਾਕਿਸਤਾਨ ਸੀਮਾ ਤੋਂ ਇਹ ਕੋਰੀਡੋਰ ਲਗਭਗ 5 ਕਿਲੋਮੀਟਰ ਦੂਰ ਹੈ, ਚਾਰੇ ਪਾਸੇ ਖੇਤ ਦੇ ਦ੍ਰਿਸ਼ ਉੱਥੇ ਬੱਸ ਰੁਕਦੀ ਹੈ ਸਭ ਉੱਤਰ ਜਾਂਦੇ ਹਨ। ਇਸ ਦੇ ਨਾਲ ਸੱਜੇ ਪਾਸੇ ਛੱਤ ਵਾਲਾ ਖੁੱਲਾ ਪਲੇਟਫਾਰਮ ਹੈ ਇੱਥੋਂ ਪਾਕਿਸਤਾਨੀ ਕਰੰਸੀ ਮਿਲਦੀ ਹੈ। ਤੁਸੀਂ ਇੱਥੇ ਜਿੰਨੀ ਮਰਜ਼ੀ ਇੱਛਾ ਮੁਤਾਬਿਕ ਕਰੰਸੀ ਲੈ ਸਕਦੇ ਹੋ ਇੱਥੇ ਹੀ ਅਧਿਕਾਰੀ ਪ੍ਰਵੇਸ਼ ਫੀਸ ਅਮਰੀਕਾ ਦੇ 20 ਡਾਲਰ ਲੈਂਦੇ ਹਨ। ਅਸੀਂ ਸਭ ਨੇ ਪਾਕਿਸਤਾਨੀ ਕਰੰਸੀ ਜ਼ਰੂਰਤ ਮੁਤਾਬਿਕ ਲੈ ਲਈ। ਉੱਥੇ ਖਰੀਦੋ ਫਰੋਖ਼ਤ ਲਈ ਮਿੰਨੀ ਬਾਜ਼ਾਰ ਵੀ ਹੈ ਜੋ ਆਰਜੀ ਤੌਰ 'ਤੇ ਬਣਾਇਆ ਗਿਆ ਹੈ। ਪਾਕਿਸਤਾਨ ਦੀ ਕਰੰਸੀ ਦੇ ਮੁਤਾਬਿਕ ਭਾਰਤ ਦਾ ਇੱਕ ਰੁਪੱਈਆ ਅਤੇ ਪਾਕਿਸਤਾਨ ਦੇ ਦੋ ਰੁਪਈਏ ਅੱਸੀ ਪੈਸੇ ਬਣਦੇ ਹਨ। ਕਰੰਸੀ ਚੈਕ ਕਰਨ ਤੋਂ ਬਾਅਦ ਪਾਕਿਸਤਾਨ ਚੈਕਿੰਗ ਵਿਭਾਗ ਦੀ ਇਮਾਰਤ ਸ਼ੁਰੂ ਹੋ ਜਾਂਦੀ ਹੈ। ਇਸ ਦੇ ਪ੍ਰਵੇਸ਼ ਦੁਆਰ ਤੋਂ ਪਹਿਲਾਂ ਕਈ ਏਕੜ ਖੁੱਲ੍ਹਾ ਡੁੱਲਾ ਖ਼ੂਬਸੂਰਤ ਪਾਰਕ ਹੈ ਇਸ ਪਾਰਕ ਵਿੱਚ ਸ਼੍ਰੀ ਕਿਰਪਾਨ ਸਾਹਿਬ ਦਾ ਦਿਲਕਸ਼ ਸਟੈਚੂ ਮਿਆਨ ਵਿੱਚ ਬੰਦ ਨਜ਼ਰ ਆਉਂਦਾ ਹੈ ਜਿਸ ਦੀ ਮਿਆਨ ਨੂੰ ਖ਼ੂਬਸੂਰਤ ਸ਼ੈਲੀ ਅਤੇ ਸ਼ਿਲਪ ਵਿੱਚ ਸਜਾਇਆ ਗਿਆ ਹੈ। ਸਿੱਖ ਸੱਭਿਆਚਾਰ ਦਾ ਸੁੰਦਰ ਪ੍ਰਤੀਕ। ਇੱਥੇ ਸਭਨਾ ਫੋਟੋਆਂ ਖਿੱਚਵਾਈਆਂ, ਮੀਹ ਫਿਰ ਮੱਧਮ ਸੰਗੀਤ ਦੀ ਧੁੰਨਾ ਛੇੜਨ ਲੱਗ









(ਬਾਕੀ ਅਗਲੇ ਸਫੇ 'ਤੇ)

# ਜਿਲ੍ਹਾ ਬਾਲ ਸੁਰੱਖਿਆ ਯੂਨਿਟ ਵੱਲੋਂ ਜਿਲਾ ਪੱਧਰੀ ਸਪੋਂਸਰਸ਼ਿਪ ਦਿਵਸ ਦਾ ਆਯੋਜਨ

## ਵਿਧਾਇਕ ਬਲਾਚੌਰ ਸੰਤੋਸ਼ ਕਟਾਰੀਆ ਨੇ ਮਿਸ਼ਨ ਵਾਤਸਲਿਆ ਸਕੀਮ ਤਹਿਤ 97 ਲਾਭਪਾਤਰੀਆਂ ਨੂੰ ਵੰਡੇ ਗਏ ਚੈੱਕ

**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)-** ਡਾਇਰੈਕਟਰ, ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਿਸ਼ਨ ਵਾਤਸਲਿਆ ਸਕੀਮ ਅਧੀਨ ਸਪੋਂਸਰਸ਼ਿਪ ਸਕੀਮ ਤਹਿਤ ਜੀਰੋ ਤੋਂ 18 ਸਾਲ ਤੱਕ ਦੇ ਬੇਸਹਾਰਾ ਅਤੇ ਲੋੜਵੰਦ ਬੱਚਿਆਂ ਨੂੰ 4000 ਪ੍ਰਤੀ ਮਹੀਨਾ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ। ਇਸ ਸਕੀਮ ਦਾ ਲਾਭ ਦੇਣ ਲਈ ਅੱਜ ਜਿਲਾ ਬਾਲ ਸੁਰੱਖਿਆ ਯੂਨਿਟ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਡਿਪਟੀ ਕਮਿਸ਼ਨਰ ਸ੍ਰੀ ਨਵਜੋਤ ਪਾਲ ਸਿੰਘ ਰੰਧਾਵਾ (ਆਈ।ਏ।ਐਸ) ਦੀ ਹਦਾਇਤਾਂ ਅਨੁਸਾਰ ਬਾਬਾ ਬਲਰਾਜ ਕਾਲਜ ਬਲਾਚੌਰ ਵਿਖੇ ਜ਼ਿਲਾ ਪੱਧਰੀ ਸਪੋਂਸਰਸ਼ਿਪ ਦਿਵਸ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦੌਰਾਨ ਵਿਧਾਇਕ ਹਲਕਾ ਬਲਾਚੌਰ ਸ਼੍ਰੀਮਤੀ ਸੰਤੋਸ਼ ਕਟਾਰੀਆ ਅਤੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ਼੍ਰੀ ਰਾਜੀਵ ਵਰਮਾ (ਪੀ.ਸੀ.ਐਸ.) ਵੱਲੋਂ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ ਅਤੇ ਸਕੀਮ ਦਾ ਲਾਭ ਲੈ ਰਹੇ 97 ਲਾਭਪਾਤਰੀਆਂ ਨੂੰ ਸਕੀਮ ਅਧੀਨ ਵਿੱਤੀ ਲਾਭ (4000 ਰੁਪਏ ਪ੍ਰਤੀ ਮਹੀਨਾ) ਸਬੰਧੀ ਚੈੱਕ ਵੰਡੇ ਗਏ। ਵਿਧਾਇਕ ਹਲਕਾ ਬਲਾਚੌਰ ਸ਼੍ਰੀਮਤੀ






ਸੰਤੋਸ਼ ਕਟਾਰੀਆ ਵੱਲੋਂ ਸਮਾਗਮ ਦੌਰਾਨ ਹਾਜ਼ਰ ਬੱਚਿਆਂ ਦੇ ਮਾਤਾ ਪਿਤਾ ਨੂੰ ਇਸਤਰੀ ਤੇ ਬਾਲ ਵਿਕਾਸ ਮੰਤਰਾਲੇ ਵੱਲੋਂ ਚਲਾਈ ਜਾ ਰਹੀ ਮਿਸ਼ਨ ਵਾਤਸੱਲੀਆ ਸਕੀਮ ਤਹਿਤ ਬੱਚਿਆਂ ਨੂੰ ਵਿੱਤੀ ਪੱਖੋਂ ਮਜਬੂਤ ਬਣਾਉਣ ਲਈ ਵੱਧ ਤੋਂ ਵੱਧ ਬੱਚਿਆਂ ਨੂੰ ਸਪੋਂਸਰਸ਼ਿਪ ਸਕੀਮ ਦਾ ਲਾਭ ਲੈਣ ਲਈ ਪ੍ਰੇਰਿਤ ਕੀਤਾ ਗਿਆ ਤਾਂ ਜੋ ਲੋੜਵੰਦ ਅਤੇ ਬੇਸਹਾਰਾ ਬੱਚਿਆਂ ਨੂੰ ਉਪਰੋਕਤ ਸਕੀਮ ਦਾ ਲਾਭ ਮਿਲ ਸਕੇ। ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ੍ਰੀ ਰਜੀਵ ਵਰਮਾ ਪੀ.ਸੀ.ਐਸ. ਵੱਲੋਂ ਜੁਵੇਨਾਈਲ ਜਸਟਿਸ ਐਕਟ ਨੂੰ ਸੁਚੱਜੇ ਢੰਗ ਨਾਲ ਜਿਲੇ ਵਿੱਚ ਲਾਗੂ ਕਰਨ ਲਈ ਅਤੇ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜਿਲਾ ਬਾਲ ਸੁਰੱਖਿਆ ਯੂਨਿਟ ਨਾਲ ਸੰਪਰਕ ਕਰਨ ਅਤੇ ਚਾਇਲਡ ਹੈਲਪਲਾਈਨ ਨੰਬਰ 1098 ਦੀ ਵਰਤੋਂ ਕਰਨ ਲਈ ਹਦਾਇਤ ਕੀਤੀ ਗਈ। ਜ਼ਿਲਾ ਬਾਲ ਸੁਰੱਖਿਆ ਅਫਸਰ ਸ਼੍ਰੀਮਤੀ ਕੰਚਨ ਅਰੋੜਾ ਵੱਲੋਂ ਦੱਸਿਆ ਗਿਆ ਕਿ ਸਪੋਂਸਰਸ਼ਿਪ ਸਕੀਮ ਦਾ ਲਾਭ ਇੱਕ ਪਰਿਵਾਰ ਦੇ ਜੀਰੋ ਤੋਂ 18 ਸਾਲ ਤੱਕ ਦੇ ਦੋ ਬੱਚਿਆਂ ਨੂੰ ਦਿੱਤਾ ਜਾ ਸਕਦਾ ਹੈ ਅਤੇ ਅਜੀਹੇ ਮਾਤਾ ਪਿਤਾ ਜੋ ਸਰੀਰਕ ਅਤੇ ਵਿੱਤੀ ਪੱਖੋਂ ਆਪਣੇ ਬੱਚਿਆਂ ਦਾ ਪਾਲਨ ਪੋਸ਼ਣ ਕਰਨ ਵਿੱਚ ਸਮਰੱਥ ਨਹੀਂ ਹਨ, ਇਸ ਦੇ ਨਾਲ ਹੀ ਸਿੰਗਲ ਪੇਰੈਂਟ, ਵਿਧਵਾ ਔਰਤ ਜਾਂ ਕਿਸੀ ਮੇਜਰ ਬਿਮਾਰੀ (ਜਿਵੇਂ ਕਿ ਕੈਂਸਰ ਟੀਬੀ ਆਦੀ) ਨਾਲ ਗ੍ਰਸਤ ਮਾਤਾ ਪਿਤਾ, ਉਹ ਬੱਚੇ ਜਿਸ ਦੇ ਮਾਤਾ ਪਿਤਾ ਜੇਲ ਵਿੱਚ ਹਨ ਅਤੇ ਜੋ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਨਹੀਂ ਕਰ ਸਕਦੇ ਹਨ, ਉਹ ਆਪਣੇ ਬੱਚਿਆਂ ਲਈ ਇਸ ਸਕੀਮ ਦਾ ਲਾਭ ਲੈ ਸਕਦੇ ਹਨ। ਉਨ੍ਹਾਂ ਦੱਸਿਆ ਕਿ ਸਕੀਮ ਦਾ ਲਾਭ ਲੈਣ ਲਈ ਜ਼ਿਲਾ ਬਾਲ ਸੁਰੱਖਿਆ ਯੂਨਿਟ ਕਮਰਾ ਨੰਬਰ 413 ਜਿਲਾ ਪ੍ਰਬੰਧਕੀ ਕੰਪਲੈਕਸ ਤੀਜੀ ਮੰਜ਼ਿਲ ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਚਲੋ ਚਲੀਏ ਸ਼੍ਰੀ ਗੁਰੂ ਨਾਨਕ ਦੇਵ ਜੀ ਵਲੋਂ ਵਸਾਏ ਸ਼ਹਿਰ ਸ਼੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ

**(ਸਫਾ 26 ਦੀ ਬਾਕੀ)**

ਪਿਆ। ਅਸੀਂ ਜਲਦੀ ਜਲਦੀ ਚੈਕਿੰਗ ਵਿਭਾਗ ਦੀ ਇਮਾਰਤ ਵਿੱਚ ਪ੍ਰਵੇਸ਼ ਕਰ ਗਏ ਉੱਥੇ ਫਿਰ ਪੂਰੀ ਚੈਕਿੰਗ ਸਾਰੇ ਕਾਗਜ਼ਾਤ ਵੇਖੇ ਜਾਂਦੇ ਹਨ। ਇੱਕ ਬੈਗ ਵਿਚ ਤੁਸੀਂ ਸੱਤ ਤੋਂ ਅੱਠ ਕਿਲੋ ਭਾਰ ਨਾਲ ਲਿਜਾ ਸਕਦੇ ਹੋ। ਇਸ ਇਮਾਰਤ ਤੋਂ ਬਾਹਰ ਫਿਰ ਬੱਸਾਂ ਲੱਗੀਆਂ ਹੋਈਆਂ ਸੀ, ਸਭ ਯਾਤਰੀ ਬੈਠ ਗਏ। ਫਿਰ ਜੈਕਾਰਿਆਂ ਦੀ ਗੂੰਜ ਬੱਸ ਨੇ ਸਭ ਨੂੰ ਕਰਤਾਰਪੁਰ ਸਾਹਿਬ ਦੇ ਬਾਹਰ ਚੈਕਿੰਗ ਪੋਸਟ ਤੇ ਉਤਾਰ ਦਿੱਤਾ। ਉਸ ਦੇ ਬਾਹਰ ਨਿਕਲਦਿਆਂ ਹੀ ਸ਼੍ਰੀ ਦਰਬਾਰ ਸਾਹਿਬ ਦੀ ਸਹੀ ਇਮਾਰਤ ਨਜ਼ਰ ਆਉਂਦੀ ਹੈ। ਇੱਕ ਉਤਸੁਕਤਾ ਵਿੱਚ ਜਗਿਆਸਾ ਨੂੰ ਖੰਭ ਲੱਗ ਗਏ। ਸਭ ਤੋਂ ਪਹਿਲਾਂ ਦਰਸ਼ਨੀ ਡਿਉੜੀ ਦੇ ਮਨਮੋਹਣੇ ਦਰਸ਼ਨ। ਸਭ ਕੁਝ ਇੱਕ ਨਾਟਕ ਵਾਂਗ ਦਿਖਾਈ ਦੇ ਰਿਹਾ ਸੀ ਕਿ ਅਗੇ ਕੀ ਹੋਵੇਗਾ। ਇਕਾਗਰਤਾ ਅਧਿਆਤਮਿਕਤਾ ਨੂੰ ਛੂਹ ਰਹੀ ਸੀ। ਦਰਸ਼ਨੀ ਡਿਊੜੀ ਦੇ ਮੁੱਖ ਦੁਆਰ ਤੇ ਜਦੋਂ ਸ਼ਰਧਾਲੂ ਅੰਦਰ ਪ੍ਰਵੇਸ਼ ਕਰਨ ਲਗਦੇ ਹਨ, ਉਨ੍ਹਾਂ ਨੂੰ ਉਥੇ ਰੋਕ ਕੇ ਇਕ ਮੁਸਲਮਾਨ ਮੁਲਾਜ਼ਿਮ ਅਤੇ ਪਾਕਿਸਤਾਨੀ ਸਿੱਖ ਲੜਕੀ ਨੇ ਸਭ ਨੂੰ ਸ੍ਰੀ ਕਰਤਾਰਪੁਰ ਸਾਹਿਬ ਦੀ ਸੰਖੇਪ ਜਿਹੀ ਜਾਣਕਾਰੀ ਦਿੱਤੀ। ਕਿਥੇ ਕੀ ਹੈ? ਸਭ ਕੁਝ ਸਮਝਾਉਂਦੇ ਹਨ।

ਇਸ ਤੋਂ ਬਾਅਦ ਅਸੀਂ ਅੰਦਰ ਪ੍ਰਵੇਸ਼ ਕੀਤਾ ਤਨ ਮਨ ਰੂਹ ਆਨੰਦਿਤ ਹੋਈ ਜਾ ਰਹੀ ਸੀ। ਜਿਵੇਂ ਹਕ਼ੀਕ਼ਤ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਹੋਣੇਂ ਹੋਣ। ਪ੍ਰਵੇਸ਼ ਦੁਆਰ ਦੇ ਬਰਾਮਦੇ ਵਿਚੋਂ ਅੰਦਰਲੇ ਸਾਰੇ ਦ੍ਰਿਸ਼ ਨਜ਼ਰ ਆਉਂਦੇ ਹਨ। ਸੰਗਮਰਮਰ ਦਾ ਦਿਲਕਸ਼ ਫਰਸ਼, ਸਾਰੀ ਇਮਾਰਤ ਸਫ਼ੇਦ ਰੰਗ ਦੀ ਜਿਵੇਂ ਸ਼ਾਂਤੀ ਅਤੇ ਭਾਈਚਾਰੇ ਦਾ ਸੰਦੇਸ਼ ਪ੍ਰਵੇਸ਼ ਦੁਆਰ ਦੇ ਨਾਲ ਖੱਬੇ ਪਾਸੇ ਜੋੜਾ ਘਰ ਹੈ। ਜਿੱਥੇ ਸਭ ਨੇ ਅਪਣੇਂ-ਅਪਣੇਂ ਜੋੜੇ (ਜੁੱਤੇ) ਜਮ੍ਹਾਂ ਵਰਕਾ ਕੇ ਟੋਕਣ ਲੈ ਲਏ। ਇੱਥੇ ਜੋੜਿਆਂ ਦੀ ਸੇਵਾ ਵਿੱਚ ਸਭ ਮੁਸਲਮਾਨ ਭਾਈਚਾਰੇ ਹੀ ਸ਼ਰਧਾਲੂ ਸਨ ਨਾਲ ਹੀ ਪੁਲਿਸ ਦਾ ਡਿਊਟੀ ਰੂਮ ਹੈ। ਸਭ ਨੇ ਦਰਸ਼ਨੀ ਡਿਉੜੀ ਦੀਆਂ ਤਸਵੀਰਾਂ ਖਿੱਚੀਆਂ। ਵੱਖ-ਵੱਖ ਦ੍ਰਿਸ਼ਾਂ ਅਤੇ ਵੱਖ-ਵੱਖ ਅੰਦਾਜ਼ ਵਿੱਚ। ਇਸ ਸਥਾਨ ਤੇ ਸ਼੍ਰੀ ਦਰਬਾਰ ਸਾਹਿਬ ਦਾ ਅਧਿਆਤਮਿਕ ਅਤੇ ਸਕੂਨ ਭਰਿਆ ਅਲੌਕਿਕ ਦ੍ਰਿਸ਼। ਤਨ ਮਨ ਰੂਹ ਨੂੰ ਛੂਹ ਜਾਂਦਾ ਹੈ। ਜਲਦੀ ਜਲਦੀ ਨਜ਼ਦੀਕ ਪਹੁੰਚਣ ਦੀ ਇੱਛਾ ਮਨ ਵਿੱਚ ਲਿਲਕਦੀ ਹੈ। ਸ਼੍ਰੀ ਦਰਬਾਰ ਸਾਹਿਬ ਦੇ ਚਾਰੇ ਪਾਸਿਆਂ ਤੋਂ ਤੁਸੀਂ ਅੰਦਰ ਜਾ ਸਕਦੇ ਹੋ। ਚਾਰੇ ਪਾਸੇ ਲੰਬਾ ਚੌੜਾ ਬਰਾਮਦਾ ਨੁਮਾਂ ਗਲਿਆਰਾ ਹੈ। ਪ੍ਰਾਚੀਨ ਸਮੇਂ ਦੀ ਸ਼ਿਲਪਸ਼ੈਲੀ ਦੀ ਤਰਜ਼ ਵਿੱਚ ਆਧੁਨਿਕ ਸਮਗਰੀ ਨਾਲ ਬਣਿਆ।

ਅਸੀਂ ਪ੍ਰਵੇਸ਼ ਦੁਆਰ ਤੋਂ ਥੋੜਾ ਅੱਗੇ ਜਾ ਕੇ ਖੱਬੇ ਪਾਸੇ ਵੱਲ ਮੁੜ ਗਏ ਅਤੇ ਵਿਚਕਾਰ ਸਾਹਮਣੇ ਦਿਸ਼ਾ ਵੱਲ ਰਸਤਾ ਜਾਂਦਾ ਹੈ ਜੋ ਸ਼੍ਰੀ ਦਰਬਾਰ ਸਾਹਿਬ ਤੱਕ ਲਗਭਗ 100 ਮੀਟਰ ਦੀ ਦੂਰੀ ਉੱਪਰ ਸ੍ਰੀ ਦਰਬਾਰ ਸਾਹਿਬ ਪ੍ਰਕਾਸ਼ਮਾਨ ਸ਼ੋਭਨੀਏ ਹਨ। ਰਸਤਿਆਂ ਵਿੱਚ ਸਾਫ ਸੁਥਰੇ ਕਲੀਨ ਵਿਛੇ ਹੋਏ ਹਨ ਗਰਮੀ ਸਰਦੀ ਤੋਂ ਬਚਣ ਲਈ। ਇੱਥੇ ਅਸੀਂ ਕੁਝ ਗਰੁੱਪ ਫੋਟੋ ਲਏ। ਇੱਥੇ ਸ਼੍ਰੀ ਦਰਬਾਰ ਸਾਹਿਬ ਦਾ ਪੂਰਾ ਦ੍ਰਿਸ਼ ਨੇੜਿਓਂ ਕੈਮਰਾ ਕ੍ਰਿਤ ਹੋ ਜਾਂਦਾ ਹੈ। ਨਿੱਕੀ ਨਿੱਕੀ ਕਿਣ-ਮਿਣ ਫਿਰ ਸ਼ੁਰੂ ਹੋ ਗਈ, ਕਿਸੇ ਜਮਲੇ ਦੀ ਤੂੰਬੀ ਦੀ ਤਰਜ਼ ਵਰਗੀ। ਮੱਧਮ ਪਰ ਰਿਦਮ ਵਿੱਚ ।ਇਦਾਂ ਦੀ ਬਾਰਿਸ਼ ਮਜਾ ਵੀ ਦਿੰਦੀ ਹੈ। ਗਰਮੀ ਤੋਂ ਕੁਝ ਰਾਹਤ ਮਹਿਸੂਸ ਹੋਈ। ਇੱਕ ਅਭਿਨੰਦਨ ਅਭਿਵਾਦਨ ਦਾ ਸੰਦੇਸ਼ ਦਿੰਦੀ ਹੋਈ ।ਸਭ ਕੁਝ ਚੰਗਾ ਚੰਗਾ ਲੱਗ ਰਿਹਾ ਸੀ। ਜੰਨਤ ਤੋਂ ਵੀ ਉੱਪਰ। ਅਸੀਂ ਖੱਬੇ ਪਾਸਿਓਂ ਘੁੰਮ ਕੇ ਸ਼੍ਰੀ ਦਰਬਾਰ ਸਾਹਿਬ ਦੇ ਮੁੱਖ ਦੁਆਰ ਤੇ ਪਹੁੰਚ ਗਏ ਜਿਵੇਂ ਕੋਈ ਸਦੀਆਂ ਤੋਂ ਵਿਛੜੀ ਮੰਜ਼ਿਲ ਮਿਲ ਗਈ ਹੋਵੇ। ਅਧੂਰੇ ਚਾਵਾਂ ਨੂੰ ਜਿਵੇਂ ਸੰਪੂਰਨਤਾ ਦੇ ਖੰਭ ਲੱਗੇ ਗਏ ਹੋਣ। ਸੱਜੇ ਪਾਸੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਸਮਾਧੀ ਸਥਾਨ ਹੈ। ਇਸ ਨੂੰ ਦੇਖ ਕੇ ਦਰਸ਼ਨ ਕਰਕੇ ਮਨ ਦੀ ਤ੍ਰਿਪਤੀ ਪੂਰਨਤਾ ਵਿੱਚ ਬਦਲ ਗਈ। ਝੁਕ-ਝੁਕ ਮੱਥਾ ਟੇਕਿਆ। ਪੰਡੋਤ ਬੰਦਨਾ ਵਿੱਚ ਕੈਮਰਾ ਕ੍ਰਿਤ ਕੀਤਾ। ਵੱਖ ਵੱਖ ਫੋਟੋਆਂ ਯਾਦ ਵਿੱਚ ਸੰਭਾਲਣ ਲਈ ਸ਼੍ਰੀ ਦਰਬਾਰ ਸਾਹਿਬ ਦੇ ਪ੍ਰਵੇਸ਼ ਦਹਲੀਜ਼ ਨੂੰ ਪੰਡੋਤ ਬੰਦਨਾ ਕਰਦੇ ਹੋਏ ਅੰਦਰ ਪ੍ਰਵੇਸ਼ ਕੀਤਾ। ਪ੍ਰਾਚੀਨ ਸਮੇਂ ਦਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ੋਭਨੀਏਂ ਸਥਾਨ ਇੱਥੇ ਫਿਰ ਮੱਥਾ ਟੇਕਿਆ। ਅੱਖ ਭਰ ਭਰ ਗਹੁ ਨਾਲ ਰੀਝ ਨਾਲ, ਤ੍ਰਿਪਤੀ ਨਾਲ, ਇੱਕ ਲਲਕ ਇੱਕ ਸੰਪੂਰਨ ਹੋਈ ਜਗਿਆਸਾ ਨਾਲ, ਰੱਜ ਰੱਜ ਦਰਸ਼ਨ ਕੀਤੇ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਚੱਲ ਰਹੇ ਸੀ, ਸੱਜੇ ਪਾਸੇ ਕੀਰਤਨੀਏ ਜੱਥਾ ਭਾਈ ਸਾਹਿਬ ਕੀਰਤਨ ਕਰ ਰਹੇ ਸਨ, ਨਾਲ ਗੋਲਕ ਸੀ ਜਿਸ ਵਿੱਚ ਸ਼ਰਧਾ ਮੁਤਾਬਕ ਦਸਵੰਧ ਦਿੱਤਾ ਜਾ ਰਿਹਾ ਸੀ। ਮੇਰੀ ਪਤਨੀ ਬਲਬੀਰ ਕੌਰ ਇਕ ਰੁਮਾਲਾ ਸਾਹਿਬ ਅੰਮ੍ਰਿਤਸਰ ਤੋਂ ਲੈ ਕੇ ਆਈ ਸੀ। ਮੈਂ ਉੱਥੇ ਇੱਕ ਸਿੰਘ ਸਾਹਿਬਾਨ ਨੂੰ ਪੁੱਛਿਆ ਕਿ ਰੁਮਾਲਾ ਸਾਹਿਬ ਕਿੱਥੇ ਸ਼ੋਭਨੀਆ ਕਰਦੇ ਹਨ। ਉਹਨਾਂ ਕਿਹਾ ਕਿ ਖੱਬੇ ਪਾਸੇ ਚੌਂਕੀ ਦੇ ਨਾਲ ਉੱਪਰ ਰੱਖ ਦੇਵੋ ਉੱਥੇ ਪਹਿਲਾਂ ਵੀ ਕਈ ਰੁਮਾਲੇ ਪਏ ਸਨ। ਇੱਥੇ ਵੀ ਵੱਖ-ਵੱਖ ਕੋਨਿਆਂ ਤੋਂ ਤਸਵੀਰਾਂ ਕ੍ਰਿਤ ਕੀਤੀਆਂ। ਮਨ ਦੀ ਰੀਝ ਜਿਵੇਂ ਅਧਿਆਤਮਕ ਹੋ ਗਈ ਹੋਵੇ, ਤ੍ਰਿਪਤ ਸਕੂਨ ਹੋ ਗਈ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੇ ਕਮਰੇ 'ਚੋਂ ਪਿੱਛੇ ਦੀ ਬਾਹਰ ਨਿਕਲਦੇ ਸਾਰ ਹੀ ਖੱਬੇ ਪਾਸੇ ਪ੍ਰਾਚੀਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੱਥ ਲਿਖਤ ਸ਼ੋਭਨੀਏ ਅਸਥਾਨ ਹੈ ਜੋ ਰੁਮਾਲਿਆਂ ਨਾਲ ਢੱਕਿਆ ਹੋਇਆ ਹੈ। ਅੱਖਾਂ ਨੇ ਮਨ ਦਿਲ ਰੂਹ ਨੇ ਭਰ-ਭਰ ਕੇ ਦਰਸ਼ਨ ਕੀਤੇ, ਸਾਰੀ ਇਕਾਗਰਤਾ ਰੂਹ ਨੂੰ ਆਨੰਦਿਤ ਕਰ ਗਈ, ਜਿਵੇਂ ਭਟਕਦੇ ਰਾਹੀ ਨੂੰ ਮੰਜ਼ਿਲ ਮਿਲ ਗਈ ਹੋਵੇ। ਇਸ ਦੇ ਨਾਲ ਹੀ ਸੁੱਕਾ ਪ੍ਰਸ਼ਾਦ ਚਾਰ ਚਾਰ ਪੈਕਟਾਂ ਵਿੱਚ ਸਭ ਨੂੰ ਮਿਲਦਾ ਹੈ। ਨਾਲ ਕੜਾਹ ਵੰਡਿਆ ਜਾਂਦਾ ਹੈ। ਅਸੀਂ ਪਰਿਕਰਮਾ ਕਰਕੇ ਫਿਰ ਮੁੱਖ ਦੁਆਰ 'ਤੇ ਆ ਗਏ। ਇਸ ਦੇ ਪਿਛਲੇ ਪਾਸੇ ਪ੍ਰਾਚੀਨ ਸ਼ਿਲਪ ਦੀਆਂ ਪੌੜੀਆਂ ਹਨ, ਉਹ ਪਰ ਛੱਤ ਵੱਲ ਨੂੰ ਜਾਂਦੀਆਂ ਹਨ। ਇਹ ਪੌੜੀਆਂ ਲਗਭਗ 47 ਦੇ ਕਰੀਬ ਹਨ। ਇਹ ਸਥਾਨ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਦਾ ਹੀ ਬਣਿਆ ਹੋਇਆ ਹੈ ਪਰ ਇਸ ਨੂੰ ਸਾਜ ਸੱਜਾ ਨਾਲ ਸਵਾਰਿਆ ਗਿਆ ਹੈ। ਪੌੜੀਆਂ ਚੜਦੇ ਉੱਪਰਲੀ ਛੱਤ ਨੂੰ ਤਾਲਾ ਲੱਗਿਆ ਹੋਇਆ ਸੀ, ਅਸੀਂ ਵਾਪਸ ਆ ਗਏ ਇੱਥੇ ਬਾਕੀ ਹੋਰ ਕਈ ਕਮਰੇ ਹਨ। ਇਸ ਸਥਾਨ ਦੇ ਬਾਹਰ ਨਾਲ ਹੀ ਪ੍ਰਾਚੀਨ ਢਿੱਡਾਂ ਵਾਲਾ ਖੂਹ ਹੈ ਅਤੇ ਪ੍ਰਾਚੀਨ ਸੱਭਿਆਚਾਰਕ ਚੀਜ਼ਾਂ ਦੇਖਣ ਨੂੰ ਮਿਲਦੀਆਂ ਹਨ।

ਬਾਰਿਸ਼ ਫਿਰ ਸ਼ੁਰੂ ਹੋ ਗਈ ਇੱਕਦਮ ਫਰਾਟੇਦਾਰ ਬਾਰਿਸ਼ ਜਿਵੇਂ ਮਾਹੀਆ ਗਾਉਣ ਵੇਲੇ ਢੋਲ ਵੱਜਦਾ ਹੈ, ਪੂਰੇ ਡਗੇ ਵੱਜ ਰਹੇ ਸੀ ਜਿਵੇਂ ਕੋਈ ਉੱਚੀ ਉੱਚੀ ਬੋਲੀਆਂ ਪਾ ਰਿਹਾ ਹੋਵੇ ਅਸੀਂ ਸਭ ਨੇ ਯੋਜਨਾ ਬਣਾ ਲਈ ਕਿ ਪਹਿਲਾਂ ਲੰਗਰ ਛੱਕ ਲਿਆ ਜਾਵੇ ਫਿਰ ਮਾਰਕੀਟ ਵਿੱਚ ਚਲਾਂਗੇ। ਇਸ ਸਾਰੇ ਗਲਿਆਰੇ ਤੋਂ ਤੁਸੀਂ ਬਾਹਰ ਨਹੀਂ ਜਾ ਸਕਦੇ, ਤਾਰਾਂਦਾਰ ਜਾਲੀ ਲਗਾ ਕੇ ਚਾਰੋਂ ਤਰਫੋਂ ਰਸਤਾ ਬੰਦ ਕੀਤਾ ਹੋਇਆ ਹੈ ਪਰ ਦੂਰ ਦੇ, ਨਜ਼ਦੀਕ ਦੇ ਪਿੰਡ ਨਜ਼ਰ ਆਉਂਦੇ ਹਨ। ਅਸੀਂ ਲੰਗਰ ਹਾਲ ਵਿੱਚ ਚਲੇ ਗਏ। ਵਾਹ ਭਾਈ ਵਾਹ ਖ਼ੂਬਸੂਰਤ ਦਿਖ ਵਾਲੀ ਇਮਾਰਤ ਸਵੱਛ ਸਾਫ। ਅਸੀਂ ਲੰਗਰ ਹਾਲ ਵਿਖੇ ਲਗਭਗ ਦੋ ਵਜੇ ਦੁਪਹਿਰ ਦੇ ਕਰੀਬ ਪਹੁੰਚੇ, ਲੰਗਰ ਹਾਲ ਦੇ ਨਾਲ ਹੀ ਸਾਫ ਸੁਥਰਾ ਚਮਕਦਾ ਰਸੋਈ ਘਰ ਹੈ ਇੱਕਦਮ ਸਫਾਈ। ਅ ਧੁਨਿਕ ਢੰਗ ਦੀਆਂ ਰਸੋਈ ਪਕਵਾਨ ਮਸ਼ੀਨਾਂ। ਰਸੋਈ ਦੇ ਨਾਲ ਮੁਸਲਮਾਨ ਭੈਣਾਂ ਪ੍ਰਸ਼ਾਦੇ ਪਕਾ ਰਹੀਆਂ ਸਨ ਉੱਥੇ ਕੁਝ ਸਿੱਖ ਬੀਬੀਆਂ ਵੀ ਲੰਗਰ ਪਕਾਉਣ ਲੱਗੀਆਂ ਪਈਆਂ। ਇਸ ਲੰਗਰ ਹਾਲ ਵਿੱਚ ਲਗਭਗ 550 ਦੇ ਕਰੀਬ ਸੰਗਤ ਬੈਠ ਸਕਦੀ ਹੈ। ਲੰਗਰ ਹਾਲ ਵਿੱਚ ਗਰਮਾ ਗਰਮ ਕੜੀ ਪਕੌੜਾ ਕੜੀ ਦੇ ਉੱਪਰ ਪਕੌੜੇ ਜ਼ਿਆਦਾ ਤੈਰਦੇ ਨਜ਼ਰ ਆ ਰਹੇ ਸੀ। ਸਵਾਦਿਸ਼ਟ ਨਿਊਟਰੀ, ਸਬਜ਼ੀਆਂ, ਮਿੱਠੇ ਚਾਵਲ, ਦਹੀਂ, ਚਾਹ ਆਦਿ ਲੱਜਤਦਾਰ ਲੰਗਰ। ਸਾਂਝੀਵਾਲਤਾ ਦੀ ਇੱਕ ਮਿਸਾਲ। ਬਾਬੇ ਨਾਨਕ ਦਾ ਲੰਗਰ। ਹਾਲ ਦੇ ਮੁੱਖ ਸੇਵਾਦਾਰ ਜਨਾਬ ਲੱਭੂ ਰਾਮ ਜੋ ਹਿੰਦੂ ਭਾਈਚਾਰੇ ਨਾਲ ਸਬੰਧ ਰੱਖਦੇ ਹਨ ਤੇ ਪਾਕਿਸਤਾਨ ਵਿੱਚ ਵੀ ਰਹਿੰਦੇ ਹਨ। ਲੰਗਰ ਹਾਲ ਵਿੱਚ ਅਮੂਮਨ, ਸਿੱਖ ਅਤੇ ਹਿੰਦੂ ਪਰਿਵਾਰਾਂ ਦੇ ਸ਼ਰਧਾਲੂ ਹੀ ਵੇਖਣ ਨੂੰ ਮਿਲੇ ਪਰ ਮੁਸਲਮਾਨ ਭਾਈਚਾਰੇ ਦੇ ਲੋਕ ਵੀ ਸੇਵਾ ਕਰਦੇ ਹਨ। ਮੁਸਲਮਾਨ ਭਾਈਚਾਰੇ ਦੇ ਵੀ ਕਾਫੀ ਲੋਕ ਦਰਸ਼ਨ ਕਰਨ ਲਈ ਆਏ ਹੋਏ ਸੀ ਜੋ ਲੰਗਰ ਹਾਲ ਵਿੱਚ ਮੌਜੂਦ ਸਨ। ਸਾਨੂੰ ਪਾਕਿਸਤਾਨ ਲਾਹੌਰ ਤੋਂ ਮਿਲਣ ਲਈ ਸਾਡੇ ਪਰਮ ਦੋਸਤ ਜਨਾਬ ਨੂਰ ਅਹਿਮਦ ਜੱਟ ਅਤੇ ਉਨਾਂ ਦੇ ਸਾਥੀਆਂ ਨੇ ਆਉਣਾ ਸੀ, ਉਹਨਾਂ ਦਾ ਬਾਰ-ਬਾਰ ਫੋਨ ਆ ਰਿਹਾ ਸੀ ਕਿ ਆ ਰਹੇ ਹਾਂ। ਬਾਰਿਸ਼ ਸਵੇਰ ਤੋਂ ਹੀ ਗੁਣਗੁਣਾ ਰਹੀ ਸੀ। ਇੱਥੋਂ ਲਾਹੌਰ ਕਾਫੀ ਦੂਰ ਪੈਂਦਾ ਹੈ। ਅਸੀਂ ਉਹਨਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਸੀ। ਸਾਡਾ ਪ੍ਰੋਗਰਾਮ ਸੀ ਕਿ ਲੰਗਰ ਸਾਰੇ ਇਕੱਠੇ ਹੀ ਖਾਈਏ ਪਰ ਉਹ ਲੇਟ ਹੋ ਗਏ ਦੋਵੇਂ ਪਾਸੇ ਚੈਕਿੰਗ ਬਹੁਤ ਜਿਆਦਾ ਹੈ, ਖੈਰ ਉਹ ਗੁਰਦੁਆਰਾ ਸਾਹਿਬ ਦੀ ਇਮਾਰਤ ਵਿੱਚ ਆ ਗਏ ਸਨ। ਜਨਾਬ ਨੂਰ ਅਹਿਮਦ ਜੱਟਾਂ ਹੋਰਾਂ ਨੇ ਉੱਥੇ ਪਹੁੰਚ ਕੇ ਸਾਡੀਆਂ ਤਸਵੀਰਾਂ ਮੋਬਾਈਲ 'ਚੋਂ ਪੁਲਿਸ ਅਧਿਕਾਰੀਆਂ ਅਤੇ ਲੋਕਾਂ ਨੂੰ ਦੱਸ ਦਿੱਤੀਆਂ ਕਿ ਜੇਕਰ ਅਸੀਂ ਮਿਲੀਏ ਤਾਂ ਸੂਚਿਤ ਕਰ ਦੇਣ। ਅਸੀਂ ਸੂਰਜ ਡੁੱਬਣ ਤੋਂ ਪਹਿਲਾਂ ਪਹਿਲਾਂ ਨਿਸ਼ਚਿਤ ਸਮੇਂ ਵਿੱਚ ਵਾਪਸ ਜਾਣਾ ਸੀ ਤੁਸੀਂ ਜ਼ਿਆਦਾ ਦੇਰ ਤੱਕ ਇੱਥੇ ਨਹੀਂ ਰਹਿ ਸਕਦੇ। ਅਸੀਂ ਲੰਗਰ ਹਾਲ 'ਚ ਉਹਨਾਂ ਦੀ ਉਡੀਕ ਕਰਨ ਤੋਂ ਬਾਅਦ ਮਾਰਕੀਟ ਵਿੱਚ ਆ ਗਏ। ਮਾਰਕੀਟ ਲੰਗਰ ਹਾਲ ਤੋਂ ਥੋੜੀ ਦੂਰ ਹੈ। ਮਾਰਕੀਟ ਵਿੱਚ ਜਾ ਕੇ ਮੈਂ ਕਿਸੇ ਪਾਕਿਸਤਾਨੀ ਸੱਜਣ ਦੇ ਫੋਨ ਤੋਂ ਨੂਰ ਅਹਿਮਦ ਜੱਟ ਨੂੰ ਫੋਨ ਮਿਲਾਇਆ। ਉਹਨਾਂ ਕਿਹਾ ਕਿ ਅਸੀਂ ਗੁਰਦੁਆਰਾ ਸਾਹਿਬ ਆ ਚੁੱਕੇ ਹਾਂ। ਅਸੀਂ ਉਹਨਾਂ ਨੂੰ ਦੱਸ ਦਿੱਤਾ ਕਿ ਅਸੀਂ ਮਾਰਕੀਟ ਵਿੱਚ ਹਾਂ। ਸ਼ਾਮ ਦੇ ਲਗਭਗ ਚਾਰ ਵੱਜ ਚੁੱਕੇ ਸੀ, ਸਮਾਂ ਕਾਫੀ ਹੋ ਚੁੱਕਾ ਸੀ। ਮੁਲਾਕ਼ਾਤ ਅਤੇ ਦਰਸ਼ਨ ਕਰਨ ਦਾ ਸਮਾਂ ਲਗਭਗ ਸਮਾਪਤ ਹੋਣ ਦੇ ਕਗਾਰ 'ਤੇ ਸੀ। ਅਸੀਂ ਜਲਦੀ ਜਲਦੀ ਉੱਥੋਂ ਖਰੀਦੋ ਫਰੋਖ਼ਤ ਕਰਨ ਲੱਗੇ, ਖਾਣ ਪੀਣ ਦੀਆਂ ਦੁਕਾਨਾਂ, ਕੱਪੜੇ ਦੀਆਂ ਦੁਕਾਨਾਂ ਮਨਿਆਰੀ ਅਤੇ ਚੱਪਲ ਮਾਰਕੀਟ ਵਗੈਰਾ ਸੀ। ਦੁਕਾਨਾਂ ਥੋੜੀਆਂ ਹੀ ਸਨ। ਮੈਂ ਉਥੋਂ ਚਾਰ ਜੌੜੇ ਪਸੌਰੀ ਚੱਪਲਾਂ ਲੈ ਲਈਆਂ। ਇੱਕ ਚਪਲ ਲਗਭਗ 2500 ਪਾਕਿਸਤਾਨੀ ਕਰੰਸੀ ਦੇ ਹਿਸਾਬ ਨਾਲ। ਪਤਨੀ ਨੇ ਕੁਝ ਪਸੰਦੀਦਾ ਕੱਪੜੇ ਖਰੀਦ ਲਏ। ਇਨੇ ਚਿਰ ਨੂੰ ਜਨਾਬ ਨੂਰ ਅਹਿਮਦ ਜੱਟ ਅਤੇ ਸਾਥੀ ਦੂਰੋਂ ਨਜ਼ਰ ਆ ਗਏ। ਦੂਰੋਂ ਦੌੜ ਕੇ ਇੱਕ ਦੂਸਰੇ ਨੂੰ ਤਪਾਕ ਨਾਲ ਲਪਕ ਤੇ ਲਲਕ ਨਾਲ ਘੁੱਟ ਕੇ ਜੱਫੀ ਪਾ ਕੇ ਮਿਲੇ ਜਿਵੇਂ ਚਿਰਾਂ ਬਾਅਦ ਵਿਛੜੇ ਭਰਾ ਮਿਲੇ ਹੋਣ। ਪੰਜਾਬ ਤੇ ਪੰਜਾਬੀਅਤ ਦੀ ਘੁਟਵੀਂ ਜੱਫੀ ਜੋ ਕਦੀ ਲਹਿ ਨਹੀ ਸਕਦੀ। ਘੁਟ ਘੁਟ ਕੇ ਗਲਵੱਕੜੀਆਂ ਪਾਈਆਂ। ਆਲੇ ਦੁਆਲੇ ਦੇ ਸਾਰੇ ਲੋਕੀ ਸਾਡੇ ਵੱਲ ਵੇਖ ਵੇਖ ਖੁਸ਼ ਹੋ ਰਹੇ ਸੀ। ਸਾਡੀਆਂ ਫੋਟੋਆਂ ਖਿੱਚ ਰਹੇ ਸੀ, ਕਈਆਂ ਨੇ ਸਾਡੇ ਗਰੁੱਪ ਨਾਲ ਫੋਟੋਆਂ ਖਿੱਚਵਾਈਆਂ। ਨੂਰ ਨੇ ਜਲਦੀ ਜਲਦੀ ਗੁਲਾਬ ਦੇ ਫੁੱਲ ਵਾਲੇ ਕੁਝ ਹਾਰ ਕੱਢੇ ਸਾਡੇ ਸਾਰਿਆਂ ਨੇ ਗਲ ਵਿੱਚ ਹਾਰ ਪਾ ਕੇ ਦਿਲ ਚੁੰਬਵਾਂ ਨਿੱਘਾ ਸਾਂਝ ਭਰਪੂਰ ਸਵਾਗਤ ਕੀਤਾ। 'ਜੀ ਆਇਆਂ' ਵਿੱਚ ਘੁੱਲ ਗਈ ਸਾਂਝੀਵਾਲਤਾ ਦੇ ਰਿਸ਼ਤਿਆਂ ਦੀ ਮਿੱਟੀ ਮਿੱਠੀ ਸੁਗੰਧ। ਵੀਡੀਓ ਬਣਾਈਆਂ ਗਈਆਂ ਦੋਵੇਂ ਪੰਜਾਬ ਦੇ ਵੀਰ ਮਿਲੇ ਇੱਕ ਖ਼ੂਬਸੂਰਤ ਮਿਲਣੀ ਜੰਨਤ ਵਰਗਾ ਪਿਆਰ, ਮੋਹ, ਸਤਿਕਾਰ, ਉਮੰਗ, ਤਰੰਗ, ਇਕ ਲਲਕ ਅਸਮਾਨ ਨੂੰ ਛੂਹ ਗਏ। ਸਭ ਹੱਦਾਂ ਬੰਨੇ ਸਰਹੱਦਾਂ ਉੱਡ ਪੁੱਡ ਗਈਆਂ, ਸਿਰਫ ਇਨਸਾਨੀ ਕਦਰਾਂ ਕੀਮਤਾਂ ਦੀ ਇੱਕ ਮਿਸਾਲ ਬਾਬੇ ਨਾਨਕ ਦੀ ਬਾਣੀ ਦੀ ਇੱਕ ਮਿਸਾਲ। ਇਹ ਮਿਲਣੀ ਇੱਕ ਯਾਦਗਾਰੀ ਮਿਲਣੀ ਸੀ। ਦੂਜੇ ਹੋਰ ਲੋਕ ਵੀ ਮਿਲਣੀ ਦੇ ਮੌਕੇ ਤਸਵੀਰਾਂ ਵਿੱਚ ਖਿੱਚ ਰਹੇ ਸੀ। ਸਾਰਾ ਦ੍ਰਿਸ਼ ਇੱਕ ਨਿੱਘੀ ਖੁਸ਼ਬੂ ਵਿੱਚ ਤੈਰਨ ਲੱਗਾ। ਜਨਾਬ ਨੂਰ ਅਹਿਮਦ ਜੱਟ ਕਹਿਣ ਲੱਗੇ ਕਿ ਆਓ ਅਸੀਂ ਸਾਰੇ ਚਾਹ ਵਗੈਰਾ ਪੀਂਦੇ ਹਾਂ ਪਰ ਮੈਂ ਉਹਨਾਂ ਨੂੰ ਕਿਹਾ ਕਿ 5 ਵਜੇ ਚੁੱਕੇ ਹਨ। ਸਮਾਂ ਬਹੁਤ ਹੋ ਚੁੱਕਿਆ ਹੈ ਅਸੀਂ ਪੁਲਿਸ ਮਹਿਕਮੇ ਦੇ ਕਰਮਚਾਰੀਆਂ ਕੋਲੋਂ ਇਜਾਜ਼ਤ ਲੈ ਕੇ ਜਲਦੀ ਜਲਦੀ ਇੱਕ ਬਰਾਮਦੇ ਵਿੱਚ ਕਵੀ ਦਰਬਾਰ ਕੀਤਾ। ਆਪਸ ਵਿੱਚ ਗੱਲਾਂ ਬਾਤਾਂ ਮਾਰੀਆਂ। ਇਸ ਤੋਂ ਬਾਅਦ ਮੈਂ ਜਲਦੀ ਜਲਦੀ ਆਪਣੇ ਬੈਗ 'ਚੋਂ ਇੱਕ ਕਨੇਡੀਅਨ ਘੜੀ, ਸੈਂਟ ਅਤੇ ਕੱਪੜੇ ਕੱਢ ਕੇ ਨੂਰ ਸਾਹਿਬ ਨੂੰ ਬੜੇ ਇਤਮੀਨਾਨ ਨਾਲ ਨਮਨ ਕਿਰਿਆ ਵਿੱਚ ਸਤਿਕਾਰ ਨਾਲ ਉਹਨਾਂ ਨੂੰ ਦੇ ਦਿੱਤੇ। ਉਹਨਾਂ ਮੇਰਾ ਕਈ ਵਾਰ ਸ਼ੁਕਰੀਆ ਅਦਾ ਕੀਤਾ। ਨੂਰ ਸਾਹਿਬ ਨੇ ਦੋ ਕਿਲੋ ਮਠਿਆਈ ਦਾ ਡੱਬਾ, ਚਾਰ ਜੋੜੇ ਪਸੌਰੀ ਚੱਪਲਾਂ ਮੈਨੂੰ ਦੇ ਦਿੱਤੀਆਂ। ਸਮਾਂ ਬਹੁਤ ਹੋ ਚੁੱਕਾ ਸੀ ਵਾਪਸ ਜਾਣ ਲਈ। ਫਿਰ ਉਸੇ ਪਹਿਲੇ ਢੰਗ ਤਰੀਕੇ ਨਾਲ ਚੈਕਿੰਗ ਨਾਲ ਵਾਪਸ ਜਾਣਾ ਹੁੰਦਾ ਹੈ। ਅਸੀਂ ਫਿਰ ਜਲਦੀ ਜਲਦੀ ਆਪਸ ਵਿੱਚ ਮਿਲੇ ਗਲਵਕੜੀਆਂ ਪਾਈਆਂ। ਖੁਸ਼ੀ ਦੇ ਖ਼ੂਬਸੂਰਤ ਪਲਾਂ ਦੀ ਖੁਸ਼ਬੂ ਹਵਾ ਵਿੱਚ ਤੈਰਨ ਲੱਗੀ। ਸਾਂਝੀ ਵਾਲਤਾ ਵਿੱਚ ਘੁੱਲ ਘੁੱਲ ਕੇ ਫਿਰ ਦੁਬਾਰਾ ਜਲਦੀ ਮਿਲਣ ਦਾ ਦਾਅਵਾ ਕਰਕੇ ਹੱਥ ਮਿਲਾਉਂਦੇ ਹੋਏ ਇੱਕ ਦੂਸਰੇ ਤੋਂ ਜੁਦਾ ਹੋ ਗਏ।

ਸੱਤ ਕਿਲੋ ਭਾਰ ਇੱਕ ਵਿਅਕਤੀ ਲਿਜਾ ਸਕਦਾ ਹੈ ਕਾਊਂਟਰ 'ਤੇ ਬੱਸ ਲੱਗੀ ਹੋਈ ਸੀ। ਚੈਕਿੰਗ ਕਰਵਾ ਕੇ ਬੱਸ ਵਿੱਚ ਬੈਠ ਗਏ। ਪੰਜ ਕਿਲੋਮੀਟਰ ਦਾ ਸਫਰ ਤੈਅ ਕਰਦੇ ਹੋਏ ਅਸੀਂ ਪਾਕਿਸਤਾਨ ਦੀ ਚੈਕਿੰਗ ਵਿਭਾਗ ਵਿੱਚ ਆ ਗਏ। ਇੱਥੇ ਤਸੱਲੀ ਨਾਲ ਚੈਕਿੰਗ ਹੁੰਦੀ ਹੈ। ਪਾਕਿਸਤਾਨ ਦੇ ਅਧਿਕਾਰੀਆਂ ਨੇ ਸਭ ਤੋਂ ਪਹਿਲਾਂ ਗਲੇ ਵਿੱਚ ਪਏ ਸ਼ਨਾਖਤੀ ਕਾਰਡ ਉਤਾਰੇ। ਇਸ ਤੋਂ ਬਾਅਦ ਸਾਰੀ ਚੈਕਿੰਗ ਹੋਈ। ਕੋਈ ਵੀ ਵਿਅਕਤੀ ਯਾਤਰੀ ਪਾਕਿਸਤਾਨ ਦੀ ਕਰੰਸੀ ਨਾਲ ਨਹੀਂ ਲਿਜਾ ਸਕਦਾ ਇਸ ਉੱਪਰ ਸਖਤ ਪਾਬੰਦੀ ਹੈ। ਸਾਡੇ ਸਾਥੀ ਪਾਲ ਗੁਰਦਾਸਪੁਰੀ ਨੇ ਗ਼ਲਤੀ ਨਾਲ ਚੇਤਾ ਭੁਲਾ ਕੇ ਪਾਕਿਸਤਾਨ ਦੀ ਕਰੰਸੀ ਨਾਲ ਲੈ ਆਏ। ਕੁੱਝ ਨੋਟ ਬਟੂਏ ਵਿੱਚ ਸੀ ਕੁਝ ਕਮੀਜ਼ ਦੀ ਜੇਬ ਵਿੱਚ। ਚੈਕਿੰਗ ਦੌਰਾਨ ਉਹ ਕੰਪਿਊਟਰ ਵਿੱਚ ਨਜ਼ਰ ਆ ਗਏ। ਪਾਲ ਨੂੰ ਫੜ ਕੇ ਇੱਕ ਪਾਸੇ ਲੈ ਗਏ ਤੇ ਸਖਤ ਨੋਟਿਸ ਲਿਆ। ਕਾਫੀ ਪੁੱਛ ਪੜਤਾਲ ਤੋਂ ਬਾਅਦ ਉਹਨਾਂ ਅਧਿਕਾਰੀਆਂ ਨੇ ਪਾਲ ਤੋਂ ਪਾਕਿਸਤਾਨ ਕਰੰਸੀ ਲੈ ਕੇ ਪਾੜ ਦਿੱਤੀ ਅਤੇ ਕੂੜੇਦਾਨ ਵਿੱਚ ਸੁੱਟ ਦਿੱਤੀ। ਸਾਡਾ ਦੋਸਤ ਐਡਵੋਕੇਟ ਰਾਜਪਾਲ ਸਿੰਘ 200 ਡਾਲਰ ਜਮਾਂ ਕਰਵਾ ਕੇ ਪਰਚੀ (ਰਸੀਦ) ਲਈ ਸੀ ਉਹ ਗੁੰਮ ਕਰ ਬੈਠੇ। ਫਿਰ ਉੱਥੇ ਪੰਗਾ ਖੜਾ ਹੋ ਗਿਆ, ਖ਼ੈਰ,ਉਹਨਾਂ ਕੋਲ ਕੰਪਿਊਟਰ ਵਿੱਚ ਸਬੂਤ ਸੀ। ਉਹਨਾਂ ਚੈੱਕ ਕਰ ਲਿਆ ਪਰ ਸਖ਼ਤ ਵਾਰਨਿੰਗ ਦਿੱਤੀ।

ਫਿਰ ਅਸੀਂ ਬੱਸ 'ਚ ਬੈਠ ਕੇ ਭਾਰਤ ਪਹੁੰਚ ਗਏ। ਪਾਕਿ ਸੀਮਾ ਉੱਪਰ ਆ ਗਏ। ਪਹਿਲੇ ਤਰੀਕੇ ਨਾਲ ਹੀ ਅਸੀਂ ਮੁੜ ਵਾਪਸ ਭਾਰਤੀ ਚੈਕਿੰਗ ਵਿਭਾਗ ਵਿੱਚ ਦਾਖ਼ਲ ਹੋ ਗਏ ਜਾਨੀ ਕਿ ਡੇਰਾ ਬਾਬਾ ਨਾਨਕ ਕੋਰੀਡੋਰ। ਇੱਥੇ ਫਿਰ ਪੂਰੀ ਚੈਕਿੰਗ ਹੋਈ। ਪਤਨੀ ਅਤੇ ਮੇਰੇ ਕੋਲ ਇੱਕ-ਇੱਕ ਬੈਗ ਸੀ। ਪਤਨੀ ਕੋਲ ਦੋ ਕਿਲੋ ਮਠਿਆਈ ਦਾ ਡੱਬਾ ਸੀ ਜੋ ਨੂਰ ਸਾਹਿਬ ਨੇ ਦਿੱਤਾ ਸੀ। ਇੱਥੇ ਇੱਕ ਮਹਿਲਾ ਕਰਮਚਾਰੀ ਨੇ ਸਾਨੂੰ ਰੋਕ ਲਿਆ ਅਤੇ ਸਾਡੇ ਬੈਗਾਂ ਦੀ ਤਸੱਲੀ ਨਾਲ ਤਲਾਸ਼ੀ ਲਈ। ਮਹਿਲਾ ਕਰਮਚਾਰੀ ਨੇ ਕਿਹਾ ਕਿ ਤੁਸੀਂ ਮਠਿਆਈ ਲੈ ਕੇ ਆਏ ਹੋ, ਇਸ ਨੂੰ ਨਾਲ ਲਿਜਾਨ ਦੀ ਇਜਾਜ਼ਤ ਨਹੀਂ। ਅਸੀਂ ਕਿਹਾ ਕਿ ਪਾਕਿਸਤਾਨ ਦੇ ਸਾਡੇ ਦੋਸਤ ਨੇ ਗਿਫਟ ਦੇ ਰੂਪ ਵਿੱਚ ਦਿੱਤੀ ਹੈ। ਮਹਿਲਾ ਕਰਮਚਾਰੀ ਨੇ ਕਿਹਾ ਕਿ ਇਸ ਡੱਬੇ ਨੂੰ ਖੋਲ੍ਹ ਕੇ ਇਸ ਵਿੱਚੋਂ ਥੋੜੀ ਮਠਿਆਈ ਖਾਓ, ਅਸਾਂ ਥੋੜੀ ਮਠਿਆਈ ਖਾਦੀ ਫਿਰ ਉਹਨਾਂ ਸਾਨੂੰ ਸਖ਼ਤ ਹਦਾਇਤਾਂ ਦੇ ਕੇ ਜਾਣ ਦਿੱਤਾ। ਅਸੀਂ ਸਭ ਖੁਸ਼ੀ ਦੇ ਮੂਡ ਵਿੱਚ ਸਾਂ, ਡੇਰਾ ਬਾਬਾ ਨਾਨਕ ਦੇ ਕੋਰੀਡੋਰ ਦੇ ਬਾਹਰ ਅਸੀਂ ਰਾਜ ਗੁਰਦਾਸਪੁਰੀ ਅਤੇ ਪਾਲ ਗੁਰਦਾਸਪੁਰੀ ਦੀਆਂ ਪੁਸਤਕਾਂ ਦਾ ਵੀ ਵਿਮੋਚਨ ਕੀਤਾ। ਅਸਾਂ ਸਭ ਨੇ ਸਲਾਹ ਕੀਤੀ ਕਿ ਹੁਣ ਆਏ ਹੋਏ ਹਾਂ ਕਿ ਡੇਰਾ ਬਾਬਾ ਨਾਨਕ ਦੇ ਸਾਰੇ ਗੁਰਦੁਆਰੇ ਅਤੇ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਕੇ ਚੱਲੀਏ। ਅਸੀਂ ਗੱਡੀਆਂ ਵਿੱਚ ਬੈਠ ਕੇ ਚੋਲ੍ਹਾ ਸਾਹਿਬ ਗੁਰਦੁਆਰਾ ਆ ਗਏ। ਇੱਥੇ ਚੋਲ੍ਹਾ ਸਾਹਿਬ ਗੁਰਦੁਆਰੇ ਦੇ ਦਰਸ਼ਨ ਕੀਤੇ। ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਅਸਲੀ ਚੋਲ੍ਹਾ ਸਾਹਿਬ ਅਤੇ ਬੀਬੀ ਨਾਨਕੀ ਦਾ ਹੱਥ ਨਾਲ ਕੱਢਿਆ ਰੁਮਾਲ ਸ਼ੀਸ਼ੇ ਵਿੱਚ ਮੜਾ ਕੇ ਰੱਖਿਆ ਹੋਇਆ ਹੈ। ਇਸ ਦੇ ਅਸੀਂ ਦਰਸ਼ਨ ਕੀਤੇ, ਫੋਟੋਆਂ ਲਈਆਂ ਜੋ ਇੱਥੇ ਧਾਰਮਿਕ ਸਥਾਨਾਂ ਦੇ ਗੁਰਦੁਆਰੇ ਵੇਖਣਯੋਗ ਹਨ। ਇਸ ਪ੍ਰਕਾਰ ਹਨ ਪਿੰਡ ਪੱਖੋਕੇ ਗੁਰੂ ਨਾਨਕ ਦੇਵ ਜੀ ਦੇ ਸਹੁਰਿਆਂ ਦਾ ਪਿੰਡ ਤੇ ਬਾਬਾ ਸ੍ਰੀ ਚੰਦ ਜੀ ਨੇ ਆਪਣੇ ਭਤੀਜੇ ਨੂੰ ਭਰਾ ਲਕਸ਼ਮੀ ਚੰਦ ਤੋਂ ਲੈ ਲਿਆ ਸੀ, ਇਹ ਲੰਬੀ ਕਥਾ ਹੈ। ਮੇਨ ਬਾਜ਼ਾਰ ਵਿੱਚ ਗੁਰਦੁਆਰਾ ਦਰਬਾਰ ਸਾਹਿਬ ਜਿੱਥੇ ਜੀਤੇ ਰੰਧਾਵੇ ਦਾ ਖੂਹ ਹੈ। ਇੱਥੇ ਗੁਰੂ ਨਾਨਕ ਦੇਵ ਜੀ ਵੀ ਠਹਿਰੇ ਸਨ। ਗੁਰਦੁਆਰਾ ਮੰਡੀ ਸਾਹਿਬ ਗੁਰਦੁਆਰਾ ਭੂਰੀ ਵਾਲੇ ਸੰਤਾਂ ਦਾ ਗੁਰਦੁਆਰਾ ਬਾਬਾ ਰਾਜਿੰਦਰ ਸਿੰਘ ਤੇ ਬਾਬਾ ਬਲਬੀਰ ਸਿੰਘ ਬੇਦੀ, ਗੁਰਦੁਆਰਾ ਟਾਹਲੀ ਸਾਹਿਬ, ਗੁਰਦੁਆਰਾ ਬਾਬਾ ਕਿਰਪਾ ਦਾਸ, ਗੁਰਦੁਆਰਾ ਰਾਮਗੜੀਆ, ਗੁਰਦੁਆਰਾ ਬਾਬਾ ਮੰਗਲ ਰਾਮ, ਬਾਬਾ ਕਿਰਪਾ ਰਾਮ, ਸਥਾਨ ਬਾਬਾ ਲਾਡੋ ਜੀ। ਇਹ ਯਾਤਰਾ ਇੱਕ ਯਾਦਗਾਰੀ ਯਾਤਰਾ ਹੋ ਨਿਬੜੀ। ਤੁਸੀਂ ਵੀ ਜਾਓ, ਸ਼੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ) 15 ਦਿਨਾਂ ਬਾਅਦ ਤੁਸੀਂ ਫਿਰ ਦੁਬਾਰਾ ਜਾ ਸਕਦੇ ਹੋ।

# 15 ਅਗਸਤ 2024



77 ਸਾਲ ਪਹਿਲਾਂ ਹਿੰਦੋਸਤਾਨ ਦੇ ਆਜ਼ਾਦੀ ਘੁਲਾਟੀਆਂ ਸਦਕਾ ਬਸਤੀਵਾਦ ਅੰਗਰੇਜ਼ ਸਾਮਰਾਜ ਨੂੰ ਦੇਸ਼ ਵਿੱਚੋਂ ਕੱਢਿਆ ਗਿਆ। ਬਸਤੀਵਾਦੀ ਹਾਕਮਾਂ ਤੋਂ ਰਾਜ-ਸੱਤਾ ਖੋਹਕੇ ਯੂਨੀਅਨ ਜੈਕ (ਅੰਗਰੇਜ਼ ਸਾਮਰਾਜ ਦਾ ਝੰਡਾ) ਲਾਹ ਕੇ ਤਿਰੰਗਾ (ਹਿੰਦੋਸਤਾਨ ਦਾ ਪਰਚਮ) ਲਹਿਰਾਇਆ ਗਿਆ। ਹਿੰਦੋਸਤਾਨ, ਅੰਗਰੇਜ਼ ਸਾਮਰਾਜ ਤੋਂ ਆਜ਼ਾਦ ਹੋ ਗਿਆ! ਅੰਗਰੇਜ਼ ਸਾਮਰਾਜ ਗੋਰੀ ਚਮੜੀ ਵਾਲਾ (Wihte Sikn) ਜਾਂਦੇ ਜਾਂਦੇ ਇੱਕ ਦੇਸ਼ ਦੇ ਦੋ ਦੇਸ਼ ਬਣਾ ਗਿਆ, ਹਿੰਦੋਸਤਾਨੀਆਂ ਦੀ ਸ਼ਕਤੀ ਦੋ ਹਿੱਸਿਆਂ 'ਚ ਵੰਡ ਗਿਆ ਅਤੇ ਹਜ਼ਾਰਾਂ ਲੱਖਾਂ ਸਾਲਾਂ ਦੀ ਸਾਂਝ-ਮਿੱਤਰਤਾ ਦੀ ਉਪਜਾਊ ਜ਼ਮੀਨ ਵਿੱਚ ਦੁਸ਼ਮਣੀ ਦਾ ਬੀਜ ਸੁੱਟ ਗਿਆ ਅਤੇ ਦੋਵਾਂ ਦੇਸ਼ਾਂ ਦੀ ਜਨਤਾ ਦਾ ਵਰਤਮਾਨ ਅਤੇ ਭਵਿੱਖ ਜਨਤਾ ਦੇ ਰੰਗ (Dark Sikn) ਵਾਲੇ ਸਾਮਰਾਜ ਦੇ ਹੱਥ ਫੜਾ ਗਿਆ।

ਅੰਗਰੇਜ਼ ਸਾਮਰਾਜ ਤੋਂ ਆਜ਼ਾਦੀ ਲੱਖਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਦੇ ਸਦਕਾ ਮਿਲੀ ਸੀ। ਹਾਂ, ਇਸ ਆਜ਼ਾਦੀ ਨੂੰ ਸੰਪੂਰਨ ਆਜ਼ਾਦੀ ਕਹਿਣਾ ਸ਼ਾਇਦ ਅੱਤਕਥਨੀ ਹੋਵੇਗੀ। 77 ਸਾਲ ਬਾਅਦ ਵੀ ਰਾਜ-ਸੱਤਾ ਦਾ ਅਨੰਦ ਮਾਣ ਰਹੇ ਰਾਜਨੀਤੀਵਾਨ ਹਿੰਦੋਸਤਾਨ ਦੇ ਬਹੁ-ਗਿਣਤੀ ਅਵਾਮ ਨੂੰ ਕੁੱਲੀ, ਜੁੱਲੀ ਅਤੇ ਗੁੱਲੀ ਦੀ ਸੁਬਿਧਾ ਵੀ ਨਹੀਂ ਦੇ ਸਕੇ ਜਿਸ ਪ੍ਰਤੀ ਜਨਤਾ ਨੂੰ ਜਾਣਕਾਰੀ ਹੋਣੀ ਅਤੀ ਜ਼ਰੂਰੀ ਹੈ ਅਤੇ ਇਸ ਦੇ ਉਲਟ ਕਾਰਪੋਰੇਟ ਘਰਾਣਿਆਂ ਦੀ ਪੂੰਜੀ ਹਜ਼ਾਰਾਂ ਗੁਣਾ ਵੱਧ ਗਈ ਹੈ। ਕਾਰਪੋਰੇਟ ਘਰਾਣਿਆਂ ਦੇ ਆਕੇ ਬੈਂਕਾਂ ਦੇ ਮਾਲਕਾਂ ਦਾ ਪੈਸਾ ਅੰਦਾਜ਼ਿਆਂ ਤੋਂ ਵੀ ਵੱਧ ਵਧਿਆ ਹੈ। ਕਿਸਾਨ, ਮਜ਼ਦੂਰ ਅਤੇ ਮੁਲਾਜ਼ਮ ਦੀ ਜੀਅ-ਤੋੜ ਮਿਹਨਤ ਕਰਦੇ ਹਨ ਪਰ ਜੀਵਨ ਦੇ ਸੁੱਖ ਦਿਨ ਬਦਿਨ ਨਿੱਘਰਦੇ ਜਾ ਰਹੇ ਹਨ। ਸਰਕਾਰਾਂ ਆਜ਼ਾਦੀ ਤੋਂ ਬਾਅਦ ਕਿਰਤੀ ਵਰਗ ਲਈ ਪੜ੍ਹਾਈ , ਸਿਹਤ ਸਹੂਲਤਾਂ ਆਦਿ ਦਾ ਪ੍ਰਬੰਧ ਕਰਨ ਤੋਂ ਅਸਫ਼ਲ ਰਹੀਆਂ ਹਨ। ਇਸਦਾ ਨਿਰਣਾ ਕਰਨਾ ਹੋਵੇ ਤਾਂ ਬੇਝਿਜਕ ਹੋ ਕੇ ਕਹਿਣਾ ਬਣਦਾ ਹੈ ਕਿ ਸੰਪੂਰਨ ਆਜ਼ਾਦੀ ਦਾ ਸੰਘਰਸ਼ ਅਜੇ ਮੁੱਕਿਆ ਨਹੀਂ ਸਗੋਂ ਅੰਗਰੇਜ਼ ਸਾਮਰਾਜ ਵਿਰੁੱਧ ਆਜ਼ਾਦੀ ਦੇ ਸੰਘਰਸ਼ ਨਾਲੋਂ ਵੀ ਵੱਧ ਲਾਮਬੰਦੀ ਦੀ ਲੋੜ ਹੈ ਤਾਂ ਕਿ ਰਾਜ-ਸੱਤਾ ਦਾ ਪ੍ਰਬੰਧ ਕਿਰਤੀ ਵਰਗ ਦੇ ਹੱਥ ਵਿੱਚ ਹੋਵੇ। ਸਾਮਰਾਜ ਦੀ ਥਾਂ ਸਮਾਜਵਾਦ ਹੋਵੇ, ਵਰਗ ਪ੍ਰਥਾ ਮੁੱਕ ਜਾਵੇ, ਅਮੀਰੀ-ਗਰੀਬੀ ਦਾ ਪਾੜਾ ਖਤਮ ਹੋਵੇ, ਊਚ-ਨੀਚ ਦਾ ਕੋਹੜ ਮੁੱਕ ਜਾਵੇ, ਬਰਾਬਰਤਾ ਦੇ ਸਮਾਜ ਦੀ ਉਸਾਰੀ ਹੋਵੇ , ਮਨੁੱਖ ਹੱਥੋਂ ਮਨੁੱਖ ਦੀ ਲੁੱਟ ਮੁੱਕ ਜਾਵੇ। ਮਨੁੱਖ ਹੱਥੋਂ ਮਨੁੱਖ ਹੱਥੋਂ ਲੁੱਟ ਰਹਿਤ ਦੀ ਸਮਾਜ ਦੀ ਸਿਰਜਣਾ ਲਈ ਅੱਜ ਸਮਾਂ ਮੰਗ ਕਰਦਾ ਹੈ ਕਿ ਛੋਟੇ-ਛੋਟੇ ਗਿ.ਲੇ-ਸ਼ਿਕਵੇ ਇੱਕ ਪਾਸੇ ਰੱਖ ਕੇ ਲੋਕ ਪੱਖੀ ਦ੍ਰਿਸ਼ਟੀਕੋਣ ਵਾਲੇ ਸੁਪਨਸਾਜ਼ਾਂ ਨੂੰ ਇਕੱਠੇ ਹੋ ਕੇ ਦੇ ਸੁਪਨੇ ਸਾਕਾਰ ਕਰਨ ਲਈ ਕਿਰਤੀ ਵਰਗ, ਧਰਮ ਨਿਰਪੱਖ ਅਤੇ ਉਸਾਰੂ ਵਿਚਾਰ ਧਾਰਿਕ ਖੱਬੀਆਂ ਧਿਰਾਂ ਦਾ " ਏਕੇ" ਵਾਲਾ ਵਿਸ਼ਾਲ ਪਲੇਟ ਫ਼ਾਰਮ ਹੋਣਾ ਚਾਹੀਦਾ ਹੈ।

ਅੰਗਰੇਜ ਸਾਮਰਾਜ 1600 ਈਸਵੀ ਤੋਂ ਪਹਿਲਾਂ ਹੀ ਹਿੰਦੋਸਤਾਨ 'ਚ ਗੇੜੇ ਲਾ ਰਿਹਾ ਸੀ। ਉਸ ਸਮੇਂ ਅਕਬਰ ਆਜ਼ਮ ਦਾ ਰਾਜ ਸੀ (1556-1605)। ਦਸੰਬਰ 31, 1600 ਨੂੰ ਲੰਡਨ ਵਿੱਚ ਈਸਟ ਇੰਡੀਆ ਕੰਪਨੀ ਵਪਾਰ ਕਰਨ ਲਈ ਬਣਾਈ ਅਤੇ ਹਿੰਦੋਸਤਾਨ ਵਿੱਚ ਮੁਗਲ ਬਾਦਸ਼ਾਹੀ ਕੋ.ਲੋਂ ਦਫ਼ਤਰ ਖੋਲ੍ਹਣ ਦੀ ਇਜਾਜ਼ਤ ਲੈ ਕੇ ਵਪਾਰ ਕਰਨ ਲਈ ਸੂਰਤ ਸ਼ਹਿਰ ਵਿੱਚ ਈਸਟ ਇੰਡੀਆ ਦੇ ਨਾਮ ਥੱਲੇ ਦ.ਫ਼ਤਰ ਖੋਲ੍ਹਿਆ ਅਤੇ ਦਸੰਬਰ 13, 1608 ਨੂੰ ਕੰਮ ਸ਼ੁਰੂ ਕਰ ਲਿਆ ਇੰਗਲੈਂਡ ਤੋਂ ਸਮਾਨ ਨਾਲ ਭਰੇ ਸਮੁੰਦਰੀ ਜਹਾਜ਼ ਆਉਣੇ ਅਤੇ ਜਾਣੇ ਸ਼ੁਰੂ ਹੋ ਗਏ । ਇੰਗਲੈਂਡ ਵਿੱਚ ਕਪਾਹ, ਚਾਹ, ਰੇਸ਼ਮ, ਅਤੇ ਨੀਲ ਆਦਿ ਜਿਣਸਾਂ ਦਾ ਵਿਉਪਾਰ ਸ਼ੁਰੂ ਕਰ ਲਿਆ। ਈਸਟ-ਇੰਡੀਆ ਕੰਪਨੀ ਤੋਂ ਪਹਿਲਾਂ 1497-98 ਵਿੱਚ ਵਾਸਕੋਡੀਗਾਮਾ ਪਹੁੰਚੇ ਅਤੇ ਉਸ ਨੇ ਥੋੜ੍ਹੇ ਸਮੇਂ ਬਾਅਦ ਗੋਆ ਉੱਤੇ ਕਾਬਜ਼ ਹੋ ਕੇ ਪੁਰਤਗਾਲੀਆਂ ਦਾ ਰਾਜ ਕਰਨਾ ਸ਼ੁਰੂ ਕੀਤਾ ਅਤੇ ਵਿਉਪਾਰ 'ਚ ਹੱਥ ਵਧਾਏ । ਪੁਰਤਗਾਲੀ, ਗੋਆ ਵਿੱਚੋਂ ਆਜ਼ਾਦੀ ਸੰਗਰਾਮੀਆਂ ਨੇ ਸੰਨ 1961 ਨੂੰ ਬਾਹਰ ਕੱਢੇ ਸਨ। 15,ਅਗਸਤ1955 ਨੂੰ ਸਤਿਆ ਗ੍ਰਹਿ ਦੇ ਆਗੂ ਸਾਥੀ ਚੇਤਲੇ ਅਤੇ ਮਧੂਕਰ ਚੌਧਰੀ ਨੂੰ ਗੋਲੀਆਂ ਦੀ ਬੁਛਾੜ ਤੋਂ ਬਚਾਉਣ ਲਈ ਆਪ ਮੋਹਰੇ ਹੋਕੇ ਗੋਲੀਆਂ ਖਾਧੀਆਂ ਅਤੇ ਮੌਕੇ ਉੱਤੇ ਮੈਦਾਨ-ਏ-ਜੰਗ ਵਿੱਚ ਸ਼ਹੀਦੀ ਪਾ ਗਏ। ਜ਼ਖਮੀ ਹਾਲਤ ਵਿੱਚ ਉਹਨਾਂ ਮੂੰਹ ਚੋਂ ਨਿਕਲੇ ਸ਼ਬਦ ਬੋਲੇ ਸੋ ਨਿਹਾਲ ਭਾਰਤ ਮਾਤਾ ਦੀ ਜੈ ਸਨ !! ਸ਼ਹੀਦ ਕਰਨੈਲ ਸਿੰਘ ਈਸੜੂ ਨੂੰ ਕਦੀ ਵੀ ਭੁਲਾਇਆ ਨਹੀਂ ਜਾ ਸਕਦਾ। ਮੁਗਲ ਸਾਮਰਾਜ ਦਾ ਅੰਤ ਅਤੇ ਅੰਗਰੇਜ਼ ਸਾਮਰਾਜ ਦੀ ਸ਼ੁਰੂਆਤ ਵੱਲ ਸਮਾਂ ਵੱਧਣ ਲੱਗ ਪਿਆ ਅਤੇ ਹਿੰਦੋਸਤਾਨੀ ਅਣਭੋਲ ਲੋਕ ਜ਼ਾਲਮਾ ਦੇ ਇੱਕ ਪੁੜ ਥੱਲਿਓਂ ਨਿਕਲ ਰਹੇ ਸਨ ਅਤੇ ਦੂਜੇ ਹੇਠਾਂ ਆ ਰਹੇ ਸਨ।

ਆਜਾਦੀ -ਏ-ਹਿੰਦੋਸਤਾਨ ਦੇ ਸੰਗਰਾਮ ਵਿੱਚ ਅਣਗਿਣਤ ਯੋਧੇ ਸ਼ਹੀਦ ਹੋਏ ਹਜ਼ਾਰਾਂ ਦੀ ਗਿਣਤੀ ਵਿੱਚ ਜ਼ਖਮੀ ਹੋਏ, ਜਲਾਵਤਨੀਆਂ ਹੋਈਆਂ ਅਤੇ ਜਾਇਦਾਦਾਂ ਦੀ ਕੁਰਕੀਆਂ ਹੋਈਆਂ ਅਤੇ ਦੇਸ਼ ਦੀ ਵੰਡ ਕਾਰਨ ਲੱਖਾਂ ਲੋਕਾਂ ਦਾ ਖ਼ੂਨ ਡੁੱਲਿਆ ਪਰ ਅੰਗਰੇਜ਼ ਸਾਮਰਾਜ ਨੂੰ ਹਿੰਦੋਸਤਾਨ ਛੱਡਣ ਲਈ ਮਜਬੂਰ ਕਰ ਦਿੱਤਾ। ਅਗਸਤ 15, 1947 ਨੂੰ ਲੰਬੇ ਸਮੇਂ ਦੇ ਸੰਘਰਸ਼ਾਂ ਬਾਅਦ ਪ੍ਰਾਪਤ ਹੋਈ ਆਜ਼ਾਦੀ ਦੀ ਅਗਾਂਹ-ਵਧੂ ਅਤੇ ਧਰਮ-ਨਿਰਪੱਖ ਹਿੰਦੋਸਤਾਨੀਆਂ ਨੂੰ ਵਧਾਈ ਦੇਂਦੇ ਹਾਂ ਅਤੇ ਯਾਦ ਕਰਾਉਂਦੇ ਹਾਂ ਕਿ ਸੰਪੂਰਨ ਆਜ਼ਾਦੀ ਦੀ ਪ੍ਰਾਪਤੀ ਦੇ ਚੱਲ ਰਹੇ ਸੰਗਰਾਮ ਵਿੱਚ ਆਪਣੀ ਯਥਾ-ਸ਼ਕਤੀ ਨਾਲ ਹਿੱਸਾ ਪਾਉਣਾ ਮਨੁੱਖੀ ਫ਼ਰਜ਼ ਹੈ।

ਆਵੋ, ਰਲ-ਮਿਲਕੇ ਸੰਪੂਰਨ ਆਜ਼ਾਦੀ ਲਈ ਚੱਲ ਰਹੇ ਸੰਗਰਾਮਾਂ 'ਚ ਹਿੱਸਾ ਬਰਦਾਰ ਹੋਈਏ ਅਤੇ ਕਿਰਤੀ ਵਰਗ ਦੇ ਹੱਥ ਵਿੱਚ ਰਾਜ-ਸੱਤਾ ਆਉਣ ਤੱਕ ਸੰਘਰਸ਼ ਕਰੀਏ। ਆਜ਼ਾਦੀ-ਏ-ਹਿੰਦੋਸਤਾਨ ਦੇ ਸ਼ਹੀਦਾਂ ਨੂੰ ਅਤੇ ਸੰਗਰਾਮੀਆਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ

**ਮਨਮੋਹਨ ਪੂਨੀ (ਨਿਊਯਾਰਕ)**

# ਆਜ਼ਾਦੀ

ਕਿਉਂ ਬਈ ਨਿਹਾਲਿਆ, ਆਜ਼ਾਦੀ ਨਹੀਂ ਵੇਖੀ?
'ਨਾ ਬਈ ਭਰਾਵਾ, ਨਾ ਖਾਧੀ ਨਾ ਵੇਖੀ'।

ਮੈਂ ਜੱਗੂ ਤੋਂ ਸੁਣਿਆਂ, ਅੰਬਾਲੇ ਖੜੀ ਸੀ,
ਬੜੀ ਭੀੜ ਉਸਦੇ, ਦੁਆਲੇ ਖੜੀ ਸੀ।

ਬਿਰਲੇ ਦੇ ਘਰ ਵਲ, ਅਗਾੜੀ ਸੀ ਉਸ ਦੀ,
ਤੇ ਲੋਕਾਂ ਦੇ ਮੂੰਹ ਵਲ, ਪਛਾੜੀ ਸੀ ਉਸ ਦੀ,

ਆਈ ਨੂੰ ਭਾਵੇਂ, ਤੀਆ ਸਾਲ ਬੀਤਾ,
ਅਸੀਂ ਤਾਂ ਅਜੇ ਤੱਕ, ਦਰਸ਼ਨ ਨਹੀਂ ਕੀਤਾ। (1)

ਦਿੱਲੀ 'ਚ ਆਂਉਂਦੀ ਹੈ, ਸਰਦੀ ਦੀ ਰੁੱਤੇ,
ਤੇ ਹਾੜਾਂ ਨੂੰ ਰਹਿੰਦੀ, ਪਹਾੜਾਂ ਦੇ ਉਤੇ।

ਗਰੀਬਾਂ ਨਾਲ ਲੱਗਦੀ, ਲੜੀ ਹੋਈਆ ਖਬਰੇ,
ਅਮੀਰਾਂ ਦੇ ਹੱਥੀਂ, ਚੜ੍ਹੀ ਹੋਈਆਂ ਖਬਰੇ।

ਅਖਬਾਰਾਂ 'ਚੋਂ ਪੜ੍ਹਿਆ, ਜਰਵਾਣੀ ਜਹੀ ਏ,
ਕੋਈ ਸੋਹਣੀ ਤਾਂ ਨਹੀਂ, ਐਵੇਂ ਕਾਣੀ ਜਹੀ ਏ। (2)

ਮੰਨੇ ਜੇ ਉਹ ਕਹਿਣਾਂ, ਅਸੀਂ ਵੀ ਮੰਗਾਈਏ,
ਛੰਨਾਂ ਤੇ ਢਾਰਿਆਂ 'ਚ ਭੁੰਜੇ ਸੁਆਈਏ।

ਪਰ ਏਨਾ ਪਤਾ ਨਹੀਂ, ਕੀ ਖਾਂਦੀ ਹੁੰਦੀ ਏ,
ਕਿਹੜੀ ਚੀਜ਼ ਤੋਂ ਦਿਲ, ਚੁਰਾਦੀ ਹੁੰਦੀ ਏ !

ਸ਼ਿਮਲੇ ਤਾਂ ਉਸ ਅੱਗੇ ਆਂਡੇ ਹੁੰਦੇ ਨੇ,
ਬਈ ਸਾਡੀ ਤਾਂ ਖੁਰਲੀ 'ਚ ਟਾਂਡੇ ਹੁੰਦੇ ਨੇ। (3)

**ਕੌਮੀ ਕਵੀ ਗੁਰਦਾਸ ਰਾਮ ਆਲਮ ਜੀ ਦੀ ਮਿਸ਼ਨਰੀ ਕਲਮ ਤੋਂ**

# .ਗਜ਼ਲ

ਸੁਪਨੇ ਦੀ ਤਕਦੀਰ ਬਣਾਵਾਂ ਕੈਨਵਸ ਤੇ।
ਤੇਰੀ ਇਕ ਤਸਵੀਰ ਬਣਾਵਾਂ ਕੈਨਵਸ ਤੇ।

ਤੇਰੇ ਖੁੱਲ੍ਹੇ ਵਾਲਾ ਨੂੰ ਤਰਤੀਬ ਮਿਲੇ,
ਬੱਦਲਾਂ ਦੀ ਜ਼ੰਜੀਰ ਬਣਾਵਾਂ ਕੈਨਵਸ ਤੇ।

ਤੇਰੀਆਂ ਪਲਕਾਂ ਦੇ ਵਿਚ ਜਿਹੜੇ ਹੰਝੂ ਨੇ,
ਮਿਆਨ 'ਚ ਬੰਦ ਸ਼ਮਸ਼ੀਰ ਬਣਾਵਾਂ ਕੈਨਵਸ ਨੇ।

ਉਲਕਾਪਾਤ ਹਮੇਸ਼ਾ ਚੰਗੇ ਲਗਦੇ ਨੇ,
ਰੁਖ਼ਸਾਰਾਂ ਤੇ ਨੀਰ ਬਣਾਵਾਂ ਕੈਨਵਸ ਤੇ।

ਤੇਰੇ ਨਕਸ਼ਾਂ ਦੇ ਅਲੰਕਾਰ ਸੁਸ਼ੋਭਿਤ ਨੇ,
ਜਦ ਵੀ ਮੈਂ ਕਸ਼ਮੀਰ ਬਣਾਵਾਂ ਕੈਨਵਸ ਤੇ।

ਜਿਸ ਵਿਚ ਤੇਰੀਆਂ ਯਾਦਾਂ ਦਾ ਪਰਛਾਵਾਂ ਹੈ,
ਪਾਣੀ ਉਪਰ ਲਕੀਰ ਬਣਾਵਾਂ ਕੈਨਵਸ ਤੇ।

ਜਿਸ ਵਿਚ ਮੇਰਾ ਬਚਪਣ ਠਾਠ ਜਵਾਨੀ ਹੈ,
ਯਾਦਾਂ ਦੀ ਤਾਬੀਰ ਬਣਾਵਾਂ ਕੈਨਵਸ ਤੇ।

ਝੀਲ ਕਿਨਾਰੇ ਉਹ ਤਾਂ ਕੱਲਾ ਬੈਠਾ ਹੈ,
ਮਿਲਣੇਂ ਦੀ ਤਦਬੀਰ ਬਣਾਵਾਂ ਕੈਲਵਸ ਤੇ।

ਰੱਬ ਤੋਂ ਜ਼ਿਆਦਾ ਆਪਾਂ ਤੈਨੂੰ ਚਾਹਿਆ ਏ,
ਸੱਚ ਦੀ ਇੱਕ ਜ਼ਮੀਰ ਬਣਾਵਾਂ ਕੈਨਵਸ ਤੇ।

ਬਾਲਮ ਦੇ ਜੋ ਸ਼ੇਅਰ ਪਿਆਰੇ-ਪਿਆਰੇ ਨੇ,
ਮਕਤੇ ਦੇ ਆਖ਼ੀਰ ਬਣਾਵਾਂ ਕੈਨਵਸ ਤੇ।

**ਬਲਵਿੰਦਰ ਬਾਲਮ ਗੁਰਦਾਸਪੁਰ**

91-98156-25409



# ਭੈਣੋ ਹੁਣ ਤਾਂ ਭਾਵੇਂ

ਭੈਣੋ ਹੁਣ ਤਾਂ ਭਾਵੇਂ
ਰੱਖੜੀ ਨਾ ਵੀ ਬੰਨ੍ਹੀਏ
ਵੀਰਾਂ ਦੇ ਗੁੱਟਾਂ ਉੱਤੇ

ਇਹ ਸਾਡੀ ਹਿਫ਼ਾਜ਼ਤ ਤਾਂ ਕਰਦੇ ਨਹੀ
ਲਗਦਾ ਡਰਪੋਕ ਹੋ ਗਏ!
ਨਸ਼ੇੜੀ ਤੇ ਮਤਲਵਪਰੱਸਤ ਵੀ

ਵੇਖਿਆ ਹੀ ਹੈ ਦਿੱਲੀ ਇਨਾ ਵਿੱਚੋਂ
ਪਹਿਲਵਾਨ ਭੈਣਾਂ ਦੀ ਮਦਦ ਲਈ
ਖੁੱਲ ਕੇ ਮੈਦਾਨ ਵਿੱਚ
ਕਿਨੇ ਕੁ ਆਏ ?

ਮਨੀਪੁਰ ਵਾਲੀਆਂ
ਅਹਿਮ ਘਟਨਾਵਾਂ ਵਿੱਚ ਵੀ ਤਾਂ
ਇਨ੍ਹਾਂ ਦੀ ਅਣਖ ਮਰੀ ਰਹੀ
ਜਦੋ ਮਸ਼ਟੰਡਿਆਂ ਦੇ ਹਜੂਮ ਨੇ
ਹੁੱਲੜਬਾਜ਼ੀ ਕੀਤੀ ਤੇ ਭੈਣਾਂ ਨੂੰ
ਨੰਗੀਆਂ ਕਰਕੇ ਹਜੂਮ ਨਾਲ ਤੋਰਿਆ
ਤੇ ਪੂਰੀ ਦੁਨੀਆਂ ਨੇ ਵੇਖਿਆ
ਜਿਸ ਉੱਤੇ ਬਹੁਤ ਹੀ ਤਾਕਤਵਰ
ਸੰਸਦ ਵਾਲੇ ਵੱਡੇ ਵੀਰਾਂ ਨੇ
ਚੁੱਪ ਹੀ ਧਾਰੀ ਰੱਖੀ !
ਤੇ ਅਸੈਂਬਲੀਆਂ ਵਿੱਚ ਬੈਠੇ ਵੀਰ ਵੀ
ਖ਼ਾਮੋਸ਼ ਹੀ ਰਹੇ

ਬਾਕੀ ਤੁਹਾਨੂੰ ਪਤਾ ਹੀ ਹੈ
ਸਾਡੀਆਂ ਨਰਸਾਂ ਨੂੰ
ਸਕੂਲਾਂ ਦੀਆਂ ਭੈਣਜੀਆਂ ਨੂੰ
ਤੇ ਆਂਗਣਵਾੜੀ ਵਰਕਰਾਂ ਨੂੰ
ਵਥੇਰਾ ਕੁੱਟਦੇ ਰਹੇ ਡਾਂਗਾਂ ਨਾਲ
ਕਦੀ ਨੀਲੀਆਂ ,ਕਦੀ ਚਿੱਟੀਆਂ ਤੇ ਕਦੀ ਪੀਲੀਆਂ
ਪੱਗਾਂ ਵਾਲੀਆਂ ਸਰਕਾਰਾਂ ਦੇ
ਵਰਦੀ ਵਾਲੇ ਰਖਵਾਲੇ
ਭੈਣੋ ਹੁਣ ਇੰਨਾਂ ਬੇਅਣਖਿਆਂ ਦੇ
ਗੁੱਟਾਂ ਉੱਤੇ ਭਾਵੇਂ ਨਾ ਵੀ ਬੰਨ੍ਹੋ ਰੱਖੜੀ

ਉਂਝ ਵੀ ਤਾਂ ਵਥੇਰਾ
ਅਨਰਥ ਹੁੰਦਾ ਰਹਿੰਦਾ ਏਥੇ
ਰੋਜ਼ ਹੀ ਧੀਆਂ ਭੈਣਾਂ ਨਾਲ
ਰੋਜ਼ ਹੀ ਤਾਂ ਖਬਰਾਂ ਆਉਂਦੀਆਂ
ਕਦੀ ਬਲਾਤਕਾਰ ਦੀਆਂ
ਕਦੀ ਤੇਜ਼ਾਬ ਸੁੱਟਣ ਦੀਆਂ
ਤੇ ਕਦੀ ਜਿਉਂਦੀਆਂ ਨੂੰ ਮਾਰ ਦੇਣ ਦੀਆਂ

ਸਾਡੀ ਅਰਜੋਈ ਹੁਣ ਕਿੱਥੇ ਸੁਣਦੇ ਹਨ
ਵੱਡੇ ਵੱਡੇ ਅਹੁਦਿਆਂ ਉੱਤੇ ਬੈਠੇ ਅਫਸਰ ਵੀਰ ਵੀ
ਇਸ ਲਈ ਹੁਣ ਭਾਵੇਂ ਨਾ ਵੀ ਬੰਨ੍ਹੋ ਰੱਖੜੀਆਂ
ਇਨ੍ਹਾਂ ਦੇ ਗੁੱਟਾਂ ਉੱਤੇ

ਹੁਣ ਤਾਂ ਇੰਝ ਲਗਦਾ
ਜਿਵੇਂ ਇਹ ਰੱਖੜੀ ਦਾ ਮਤਲਵ ਹੀ ਭੁੱਲ ਗਏ ਹੋਣ
ਨਾਲੇ ਹੁਣ ਕਾਹਤੋਂ ਖ਼ਰੀਦੀ ਜਾਣੇ ਐਵੇਂ ਹੀ ਇਨ੍ਹਾਂ ਲਈ
ਸ਼ੂਗਰ ਕਰਦੇ ਮਿਠਾਈ ਵਾਲੇ ਡੱਬੇ
ਤੇ ਕਾਹਤੋਂ ਕਰਨੇ ਭਰਜਾਈਆਂ ਦੇ ਵੀ ਦਿਲ ਦੁਖੀ
ਜਦੋ ਆਪਣੀਆਂ ਵਾਹੁਟੀਆਂ ਸਾਹਮਣੇ
ਭਰਾਵਾਂ ਨੂੰ ਦੇਣੇ ਪਏ
ਵਹੁਟੀਆਂ ਦੀਆਂ ਨਨਾਣਾਂ ਨੂੰ
ਸੂਟ ,ਰੁਪਈਏ ਜਾਂ ਕੋਈ ਹੋਰ ਚੀਜ਼
ਇਸ ਲਈ ਹੁਣ ਤੁਸੀ ਰਹਿਣ ਹੀ ਦਿਓ
ਭਰਾਵਾਂ ਦੇ ਗੁੱਟਾਂ ਉੱਤੇ ਬਨਣ ਵਾਲੇ ਕੱਚੇ ਧਾਗੇ

ਰੁਕ ਜਾਓ ਅਜੇ ਥੋੜਾ ਚਿਰ
ਜੇ ਬੰਨਣੀ ਹੀ ਹੈ
ਤਾਂ ਬੰਨ ਦਿਆਂਗੇ ਮੁੜ ਰੱਖੜੀ
ਉਦੋਂ ਜਦੋ ਹੋਵੇਗੀ ਇਨ੍ਹਾਂ ਨੂੰ
ਸਾਡੇ ਨਾਲ ਦਿਲੋਂ ਹਮਦਰਦੀ
ਉਦੋਂ ਜਦੋ ਇਹ ਨਸ਼ੇ ਛੱਡ ਕੇ
ਦੇਸ਼ ਲਈ
ਸਮਾਜ ਲਈ
ਚੰਗਾ ਸੋਚਣਗੇ
ਉਦੋਂ ਜਦੋ ਔਰਤਾਂ ਨਾਲ ਹੁੰਦੀਆਂ
ਵਧੀਕੀਆਂ ਵਿੱਚ
ਔਰਤਾਂ ਨਾਲ ਖੜਣਗੇ
ਉਦੋਂ ਜਦੋ ਬੁਰਸ਼ਾਗਰਦੀ ਕਰਨ
ਅਤੇ ਕਰਵਾਉਣ ਵਾਲੇ
ਫ਼ਿਰਕਾਪਰੱਸਤਾਂ ਨੂੰ ਪਰੇ ਹਟਾਉਣਗੇ
ਤੇ ਜਦੌਂ ਇਹ ਤਖ਼ਤਾਂ ਉੱਤੇ ਬੈਠੇ
ਹੰਕਾਰਿਆਂ ਨੂੰ ਗੱਦੀਓਂ ਲਾਹੁਣਗੇ
ਉਦੋਂ ਫਿਰ ਬੰਨ ਦਿਆਂਗੇ
ਇੰਨਾਂ ਦੇ ਗੁੱਟਾਂ ਉੱਤੇ ਰੱਖੜੀਆਂ......

**-ਰਘਵੀਰ ਸਿੰਘ ਟੇਰਕਿਆਨਾ,**
**ਐਡਵੋਕੇਟ**
91-98141-73402

# ਰੰਗਲਾ ਪੰਜਾਬ

ਗੁਰੂਆਂ ਤੇ ਪੀਰਾਂ ਦੀ ਇਹ ਧਰਤ ਮਹਾਨ ਏ
ਨਿੱਤ ਦਿਨ ਹੋਈ ਜਾਂਦੈਂ ਬੜਾ ਨੁਕਸਾਨ ਏ
ਨਸ਼ਿਆਂ ਦਾ ਦੈਂਤ ਇੱਥੋਂ ਮਾਰ ਮੁਕਾ ਦਿਓ
ਮੁੜ ਮੇਰੇ ਰੰਗਲੇ ਪੰਜਾਬ ਨੂੰ ਵਸਾ ਦਿਓ

ਸੋਹਣੀ ਸੱਸੀ ਰਾਂਝਾ ਮਹੀਂਵਾਲ ਇਥੇ ਦੁੱਲਾ ਸੀ
ਸੂਫੀ ਰੰਗ ਵੰਡਦਾ ਸੀ ਕਾਫੀਆਂ 'ਚ ਬੁੱਲਾ ਵੀ
ਸ਼ਿਵ ਵਾਂਗ ਬਾਤ ਕੋਈ ਮੁਹੱਬਤਾਂ ਦੀ ਪਾ ਦਿਓ
ਮੁੜ ਮੇਰੇ ਰੰਗਲੇ ਪੰਜਾਬ ....

ਤੀਆਂ ਸੱਥਾਂ ਮੇਲਿਆਂ ਮੁਸਾਵਿਆਂ ਦੇ ਰੰਗਾਂ ਦੀ
ਸੁਣੇ ਛਣਕਾਰ ਕਿਤੇ ਰੰਗਲੀਆਂ ਵੰਗਾਂ ਦੀ
ਮਿੱਠਾ ਪਾਣੀ ਖੂਹਾਂ ਦਾ ਜੋ ਬੁੱਕਾਂ ਨਾ ਪਿਲਾ ਦਿਓ
ਮੁੜ ਮੇਰੇ ਰੰਗਲੇ ਪੰਜਾਬ ....

ਨਸ਼ੇ ਵਿੱਚ ਗੱਭਰੂ ਕੋਈ ਮਾਪਿਆਂ ਦਾ ਮਰੇ ਨਾ
ਹੱਦਾਂ ਸਰਹੱਦਾਂ ਵਾਲੀ ਗੱਲ ਕੋਈ ਕਰੇ ਨਾ
ਘਰ ਘਰ ਬਾਣੀ ਦਾ ਸੰਦੇਸ਼ਾ ਪਹੁੰਚਾ ਦਿਓ
ਮੁੜ ਮੇਰੇ ਰੰਗਲੇ ਪੰਜਾਬ ....

ਚਰਖੇ ਤ੍ਰਿੰਜਣਾਂ ਚ ਡਹਿ ਜਾਣ ਰੰਗਲੇ
ਨਫਰਤ ਈਰਖਾ ਦੇ ਢਹਿ ਜਾਣ ਬੰਗਲੇ
ਸਾਂਝੀਵਾਲਤਾ ਦੀ ਗਲਵੱਕੜੀ ਪੁਵਾ ਦਿਓ
ਮੁੜ ਮੇਰੇ ਰੰਗਲੇ ਪੰਜਾਬ ....

ਝੂਮਦੀਆਂ ਖੇਤਾਂ ਵਿੱਚ ਰਹਿਣ ਇਹਦੇ ਫਸਲਾਂ
ਦੇਖਿਓ ਤਬਾਹ ਨਾ ਕਿਤੇ ਹੋ ਜਾਣ ਨਸਲਾਂ
ਸੁੱਤਿਆਂ ਨੂੰ ਮਾਰਕੇ ਹਲੂਣਾ ਹੀ ਜਗਾ ਦਿਓ
ਮੁੜ ਮੇਰੇ ਰੰਗਲੇ ਪੰਜਾਬ ....

ਤੱਤੀਆਂ ਹਵਾਵਾਂ ਤੋਂ ਬਚਾਕੇ ਰੱਬਾ ਰੱਖ ਲਈਂ
ਮਨ ਨੀਵਾਂ ਰੱਖੀ ਉੱਚੀ ਸਭਨਾਂ ਨੂੰ ਮੱਤ ਦਈਂ
ਧਰਮਾਂ ਦੇ ਰੇੜਕੇ ਜੋ ਪਾਣੀ ਚ ਵਹਾ ਦਿਓ
ਮੁੜ ਮੇਰੇ ਰੰਗਲੇ ਪੰਜਾਬ ....

ਸ਼ਾਲਾ ਜੁੱਗ ਜੁੱਗ ਜੀਵੇ ਵਿਰਸਾ ਪੰਜਾਬ ਦਾ
ਮਹਿਕਦਾ ਹੀ ਰਹੇ ਫੁੱਲ 'ਚੁੰਬਰਾ' ਗੁਲਾਬ ਦਾ
ਜਾਓ ਇਹਦੇ ਦੋਖੀਆਂ ਨੂੰ ਗੱਲ ਸਮਝਾ ਦਿਓ
ਮੁੜ ਮੇਰੇ ਰੰਗਲੇ ਪੰਜਾਬ ....



**ਪੇਸ਼ਕਸ਼ - ਕੁਲਦੀਪ ਚੁੰਬਰ**

# ਚਲੋ ਚੱਲੀਏ ਪਹਾੜੀ ਇਲਾਕੇ ਬਰੋਟ, ਲੁਹਾਰਡੀ ਵਿਚ



ਬਲਵਿੰਦਰ 'ਬਾਲਮ' ਗੁਰਦਾਸਪੁਰ
91-98156-25409

ਸਾਰਾ ਹਿਮਾਚਲ ਰਿਸ਼ੀਕ ਹੈ। ਇੱਥੇ ਜੰਨਤ ਅਪਣੀ ਆਭਾ ਰੂਪੀ ਚਿਲਮਨ ਉਠਾਂਦੀ ਹੈ। ਸਾਰਾ ਹਿਮਾਚਲ ਪ੍ਰਦੇਸ਼ ਭਾਰਤ ਦੇ ਤਾਜ ਦੀ ਖ਼ੁਸ਼ਬੂ ਹੈ। ਫਬੀਲੇ, ਅਦਭੁਤ ਮੌਸਮਾਂ ਦੇ ਅਭਿਵਾਦਨ ਅਭਿਨੰਦਨ ਨਾਲ ਓਤਪ੍ਰੋਤ।


ਦੋ-ਤਿੰਨ ਮਹੀਨੇ ਦੇ ਬਾਅਦ ਅਸੀਂ ਕੁਝ ਦੋਸਤ ਪਹਾੜੀ ਇਲਾਕਿਆਂ ਵੱਲ ਜਾਣ ਦਾ ਪ੍ਰੋਗਰਾਮ ਬਣਾ ਹੀ ਲੈਂਦੇ ਹਾਂ। ਇਸ ਵਾਰ ਅਸੀਂ ਖ਼ੂਬਸੂਰਤ ਸਥਾਨ ਬਰੋਟ ਅਤੇ ਲੁਹਾਰਡੀ ਦੀ ਚੋਣ ਕੀਤੀ। ਫੋਨ ਉਪਰ ਜਾਣ ਲਈ ਸਮਾਂ ਸਥਾਨ ਨਿਸ਼ਚਿਤ ਕਰ ਲਿਆ। ਪਠਾਨਕੋਟ (ਪੰਜਾਬ) ਤੋਂ ਅਸੀਂ ਤਿੰਨੇ ਦੋਸਤ ਮੈਂ, ਰਾਜਪਾਲ ਵਕੀਲ ਅਤੇ ਮਨਮੋਹਨ ਸਿੰਘ ਧਕਾਲਵੀ (ਕਿਸਾਨ ਤੇ ਲੇਖਕ) ਕਾਰ ਲੈ ਕੇ ਨਿਕਲ ਪਏ, ਪਾਲਮਪੁਰ ਵੱਲ। ਅਸੀਂ ਪਠਾਨਕੋਟ ਤੋਂ ਦੁਪਹਿਰ ਦੇ ਵਜੇ ਚੱਲੇ। ਸ਼ਾਮ ਨੂੰ ਪਹੁੰਚੇ ਪਾਲਮਪੁਰ। ਪਠਾਨਕੋਟ ਤੋਂ ਪਾਲਮਪੁਰ ਲਗਭਗ ਤਿੰਨ-ਚਾਰ ਘੰਟੇ ਦਾ ਰਸਤਾ ਹੈ।


ਪਠਾਨਕੋਟ ਤੋਂ ਚਾਰ-ਪੰਜ ਕਿਲੋਮੀਟਰ ਦੀ ਦੂਰੀ ਤੋਂ ਪਹਾੜੀ ਇਲਾਕਾ ਸ਼ੁਰੂ ਹੋ ਜਾਂਦਾ ਹੈ। ਸਭ ਤੋਂ ਪਹਿਲਾਂ ਹਿਮਾਚਲ ਦਾ ਬੈਰੀਅਰ ਆਉਂਦਾ ਹੈ। ਇੱਥੇ ਕਾਰ ਦੇ ਤੀਹ ਵਿਚ ਚਾਹ ਦੇ ਬਾਗ਼, ਦੋ ਵਿਸ਼ਵਵਿਦਿਆਲੇ, ਚਾਹ ਦੀਆਂ ਫੈਕਟਰੀਆਂ, ਛੋਟੇ-ਛੋਟੇ ਖੇਤ, ਹਰਿਆਲੀ ਹੀ ਹਰਿਆਲੀ। ਕਾਰ ਹਵਾ ਨਾਲ ਗੱਲਾਂ ਕਰਨ ਲੱਗੀ। ਰਸਤੇ ਵਿਚ ਕਿਤੇ-ਕਿਤੇ ਰੁਕ ਕੇ ਫ਼ੋਟੋਗ੍ਰਾਫੀ ਦਾ ਲੁਤਫ਼ ਲੈਂਦੇ ਰਹੇ।

ਬੈਜਨਾਬ ਬਾਈਪਾਸ ਨਿਕਲ ਪਏ। ਬੈਜਨਾਥ ਵਿਖੇ ਵੀ ਕਈ ਪ੍ਰਸਿੱਧ ਮੰਦਿਰ ਹਨ" : ਬੈਜਨਾਬ ਤੋਂ ਕੁਝ ਕਿਲੋਮੀਟਰ ਦੂਰ ਉਪਰ ਪਹਾੜੀ 'ਤੇ ਪਹੁੰਚ ਕੇ ਬੈਜਨਾਥ ਸ਼ਹਿਰ ਦੇ ਸੁੰਦਰ ਚਿੱਤਰ ਲਏ। ਇਥੋਂ ਸਾਰਾ ਬੈਜਲਾਥ ਸ਼ਹਿਰ ਨਜ਼ਰ ਆਉਂਦਾ ਹੈ। ਜਿਵੇਂ ਸਾਬਣਦਾਨੀਆਂ ਵਿਛੀਆਂ ਹੋਣ। ਸਾਰਾ ਸ਼ਹਿਰ ਦੂਰੋਂ ਚੰਗਾ ਲਗਦਾ ਹੈ, ਦੂਰ ਤੋਂ ਛੋਟੇ-ਛੋਟੇ ਘਰਾਂ ਦੇ ਸਮੂਹ ਮਨ ਨੂੰ ਚੰਗੇ ਲਗਦੇ। ਪਹਾੜਾਂ ਦੇ ਘਾਟੀਆਂ ਦੇ ਸੁੰਦਰ ਦ੍ਰਿਸ਼ ਨਜ਼ਾਰੇਦਾਰ। ਖੱਡਾਂ ਅਤੇ ਉਚੇ ਪਹਾੜਾਂ ਦੇ ਸੁਮੇਲ ਅੱਖਾਂ ਨੂੰ ਚੰਗੇ ਲਗਦੇ। ਇਨ੍ਹਾਂ ਨੂੰ ਵੇਖ ਕੇ ਦਿਲ ਦਿਮਾਗ਼ ਵਿਚ ਇਕ ਆਨੰਦ ਅਤੇ ਸੁਕੂਨ ਤੈਰਦਾ ਜਾਂਦਾ। ਜਿਥੋਂ ਅਸੀਂ ਬੈਜਨਾਬ ਸ਼ਹਿਰ ਦੇ ਚਿੱਤਰ ਲਏ ਉਸ ਉਚੀ ਪਹਾੜੀ ਦੇ ਮੋੜ ਦੇ ਆਰ-ਪਾਰ ਵੱਡਾ ਬੋਰਡ ਲੱਗਾ ਹੋਇਆ ਹੈ, ਜਿਸ ਉਪਰ ਲਿੱਖਿਆ ਹੈ ਕਿ ਪਠਾਨਕੋਟ 134 ਕਿਲੋਮੀਟਰ ਅਤੇ ਪਾਲਮਪੁਰ 21 ਕਿਲੋਮੀਟਰ। ਇਸ ਮੋੜ ਦੇ ਦੇ ਪਹਾੜ ਸੜਕ ਨੂੰ ਛੂਹ ਕੇ ਉਪਰ ਨੂੰ ਜਾਂਦੇ ਹਨ।

ਇਸ ਪਰਬਤ ਸ਼੍ਰੇਣੀ ਦੇ ਦਰਮਿਆਨ ਡਾਇਨਾ ਪਾਰਕ, ਹਿਮਰੀ ਗੰਗਾ ਆਦਿ ਸਥਾਨ ਦਰਸ਼ਨੀਏ ਹਨ। ਮੂਲ ਰੂਪ ਵਿਚ ਘੋਘੜਾਧਾਰ ਮੰਡੀ ਨਗਰ ਤੋਂ ਲੈ ਕੇ ਜੋਗਿੰਦਰ ਨਗਰ ਦੇ ਕੋਲ ਗੁੰਮਾ ਤਕ ਫੈਲਿਆ ਹੈ। ਇਸ ਪਰਬਤ ਸ਼੍ਰੇਣੀ ਦੀਆਂ ਉਤਰੀ ਢਲਾਣਾਂ ਤੱਕ ਜਲ ਪ੍ਰਵਾਹ ਵੱਖ-ਵੱਖ ਨਾਲਿਆਂ ਦੇ ਰੂਪ ਵਿਚ ਰਾਣਾ ਖੱਡ ਵਿਚ ਸੰਗਮ ਕਰਦਾ ਹੈ। ਘੋਘੜਧਾਰ ਪਰਬਤ ਸ਼੍ਰੇਣੀ ਦਾ ਸਿਲਹਾ ਸਵਾੜ ਸ਼ਿਖਰ ਸਰਵਉਚ ਹੈ। ਇਹ ਸਮੁੰਦਰ ਤਲ ਤੋਂ ਲਗਭਗ ਛੇ ਹਜ਼ਾਰ ਫੁੱਟ ਉਚਾ ਹੈ। ਇਸ ਪਰਬਤ ਸ਼੍ਰੇਣੀ ਦੀਆਂ ਉਤਰੀ ਢਲਾਣਾਂ ਉਤੇ ਕਮਾਦ, ਸਤਨੇਮ ਅਤੇ ਦੱਖਣ ਢਲਾਣਾਂ ਉਤੇ ਉਤਰ ਤੋਂ ਦੱਖਣ ਦੇ ਵੱਲ ਪੱਧਰ, ਨਾਰਲਾ, ਕਿੰਨੂ, ਗੁੰਮਾ, ਮੰਡੀ ਨਗਰ (ਮੰਡੀ ਪੁਰਾਣੀ) ਵੱਸੇ ਹੋਏ ਹਨ। ਘੋਘੜਾਧਾਰ ਦੇ ਅੰਤਰਗਤ ਗੁੰਮਾ ਵਿਚ ਹਿਤੰਬਾ ਦੇਵੀ ਮੰਦਿਰ, ਹਿਮਰੀ ਗੰਗਾ ਵਿਚ ਸ਼ਿਵ ਅਤੇ ਗੰਗਾ ਮੰਦਿਰ, ਦਰੰਗ ਵਿਚ ਚਾਮੁੰਡਾ ਮੰਦਿਰ, ਨਗਰੋਟਾ ਵਿਚ ਰਾਧਾ ਕ੍ਰਿਸ਼ਨ ਮੰਦਿਰ ਪ੍ਰਮੁੱਖ ਹੈ। ਇਨ੍ਹਾਂ ਦੇ ਇਲਾਵਾ ਹਿਮਰੀ ਗੰਗਾ ਵਿਚ ਇਕ ਜਲਕੁੰਡ, ਨਾਰਲਾ ਵਿਚ ਜਲ ਪ੍ਰਵਾਹ (ਝਰਨਾ) ਕਟਿੰਗੀ ਵਿਚ ਸ਼ਿਵ ਮੰਦਿਰ ਪਥਰੀਲਾ, ਊਬੜ-ਖਾਬੜ ਰਸਤਾ ਜੋ ਉਪਰ ਪਹਾੜੀ ਤਕ ਜਾਂਦਾ ਨਜ਼ਰ ਆਉਂਦਾ। ਸਿੱਧੀ ਚੜ੍ਹਾਈ। ਸਾਹ ਫੁੱਲਣ ਲਗਦਾ ਹੈ, ਕਿਉਂਕਿ ਰਸਤੇ ਦੇ ਛੋਟੇ ਵੱਡੇ ਪੱਥਰ ਸਮਤਲ ਨਹੀਂ ਹਨ। ਹਫ਼ਦਾ ਹੋਇਆ ਮੈਂ ਉਪਰ ਹੜ੍ਹਦਾ ਚਲਾ ਗਿਆ। ਰਸਤਾ ਮੁੱਕਣ ਦਾ ਨਾਂਅ ਹੀ ਨਹੀਂ ਸੀ ਲੈ ਰਿਹਾ। ਘੁਮਾਓਦਾਰ ਅੰਨ੍ਹਾ ਰਸਤਾ ਹੋਣ ਕਰਕੇ ਰਾਣੀ ਦੀ ਕੋਠੀ ਨਜ਼ਰ ਨਹੀਂ ਸੀ ਆ ਰਹੀ। ਮੇਰੀ ਉਤਸੁਕਤਾ ਹੋਰ ਵਧ ਈ। ਅੱਗੇ ਦੱਸਦਾ ਹਾਂ ਇਸ ਦਾ ਹਾਲ : ਜਿਥੇ ਰਸਤਾ ਖਤਮ ਹੁੰਦਾ ਹੈ ਉਥੇ ਪਹੁੰਚਦੇ ਹੀ ਕਿਸੇ ਆਨੰਦ ਵਿਭੋਰਾਵਸਥਾ ਵਿਚ ਤੁਸੀਂ ਚੱਲੇ ਜਾਉਗੇ। ਲਹਿਰਾਂ ਵਰਗੀਆਂ ਬਰਫ਼ੀਲੀਆਂ ਹਵਾਵਾਂ ਘੇਰ ਲੈਂਦੀਆਂ ਹਨ। ਤੁਸੀਂ ਇਨ੍ਹਾਂ ਤੋਂ ਬਚ ਨਹੀਂ ਸਕਦੇ। ਤ੍ਰਿਕੋਨੇ





(30) ਰੁਪਏ ਲੈਂਦੇ ਹਨ। ਇਹ ਹਿਮਾਚਲ ਦਾ ਪਹਿਲਾ ਪਿੰਡ ਹੈ ਤੰਡਵਾਲ ਜੋ ਪੰਜਾਬ-ਹਿਮਾਚਲ ਸੀਮਾ ਨੂੰ ਇਕ ਕਰਦਾ ਹੈ। ਇਥੋਂ ਹੀ ਛੋਟੀਆਂ-ਛੋਟੀਆਂ ਪਹਾੜੀਆਂ ਸ਼ੁਰੂ ਹੋ ਜਾਂਦੀਆਂ ਹਨ। ਹਿਮਾਚਲ ਦੇ ਹੋਟਲ, ਸੜਕ ਦੇ ਆਲੇ ਦੁਆਲੇ ਹਰੇ ਭਰੇ ਰੁੱਖਾਂ ਦੀ ਪਾਰਦਰਸ਼ੀ ਠੰਢੀ ਛਾਂ, ਛੋਟੇ-ਛੋਟੇ ਖੇਤ, ਅੰਬ, ਅਮਰੂਦ, ਲੀਚੀ ਅਤੇ ਹੋਰ ਫ਼ਲਾਂ ਦੇ ਬਾਗ਼। ਸੜਕ ਦੇ ਕਿਨਾਰੇ ਸਬਜ਼ੀਆਂ ਵੇਚਦੇ ਪਹਾੜੀ ਲੋਕ। ਇਥੋਂ ਦਾ ਖੀਰਾ, ਘੀਆ ਕੱਦੂ, ਲੌਕੀ ਵੀ ਮਸ਼ਹੂਰ। ਖੀਰੇ ਦੇ ਨਾਲ ਕਾਲਾ ਲੂਣ ਲਗਾ ਕੇ ਉਪਰ ਨਿੰਬੂ ਨਿਚੋੜ ਦੇ ਦਿੰਦੇ ਹਨ। ਮੂੰਹ ਇਕ ਵਾਰ ਤਾਂ ਸਵਾਦ-ਸਵਾਦ ਹੋ ਜਾਂਦਾ ਹੈ। ਖੀਰਾ ਨਿੰਬੂ ਕੱਟ ਕੇ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਕਿ ਜੀਅ ਕਰਦਾ ਹੈ ਕਿ ਖੀਰਾ ਖਾਧਾ ਜਾਏ।

ਕਈ ਪਿੰਡ ਨਿਕਲਦੇ ਹੋਏ ਅਸੀਂ ਪਹੁੰਚੇ ਜਸੂਰ। ਜਸੂਰ ਛੋਟਾ ਜਿਹਾ ਸ਼ਹਿਰ ਹੈ। ਇੱਥੇ ਕਈ ਹੋਟਲ, ਟਾਬੇ ਅਤੇ ਇਤਿਹਾਸਿਕ, ਧਾਰਮਿਕ ਮੰਦਿਰ ਪਾਏ ਜਾਂਦੇ ਹਨ। ਇਥੋਂ ਹੀ ਵੱਡੇ ਪਹਾੜਾਂ ਦੀ ਸ਼੍ਰੇਣੀ ਸ਼ੁਰੂ ਹੁੰਦੀ ਹੈ। ਇੱਥੋਂ ਹੀ ਪਹਾੜਾਂ ਦੇ ਟੇਢੇ ਮੇਢੇ ਰਸਤੇ ਅਪਣੀ ਪਹਿਚਾਣ ਕਰਵਾਂਦੇ ਹਨ।

ਫਿਰ ਆ ਜਾਂਦਾ ਹੈ ਨੂਰ ਪੁਰ। ਇਸ ਸ਼ਹਿਰ ਵਿਚ ਵੀ ਕਈ ਮੰਦਿਰ ਹਨ। ਪ੍ਰਾਚੀਨ ਇਤਿਹਾਸਿਕ ਕਿਲ੍ਹਾ ਹੈ। ਕਿਲ੍ਹੇ ਵਿਚ ਦੇ ਮੰਦਿਰ ਹਨ। ਇਕ ਮੀਰਾ ਬਾਈ ਅਤੇ ਕ੍ਰਿਸ਼ਨ ਭਗਵਾਨ ਦਾ ਅਤੇ ਦੂਸਰਾ ਕਾਲੀ ਮਾਤਾ ਦਾ। ਨੂਰ ਪੁਰ ਵਿਖੇ ਲੱਕੜ ਦਾ ਵੱਡਾ ਕਾਰੋਬਾਰ ਹੈ। ਸੜਕ ਦੇ ਕਿਨਾਰੇ-ਕਿਨਾਰੇ ਲੱਕੜ ਦੇ ਖੁੱਲ੍ਹੇ ਗੋਦਾਮ ਨਜ਼ਰ ਆਉਂਦੇ ਹਨ। ਕਾਂਗੜਾ ਵਿਚ ਪ੍ਰਵੇਸ਼ ਕਰਦੇ ਹੋਏ ਵੇਖੇ ਸੱਜੇ ਖੱਬੇ ਸਬਜ਼ੀਆਂ ਦੇ ਖੇਤ, ਕਈ ਤਰ੍ਹਾਂ ਦੇ ਬਾਗ਼ ਅਤੇ ਕਾਂਗੜਾ ਪ੍ਰਾਚੀਨ ਕਿਲ੍ਹੇ ਅਤੇ ਕਈ ਮੰਦਿਰਾਂ ਲਈ ਮਸ਼ਹੂਰ ਹੈ। ਗਗਲ ਹਵਾਈ ਅੱਡਾ ਵੀ ਸੜਕ ਦੇ ਨਾਲ ਹੀ ਹੈ।

ਸ਼ਾਮ ਨੂੰ ਅਸੀਂ ਪਾਲਮਪੁਰ ਦੇ ਰੇਲਵੇ ਰੈਸਟ ਹਾਊਸ ਵਿਖੇ ਪਹੁੰਚ ਗਏ। ਇਹ ਰੈਸਟ ਹਾਊਸ ਬਹੁਤ ਹੀ ਮਨਮੋਹਿਕ ਸਥਾਨ ਉਪਰ ਸੋਭਨੀਏ ਹੈ। ਸਾਫ਼ ਸੁਥਰਾ ਰੈਸਟ ਹਾਊਸ, ਚਾਰੇ ਪਾਸੇ ਹਰਿਆਲੀ। ਇਥੇ ਅਸੀਂ ਇਕ ਦੋਸਤ ਦੇ ਫ਼ੋਨ ਉਪਰ ਕਮਰਾ ਬੁੱਕ ਕਰਵਾਇਆ। ਰੇਲਵੇ ਵਿਭਾਗ ਦੇ ਇਕ ਉਚ ਅਧਿਕਾਰੀ ਦੇ ਨਾਂਅ ਉਪਰ ਕਮਰਾ ਬੁੱਕ ਕਰਵਾਇਆ ਗਿਆ। ਇਥੋਂ ਦੇ ਕਰਮਚਾਰੀ ਨੇ ਸਾਡੇ ਕੋਲੋਂ ਇਕ ਰਾਤ ਦੇ ਤੀਹ ਰੁਪਏ ਲਏ। ਇਥੇ ਅਸੀਂ ਰਾਤ ਠਹਿਰੇ। ਇਸ ਰੈਸਟ ਹਾਊਸ ਦੇ ਨਜ਼ਦੀਕ ਕਾਫ਼ੀ ਵੱਡਾ ਬਾਜ਼ਾਰ ਹੈ। ਸਭ ਸਹੂਲਤਾਂ ਉਪਲੱਬਧ ਹਨ। ਸਵੇਰੇ ਨਹਾ-ਧੋ ਕੇ ਨਾਸ਼ਤਾ ਕਰਕੇ ਅਸੀਂ ਨਿਕਲ ਪਏ ਅਪਣੀ ਮੰਜ਼ਿਲ ਵੱਲ। ਰਾਜ ਵਕੀਲ ਕਾਰ ਚਲਾਉਣ ਵਿਚ ਬਹੁਤ ਪਰਪੱਕ ਅਤੇ ਤਜ਼ੁਰਬੇਕਾਰ ਬੰਦਾ ਹੈ।

ਪਾਲਮਪੁਰ ਬਾਈਪਾਸ ਅਸੀਂ ਨਿਕਲ ਪਏ। ਰਸਤੇ ਖੱਬੇ ਪਾਸੇ ਇਕ ਛੱਤਰੀਨੁਮਾ ਪੱਕੀ ਛੱਤ ਹੈ। ਇਸੇ ਹੇਠ ਆਰਾਮ ਕੀਤਾ ਜਾ ਸਕਦਾ ਹੈ। ਪਿਕਨਿਕ ਮਨਾਈ ਜਾ ਸਕਦੀ ਹੈ। ਕੁਝ ਖਾਦਾ ਪੀਤਾ ਜਾ ਸਕਦਾ ਹੈ। ਆਲੇ ਦੁਆਲੇ ਵਧੀਆ ਦ੍ਰਿਸ਼ ਹਨ। ਇਸ ਦੇ ਨਾਲ ਹੀ ਇਕ ਰੇਅੜੀ ਵਾਲੇ ਤੋਂ ਅਸੀਂ ਆਮਲੇਟ ਅਤੇ ਬ੍ਰੈਡ ਲਏ। ਇਹ ਰੇਅੜੀ ਵਾਲਾ ਸਵਾਦਿਸ਼ਟ ਆਮਲੇਟ ਬਣਾਉਂਦਾ ਹੈ।

ਦੁਪਹਿਰ ਨੂੰ ਅਸੀਂ ਬਹੁਤ ਹੀ ਖ਼ੂਬਸੂਰਤ ਸਥਾਨ ਨਗਰ ਗੁੰਮਾ ਵਿਖੇ ਪਹੁੰਚੇ। ਇਥੇ ਪਹਾੜਾਂ 'ਚੋਂ ਨਿਕਲਦੀ ਸੜਕ ਅੰਗਰੇਜ਼ੀ ਦੇ ਸ਼ਬਦ ਸੀ ਦੀ ਤਰ੍ਹਾ ਸੁੰਦਰ ਮੋੜ ਬਣਾਉਂਦੀ ਹੈ। ਇਸ ਮੋੜ ਉਪਰ ਛੋਟੇ-ਛੋਟੇ ਟਾਬੇ ਹਨ, ਕੁਝ ਦੁਕਾਨਾਂ, ਇਕ ਮੰਦਿਰ ਹੈ। ਸੂਰਜ ਦੇਵਤਾ ਧਰਤੀ ਉਪਰ ਸਿਧੀ ਨਜ਼ਰੇ ਝਾਕ ਰਿਹਾ ਸੀ। ਇਥੇ ਦੁਪਹਿਰ ਦਾ ਮਜ਼ੇਦਾਰ ਭੋਜਨ ਕੀਤਾ। ਕੁਝ ਥਕਾਵਟ ਦੂਰ ਹੋਈ। ਇਥੋਂ ਦੀਆਂ ਢਲਾਨਾਂ ਵਾਲੀਆਂ ਪਹਾੜੀਆਂ ਵਿਚ ਕਹਿਰਾਂ ਦਾ ਜੋਬਨ ਹੈ ਆਕ੍ਰਸ਼ਣ ਹੈ। ਇਸ ਨੂੰ ਗੁੰਮਾ ਵੈਲੀ ਵੀ ਕਹਿੰਦੇ ਹਨ। ਇਨ੍ਹਾਂ ਪਹਾੜੀਆਂ ਉਪਰ ਢਲਾਊ ਖੇਤਾਂ ਦੀ ਤਰਤੀਬ ਇੰਝ ਪ੍ਰਤੀਤ ਹੁੰਦੀ ਜਿਵੇਂ ਕੁਦਰਤ ਨੇ ਕੋਈ ਅਲੌਕਿਕ ਕਾਰੀਗਰੀ ਕੀਤੀ ਹੋਈ ਹੋਵੇ। ਜਿਵੇਂ ਖੇਤਾਂ ਉਪਰ ਕਸੀਦਾ ਕੱਢਿਆ ਹੋਵੇ। ਇਕ ਕੁਦਰਤ ਦੀ ਸੁੰਦਰ ਸ਼ਿਲਪਕਾਰੀ। ਜਦੋਂ ਸੂਰਜ ਦੀਆਂ ਕਿਰਨਾਂ ਹਰੀਆਂ ਭਰੀਆਂ ਪਹਾੜੀਆਂ ਉਤੇ ਪੈਂਦੀਆਂ ਹਨ ਤਾਂ ਇਵੇਂ ਪ੍ਰਤੀਤ ਹੁੰਦਾ ਹੈ ਕਿ ਕੁਦਰਤ ਨੇ ਸੋਨੇ ਦੀ ਪਾਰਦਰਸ਼ੀ ਸੁਨਹਿਰੀ ਚਾਦਰ ਵਿਛਾਈ ਹੋਵੇ। ਗੁੰਮਾ ਖ਼ੂਬਸੂਰਤ ਘਾਟੀ ਦਾ ਨਾਮ ਹੈ। ਕੁਦਰਤ ਇਸ ਇਲਾਕੇ ਉਪਰ ਬਿਲਕੁਲ ਮਿਹਰਬਾਨ ਹੈ। ਇਥੇ ਸੜਕ ਦੇ ਕਿਨਾਰੇ ਸ਼ਰਾਬ ਦੀ ਫੈਕਟਰੀ ਵੀ ਹੈ। ਗੁੰਮਾ ਘਾਟੀ ਵਿਖੇ ਤਰ੍ਹਾਂ-ਤਰ੍ਹਾਂ ਦੀਆਂ ਸਬਜ਼ੀਆਂ, ਤਰ੍ਹਾਂ-ਤਰ੍ਹਾਂ ਦੇ ਫਲਾਂ ਦੇ ਬਾਗ ਵੇਖਣ ਨੂੰ ਮਿਲਦੇ ਹਨ। ਇਸ ਇਲਾਕੇ ਵਿਚ ਫੋਟੋਗ੍ਰਾਫੀ ਨੂੰ ਕਈ ਨਵੇਂ ਅਰਥ ਮਿਲਦੇ ਹਨ। ਅੱਖਾਂ ਵਿਚ ਉਤਰੇ ਸੁੰਦਰ ਦ੍ਰਿਸ਼ ਦਿਲ-ਦਿਮਾਗ਼ ਨੂੰ ਪਤਾ ਨਹੀਂ ਕੀ-ਕੀ ਦਿੰਦੇ ਹਨ? ਦਿਮਾਗ਼ ਵਿਚ ਖ਼ੂਬਸੂਰਤੀ ਦਾ ਖਜ਼ਾਨਾ ਭਰ ਜਾਂਦਾ ਹੈ। ਇਹ ਸੁੰਦਰ ਚਿੱਤਰ ਬੰਦੇ ਵਿਚ ਆਖ਼ਰੀ ਦਮ ਤੀਕਰ ਮਹਿਫ਼ੂਜ਼ ਰਹਿੰਦੇ ਹਨ। ਸੁੰਦਰਤਾ ਕੋਈ ਵੀ ਕਿਉਂ ਨਾ ਹੋਵੇ ਮਨੁੱਖ ਨੂੰ ਸਕੂਲ, ਆਨੰਦ ਪ੍ਰਦਾਨ ਕਰਦੀ ਹੈ। ਮੰਡੀ ਜ਼ਿਲ੍ਹਾ ਜੋਗਿੰਦਰ ਨਗਰ ਇਕ ਘੁਮਾਓਦਾਰ ਸਥਾਨ ਉਪਰ ਸਥਿਤ ਹੈ। ਘੁਮਾਓ ਤੋਂ ਹੀ ਇਥੋਂ ਦਾ ਨਾਮ ਘੁਮਾ ਪਿਆ ਜੋ ਬਾਅਦ ਵਿਚ ਗੁੰਮਾ ਹੋ ਗਿਆ। ਗੁੰਮਾ ਵਿਚ ਪੱਥਰ ਦੇ ਕਾਲੇ ਲੂਣ ਦੀਆਂ ਖਾਨਾਂ ਹਨ। ਇਨ੍ਹਾਂ ਕਾਲੇ ਲੂਣ ਦੀਆਂ ਖਾਨਾਂ ਨਾਲ ਗੁੰਮਾ ਦੀ ਇਕ ਖ਼ਾਸ ਪਹਿਚਾਣ ਹੈ। ਲੂਣ ਦੀਆਂ ਪਹਾੜੀਆਂ ਹਨ। ਇਹ ਸਥਾਨ ਕੇਂਦਰ ਸਰਕਾਰ ਦੇ ਕੰਟਰੋਲ ਵਿਚ ਹੈ। ਇਹ ਪਹਾੜੀ ਲੂਣ ਪਸ਼ੂਆਂ ਨੂੰ ਦੇਣ ਦੇ ਕੰਮ ਆਉਂਦਾ ਹੈ। ਇਹ ਲੂਣ ਅਤੇ ਸਾਂਡਲਾ ਵਿਚ ਸਰੋਵਰ ਦਰਸ਼ਨੀਏ ਹੈ।

ਗੁੰਮਾ (ਘੋਘੜਧਾਰ) ਚੀਲ, ਸੀਸਮ, ਸੋਮਲ ਦੇ ਜੰਗਲਾਂ ਲਈ ਪ੍ਰਸਿੱਧ ਹੈ। ਇਸ ਸ੍ਰੇਣੀ ਦੇ ਉਤਰੀ ਕਿਨਾਰੇ ਵੱਲ ਝਟੀਂਗਰੀ ਵਿਚ ਦੇਵਦਾਰ ਦੇ ਸੰਘਣੇ ਜੰਗਲ ਹਨ। ਝਟੀਂਗਰੀ, ਮੰਡੀ ਰਾਜ ਵੰਸ ਦੀ ਗਰਮੀ ਦੇ ਨਾਲ ਦੀ ਰਾਜਧਾਨੀ ਸੀ।

ਗੁੰਮਾ ਦੇ ਨੇੜੇ-ਨੇੜੇ ਸੁੰਦਰ ਝਰਨੇ ਡਿਗਦੇ ਹਨ। ਕਈ ਛੋਟੇ-ਛੋਟੇ ਝਰਨੇ ਪਹਾੜੀਆਂ ਦੀ ਸੁੰਦਰਤਾ ਨੂੰ ਚਾਰ ਚੰਨ ਲਾਉਂਦੇ ਹਨ।

ਗੁੰਮਾ ਤੋਂ ਉਪਰ ਵੱਲ ਚਲ ਪਏ ਤਾਂ ਕੁਝ ਘੰਟਿਆਂ ਦੇ ਬਾਅਦ ਸਫ਼ਰ ਤਹਿ ਕਰਕੇ ਝਟੀਂਗਰੀ ਦੇ ਚੌਂਕ ਵਿਚ ਪਹੁੰਚ ਗਏ। ਠੰਡੀਆਂ ਹਵਾਵਾਂ ਦੇ ਸੁਕੂਨ ਦੇਣ ਵਾਲੇ ਉਤਮ ਦ੍ਰਿਸ਼ ਦਿਲ-ਦਿਮਾਗ ਵਿਚ ਉਤਰਨ ਲਗੇ। ਇਥੇ ਛੋਟੀਆਂ-ਛੋਟੀਆਂ ਦੁਕਾਨਾਂ ਹਨ ਜਿਥੇ ਚਾਹ ਆਦਿ ਚੀਜ਼ਾਂ ਖ਼ਾਣ ਨੂੰ ਮਿਲ ਜਾਂਦੀਆਂ ਹਨ। ਮੇਰੇ ਦੋਵੇਂ ਮਿੱਤਰ ਠੰਡੀਆਂ ਹਵਾਵਾਂ ਵਿਚ ਖ਼ਾਣ-ਪੀਣ ਲੱਗੇ, ਕਿਉਂਕਿ ਮੈਂ (ਘੁੰਮਕੜ) ਘੁੰਮਣ ਫ਼ਿਰਨ ਦਾ ਜ਼ਿਆਦਾ ਆਸ਼ਿਕ ਹਾਂ। ਇਸ ਲਈ ਮੈਂ ਉਸ ਦੁਕਾਨਦਾਰ ਨੂੰ ਪੁੱਛਿਆ ਕਿ ਇੱਥੇ ਕੋਈ ਦੇਖਣ ਵਾਲੀ ਜਗ੍ਹਾ ਹੈ। ਉਸ ਨੇ ਕਿਹਾ, "ਇਥੋਂ ਲਗਭਗ ਇਕ ਕਿਲੋਮੀਟਰ ਸੱਜੇ ਪਾਸੇ ਉਚੀ ਪਹਾੜੀ ਉਪਰ ਇਕ ਪ੍ਰਸਿੱਧ ਸਥਾਨ ਹੈ : 'ਰਾਣੀ ਕੀ ਕੋਠੀ।' ਉਸ ਨੇ ਮੈਨੂੰ ਕੁਝ ਕਹਾਣੀਆਂ 'ਰਾਣੀ ਦੀ ਕੋਠੀ' ਬਾਰੇ ਸੁਣਾਈਆਂ। ਮੇਰੇ ਮਨ ਵਿਚ ਜਗਿਆਸਾ ਵਧ ਗਈ। ਮੈਂ ਗੱਡੀ 'ਚੋਂ ਕੈਮਰਾ ਕੱਢਿਆ ਅਤੇ ਇਕੱਲਾ ਹੀ ਚੱਲ ਪਿਆ 'ਰਾਣੀ ਦੀ ਕੋਠੀ' ਵੇਖਣ। ਬਿਲਕੁਲ ਸਿੱਧੀ ਚੜ੍ਹਾਈ। ਮੈਂ ਗੱਡੀ 'ਚੋਂ ਕੈਮਰਾ ਕੱਢਿਆ ਅਤੇ ਇਕੱਲਾ ਹੀ ਚੱਲ ਪਿਆ 'ਰਾਣੀ ਦੀ ਕੋਠੀ' ਵੇਖਣ। ਬਿਲਕੁਲ ਸਿੱਧੀ ਚੜ੍ਹਾਈ । ਸੌਂਦਰਯੇ (ਸੁੰਦਰਤਾ) ਬੋਧ ਦੀ ਪਰਿਭਾਸ਼ਾ ਦੱਸਦੇ ਪਹਾੜਾਂ ਦੇ ਦ੍ਰਿਸ਼। ਦੂਰ-ਦੂਰ ਤਕ ਪਰਬਤਾਂ ਦੀਆਂ ਲੰਬੀਆਂ-ਲੰਬੀਆਂ ਕਤਾਰਾਂ। ਉਚੇ-ਉਚੇ ਹਰੇ ਭਰੇ ਰੁੱਖ, ਦੂਰ ਤੋਂ ਦਿਸਦੇ ਦਿਲਕਸ਼ ਝਰਨੇ, ਦਲਦਲ ਕਰਦੀਆਂ ਵਹਿੰਦੀਆਂ ਜਾਂਦੀਆਂ ਘੁੰਗਰੂਆਂ ਦੀ ਆਵਾਜ਼ ਵਰਗੀਆਂ ਵਲ-ਛਲ ਖਾਂਦੀਆਂ ਨਦੀਆਂ, ਕਦੀ ਘੱਟ ਕਦੀ ਤੇਜ਼ ਬਾਰਿਸ਼ ਵਿਚ ਪੰਛੀਆਂ ਦੀ ਉਜਸਵੀ ਮਧੁਰ ਆਵਾਜ਼ਾਂ, ਵੱਖ-ਵੱਖ ਫੁੱਲਾਂ ਦੀ ਮਿਲੀਜੁਲੀ ਖ਼ੁਸ਼ਬੂ, ਦੂਰ ਤੋਂ ਦਿਸਦੇ ਦਰਿਆਵਾਂ ਦੇ ਗੁਣਨਫਲ ਕਰਦੇ ਸੰਗਮ, ਗੁਪਤਚਰ, ਬੱਦਲਾਂ ਦੀਆਂ ਬਣਦੀਆਂ ਤਰ੍ਹਾਂ-ਤਰ੍ਹਾਂ ਦੀਆਂ ਆਕ੍ਰਿਤੀਆਂ, ਦਰਿਆਵਾਂ ਦਾ ਛਿਛਲਾ ਅਤੇ ਗਹਿਰਾ ਪਾਣੀ, ਠੰਡੇ ਸੀਤਲ ਮੌਸਮ ਦੀਆਂ ਫੁਹਾਰਾਂ ਅਤੇ ਪਹਾੜਾਂ ਦੇ ਏਕਾਂਤ ਦਾ ਮੁਕੰਮਲ ਸਕੂਲ ਦਿਸੇ ਦੇਵ ਲੋਕ ਤੋਂ ਘੱਟ ਨਹੀਂ: ਇਹ ਸਭ ਕੁਝ ਹੈ ਰਾਣੀ ਦੀ ਕੋਠੀ ਝਟੀਂਗਰੀ ਵਿਖੇ।

ਰਾਣੀ ਦੀ ਕੋਠੀ ਦਾ ਇਕ ਛੋਟਾ ਚਿੱਕੜ ਭਰਪੂਰ, ਪਹਾੜਾਂ ਦੇ ਵਿਚ ਪ੍ਰਾਚੀਨ ਪਹਾੜੀ ਸ਼ੈਲੀ ਦੀਆਂ ਛੋਟੀਆਂ-ਛੋਟੀਆਂ ਕੋਠੀਆਂ ਕਮਰੇ ਨਜ਼ਰ ਆਉਂਦੇ ਹਨ। ਇਹ ਵਾਕਿਆ ਹੀ ਮਨਮੋਹਕ ਜਗ੍ਹਾ ਹੈ। ਇਸ ਨੂੰ ਰਾਣੀ ਦੀ ਕੋਠੀ ਕਹਿੰਦੇ ਹਨ। ਅਤਿਅੰਤ ਸੁੰਦਰ ਨਜ਼ਾਰਿਆਂ ਦਾ ਅਦਭੁਤ ਲੌਕਿਕ ਸਥਾਨ। ਤ੍ਰਿਕੌਲੀ ਨੁੱਕਰ ਵਿਚ ਸੰਘਣੇ ਰੁੱਖਾਂ ਦੇ ਵਿਚ ਰਾਣੀ ਦੀ ਕੋਠੀ ਦਾ ਸਥਾਨ। ਲਗਭਗ ਇਕ ਏਕੜ ਦੇ ਸਮਤਲ ਖੇਤਰ ਵਿਚ ਇਹ ਸਥਾਨ ਠੰਡੇ ਮੌਸਮ ਦਾ ਦੇਵ ਲੋਕ ਹੈ। ਇਸ ਦੇ ਨਾਲ ਥੋੜ੍ਹਾ ਅੱਗੇ ਇਕ ਵੱਡੀ ਸਮਤਲ ਪਹਾੜੀ ਹੈ। ਇਸ ਦੇ ਦੂਰ ਦੂਰ ਦੇ ਦ੍ਰਿਸ਼, ਸੁੰਦਰ ਚੋਟੀਆਂ, ਉਹਲ ਦਰਿਆ ਦੇ ਦਿਲਕਸ ਨਜਾਰੇ। ਰਾਣੀ ਦੀ ਕੋਠੀ ਦਾ ਵਾਤਾਵਰਣ ਸੁਖਦ, ਆਰਾਮਦਾਇਕ ਅਤੇ ਆਨੰਦ ਭਰਪੂਰ ਹੈ। ਇਸ ਸਥਾਨ ਦੀ ਜਿਸ ਨੇ ਚੋਣ ਕੀਤੀ ਹੋਵੇਗੀ ਉਹ ਬੰਦਾ ਵੀ ਕੁਦਰਤ ਦਾ ਆਸ਼ਿਕ ਹੋਵੇਗਾ ਜ਼ਰੂਰ। ਇਹ ਸਥਾਨ ਬੱਚਿਆਂ ਦੇ ਖੇਡਣ, ਹੱਸਣ ਕੁਦਣ, ਕਿਲਾਕਾਰੀਆਂ ਅਤੇ ਪਿਕਨਿਕ ਵਾਸਤੇ ਯੋਗ ਹੈ।

ਰਾਣੀ ਦੀ ਕੋਠੀ ਝਟੀਂਗਰੀ ਜੋਗਿੰਦਰ ਨਗਰ ਤੋਂ ਲਗਭਗ 32 ਕਿਲੋਮੀਟਰ ਦੂਰ ਹੋਵੇਗੀ। ਇਹ ਸਥਾਨ 2130 ਮੀਟਰ ਦੀ ਉਚਾਈ ਉਪ ਸਥਿਤ ਹੈ। ਇਹ ਇਲਾਕਾ ਸੰਘਣੇ ਜੰਗਲਾਂ ਨਾਲ ਮਾਲਾਮਾਲ ਹੈ। ਸੰਘਣੇ ਦੇਵਦਾਰ ਦੇ ਸੁੰਦਰ ਰੁੱਖਾਂ ਦੀ ਉਚਾਈ ਤੇ ਫੈਲਾਵ ਚੰਗਾ ਲਗਦਾ ਹੈ। ਸੜਕ ਦੇ ਆਰ ਪਾਰ ਜੰਗਲ ਹੀ ਜੰਗਲ ਨਜ਼ਰ ਆਉਂਦਾ ਹੈ। ਘੱਟ ਚੌੜਾਈ ਵਾਲੀ ਖ਼ਤਰਨਾਕ ਸੜਕ। ਦੱਸਿਆ ਜਾਂਦਾ ਹੈ ਕਿ ਇਸ ਇਲਾਕੇ ਦਾ ਰਾਜਾ ਗਰਮੀਆਂ ਦੇ ਦਿਨਾਂ ਵਿਚ ਇਥੇ ਰਾਣੀ ਦੀ ਕੋਠੀ ਆਇਆ ਕਰਦਾ ਸੀ। ਰਾਜੇ ਦੀ ਰਾਣੀ ਵੀ ਨਾਲ ਹੁੰਦੀ ਸੀ ਜਿਸ ਕਰਕੇ ਹਿਸ ਸਥਾਨ ਦਾ ਨਾਂਅ ਰਾਣੀ ਦੀ ਕੋਠੀ ਪ੍ਰਚਲਿਤ ਹੋ ਗਿਆ। ਝਟੀਗਰੀ ਦੇ ਹੇਠਾਂ ਖ਼ੂਬਸੂਰਤ ਵੈਲੀ ਦ੍ਰਿਸ਼ ਵੇਖਣ ਵਾਲੇ ਹਨ। ਝਟੀਂਗਰੀ ਉਚੀ ਪਹਾੜੀ ਉਪਰ ਵੱਸਿਆ ਸੜਕ ਦੇ ਕਿਨਾਰੇ ਛੋਟਾ ਜਿਹਾ ਨਗਰ ਹੈ। ਇਥੇ ਠੰਡੀਆਂ ਹਵਾਵਾਂ ਦੇ ਬੁੱਲ੍ਹੇ ਅਪਣੇ ਜਲਵੇ ਛੱਡ ਦਿੰਦੇ ਹਨ।

ਝਟੀਂਗਰੀ ਵਿਚ ਆਲੂਆਂ ਦਾ ਵੱਡੇ ਦਰਜੇ ਉਪਰ ਵਿਉਪਾਰ ਹੈ। ਇਥੇ ਆਲੂ ਬਹੁਤ ਹੁੰਦਾ ਹੈ। ਇਥੇ ਜਿਹੜੇ ਲੋਕ ਘੁੰਮਣ ਘਿਰਨ ਲਈ ਆਉਂਦੇ ਨੇ ਉਹ ਆਪਣੇ ਨਾਲ ਪਿਕਨਿਕ ਦਾ ਸਾਮਾਨ ਸਾਮਗਰੀ ਲੈ ਕੇ ਆਉਂਦੇ ਹਨ। ਠੰਡੀ ਹਵਾ ਵਿਚ ਖਾਣ ਪੀਣ ਦਾ ਮਜ਼ਾ ਆ ਜਾਂਦਾ ਹੈ। ਤਜ਼ੁਰਬੇਕਾਰ ਅਤੇ ਘੁੰਮਕੜ ਲੋਕ ਅਪਣੇ ਨਾਲ ਫੋਲਡਿੰਗ ਤੰਬੂ ਜ਼ਰੂਰ ਲੈ ਕੇ ਆਉਂਦੇ ਹਨ, ਕਿਉਂਕਿ ਇਥੇ ਕਦ ਟਪਕਾ ਟਪਕੀ ਬਾਰਿਸ਼ ਹੋ ਜਾਵੇ ਜਾਂ ਤੇਜ਼ ਬਾਰਿਸ਼ ਹੋ ਜਾਵੇ ਕੋਈ ਪਤਾ ਨਹੀਂ ਹੁੰਦਾ। ਬਾਰਿਸ਼ ਵਿਚ ਤੰਬੂ ਦੇ ਵਿਚੋਂ ਝਾਕ ਦੇ ਦ੍ਰਿਸ਼ ਵੇਖਣ ਦਾ ਅਪਣਾ ਹੀ ਆਨੰਦ ਹੁੰਦਾ

**(ਬਾਕੀ ਅਗਲੇ ਸਫੇ 'ਤੇ)**

# ਪੁਸਤਕ ਸਮੀਖਿਆ

**ਆਓ ਗਾਈਏ**
**ਰੀਵਿਊਕਾਰ: ਬਲਜਿੰਦਰ ਮਾਨ 9850 18947**
**ਕਵੀ: ਬਿੰਦਰ ਸਿੰਘ ਗੁੱਡੀ ਕਲਾਂ**
**ਪ੍ਰਕਾਸ਼ਕ: ਪ੍ਰੀਤ ਪਬਲੀਕੇਸ਼ਨ ਨਾਭਾ,**
**ਪੰਨੇ: 72 ਮੁੱਲ: 150/-**

ਬਿੰਦਰ ਸਿੰਘ ਖੁੱਡੀ ਕਲਾਂ ਅੱਜ ਕੱਲ ਬਾਲ ਸਾਹਿਤ ਦੇ ਖੇਤਰ ਵਿੱਚ ਸਰਗਰਮ ਭੂਮਿਕਾ ਅਦਾ ਕਰ ਰਹੇ ਹਨ। ਹਥਲੀ ਪੁਸਤਕ 'ਆਓ ਗਾਈਏ' ਤੋਂ ਪਹਿਲਾਂ ਉਹਨਾਂ ਦੀ ਪੁਸਤਕ ਬਾਲ ਖੇਡਾਂ ਬਾਰੇ 'ਅੱਕੜ ਬੱਕੜ' ਵੀ ਪ੍ਰਕਾਸ਼ਿਤ ਹੋ ਚੁੱਕੀ ਹੈ। ਜਿਸ ਵਿੱਚ ਉਹਨਾਂ ਭੁੱਲਰੀਆਂ ਵਿਸਰੀਆਂ ਵਿਰਾਸਤੀ ਖੇਡਾਂ ਨੂੰ ਮੁੜ ਸੁਰਜੀਤ ਕਰਨ ਦਾ ਉਪਰਾਲਾ ਕੀਤਾ ਹੈ। ਹੱਥਲੀ ਪੁਸਤਕ ਵਿੱਚ ਉਹਨਾਂ ਆਪਣੇ 35 ਬਾਲ ਗੀਤ ਅਤੇ ਕਵਿਤਾਵਾਂ ਦਰਜ ਕੀਤੇ ਹਨ। ਇਹ ਸਾਰੇ ਗੀਤ ਅਤੇ ਕਵਿਤਾਵਾਂ ਗਾਉਣ ਦੇ ਯੋਗ ਹਨ। ਜਿਸ ਨਾਲ ਵਿਦਿਆਰਥੀ ਵੱਖ ਵੱਖ ਮੁਕਾਬਲਿਆਂ ਵਿੱਚ ਇਹਨਾਂ ਦਾ ਗਾਇਨ ਕਰਕੇ ਇਨਾਮ ਜਿੱਤ ਸਕਦੇ ਹਨ। ਬਿੰਦਰ ਸਿੰਘ ਕੋਲ ਬਾਲ ਕਾਵਿ ਸਿਰਜਣ ਦੀ ਅਨੋਖੀ ਕਲਾ ਹੈ। ਉਸ ਦੀ ਹਰ ਰਚਨਾ ਵਿੱਚ ਬਾਲ ਮਨ ਦੀਆਂ ਬਾਤਾਂ ਹਨ। ਇਸੇ ਕਰਕੇ ਬਾਲ ਪਾਠਕ ਪੁਸਤਕ ਨੂੰ ਬੜੀ ਰੀਝ ਨਾਲ ਪੜ੍ਹਦੇ ਅਤੇ ਆਨੰਦ ਮਾਣਦੇ ਹਨ। ਪੁਸਤਕ ਵਿੱਚ ਸ਼ਾਮਿਲ ਗੀਤ ਤੇ ਕਵਿਤਾਵਾਂ ਜਿੱਥੇ ਮਨੋਰੰਜਕ ਹਨ ਉੱਥੇ ਸਿੱਖਿਆਦਾਇਕ ਵੀ ਹਨ।



ਪੁਸਤਕ 'ਆਓ ਗਾਈਏ' ਦੇ ਪੰਨੇ ਪਰਤੀਏ ਤਾਂ ਹਰ ਅਗਲੇ ਪੰਨੇ ਤੇ ਰੌਚਕ ਗੀਤ ਪੜ੍ਹਨ ਨੂੰ ਮਿਲਦਾ ਹੈ। ਬੱਚੇ ਤਾਂ ਪੜ੍ਹਦੇ ਪੜ੍ਹਦੇ ਹੀ ਗੁਣਗੁਣਾਉਣ ਲੱਗ ਪੈਂਦੇ ਹਨ। ਕਵੀ ਨੇ ਇਹਨਾਂ ਗੀਤਾਂ ਅਤੇ ਕਵਿਤਾਵਾਂ ਵਿੱਚ ਬੜੀ ਕੋਮਲ ਅਤੇ ਦਿਲਚਸਪ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ। ਬਾਲ ਮਨ ਨੂੰ ਆਪ ਮੁਹਾਰੇ ਨਚਾਉਣ ਅਤੇ ਹਸਾਉਣ ਵਾਲੇ ਵਿਚਾਰਾਂ ਵਾਲੀਆਂ ਇਹ ਕਵਿਤਾਵਾਂ ਤੇ ਗੀਤ ਹਰ ਪਾਠਕ ਦੇ ਦਿਲਾਂ ਦੀਆਂ ਤਹਿਆਂ ਤੱਕ ਲੈ ਜਾਂਦੇ ਹਨ। ਬਾਲ ਜੀਵਨ ਨਾਲ ਸੰਬੰਧਿਤ ਵਿਸ਼ਿਆਂ ਤੇ ਰਚੇ ਇਹ ਗੀਤ ਉਹਨਾਂ ਨੂੰ ਆਪਣੇ ਆਲੇ ਦੁਆਲੇ ਬਾਰੇ ਸੁਚੇਤ ਕਰਦੇ ਹੋਏ ਭਵਿੱਖ ਲਈ ਤਿਆਰ ਕਰਦੇ ਹਨ। ਇਹਨਾਂ ਵਿਚਲੀ ਸੁਰ ਅਤੇ ਲੈਅ ਹਰ ਪਾਠਕ ਨੂੰ ਭਾਉਂਦੀ ਹੈ। ਨਰੋਈਆਂ ਕਦਰਾਂ ਕੀਮਤਾਂ ਨਾਲ ਲੈਸ ਕਰਨ ਵਾਲੀਆਂ ਇਹ ਰਚਨਾਵਾਂ ਹਰ ਪਾਠਕ ਲਈ ਲਾਭਕਾਰੀ ਹਨ। ਵਾਤਾਵਰਨ, ਦਿਨ ਤਿਉਹਾਰ, ਆਪਸੀ ਰਿਸ਼ਤੇ, ਪਸ਼ੂ ਪੰਛੀ, ਬੱਦਲ,ਬਚਪਨ ਮਿਹਨਤ, ਚੰਗਾ ਵਿਹਾਰ ਅਤੇ ਮਾਂ ਬੋਲੀ ਆਦਿ ਵਿਸ਼ਿਆਂ ਨੂੰ ਬਾਖੂਬੀ ਨਿਖਾਰਿਆ ਗਿਆ ਹੈ। ਪਾਠਕਾਂ ਅੰਦਰ ਇਹਨਾਂ ਰਚਨਾਵਾਂ ਤੋਂ ਆਪ ਮੁਹਾਰੇ ਹੀ ਇਹਨਾਂ ਦੀ ਕਦਰ ਕਰਨ ਦੀ ਕਲਾ ਉਪਜਦੀ ਹੈ। ਬਾਲ ਪਾਠਕਾਂ ਨੂੰ ਨਵੀਆਂ ਲੀਹਾਂ ਪ੍ਰਦਾਨ ਕਰਨ ਵਾਲੀ ਇਹ ਇੱਕ ਕੀਮਤੀ ਪੁਸਤਕ ਹੈ। ਇਸ ਲਈ ਅਧਿਆਪਕਾਂ ਤੇ ਮਾਪਿਆਂ ਨੂੰ ਇਸ ਪੁਸਤਕ ਨੂੰ ਬੱਚਿਆਂ ਹੱਥ ਜ਼ਰੂਰ ਦੇਣਾ ਚਾਹੀਦਾ ਹੈ।

**ਕਿੱਥੇ ਆਲ੍ਹਣਾ ਪਾਈਏ?**
**ਰੀਵਿਊਕਾਰ: ਬਲਜਿੰਦਰ ਮਾਨ**
**98150-18947**
**ਕਵੀ: ਜਸਵਿੰਦਰ ਪਾਲ ਹੈਪੀ**
**ਪ੍ਰਕਾਸ਼ਕ: ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਮਾਹਿਲਪੁਰ**
**(ਹੁਸ਼ਿਆਰਪੁਰ),ਪੰਨੇ: 32, ਮੁੱਲ145/-**




ਮਨੁੱਖ ਦੀਆਂ ਵਧ ਰਹੀਆਂ ਲਾਲਸਾਵਾਂ ਨੇ ਕੁਦਰਤ ਦਾ ਸੰਤੁਲਨ ਵਿਗਾੜ ਕੇ ਰੱਖ ਦਿੱਤਾ ਹੈ। ਰੁੱਖਾਂ ਦੀ ਅੰਨ੍ਹੇਵਾਹ ਕਟਾਈ ਅਤੇ ਪਰਬਤਾਂ ਨਾਲ ਛੇੜ ਛਾੜ ਕੁਦਰਤੀ ਆਫਤਾਂ ਦਾ ਕਾਰਨ ਬਣ ਰਹੀ ਹੈ।ਪ੍ਰਦੂਸ਼ਣ ਦੀ ਸਮੱਸਿਆ ਤਾਂ ਵਿਕਰਾਲ ਰੂਪ ਪਹਿਲਾਂ ਹੀ ਧਾਰ ਚੁੱਕੀ ਹੈ। ਪੰਛੀਆਂ ਦੀਆਂ ਲੱਖਾਂ ਪ੍ਰਜਾਤੀਆਂ ਇਸ ਧਰਤੀ ਤੋਂ ਖਤਮ ਹੋ ਗਈਆਂ ਹਨ। ਪੁਸਤਕ 'ਕਿੱਥੇ ਆਲ੍ਹਣਾ ਪਾਈਏ'? ਇਕੱਲੇ ਪੰਛੀਆਂ ਦੀ ਹੀ ਪੁਕਾਰ ਨਹੀਂ ਸਗੋਂ ਸਮੁੱਚੀ ਮਾਨਵ ਜਾਤੀ ਦੀ ਪੁਕਾਰ ਹੈ ਜੋ ਇਸ ਧਰਤੀ ਨੂੰ ਹੱਸਦਾ ਵੱਸਦਾ ਵੇਖਣਾ ਚਾਹੁੰਦੇ ਹਨ। ਮਨੁੱਖੀ ਜੀਵਨ ਲਈ ਖਤਰਾ ਬਣੀਆਂ ਜੋਰਾਵਰਾਂ ਦੀਆਂ ਮਨਮਾਨੀਆਂ ਹਰ ਆਦਰਸ਼ ਨਾਗਰਿਕ ਨੂੰ ਸੁਚੇਤ ਕਰਦੀਆਂ ਹਨ।ਅਜਿਹੇ ਦੁੱਖਾਂ ਦਰਦਾਂ ਬਾਰੇ ਫਿਕਰਮੰਦ ਹੈ ਸਾਡਾ ਸ਼ਾਇਰ ਜਸਵਿੰਦਰ ਪਾਲ ਹੈਪੀ।ਜਿੱਥੇ ਉਹ ਇੱਕ ਸਫ਼ਲ ਅਧਿਆਪਕ ਹੈ ਉੱਥੇ ਇੱਕ ਸੁਹਿਰਦ ਸਾਹਿਤਕਾਰ ਵੀ ਹੈ। ਉਹ ਬੱਚਿਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਸਮਾਜ ਦੇ ਸਭ ਵਰਗਾਂ ਨੂੰ ਸੰਗੀ ਸਾਥੀ ਬਣਾਉਂਦਾ ਹੈ। ਬਾਲ ਮਨੋਵਿਗਿਆਨ ਦਾ ਮਾਹਿਰ ਹੋਣ ਕਰਕੇ ਬੱਚਿਆਂ ਦੀ ਛੁਪੀ ਹੋਈ ਪ੍ਰਤਿਭਾ ਨੂੰ ਉਜਾਗਰ ਕਰਕੇ ਉੱਚੀਆਂ ਮੰਜ਼ਿਲਾਂ ਤੇ ਪਹੁੰਚਾ ਰਿਹਾ ਹੈ।ਉਸਦੀ ਕਵਿਤਾ ਵਿੱਚ ਬਾਲ ਜੀਵਨ ਦੇ ਸੱਤੇ ਰਸ ਰੰਗ ਦਿਖਾਈ ਦਿੰਦੇ ਹਨ। ਜਦੋਂ ਪਾਠਕ ਉਸਦੀ ਰਚਨਾ ਪੜ੍ਹਦੇ ਹਨ ਤਾਂ ਉਹਨਾਂ ਦਾ ਮਨ ਹੋਰ ਅੱਗੇ ਪੜਨੀ ਨੂੰ ਆਪ ਮੁਹਾਰੇ ਹੀ ਕਰ ਆਉਂਦਾ ਹੈ। ਇਹ ਉਸਦੀ ਸਾਹਿਤਕਾਰੀ ਦਾ ਨੁਮਾਇਆ ਗੁਣ ਹੈ। ਉਸ ਕੋਲ ਜੀਵਨ ਦਾ ਗਹਿਰਾ ਤਜਰਬਾ ਹੈ ਜਿਸ ਨੂੰ ਉਹ ਕੋਮਲ ਸ਼ਬਦਾਂ ਰਾਹੀਂ ਬੱਚਿਆਂ ਅੱਗੇ ਪਰੋਸਦਾ ਰਹਿੰਦਾ ਹੈ। ਕਵਿਤਾ ਦੀ ਲੈਅ ਤੇ ਰਵਾਨਗੀ ਨੂੰ ਕਾਇਮ ਰੱਖਣ ਲਈ ਯਤਨਸ਼ੀਲ ਹੈ। ਪੁਸਤਕ ਕਿੱਥੇ ਆਲ੍ਹਣਾ ਪਾਈਏ ਵਿੱਚ ਸ਼ਾਮਿਲ ਰਚਨਾਵਾਂ ਬਾਲ ਜੀਵਨ ਦੇ ਵੰਨ-ਸੁਵੰਨੇ ਪਹਿਲੂਆਂ ਨੂੰ ਉਜਾਗਰ ਕਰਦੀਆਂ ਹਨ।ਬੱਚਾ ਕੀ ਚਾਹੁੰਦਾ ਹੈ ਕਿਵੇਂ ਚਾਹੁੰਦਾ ਹੈ ਤੇ ਕੀ ਕਰਦਾ ਹ?' ਇਹ ਸਭ ਕੁਝ ਇਹਨਾਂ ਕਵਿਤਾਵਾਂ ਵਿੱਚ ਦ੍ਰਿਸ਼ਟੀਮਾਨ ਹੈ।

# ਚਲੋ ਚੱਲੀਏ ਪਹਾੜੀ ਇਲਾਕੇ ਬਰੋਟ, ਲੁਹਾਰਡੀ ਵਿਚ

(ਸਫਾ 29 ਦੀ ਬਾਕੀ)

ਹੈ। ਬੱਚੇ ਤਾਂ ਇਥੇ ਕਿਲਕਾਰੀਆਂ ਦਾ ਮਜ਼ਾ ਲੈਂਦੇ ਹਨ। ਠੰਡਾ, ਸ਼ੁੱਧ ਹਵਾ ਵਾਲਾ ਸੁਖਦ ਮੌਸਮ ਤਨ-ਮਨ-ਰੂਹ ਮਸਤਕ ਨੂੰ ਸ਼ਾਂਤੀ ਅਤੇ ਸਿਹਤ ਔਸ਼ਧੀ ਪ੍ਰਦਾਨ ਕਰਦਾ ਹੈ। ਇਕੇ ਚੁਤਰ ਦਿਸ਼ਾ ਖ਼ੂਬਸੂਰਤ ਮਾਲਾਮਾਲ ਹੈ। ਇਥੋਂ ਦੇ ਤਰ੍ਹਾਂ-ਤਰ੍ਹਾਂ ਦੇ ਧੂਮਿਲ ਅਤੇ ਕਾਲੇ ਘਲਘੋਰ ਬੱਦਲਾਂ ਦੇ ਝੁੰਡ ਜਦੋਂ ਉਚੇ ਦੇਵਦਾਰ ਦੇ ਰੁੱਖਾਂ ਨਾਲ ਆਲਿੰਗਨ ਹੋ ਕੇ ਬਾਰਿਸ਼ ਦਾ ਅਭਿਵਾਦਨ ਕਰਦੇ ਹਨ ਤਾਂ ਏਦਾਂ ਮਹਿਸੂਸ ਹੁੰਦਾ ਹੈ ਜਿਵੇਂ ਤੁਸੀਂ ਅਸਮਾਨ ਵਿਚ ਹੋ।

ਰਾਣੀ ਦੀ ਕੋਠੀ ਵਿਖੇ ਰਾਤ ਦੇ ਸਮੇਂ ਜਦੋਂ ਚੰਦ ਸਿਤਾਰੇ ਸਾਫ਼ ਮੌਸਮ ਵਿਚ ਝਿਲਮਿਲਾਂਦੇ ਹਨ ਤਾਂ ਦ੍ਰਿਸ ਕਿਸੇ ਜੰਨਤ ਤੋਂ ਘੱਟ ਨਹੀਂ ਹੁੰਦੇ। ਮਹਿਸੂਸ ਕਰਨ ਦੀ ਸ਼ਕਤੀ ਹੀ ਜੰਨਤ ਹੈ। ਰਾਤ ਦੇ ਸਮੇਂ ਪਹਾੜਾਂ ਉਪਰ ਦੂਰ-ਦੂਰ ਜਗਮਗਾਦੀਆਂ ਬਸਤੀਆਂ ਕਿੰਨੀਆਂ ਅਦਭੁਤ, ਕਿੰਨੀਆਂ ਸੁੰਦਰ, ਕਿੰਨੀਆਂ ਆਕਰਸ਼ਕ, ਕਿੰਨੀਆਂ ਪਿਆਰੀਆਂ ਲਗਦੀਆਂ ਹਨ।

ਰਾਣੀ ਦੀ ਕੋਠੀ ਵੱਲ ਹਿਮਾਚਲ ਸਰਕਾਰ ਨੇ ਕੋਈ ਵਿਸ਼ੇਸ ਧਿਆਨ ਨਹੀਂ ਦਿੱਤਾ। ਰਾਣੀਦੀ ਕੋਠੀ ਦੇ ਕਮਰੇ ਖਸਤਾ ਹਾਲਤ ਵਿਚ ਖਾਲੀ ਪਏ ਹਨ। ਪੁਰਾਤੱਤਵ ਵਿਭਾਗ ਹਿਮਾਚਲ ਪ੍ਰਦੇਸ਼ ਨੂੰ ਇਸ ਇਤਿਹਾਸਿਕ ਨਿਸ਼ਾਨੀ, ਰਮਣੀਕ ਸਥਾਨ ਦੀ ਦੇਖ ਰੇਖ ਸਾਂਭ ਸੰਭਾਲ ਜਿੰਮੇਵਾਰੀ ਲੈਣੀ ਚਾਹੀਦੀ ਹੈ। ਇਥੇ ਵਧੀਆ ਹੋਟਲ ਖੋਲ੍ਹੇ ਜਾ ਸਕਦੇ ਹਨ। ਹਿਮਾਚਲ ਦਾ ਇਹ ਸਥਾਨ ਵਿਸ਼ਵ ਨਕਸ਼ੇ ਉਪਰ ਆ ਸਕਦਾ ਹੈ। ਸਰਕਾਰ ਨੂੰ ਮੋਟੀ ਆਮਦਨ ਹੋ ਸਕਦੀ ਹੈ। ਰਾਣੀ ਦੀ ਕੋਠੀ ਵਧੀਆ ਕੀਮਤੀ ਪਿਕਨਿਕ ਸਪਾਟ ਬਣ ਸਕਦਾ ਹੈ।

ਰਾਣੀ ਦੀ ਕੋਠੀ (ਝਟੀਗਰੀ) ਤੋਂ ਅਸੀਂ ਬਰੋਟ ਵਲ ਨੂੰ ਹੋ ਪਏ। ਬਰੋਟ ਜਾਣ ਲਈ ਘਟਾਸਨੀ ਜਾਣਾ ਪੈਂਦਾ ਹੈ। ਘਟਾਸਨੀ ਇਕ ਛੋਟਾਂ ਜਿਹਾ ਸ਼ਹਿਰ ਹੈ। ਪਠਾਨਕੋਟ (ਪੰਜਾਬ) ਤੋਂ ਘਟਾਸਨੀ ਲਗਭਗ 190 ਕਿਲੋਮੀਟਰ ਦੂਰ ਪੈਂਦਾ ਹੈ। ਘਟਸਾਨੀ ਤੋਂ ਪਠਾਨਕੋਟ ਬਰੋਟ ਜਾਣ ਦਾ ਰਸਤਾ ਇਕਦਮ ਭਿਅੰਕਰ, ਸਿੱਧੀ ਚੜ੍ਹਾਈ ਵਾਲਾ, ਘੱਟ ਚੌੜੀ ਸੜਕ ਵਾਲਾ ਹੈ। ਇਹ ਰਸਤਾ ਜਿਥੋਂ ਸ਼ੁਰੂ ਹੁੰਦਾ ਹੈ ਇਕ ਵੱਡੇ ਦਰਵਾਜ਼ੇਨੁਮਾ ਲਗਦਾ ਹੈ ਜਿਵੇਂ ਕਿਸੇ ਵੱਡੇ ਮਹਿਲ ਦਾ ਮੁੱਖ ਗੇਟ ਖੁੱਲ੍ਹਦਾ ਹੋਵੇ। ਕੇਵਲ ਚਾਰ ਪਹੀਆ ਵਾਹਨ ਜਿਨ੍ਹਾਂ ਮੁਸਕਿਲ ਰਸਤਾ, ਪਹਿਲਾਂ ਤਾਂ ਸਾਡਾ ਦੋਸਤ ਕਾਰ ਚਾਲਕ ਰਾਜ ਵਕੀਲ ਡਰ ਗਿਆ। ਕਹਿਣ ਲੱਗਾ, ਛੱਡੋ ਯਾਰ! ਇਹ ਤਾਂ ਇਕਦਮ ਸਿੱਧੀ ਚੜ੍ਹਾਈ ਹੈ, ਬਿਲਕੁਲ ਛੋਟੀ ਸੜਕ ਹੈ, ਖ਼ਤਰਨਾਕ ਮੋੜ ਹੈ। ਚਲੋ ਯਾਰ, ਵਾਪਸ ਚਲਦੇ ਹਾਂ। ਪਰ ਮੈਂ ਵੇਖਿਆ ਇਕ ਬੱਸ ਸਾਡੇ ਅੱਗੇ ਜਾ ਰਹੀ ਸੀ। ਮੈਂ ਕਿਹਾ, ''ਯਾਰ! ਇਹ ਬੱਸ ਜਾ ਸਕਦੀ ਹੈ ਤਾਂ ਅਸੀਂ ਕਿਉਂ ਨਈਂ ਜਾ ਸਕਦੇ। ਹਿੰਮਤ ਰੱਖੋ ਯਾਰ, ਚੱਲੋ। ਖੈਰ ਰਾਜ ਨੇ ਸਿੱਧੀ ਚੜ੍ਹਾਈ ਦਾ ਅੰਨ੍ਹਾ ਖ਼ਤਰਨਾਕ ਮੋੜ ਕੱਟ ਲਿਆ ਅਤੇ ਅਸੀਂ ਅੱਗੇ ਵਧਣ ਲੱਗੇ।

ਘਟਾਸਨੀ ਦੇ ਬਾਰੇ ਦੱਸਿਆ ਜਾਂਦਾ ਹੈ ਕਿ ਮੰਡੀ ਪਠਾਨਕੋਟ ਸੜਕ ਉਪਰ ਮੰਡੀ ਤੋਂ ਲਗਗ 42 ਕਿਲੋਮੀਟਰ ਦੂਰ ਪਹਾੜੀ ਦੇ ਇਕ ਘੱਟਾ (ਸਥਾਨ) ਉਪਰ ਇਕ ਦੇਵੀ ਦਾ ਸਥਾਨ ਹੈ। ਘੱਟਾ ਵਾਸਿਨੀ ਸ਼ਬਦ ਕਲਾਂਤਰ ਵਿਚ ਘਟਾਸਨੀ ਹੋ ਗਿਆ, ਜਿਸ ਕਰਕੇ ਦੇਵੀ ਮਾਤਾ ਨੂੰ ਘਟਾਸਨੀ ਮਾਤਾ ਕਿਹਾ ਜਾਣ ਲੱਗਾ ਅਤੇ ਇਹ ਸਥਾਨ ਘਟਾਸਨੀ ਦੇ ਨਾਮ ਨਾਲ ਪ੍ਰਸਿੱਧ ਹੋ ਗਿਆ।

ਘਟਾਸਨੀ ਇਕ ਸੁੰਦਰ ਵੈਲੀ ਹੈ। ਘਟਾਸਨੀ ਤੋਂ ਬਰੋਟ ਜਾਂਦੇ ਸਮੇਂ ਸੁੰਦਰ ਅਤੇ ਨਾਟਕੀਏ ਢੰਗ ਨਾਲ ਤੁਹਾਨੂੰ ਦ੍ਰਿਸ ਵੇਖਣ ਨੂੰ ਮਿਲਦੇ ਹਨ। ਪਹਾੜਾਂ ਦੇ ਨਾਲ ਨਾਲ ਸੜਕ ਦੇ ਨਾਲ ਡੂੰਘੀ ਖੱਡ, ਖਡੱ ਵਿਚ ਸੱਪ ਦੀ ਤਰ੍ਹਾਂ ਵਹਿੰਦਾ ਦਰਿਆ। ਰਸਤੇ ਵਿਚ ਹੁਰਲਾ ਪਿੰਡ ਵਿਚ ਪ੍ਰਾਚੀਨ ਪਹਾੜੀ ਸ਼੍ਰੇਣੀ ਦੇ ਘਰ ਵੇਖਣ ਨੂੰ ਮਿਲਦੇ ਹਨ। ਚੀਲ ਦੇ ਰੁੱਖਾਂ ਵਿਚ ਘਿਰਿਆ ਜੰਗਲ। ਇਨ੍ਹਾਂ ਜੰਗਲਾਂ 'ਚੋਂ ਲੰਘਦੀ ਬਾਰੀਕ ਸੜਕ। ਇਕਦਮ ਇਕੱਲੀ। ਪਹਾੜਾਂ ਦੇ ਉਪਰ ਫਿਰ ਪਹਾੜ। ਲਗਭਗ 25 ਕਿਲੋਮੀਟਰ ਦੀ ਇਹ ਸਿੱਧੀ ਚੜ੍ਹਾਈ ਹੈ। ਫਿਰ ਉਪਰ ਦੇਵਦਾਰ ਦੇ ਜੰਗਲ ਸ਼ੁਰੂ ਹੋ ਜਾਂਦੇ ਹਨ। ਸਾਰਾ ਰਸਤਾ ਜੰਗਲ ਹੀ ਜੰਗਲ। ਭਿਅੰਕਰ ਰਸਤਾ ਪਰ ਮਨੋਰੰਜਨ ਭਰਪੂਰ।

ਰਸਤੇ ਵਿਚ ਛੋਟੇ ਵੱਡੇ ਡਿਗਦੇ ਸੁੰਦਰ ਝਰਨੇ ਦੇਖਣ ਨੂੰ ਮਿਲਦੇ ਹਨ। ਪਿੰਡ ਟਿਕਰ ਵਿਖੇ ਸੜਕ ਦੇ ਨਾਲ ਹੀ ਇਕ ਖ਼ੂਬਸੂਰਤ ਝਰਨਾ ਡਿਗਦਾ ਹੈ। ਇਥੇ ਫੋਟੋਗ੍ਰਾਫੀ ਕਰਨ ਦਾ ਅਪਨਾ ਹੀ ਮਜ਼ਾ ਹੈ। ਇਹ ਝਰਨਾ ਅਪਣੇ ਨਾਲ ਆਸ ਪਾਸ ਮਿਲਦੇ ਮਨਮੋਹਨੇ ਦ੍ਰਿਸ਼ ਬਣਾਉਂਦਾ ਹੈ। ਇਥੋਂ ਅਸੀਂ ਕਈ ਚਿੱਤਰ ਕੈਮਰੇ ਵਿਚ ਕੈਦ ਕੀਤੇ। ਇਹ ਪਿੰਡ ਟੋਕਰੀ (ਉਚੀ ਥਾਂ) ਉਪਰ ਸਥਿਤ ਹੋਣ ਕਰਕੇ ਟਿੱਕਰ ਨਾਮ ਨੂੰ ਪ੍ਰਾਪਤ ਹੋਇਆ।

ਇਸ ਦੇ ਅੱਗੇ ਸੰਘਣਾ ਜੰਗਲ ਸ਼ੁਰੂ ਹੋ ਜਾਂਦਾ ਹੈ। ਜਿਸ ਨੂੰ ਨਰਗੂ ਜੰਗਲ ਕਹਿੰਦੇ ਹਨ। ਦਰਿਆ ਇਸ ਦੇ ਨਾਲ ਨਾਲ ਚਲਦਾ ਹੈ। ਇਥੇ ਵੀ ਲੱਕੜ ਦੇ ਪ੍ਰਾਚੀਨ ਘਰ ਨਜ਼ਰ ਆਉਂਦੇ ਹਨ। ਪ੍ਰਾਚੀਨ ਹਿਮਾਚਲ ਦੇਖਣ ਨੂੰ ਮਿਲਦਾ ਹੈ। ਰਸਤਿਆਂ ਵਿਚ ਜਵਾਰ ਦੇ ਹਰੇ ਭਰੇ ਖੇਤ, ਅਰਬੀ ਦੇ ਖੇਤ ਅਤੇ ਤਰ੍ਹਾਂ ਤਰ੍ਹਾਂ ਦੀਆਂ ਸਬਜੀਆਂ ਤੇ ਫਲਾਂ ਦੇ ਖੇਤ ਮਿਲਦੇ ਹਨ। ਤਰ੍ਹਾਂ ਤਰ੍ਹਾਂ ਦੀਆਂ ਰਲਵੀਆਂ ਮਿਲਵੀਆਂ ਖੁਸ਼ਬੂਆਂ ਆਉਂਦੀਆਂ ਹਨ।

ਕਈ ਛੋਟੇ ਵੱਡੇ ਪੜਾਅ ਪਾਰ ਕਰਦੇ ਹੋਏ ਬੱਕੇ ਹਾਰੇ ਅਸੀਂ ਬਰੋਟ ਪਹੁੰਚੇ। ਹਿਮਾਚਲ ਪ੍ਰਦੇਸ਼ ਦਾ ਇਕ ਵਿਸ਼ੇਸ਼ ਅਦਭੁਤ ਆਕਰਸ਼ਿਕ ਨਜ਼ਾਰਿਆ ਵਾਲਾ ਸਥਾਨ ਹੈ ਬਰੋਟ। ਅਸੀਂ ਗੱਡੀ ਹੋਟਲ ਦੇ ਇਕ ਪਾਸੇ ਖੜ੍ਹੀ ਕਰਕੇ ਘੁੰਮਣ ਫਿਰਨ ਲੱਗੇ। ਕੁਝ ਖਾਧਾ ਪੀਤਾ। ਥਕਾਵਟ ਅਜੇ ਵੀ ਸ਼ਰੀਰ ਵਿਚ ਚੋਬਾਂ ਪੈਦਾ ਕਰ ਰਹੀ ਸੀ। ਪਰ ਸੁੰਦਰ ਦ੍ਰਿਸ਼ ਵੇਖ ਕੇ ਥਕਾਵਟ ਛੂੰ ਮੰਤਰ ਹੋ ਗਈ। ਵਾਹ-ਵਾਹ- ਸੁੰਦਰ ਪ੍ਰਾਚੀਨ ਅਤੇ ਆਧੁਨਿਕਤਾ ਸ਼ੈਲੀ ਯੁਕਤ ਮਨਮੋਹਣੇ ਹੋਟਲ। ਬਰੋਟ ਨਗਰ ਖ਼ੂਬਸੂਰਤੀ ਦੀ ਜੀਵੰਤ ਮਿਸਾਲ। ਅਸਮਾਨ ਦੀ ਗੋਦ ਵਿਚ ਨਜ਼ਾਰੇ ਬਿਖੇਰਦਾ ਦਿਲਕਸ਼ ਇਲਾਕਾ ਬਰੋਟ। ਉਚੇ ਉਚੇ ਪਹਾੜਾਂ ਉਪਰ ਵੱਸਿਆ ਸੁੰਦਰ ਨਗਰ। ਚਾਰੇ ਪਾਸੇ ਫਿਰ ਉਚੇ ਪਹਾੜਾਂ ਦੀਆਂ ਚੋਟੀਆਂ ਦੇ ਨਜ਼ਾਰੇ। ਇਹ ਇੰਝ ਪ੍ਰਤੀਤ ਹੁੰਦਾ ਹੈ ਜਿੰਦਾਂ ਅਸਮਾਨ ਦੀ ਗੋਦ ਵਿਚ ਬੱਚਾ ਖੇਡ ਰਿਹਾ ਹੋਵੇ।

ਬਰੋਟ ਓਹਲ ਦਰਿਆ ਦੇ ਕਿਨਾਰੇ ਵੱਸਿਆ ਹੋਇਆ ਹੈ। ਦਰਿਆ ਦੇ ਨਾਲ ਨਾਲ ਹੋਟਲ ਵੀ ਬਣੇ ਹੋਏ ਹਨ। ਦਰਿਆ ਅਪਣੇ ਨਾਲੋਂ ਅਲੱਗ ਹੋ ਕੇ ਕਈ ਝੀਲ ਦਾ ਸਵਰੂਪ ਲੈਂਦਾ ਹੈ। ਹਰੀਆਂ ਭਰੀਆਂ ਪਹਾੜੀਆਂ ਕੀਮਤੀ ਅਲੰਕਾਰਾਂ ਦੇ ਗੀਤ ਗਾਉਂਦੀਆਂ ਪ੍ਰਤੀਤ ਹੁੰਦੀਆਂ ਹਨ। ਦਰਿਆ ਦੀ ਦਲਦ ਵਿਚ ਲਹਿਰਾਂ ਦੇ ਝੁਰਮਟ ਜਿਵੇਂ ਕਿਸੇ ਗੌਰੀ ਦੀਆਂ ਝਾਂਜਰਾ ਛਣਕਦੀਆਂ ਹੋਣ। ਪਹਾੜਾਂ ਉਪਰ ਦੂਰ ਛੋਟੇ ਛੋਟੇ ਘਰ ਇਵੇਂ ਪ੍ਰਤੀਤ ਹੁੰਦੇ ਹਨ ਜਿਵੇਂ ਕਿਸੇ ਢਲਾਣੀ ਦੀਵਾਰ ਉਪਰ ਖਿਡੌਣੇ ਲਟਕਦੇ ਹੋਣ। ਦੂਰ ਪਹਾੜੀ ਦੀ ਚੋਟੀ ਉਪਰ ਚੜ੍ਹ ਕੇ ਸਵੇਰ ਦਾ ਸੂਰਜ ਵੇਖਣ ਦਾ ਅਦਭੁਤ ਆਨੰਦ ਮਿਲਦਾ ਹੈ। ਏਦਾਂ ਜਿਵੇਂ ਸਵਰਗ 'ਚੋਂ ਕੋਈ ਰੌਸ਼ਨੀ ਨੰਗੇ ਪੈਰੀਂ ਉਤਰ ਰਹੀ ਹੋਵੇ। ਸ਼ਾਮ ਨੂੰ ਠੰਡੀਆਂ ਹਵਾਵਾਂ ਵਿਚ ਜਦ ਅਸਮਾਨ ਸਾਫ ਹੋ ਜਾਂਦਾ ਹੈ ਤਾਂ ਚਾਰੇ ਪਾਸੇ ਹੀ ਚੰਨ ਤਾਰਿਆਂ ਦੀ ਬਾਰਾਤ ਵਿਚ ਸ਼ਾਮਿਲ ਹੋਣਾ ਕਿੰਨਾ ਚੰਗਾ ਲਗਦਾ ਹੈ।

ਬੱਦਲ ਹੇਠਾਂ ਅਤੇ ਅਸੀਂ ਉਪਰ ਜਿਵੇਂ ਅਸਮਾਨ ਵਿਚ ਉਡ ਰਹੇ ਹੋਈਏ। ਸੋਹਣੇ-ਸੋਹਣੇ ਮਨਮੋਹਣੇ ਦ੍ਰਿਸ਼ ਮਨ-ਮਸਤਕ ਵਿਚ ਸਦਾ-ਸਦਾ ਕਈ ਕੈਦ ਹੋ ਜਾਂਦੇ ਹਨ। ਜੋ ਸਕੂਨ ਦਾ ਪਾਠ ਪੜ੍ਹਾਉਂਦੇ ਹਨ।

ਬਰੋਟ ਦਾ ਇਤਿਹਾਸ ਇਸ ਤਰ੍ਹਾਂ ਹੈ ਬਰੋਟ ਮੰਡੀ ਜਿਲ੍ਹਾ ਦੀ ਚੁਹਾਰ ਘਾਟੀ ਵਿਚ ਓਹਲ ਨਦੀ ਦੇ ਕਿਨਾਰੇ ਵੱਸਿਆ ਹੋਇਆ ਇਕ ਰਮਣੀਕ ਸਥਾਨ ਹੈ। ਕਿਸੇ ਸਮੇਂ ਇਹ ਸਥਾਨ ਬਾਰਾਂ ਦਾ ਪੌਦਿਆਂ ਨਾਲ ਭਰਿਆ ਹੁੰਦਾ ਸੀ ਜਿਸ ਨਾਲ ਇਥੋਂ ਦਾ ਨਾਮ ਬਰੋਗ ਪੈ ਗਿਆ। ਬਰੋਟ ਦਾ ਨਾਮ ਜਲ ਬਿਜਲੀ ਉਤਪਾਦਨ ਦੇ ਇਤਿਹਾਸ ਵਿਚ ਬਹੁਤ ਪ੍ਰਸਿਧ ਹੈ। ਸੰਨ 1925 ਵਿਚ ਬ੍ਰਿਟਿਸ਼ ਸਰਕਾਰ ਵਲੋਂ ਅੰਗਰੇਜ਼ੀ ਸੈਨਾ ਇੰਜੀਨੀਅਰ ਕਰਨਲ ਬੰਟੀ ਅਤੇ ਮੰਡੀ ਦੇ ਰਾਜਾ ਜੋਗੇਂਦਰ ਸੇਨ ਦੇ ਵਿਚ ਇਕ ਸਮਝੌਤਾ (ਅਨੁਬੰਧ) ਹੋਇਆ। ਜਿਸ ਨਾਲ ਜੋਗਿੰਦਰ ਨਗਰ ਦੀ ਸ਼ਾਸਨ ਅਤੇ ਬੱਸੀ ਜਲ ਬਿਜਲੀ ਪਰਿਯੋਜਨਾ ਸਾਕਾਰ ਹੋਈ। ਇਸ ਪਰਿਯੋਜਨਾ ਦਾ ਜਲ ਭੰਡਾਰਣ ਕੇਂਦਰ ਬਰੋਟ ਵਿਚ ਬਣਿਆ। ਇਥੋਂ ਹੀ ਦੋ ਵੱਡੇ ਪਾਈਪਾਂ ਦੇ ਜ਼ਰੀਏ ਪਾਣੀ ਲੈ ਜਾ ਕੇ ਸਾਨਨਾ ਅਤੇ ਬੱਸੀ ਵਿਚ ਬਿਜਲੀ ਉਤਪਾਦਨ ਕੀਤਾ ਗਿਆ ਹੈ। ਬਰੋਟ ਵਿਚ ਕੁਝ ਮੰਦਿਰ ਵੀ ਹਨ। ਸਰਕਾਰੀ ਅਤੈ ਗੈਰ ਸਰਕਾਰੀ ਹੋਟਲ, ਰੈਸਟ ਹਾਊਸ ਵੀ ਹਨ।

ਬਰੋਟ ਦੀ ਵਿਸ਼ੇਸਤਾ ਇਹ ਹੈ ਕਿ ਇਥੇ ਬਹੁਤ ਵਿਸ਼ਾਲ ਮੱਛੀ ਵਿਭਾਗ ਟਰਾਊਟ ਟਰਾਊਟ ਮੱਛਲੀ ਕੇਂਦਰ ਵੀ ਹੈ। ਇਥੇ ਟਰਾਊਟ ਸਫੇਦ ਮੱਛੀ ਦਾ ਬੀਜ ਵੀ ਤਿਆਰ ਕੀਤਾ ਜਾਂਦਾ ਹੈ। ਇਹ ਸਥਾਨ ਨਵੰਬਰ ਅਤੇ ਫਰਵਰੀ ਤਕ ਬੰਦ ਰਹਿੰਦਾ ਹੈ। ਇਸ ਨੂੰ ਮਛਲੀ ਪਾਲਣ ਵਿਭਾਗ ਹਿਮਾਚਲ ਪ੍ਰਦੇਸ਼ ਨੇ ਸੰਭਾਲ ਰੱਖਿਆ ਹੈ। ਟਰਾਊਟ ਮਛਲੀ ਫਾਰਮ ਵਿਖੇ 350 ਰੁਪਏ ਕਿਲੋ ਦੇ ਹਿਸਾਬ ਨਾਲ ਵਿਉਪਾਰੀ ਲੋਕਾਂ ਨੂੰ ਦਿੱਤੀ ਜਾਂਦੀ ਹੈ, ਜਦਕਿ ਬਾਜ਼ਾਰ ਵਿਚ ਸੱਤ ਸੌ ਤੋਂ ਲੈ ਕੇ ਨੌ ਸੌ ਰੁਪਏ ਕਿਲੋ ਦੇ ਹਿਸਾਬ ਨਾਲ ਵੇਚੀ ਜਾਂਦੀ ਹੈ। ਇਹ ਮਛਲੀ ਬਿਲਕੁਲ ਸਫੇਦ ਰੰਗ ਵਿਚ ਹੁੰਦੀ ਹੈ ਅਤੇ ਵੇਖਣ ਨੂੰ ਸੁੰਦਰ ਲਗਦੀ ਹੈ। ਇਹ ਮਛਲੀ ਓਹਲ ਦਰਿਆ ਦੇ ਅਤਿ ਠੰਢੇ ਪਾਣੀ ਵਿਚ ਹੁੰਦੀ ਹੈ। ਬਰਫ਼ ਨਾਲੋਂ ਵੀ ਠੰਡੇ ਤਾਪਮਾਨ ਵਿਚ ਹੁੰਦੀ ਹੈ। ਹਿਮਾਚਲ ਸਰਕਾਰ ਨੇ ਵਿਸ਼ੇਸ ਕਿਸਮ ਦੇ ਉਪਕਰਣ ਲਗਾ ਕੇ ਇਸ ਮਛਲੀ ਦਾ ਲਾਲਨ-ਪਾਲਨ ਦਾ ਪ੍ਰਬੰਧ ਕੀਤਾ ਹੋਇਆ ਹੈ। ਇਹ ਮਛਲੀ ਆਮ (ਸਾਧਾਰਣ) ਮਛਲੀ ਨਾਲੋਂ ਅਲੱਗ ਕਿਸਮ ਦੀ ਹੁੰਦੀ ਹੈ। ਇਸ ਦੀ ਮੰਗ ਬਹੁਤ ਜ਼ਿਆਦਾ ਹੈ। ਬਰੋਟ ਦੇ ਆਸ-ਪਾਸ ਕਈ ਸਥਾਨ ਵੇਖਣ ਨੂੰ ਮਿਲਦੇ ਹਨ ਜਿਸ ਤਰ੍ਹਾਂ ਨਾਰਗੂ ਵਾਈਲਡ ਲਾਈਫ਼ ਸੈਂਟਰ, ਹਰਬਲ ਮਿਊਜ਼ਿਅਮ, ਹਰਬਲ ਗਾਰਡਨ ਆਦਿ।

ਬਰੋਟ ਤੋਂ ਪਤਾ ਚੱਲਿਆ ਕਿ ਇਥੋਂ ਵੀ ਕੁਝ ਮੀਲ ਉਪਰ ਇਕ ਵੇਖਣਯੋਗ ਸਥਾਨ ਹੈ। ਇਹ ਸਥਾਨ ਲੁਹਾਰਡੀ ਪਿੰਡ ਹੈ। ਬਰੋਟ ਤੋਂ ਛੋਟੇ ਰਸਤੇ 'ਚੋਂ ਹੁੰਦੇ ਹੋਏ ਅਸੀਂ ਲੁਹਾਰਡੀ ਪਹੁੰਚੇ। ਦਰਿਆ ਦੇ ਉਪਰ ਤਿਕੋਨੀਆਂ ਪਹਾੜੀਆਂ ਦੇ ਵਿਚ। ਸਾਰੀਆਂ ਪਹਾੜੀਆਂ ਲੁਹਾਰਡੀ ਨੂੰ ਚੁੰਮਦੀਆਂ ਹਨ। ਕਾਂਗੜਾ ਜ਼ਿਲ੍ਹਾ ਦੀ ਬੈਜਨਾਥ ਤਹਿਸੀਲ ਦੇ ਛੋਟਾ ਭੰਗਾਲ ਖੇਤਰ ਦੇ ਇਸ ਪਿੰਡ ਵਿਚ ਪ੍ਰਾਚੀਨ ਸਮੇਂ ਕੇਵਲ 'ਲੁਹਾਰ' ਸਮੁਦਾਇ ਦੇ ਲੋਕ ਹੀ ਰਹਿੰਦੇ ਸਨ ਅਤੇ ਇਸੇ ਆਧਾਰ ਉਪਰ ਇਥੋਂ ਦਾ ਨਾਮ 'ਲੁਹਾਰਡੀ' ਪਿਆ।

ਲੁਹਾਰਡੀ ਪਿੰਡ ਵਿਚ ਲਗਭਗ ਇਕ ਸੌ ਦੇ ਕਰੀਬ ਪ੍ਰਾਚੀਨ ਸ਼ੈਲੀ ਦੇ ਘਰ ਹਨ। ਇਥੋਂ ਦੇ ਇਕ ਨੌਜਵਾਨ ਰਾਜੇਸ਼ ਕੁਮਾਰ (ਮੋ. ਨੰ. 09459924807) ਨੇ ਦੱਸਿਆ ਕਿ ਇਥੋਂ ਦੇ ਲੋਕ ਸ਼ਾਹੀ ਰਾਜਪੂਤ ਦੀ ਫੌਜ ਵਿਚ ਸਨ। ਇਸ ਦੇ ਆਸ ਪਾਸ ਗਿਆਰ੍ਹਾਂ ਪਿੰਡ ਸੰਪਰਕ ਬਣਾਉਂਦੇ ਹਨ। ਇਕੋਂ ਦੇ ਲੋਕ ਖੇਤੀਬਾੜੀ, ਭੇਡ ਬੱਕਰੀ ਪਾਲਣ ਅਤੇ ਹੱਥ ਖੱਡੀ ਦਾ ਧੰਦਾ ਕਰਦੇ ਹਨ। ਵਿਸ਼ੇਸ ਤੌਰ 'ਤੇ ਔਰਤਾਂ ਹੱਥ ਖੱਡੀਆਂ ਦੇ ਕੰਮ ਕਰਦੀਆਂ ਹਨ। ਇਕੇ ਸਬਜ਼ੀਆਂ ਅਤੇ ਤਰ੍ਹਾਂ-ਤਰ੍ਹਾਂ ਦੇ ਫਲਾਂ ਦੇ ਬਾਗ਼ ਵੀ ਪਾਏ ਜਾਂਦੇ ਹਨ। ਸਰਦੀਆਂ ਵਿਚ ਇਥੇ ਲਗਭਗ ਤਿੰਨ ਤੋਂ ਚਾਰ ਫੁੱਟ ਤਕ ਬਰਫ਼ ਪੈਂਦੀ ਹੈ।

ਸਰਦੀਆਂ ਵਿਚ ਜੋਗਿੰਦਰ ਨਗਰ ਤਕ ਦਾ ਰਸਤਾ ਬਰਫ਼ ਪੈਣ ਕਰਕੇ ਬੰਦ ਹੋ ਜਾਂਦਾ ਹੈ। ਇਥੇ ਮਾਤਾ ਦਾ ਮੰਦਿਰ ਅਤੇ ਜੈ ਪਾਸਾਕੋਟ ਦਾ ਮੰਦਿਰ ਵੀ ਹੈ। ਲੁਹਾਰਡੀ ਤੋਂ ਸਿੱਧੀ ਚੜ੍ਹਾਈ ਵਾਲੇ ਰਸਤੇ ਤੋਂ 14 ਕਿਲੋਮੀਟਰ ਦੂਰ ਇਕ ਪਹਾੜੀ ਦੇ ਉਪਰ ਸ਼ਿਵ ਭਗਵਾਨ ਦਾ ਮੰਦਿਰ ਸੁਸ਼ੋਭਿਤ ਹੈ। ਇੱਥੇ ਪ੍ਰਸਿੱਧ ਦੇਨਾ ਸਰ ਝੀਲ ਹੈ। ਦੇਸ਼-ਵਿਦੇਸ਼ ਦੇ ਲੋਕ ਤਿੰਨ ਅਤੇ ਚਾਰ ਸਿਤੰਬਰ ਨੂੰ ਦੇਨਾ ਸਰ ਝੀਲ, ਸ਼ਿਵ ਮੰਦਿਰ ਦੇ ਦਰਸ਼ਨ ਕਰਨ ਲਈ ਆਉਂਦੇ ਹਨ, ਕਿਉਂਕਿ ਇਨ੍ਹਾਂ ਦੋ ਦਿਨਾਂ ਵਿਚ ਭਾਰੀ ਮੇਲਾ ਲਗਦਾ ਹੈ। ਦੇਨਾ ਸਰ ਠੀਲ (ਸ਼ਿਵ ਮੰਦਰ) ਦੀ ਯਾਤਰਾ ਪੈਦਲ ਹੀ ਕਰਨੀ ਪੈਂਦੀ ਹੈ। ਕੋਈ ਵੀ ਵਾਹਨ ਇਥੇ ਨਹੀਂ ਜਾ ਸਕਦਾ। ਲੁਹਾਰਡੀ ਵੈਲੀ ਇਕ ਕੀਮਤੀ ਕੁਦਰਤੀ ਖ਼ੂਬਸੂਰਤੀ ਵਾਲਾ ਸਥਾਨ ਹੈ। ਇਹ ਓਹਲ ਦਰਿਆ ਦਾ ਪਹਿਲਾ ਪਿੰਡ ਹੈ।

ਜਿਲ੍ਹਾ ਮੰਡੀ ਦੇ ਵਿਆਸ ਨਦੀ ਦੇ ਸੱਜੇ ਪਾਸੇ ਪ੍ਰਵੇਸ਼ ਕਰਨ ਵਾਲੀ ਸਭ ਤੋਂ ਵੱਡੀ ਨਦੀ ਓਹਲ ਨਦੀ ਹੈ। ਇਹ ਮੂਲ ਗਹਿਰੀ ਖਾਈਆਂ ਵਿਚ ਵਹਿਣ ਦੇ ਕਾਰਣ ਇਸ ਨਦੀ ਦਾ ਜਲ ਸਿੰਚਾਈ ਲਈ ਪ੍ਰਯੋਗ ਵਿਚ ਨਹੀਂ ਲਿਆਂਦਾ ਜਾ ਸਕਦਾ। ਕੇਵਲ ਬਰੋਟ ਵਿਚ ਸਰੋਵਰਾਂ ਵਿਚ ਜਲ ਸੰਗ੍ਰਹਿ ਕਰਕੇ ਸੁਰੰਗ ਜੋਗਿੰਦਰ ਨਗਰ ਪਹੁੰਚਾਇਆ ਗਿਆ ਜਿਥੋਂ ਪੂਰਵ ਪੰਜਾਬ (ਵੰਡ ਦੇ ਸਮੇਂ) ਦੇ ਸਮੇਂ 1930-33 ਵਿਚ ਸ਼ਾਨਨ ਬਿਜਲੀ ਪਰਿਯੋਜਨਾ ਸ਼ੁਰੂ ਕਰਕੇ ਉਸ ਸਮੇਂ ਅੰਮ੍ਰਿਤਸਰ ਅਤੇ ਲਾਹੌਰ (ਪਾਕਿਸਤਾਨ) ਨੂੰ ਬਿਜਲੀ ਦੀ ਸਪਲਾਈ ਕੀਤੀ ਜਾਂਦੀ ਸੀ।

ਲੁਹਾਰਡੀ ਵਿਚ ਤੇਜ ਠੰਡੀ ਹਵਾ ਦੇ ਬੁੱਲ੍ਹੇ ਪੈਰ੍ਹਾਂ ਉਪਰ ਟਿਕਣ ਨਹੀਂ ਦਿੰਦੇ। ਇਥੋਂ ਦੇ ਲੋਕ ਖ਼ਾਸ ਕਰਕੇ ਔਰਤਾਂ ਅਤੇ ਪੁਰਸ਼ ਪ੍ਰਾਚੀਨ ਹਿਮਾਚਲੀ ਪਹਿਰਾਵੇ ਵਿਚ ਵੇਖਣ ਨੂੰ ਮਿਲਦੇ ਹਨ। ਇਹ ਸਥਾਨ ਬਰੋਟ ਤੋਂ ਵੀ ਵਧੀਆ ਹੈ। ਕੁਦਰਤੀ ਨਜ਼ਾਰੇ ਮਿਕਨਾਤੀਸੀ ਖਿੱਚ ਵਾਲੇ, ਲੌਕਿਕ ਅਤੇ ਆਲੌਕਿਕ ਦ੍ਰਿਸ਼ ਤਨ-ਮਨ-ਰੂਹ, ਦਿਲ, ਮਸਤਕ ਨੂੰ ਛੂਹ-ਛੂਹ ਜਾਂਦੇ ਹਨ। ਖਾਮੋਸ਼ੀ ਦੀ ਤਹਿਲੀਜ਼ ਉਪਰ ਸਕੂਨ ਇਥੇ ਜੰਨਤ ਦੇ ਬੰਦਨਵਾਰ ਸਜਾਉਂਦਾ ਹੈ। ਮੁਕੰਮਲ ਸ਼ਾਂਤੀ ਅਤੇ ਵਾਤਾਵਰਣ ਦੀ ਚੁੱਪੀ ਨੂੰ ਦਰਿਆ ਦੀਆਂ ਸਰਗੋਸ਼ੀਆਂ ਕਿਸੇ ਝਾਂਜਰ ਦੀ ਛਣਕਾਹਟ ਦਾ ਅਹਿਸਾ ਦਿਲਾਂਦੀਆਂ ਹਨ। ਤ੍ਰਿਕੋਣੀ ਪਹਾੜੀਆਂ ਦੇ ਵਿਚ ਸਰ-ਸਰ ਚਲਦੀ ਤੇਜ਼ ਹਵਾ ਏਦਾਂ ਪ੍ਰਤੀਤ ਹੁੰਦੀ ਜਿਵੇਂ ਦੇਵ ਲੋਕ ਦੇ ਕਿਸੇ ਰਿਸੀ ਨੇ ਹੱਥ ਉਠਾ ਕੇ ਹਥੇਲੀ 'ਚੋਂ ਕੋਈ ਆਲੌਕਿਕ ਸ਼ਕਤੀ ਸ਼ੁਭਕਾਮਨਾਵਾਂ ਦਾ ਵਰਦਾਨ ਚੱਕਰ ਛੱਡ ਦਿੱਤਾ ਹੋਵੇ। ਦਰਿਆ ਦੇ ਕਿਨਾਰੇ ਉਪਰ ਛਿਛਲਾ ਪਾਣੀ ਕਿਨਾਰੇ ਉਪਰ ਜਾ ਕੇ ਏਦਾਂ ਟੁੱਟਦਾ ਹੈ। ਜਿਵੇਂ ਕੋਈ ਲੰਬੀ ਸਫੇਦ ਚੁੰਨੀ ਦੀ ਗੋਟੀ ਨੁਮਾ ਕਿਨਾਰੀ ਵਿਛੀ ਹੋਵੇ। ਇਥੋਂ ਦੇ ਮਿਲਣਸਾਰ, ਮਿੱਠੇ ਸੁਭਾਅ ਦੇ ਲੋਕ ਚੰਗੇ ਲਗਦੇ ਹਨ। ਇਥੋਂ ਥੋੜ੍ਹੀ ਦੂਰ ਪਹਾੜਾਂ ਦੇ ਵਿਚ ਬਿਜਲੀ ਡੈਮ ਵੀ ਬਣ ਰਿਹਾ ਹੈ । ਇਥੋਂ ਦਾ ਮੌਸਮ ਗਰਮੀ ਵਿਚ ਵੀ ਬਹੁਤ ਠੰਡਾ ਹੁੰਦਾ ਹੈ। ਕੁਲ ਮਿਲਾ ਕੇ ਲੁਹਾਰਡੀ ਦਾ ਆਕਰਿਸ਼ਕ, ਮਨਮੋਹਣਾ ਮੌਸਮ ਅਤੇ ਚਾਰੇ ਪਾਸੇ ਬਿਖਰੇ ਨਜ਼ਾਰੇ ਕਿਸੇ ਦੇਵ ਲੋਕ ਤਾਂ ਘੱਟ ਨਹੀਂ।

ਲੁਹਾਰਡੀ ਵਿਚ ਕੁਝ ਕੁ ਹੋਟਲ ਹਨ। ਇਥੇ ਰਹਿਣ ਦਾ ਪੂਰਾ ਪ੍ਰਬੰਧ ਹੈ। ਬਰੋਟ ਜਾਓ ਤਾਂ ਤੁਸੀਂ ਲੁਹਾਰਡੀ ਵਿਚ ਹੀ ਰਹੋ। ਏਕਾਂਤਮਈ ਦੇ ਦਰਸ਼ਨ, ਓਹਲ ਦਰਿਆ ਦੇ ਘੁੰਗਰੂਨੁਮਾ ਖਨਕਦੀਆਂ ਆਵਾਜ਼ਾਂ, ਪਹਾੜਾਂ ਦੇ ਨਜ਼ਾਰੇ, ਸਮਝੋ ਤੁਸੀਂ ਇੱਥੇ ਆ ਕੇ ਜੰਨਤ ਲੁੱਟ ਲਈ।



ਅੰਮ੍ਰਿਤ ਪਵਾਰ

# ਪੰਜਾਬੀ ਫ਼ਿਲਮ ਦਰਪਣ

### ਮਾਲਵੀ ਮਲਹੋਤਰਾ ਬਣ ਗਈ ਧੀਰਾ ਗਿੱਲ ਦੀ ਹੀਰੋਇਨ (1)



ਛ ਮ ਕ ਜਿਹੀ ਮੁਟਿਆਰ, ਪੱਚੀਆਂ ਫੁੱਲਾਂ ਜਿੰਨਾ ਜਿਸ ਦਾ ਭਾਰ ਓਹ ਮਾਲਵੀ ਮਲਹੋਤਰਾ ਪੰਜਾਬੀ ਫ਼ਿਲਮਾਂ ਵਿੱਚ ਇਸ ਸ਼ੁੱਕਰਵਾਰ ਆ ਰਹੀ ਹੈ ।ਮਾਲਵੀ ਮਲਹੋਤਰਾ ਦੀ ਪਹਿਲੀ ਫ਼ਿਲਮ ਹੈ "ਹਾਏ ਬੀਬੀਏ ਫਸ ਗਏ ਕਿੱਥੇ" ਹੈ ਤੇ ਇਹ ਸਿਮਰਨਜੀਤ ਸਿੰਘ ਹੁੰਦਲ ਨਿਰਦੇਸ਼ਤ ਹੈ।ਮਾਲਵੀ ਨਾਲ ਹੀਰੋ ਹਰ ਦਿਲ ਦਾ ਪਿਆਰਾ ਜਵਾਨ ਗਾਇਕ ਧੀਰਾ ਗਿੱਲ ਹੈ।ਮਾਲਵੀ ਸਾਊਥ ਦੀ ਸਫ਼ਲ ਨਾਇਕਾ ਹੈ ਤੇ ਦੱਸਦੀ ਹੈ ਕਿ ਧੀਰਾ ਨਾਂ ਦਾ ਵੀ ਧੀਰਾ ਏ ਤੇ ਵੈਸੇ ਸੁਭਾਅ ਦਾ ਵੀ ਧੀਰਾ ਹੈ।ਓਸ ਅਨੁਸਾਰ ਇਹ ਫਿਲਮ ਹਸਾ ਹਸਾ ਕਿ ਵੱਖੀਆਂ ਇੱਕ ਪਾਸੇ ਲਾ ਦੇਵੇਗੀ।ਮਾਲਵੀ ਮਲਹੋਤਰਾ ਅਨੁਸਾਰ ਓਹ ਵੱਧ ਤੀ ਵੱਧ ਪੰਜਾਬੀ ਫ਼ਿਲਮਾਂ ਚਾਹੇਗੀ ਤੇ "ਹਾਏ ਬੀਬੀਏ ਫਸ ਗਏ ਕਿੱਥੇ"ਜ਼ਰੂਰ ਕਾਮਯਾਬ ਰਹੇਗੀ।

### ਗੁਲਸ਼ਨ- ਅਣਖੀਲਾ ਫਿਲਮੀ ਟਰੇਂਡ ਵਿੱਚ ਸ਼ਾਮਿਲ (2)




ਖ਼ੂਬ ਦੋਗਾਣੇ ਚਲਦੇ ਨੇ ਬਲਕਾਰ ਅਣਖੀਲਾ ਦੇ ਤੇ ਨਾਲ ਸੁਰ ਦੀ ਮਲਿਕਾ ਮਨਜਿੰਦਰ ਗੁਲਸ਼ਨ ਨ੍ਹੇਰੀ ਲਿਆਈ ਜਾ ਰਹੀ ਹੈ।" ਚਿੱਟੇ" ਵਾਲਾ ਦੋਗਾਣਾ ਤਾਂ ਬਹੁਤ ਹੀ ਹਿੱਟ ਰਿਹਾ ਹੈ। ਹੁਣ ਬੌਬੀ ਸੰਧੂ ਤੇ ਬਗੀਚਾ ਸਿੰਘ ਸੰਧੂ ਦੀ ਫ਼ਿਲਮ "ਹਾਏ ਬੀਬੀਏ ਫਸ ਗਏ ਕਿੱਥੇ" ਵਿੱਚ ਦੋਵਾਂ ਜੀਆਂ ਦਾ ਦੋਗਾਣਾ "ਟਰੇਂਡ" ਆਉਂਦੇ ਸਾਰ ਹੀ ਹਰ ਪਾਸੇ ਗੂੰਜ ਰਿਹਾ ਹੈ।ਫਿਲਮ ਦੇ ਹੀਰੋ ਧੀਰਾ ਗਿੱਲ ਦੱਸਦੇ ਨੇ ਕਿ ਅਸੀਂ ਅੰਮ੍ਰਿਤਸਰ ਆਪਣੇ ਦਫਤਰ ਵਿੱਚ ਕਈ ਵਾਰ ਇਹਨਾਂ ਨੂੰ ਮਿਲ ਖੁਸ਼ ਹੋਣਾ ਤੇ ਅੱਜ ਤਕਦੀਰ ਕਿ ਧੀਰੇ ਦੀ ਫਿਲਮ ਲਈ ਕਾਲਾ ਨਿਜ਼ਾਮਪੁਰੀ ਦਾ ਲਿਖਿਆ ਗੀਤ ਓਹਨਾਂ ਗਾਇਆ ਹੈ ਤੇ ਸਚਿਨ ਆਹੂਜਾ ਦਾ ਸੰਗੀਤ ਹੈ।ਬਲਕਾਰ ਤੇ ਮਨਜਿੰਦਰ ਨੇ ਧੀਰੇ ਗਿੱਲ ਨੂੰ ਸ਼ੁੱਭ ਕਾਮਨਾਵਾਂ ਵੀ ਦਿੱਤੀਆਂ।

### ਹਰਪਾਲ ਠੱਠੇ ਵਾਲਾ ਨੇ ਘੁੰਮਿਆ ਕਨੇਡਾ: (3)



ਦੋਗਾਣਾ ਗਾਇਕੀ ਦਾ ਮਾਸਟਰ ਹਰਪਾਲ ਠੱਠੇ ਵਾਲਾ ਜਿਸ ਲਈ ਦਿੱਲੀ ਦੀ ਵੱਡੀ ਸੰਗੀਤ ਕੰਪਨੀ ਦੇ ਮਾਲਿਕ ਆਪ ਕਦੇ ਨਿੱਤ ਨੋਟ ਫੜ੍ਹ ਅੰਮ੍ਰਿਤਸਰ ਆਉਂਦੇ ਸਨ ਨੇ ਅਨੇਕਾਂ ਹਿਟ ਦੋਗਾਣੇ ਕੰਵਲਜੀਤ ਕੰਵਲ ਨਾਲ ਦਿੱਤੇ ਹਨ ।ਪਿਛਲੇ ਦਿਨੀਂ ਓਹ ਕਨੇਡਾ ਵੀਡਿਓ ਗੀਤਾਂ ਤੇ ਕਾਂਸ਼ੀ ਰਾਮ ਚੰਨ ਦੀ ਸ਼ੋਰਟ ਫਿਲਮ ਦੇ ਸ਼ੂਟ ਤੇ ਗਏ ਸਨ ਹਰਪਾਲ ਠੱਠੇ ਵਾਲਾ ਨੇ ਦੱਸਿਆ ਕਿ ਕਨੇਡਾ ਓਹਨਾਂ ਦੇ ਸ਼ੋ ਵੀ ਚੰਗੇ ਗਏ ਹਨ। ਹਰਪਾਲ ਠੱਠੇ ਵਾਲਾ ਅਨੁਸਾਰ ਕਨੇਡਾ ਵਾਲੇ ਸਰੋਤੇ ਤੇ ਦਰਸ਼ਕ ਖ਼ੂਬ ਪਲਕ ਤੇ ਛਾਂ ਕਰਦੇ ਹਨ।ਹਰਪਾਲ ਤੇ ਕੰਵਲ ਜਲਦੀ ਸਾਗਰ ਦੀ ਫ਼ਿਲਮ "ਮੋਹਬੱਤਾਂ"ਵਿੱਚ ਆ ਰਹੇ ਹਨ ।ਓਹਨਾਂ ਦਾ ਇਸ ਵਿੱਚ ਦੋਗਾਣਾ ਵੀ ਹੈ। ਹਰਪਾਲ ਠੱਠੇ ਵਾਲਾ ਨੇ ਧੀਰੇ ਗਿੱਲ ਦੀ ਫਿਲਮ ਲਈ ਆਪਣੇ ਵੱਲੋਂ ਖ਼ੂਬ ਪ੍ਰਚਾਰ ਵੀ ਕੀਤਾ ਹੈ।

### ਕੰਵਲਜੀਤ ਮਾਨਾਂਵਾਲਾ ਗ੍ਰੇਟ ਪੇਸ਼ਕਾਰ ਸਰਬਜੀਤ ਮਾਂਗਟ ਦੀ ਨਜ਼ਰ (4)



ਸਰਬਜੀਤ ਮਾਂਗਟ ਸੱਭਿਆਚਾਰ ਦੀ ਓਹ ਮੂਰਤ ਜਿਸ ਨੂੰ ਦੇਖੀ ਜਾਵਾਂ ਜੀ ਭਰ ਵਾਲੀ ਗੱਲ ਹੈ ਤੇ ਓਸ ਨੇ ਪੰਜਾਬੀ ਪ੍ਰੋਗਰਾਮ ਤੇ ਸਟੇਜ ਪੇਸ਼ਕਾਰੀ ਵਿੱਚ ਕੰਵਲਜੀਤ ਮਾਨਾਂਵਾਲਾ ਨੂੰ ਗ੍ਰੇਟ ਪੇਸ਼ਕਾਰ ਕਿਹਾ ਹੈ।ਮਾਂਗਟ ਨੇ ਕਿਹਾ ਕਿ ਕੰਵਲਜੀਤ ਤੇ ਦੂਰਦਰਸ਼ਨ ਤੇ ਅਖਾੜਾ ਤੇ ਦੂਰਦਰਸ਼ਨ ਇੱਕ ਹੀ ਚੀਜ਼ ਬਣ ਗਏ ਹਨ ।ਸਰਬਜੀਤ ਅਨੁਸਾਰ ਖੁਸ਼ੀ ਹੈ ਕਿ ਕੰਵਲ ਜੀ ਅੱਜ ਕਲ "ਨਗਾਰਾ ਟੀਵੀ " ਦੇ ਸੀਈਓ ਹਨ ਤੇ ਖੁਦ ਫਿਲਮੀ ਸਕ੍ਰਿਪਟ ਤੇ ਕੰਮ ਕਰ ਰਹੇ ਹਨ ।ਯਾਦ ਰਹੇ ਬਾਲੀਵੁੱਡ ਲਈ ਕੰਵਲਜੀਤ ਮਾਨਾਂਵਾਲਾ ਫਿਲਮ ਕਰ ਰਹੇ ਹਨ ਤੇ ਇਹਨਾਂ ਦਾ ਬੇਟਾ ਇਸ ਨੂੰ ਨਿਰਦੇਸ਼ਤ ਕਰ ਸਕਦਾ ਹੈ

### ਤੇਜੀ ਸੰਧੂ ਨੇਤਾ ਕਹਾਂ ਕਿ ਅਭਿਨੇਤਰੀ ਬੱਲੇ ਬੱਲੇ ਆ (5)



ਤੇਜ਼ੀ ਸੰਧੂ ਕਾਹਦੀ ਬਿਜਲੀ ਦੀ ਰਫਤਾਰ ਹੈ ਤੇ ਨਾਟਕ ਕਰਦੀ ਕਰਦੀ ਸਿੱਧੀ ਫ਼ਿਲਮਾਂ ਵਿੱਚ ਆ ਗਈ।ਫਿਰ ਬੱਬੂ ਮਾਨ ਨਾਲ ਤੇ ਸਨਾ ਨਾਲ ਤੇ ਫਿਰ ਆਪ ਫਿਲਮੀ ਲੇਖਕ ਤੇ ਫਿਰ ਨਿਰਦੇਸ਼ਕ।ਅੱਗੇ ਚਲੋ ਓਹ ਫਿਰ ਨੇਤ੍ਰੀ ਬਣ ਗਈ ਨੇਤਾ ਤੇ ਸਿੱਧੀ ਕਿਸਾਨ ਮਹਿਲਾ ਮੋਰਚਾ ਦੀ ਵੱਡੀ ਨੇਤਾ ਤੇ ਪਹੁੰਚ ਕੈਪਟਨ ਦੇ ਮੋਤੀ ਮਹਿਲ ਤੱਕ ਹੁਣ ਰਵਨੀਤ ਸਿੰਘ ਬਿੱਟੂ ਨਾਲ ਕੰਮ ਕਰ ਰਹੀ ਹੈ।ਫ਼ਿਲਮਾਂ ਕਰੀ ਜਾਏਗੀ ਦੂਜੀ ਜੈ ਲਲਿਤਾ ਬਣੂੰ ਤੇ ਤੇਜ਼ੀ ਸੰਧੂ ਆ ਰਹੀ ਘਟ ਤੋਂ ਘੱਟ ਐਮ ਐਲ ਏ ਪੱਕੀ ਹੈ।

### ਰਣਜੀਤ ਮਣੀ ਦਾ "ਪ੍ਰਦੇਸ" (6)




ਰਣਜੀਤ ਮਣੀ ਅੱਜ ਵੀ ਸਟਾਰ ਕਲਾਕਾਰ ਹੈ ਤੇ ਇੱਕ ਸਮੇਂ ਓਸ ਨੇ ਸਾਰੇ ਦਿੱਗਜ ਕਲਾਕਾਰ ਪਿੱਛੇ ਛੱਡ ਦਿੱਤੇ ਸਨ।ਮਣੀ ਜਿੱਥੇ ਫਿਲਮ ਕਰ ਰਹੇ ਨੇ "ਕਬੂਤਰਬਾਜ਼" ਫਿਲਮ ਵਿੱਚ ਆ ਰਹੇ ਨੇ ਓਥੇ ਓਹਨਾਂ ਦਾ ਗੀਤ "ਪ੍ਰਦੇਸ" ਆ ਰਿਹਾ ਹੈ ਜਿਹੜਾ ਰੋਮੀ ਮਿਊਜ਼ਿਕ ਯੂ ਕੇ ਦੀ ਪੇਸ਼ਕਸ਼ ਹੈ।ਮਨਦੀਪ ਦੇ ਲਿਖੇ ਇਸ ਗੀਤ ਦਾ ਮਿਊਜ਼ਿਕ ਆਰ ਮਣੀ ਦਾ ਹੈ।ਸੋਨੀ ਸੈਂਪਲਾ ਦੇ ਸਹਿਯੋਗ ਨਾਲ ਆ ਰਹੇ ਗੀਤ "ਪ੍ਰਦੇਸ" ਦਾ ਵੀਡਿਓ ਲਾਡੀ ਗਿੱਲ ਨੇ ਬਣਾ ਕਿ ਦਿੱਤਾ ਹੈ। ਅੱਜ ਦੇ ਪੰਜਾਬ ਦੀ ਕਹਾਣੀ ਇਹ ਗੀਤ ਕਮਲ ਮੇਹਟਾਂ ਦੀ ਪੇਸ਼ਕਸ਼ ਹੈ।

# ਬੋਲਦੇ ਨੇ ਚਿਹਰੇ ਕਿ ਪਰਮ ਸਿੱਧੂ ਨੇ ਇੱਕ ਦਿਨ ਮੁੰਬਈ ਤੁਰ ਜਾਣਾ ਏ ਤੇ ਸ਼ਾਹੀ ਦੀ ਬਣ ਜਾਏ ਸ਼ਾਹੀ ਗਾਇਕੀ

ਸੱਚ ਅੱਜ ਖ਼ਬਰਾਂ ਬੋਲ ਪਈਆਂ ਹਨ ਕਿ ਮਾਲਵੇ ਦੀ ਮਿੱਟੀ ਵਿੱਚ ਬੰਤ ਕੌਰ ਦੀ ਲਾਡਲੀ ਧੀ ਪਰਮ ਸਿੱਧੂ ਦੇ ਸਮਾਜਿਕ, ਕਲਾਤਮਕ ਕਾਰਜਾਂ ਦੀ ਖੁਸਬੂ ਆ ਰਹੀ ਹੈ। ਸੁਨਹਿਰੀ ਵਾਲ ਤੇ ਸੁਨਹਿਰੀ ਰੰਗ ਰੂਪ ਵਾਲੀ ਪਰਮ ਸਿੱਧੂ ਦੀ ਦਿੱਖ ਖਾਲਸ ਪੰਜਾਬਣ ਵਾਲੀ ਹੈ ਤੇ ਚਿਹਰਾ ਲਟ ਲਟ ਬਲਦਾ ਹੈ। ਪਰਮ ਸਿੱਧੂ ਨੇ "ਲੁਕਣ ਮੀਚੀ" ਤੇ "ਦੁੱਲਾ ਵੈਲੀ" ਫ਼ਿਲਮਜ਼ ਵਿੱਚ ਸ਼ਾਨਦਾਰ ਕੰਮ ਕੀਤਾ। ਪਰਮ ਸਿੱਧੂ ਨੂੰ ਜੇਕਰ ਰੁਪਿੰਦਰ ਰੂਪੀ, ਮੈਡਮ ਭੰਗੂ ਦੀ ਤਰਾਂ ਗ਼ਜ਼ਬ ਦਾ ਵੱਡਾ ਕਿਰਦਾਰ ਮਿਲ ਜਾਏ ਤਾਂ ਆਓਂਦੇ ਸਾਲ ਜੱਟੀ ਗਈ ਮੁੰਬਈ ਸਮਝੋ। ਜਰਨੈਲ ਸਿੰਘ ਨੂੰ ਮੁਬਾਰਕਾਂ ਕਿ ਮੋਤੀ ਦਾਨ ਕੀਤੇ ਹੋਣੇ ਸੂ ਕੈ ਪਰਮ ਪਿਆਰੀ ਪਰਮ ਮਿਲੀ। ਆਮੀਨ ਖ਼ਬਰ ਬੋਲਦੀ ਪਈ ਏ ਕਿ ਸ਼ਾਹੀ ਕੁਲਵਿੰਦਰ ਦੀ ਗਲੀ ਗਲੀ ਚਰਚਾ ਓਸ ਦੀ ਸਾਥਣ ਗਾਇਕਾ ਕੁਲਵੰਤ



ਕੌਰ ਕਰ ਕਿ ਹੋ ਰਹੀ ਹੈ ਕਿ ਕੁੜੀ ਦੀ ਆਵਾਜ਼ ਸ਼ਹਿਦ ਭਿੱਜੀ ਹੈ। ਇੰਸਟਾਗ੍ਰਾਮ ਤੇ ਸ਼ਾਹੀ ਕੁਲਵੰਤ ਦੇ ਚਰਚੇ ਅਰਥਾਤ ਗਾਇਕੀ ਦੇ ਹਨ।"ਦੋ ਪੈਗ" ਤੇ ਹੁਣ ਨਵੇਂ ਦੋਗਾਣੇ ਨੂੰ ਆਓਣ ਦਿਓ ਕਸਰਾਂ ਪੂਰੀਆਂ। ਸ਼ਾਹੀ ਕੁਲਵਿੰਦਰ ਨੂੰ ਇਸ ਵੇਲੇ ਅਮਰੀਕਾ ਵਾਲੇ ਰਾਜੀ ਸਾਬ ਦੀ ਲੋੜ ਏ ਜਿਹੜੇ ਯੂ ਕੇ,ਕਨੇਡਾ ਓਸ ਦੇ ਸ਼ੋ ਕਰਵਾ ਕਿ ਓਸ ਦੀ ਜ਼ਿੰਦਗੀ ਵੀ ਸ਼ਾਹੀ ਤੇ ਗਾਇਕੀ ਵੀ ਸ਼ਾਹੀ ਬਣਾ ਦੇਣ। ਗੱਲ ਮੁੱਕਦੀ ਤੇ ਢੁੱਕਦੀ ਇਹ ਕਿ ਪਰਮ ਸਿੱਧੂ ਨੂੰ ਮੌਕਾ ਮਿਲੇ ਤਾਂ ਹਿੰਦੀ ਫ਼ਿਲਮਾਂ ਤੱਕ ਜੱਟੀ ਦੱਸ ਦੇਵੇਗੀ ਕਿ ਬੂਰੀਆਂ ਮੱਝਾਂ ਦਾ ਦੁੱਧ ਪੀ ਕਿ ਜਵਾਨ ਹੋਈ ਹੈ ਜੱਟੀ ਤੇ ਸ਼ਾਹੀ ਕੁਲਵਿੰਦਰ ਨੂੰ ਇਸ ਸਮੇਂ ਚੰਗੇ ਸੰਗੀਤ ਪ੍ਰਮੋਟਰ ਰਾਜੀ ਯੂ ਐਸ ਏ ਜਿਹੇ ਦੀ ਜ਼ਰੂਰਤ ਹੀ ਸ਼ਾਹੀ ਕਲਾਕਾਰ ਬਣਾ ਸਕਦੀ ਹੈ।

– ਅੰਮ੍ਰਿਤ ਪਵਾਰ

# ਮਨਜੀਤ ਸਿੰਘ ਸਰਾਂ ਨੂੰ "ਏਸ਼ੀਅਨ ਕਲਚਰ ਸੋਸਾਇਟੀ ਨਿਊਯਾਰਕ" ਦਾ ਐਵਾਰਡ




ਫ਼ਤਹਿਗੜ੍ਹ ਕੋਰੋਟਣਾ ਦੇ ਮਨਜੀਤ ਸਿੰਘ ਸਰਾਂ ਦਾ ਨਾਮ ਪੰਜਾਬੀ ਫ਼ਿਲਮਾਂ ਦੇ ਨਿਰਮਾਤਾ ਤੇ ਨਿਰਦੇਸ਼ਕ ਵਜੋਂ ਸਫਲ ਰਿਹਾ ਹੈ ਤੇ ਨਾਲ ਹੀ 100 ਤੋਂ ਵੱਧ ਵੀਡਿਓ ਗੀਤਾਂ ਦੇ ਨਿਰਦੇਸ਼ਕ ਮਨਜੀਤ ਸਰਾਂ ਨੇ ਬਹੁਤ ਦੇਰ ਪੰਜਾਬ ਦੇ ਇੱਕ ਉੱਘੇ ਅਖ਼ਬਾਰ ਲਈ ਪਤਰਕਾਰੀ ਵੀ ਕੀਤੀ ਹੈ। ਇਥੇ ਹੀ ਬਸ ਨਹੀਂ ਮਨਜੀਤ ਸਿੰਘ ਨੇ ਜਲੰਧਰ ਦੂਰਦਰਸ਼ਨ ਲਈ ਸੀਰੀਅਲ ਵੀ ਬਣਾਏ ਤੇ ਰੰਗਾ ਰੰਗ ਪ੍ਰੋਗਰਾਮ ਵੀ ਚਲਾਏ ਹਨ।ਫ਼ਿਲਮ ਫੋਟੋਗ੍ਰਾਫੀ ਵਿੱਚ ਓਸ ਨੂੰ ਖਾਸ ਤਜ਼ਰਬਾ ਰਿਹਾ।ਕਿ ਕਹਿ ਸਕਦੇ ਹੋ ਕਿ ਓਲਡ ਇਸ ਗੋਲਡ ਹਨ ਮਨਜੀਤ ਸਿੰਘ ਸਰਾਂ। ਪਿਛੋਕੜ ਵਧੀਆ, ਸੰਘਰਸ਼ ਵਾਲਾ ਤੇ ਫਲ ਚੰਗਾ ਅੱਜ ਕਲ ਓਹ ਕਨੇਡਾ ਪਰਿਵਾਰ ਸਮੇਤ ਹਨ। ਰਾਜਨੀਤੀ ਦੇ ਨਾਲ ਪੰਜਾਬੀ ਸਿਨੇਮਾ ਤੇ ਓਹ ਲਿਖਦੇ ਰਹਿੰਦੇ ਹਨ। ਮਨਜੀਤ ਸਿੰਘ ਸਰਾਂ ਨੇਕ, ਸਾਫ ਦਿਲ ਨਿਰਮਾਤਾ ਨਿਰਦੇਸ਼ਕ ਰਹੇ ਹਨ। ਓਹਨਾਂ ਰਜਿੰਦਰ ਰੂਬੀ ਤੇ ਭੁਪਿੰਦਰ ਭਿੰਦੀ ਨੂੰ ਮੌਕਾ ਦਿੱਤਾ ਤੇ ਯੋਗਰਾਜ ਸਿੰਘ ਦਾ ਕਿਰਦਾਰ ਫ਼ਿਲਮ "ਕਬਜ਼ਾ" ਵਿੱਚ ਸ਼ਾਨਦਾਰ ਰਚਿਆ। ਸੁਖਜਿੰਦਰ ਸ਼ੇਰਾ ਸਵਰਗੀ ਦੀ ਫ਼ਿਲਮ "ਇਸ਼ਕੇ ਦਾ ਰੋਗ ਚੰਦਰਾ " ਓਹਨਾਂ ਕੀਤੀ। ਦੱਸਦੇ ਨੇ ਕਿ ਸ਼ੇਰਾ ਵਧੀਆ ਇਨਸਾਨ ਸੀ ਤੇ ਅਭਿਨੇਤਾ ਚਾਹੇ ਓਹ ਠੀਕ ਠਾਕ ਸੀ ਪਰ ਪੱਗ ਵਾਲਾ ਹੀਰੋ ਹੋਣ ਕਾਰਨ ਓਹ ਚਲਿਆ। ਹਾਂ ਸ਼ੇਰਾ ਕਦੇ ਕਦੇ "ਈਗੋ" ਦਾ ਸ਼ਿਕਾਰ ਹੁੰਦਾ ਰਿਹਾ। ਗੁੱਗੂ ਗਿੱਲ ਤੇ ਰਵਿੰਦਰ ਮਾਨ ਜਦ ਧਰਮਿੰਦਰ ਹੇਮਾ ਮਾਲਿਨੀ ਪੰਜਾਬ ਦੇ ਸਨ ਤੇ ਓਸ ਵੇਲੇ "ਵਾਰਿਸ" ਓਸ ਨੇ ਇਹਨਾਂ ਨਾਲ ਕੀਤੀ।ਕੁਲ ਮਿਲਾ ਕਿ ਚੋਟੀ ਦੇ ਸਿਤਾਰੇ ਮਨਜੀਤ ਸਿੰਘ ਸਰਾਂ ਨਾਲ ਕੰਮ ਕਰ ਚੁੱਕੇ ਹਨ।ਜਦ ਮਨਜੀਤ ਨੇ ਦਸਤਾਵੇਜ਼ੀ ਫ਼ਿਲ੍ਮ "ਗੁਰੂ ਮਾਨਿਓ ਗ੍ਰੰਥ" ਤਿਆਰ ਕੀਤੀ ਤਾਂ ਲੋਕਾਂ ਵਿੱਚ ਓਹਨਾਂ ਪ੍ਰਤੀ ਸ਼ਰਧਾ ਸਤਿਕਾਰ ਭਾਵਨਾ ਵਧ ਗਈ। 100 ਤੋਂ ਵੱਧ ਪੰਜਾਬੀ ਵੀਡਿਓ ਗੀਤ ਕਰਨੇ ਜ਼ਾਹਿਰ ਕਿ ਓਹਨਾਂ ਦਾ ਪੂਰਾ ਨਾਮ ਬਣ ਚੁੱਕਾ ਸੀ ਤੇ ਫਿਰ ਦੂਰਦਰਸ਼ਨ ਤੇ 32 ਕਿਸ਼ਤਾਂ ਦਾ "ਮਿੱਟੀ ਦਾ ਮੋਹ " ਬਣਾ ਕਿ ਵਾਹ ਵਾਹ ਖੱਟੀ। ਜਿਸ ਖੁਦ ਅੱਛੇ ਸਬਜੈਕਟ ਕੀਤੇ ਹੋਣ ਸਲਾਹ ਓਹੀ ਦਿੰਦਾ ਹੈ ਤੇ ਵਾਰ ਵਾਰ ਓਹ ਆਖਦੇ ਨੇ ਅਸੀਂ ਪੰਜਾਬੀ ਲੇਖਕਾਂ ਦੇ ਨਾਵਲ, ਕਹਾਣੀ ਤੇ ਸਾਹਿਤ ਨੂੰ ਵਿਸਾਰ ਕਿ ਤੁਚੀਆਂ ਜਿਹੀਆਂ ਹਾਸੇ ਵਾਲੀਆਂ ਫ਼ਿਲਮਜ਼ ਬਣਾ ਕਿ ਪੰਜਾਬੀ ਫ਼ਿਲਮਾਂ ਦਾ ਮਜ਼ਾਕ ਬਣਾ ਰਹੇ ਹਾਂ। ਹਾਂ "ਦਾਰੂ ਨਾਂ ਪੀਂਦਾ ਹੋਏ" "ਰਜਨੀ" ਅਜਿਹੀਆਂ ਫਿਲਮਾਂ ਤੇ "ਡਾਕੂਆਂ ਦਾ ਮੁੰਡਾ" ਕੁੱਝ ਹੱਦ ਤਕ ਤਸਦੀਕ ਕਿ ਤਸੱਲੀ ਏ ਪਰ ਮਨਜੀਤ ਆਖਦੇ ਨੇ ਕਿ ਅਜੇ ਪੰਜਾਬੀ ਫ਼ਿਲਮਾਂ ਬਹੁਤ ਪਿੱਛੇ ਹਨ। ਅਮਰ ਸਿੰਘ ਚਮਕੀਲਾ ਦਾ ਗੀਤ "ਕਬਜ਼ਾ" ਓਹਨਾਂ ਦੀ ਵਿੱਚ ਸੀ ਪਰ ਇਮਤਿਆਜ਼ ਅਲੀ ਨੂੰ ਓਹਨਾਂ ਨਾਲ ਸੰਪਰਕ ਕਰਨਾ ਚਾਹੀਦਾ ਸੀ। ਮਨਜੀਤ ਸਿੰਘ ਸਰਾਂ ਨੇ "ਸੁਰਮਾ ਪੰਜ ਰੱਤੀਆਂ" ਵਰਾਇਟੀ ਪ੍ਰੋਗਰਾਮ ਵੀ ਦੂਰਦਰਸ਼ਨ ਤੇ ਕਾਮਯਾਬੀ ਨਾਲ ਚਲਾ ਕਿ ਸਿੱਧ ਕੀਤਾ ਕਿ ਆਪ ਪ੍ਰਤਿਭਾ, ਸੰਬੰਧ ਤੇ ਕਲਾ ਹੋਏ ਤਾਂ ਕੁੱਝ ਮੁਸ਼ਕਿਲ ਨਹੀਂ। ਗੱਲ ਹੋਰ ਵੀ ਲੰਬੀ ਹੀ ਹੋ ਸਕਦੀ ਕਿ ਪੰਜਾਬੀ ਫ਼ਿਲਮਾਂ ਦੇ ਨਿਰਮਾਤਾ ਨੂੰ ਮੁੜ ਅਗਲੀ ਫ਼ਿਲ੍ਮ ਬਣਾਉਣ ਜੋਗਾ ਲੋਕ ਨਹੀਂ ਛੱਡ ਦੇ ਪਰ ਸਾਡਾ ਮਕਸਦ ਇਥੇ ਮਨਜੀਤ ਸਿੰਘ ਸਰਾਂ ਨਾਲ ਤੁਸਾਂ ਨੂੰ ਮਿਲਾਉਣ ਦਾ ਇਹ ਕਿ ਇੱਕ ਤਾਂ ਇਹ ਕਾਮਯਾਬ ਨਿਰਦੇਸ਼ਕ ਤੇ ਮੇਕਰ ਰਹੇ ਤੇ ਦੂਜਾ ਨਿੱਜੀ ਨਿਰਮਾਤਾ ਬਣ ਦੂਰਦਰਸ਼ਨ ਤੇ ਰਿਕਾਰਡ ਕਾਯਮ ਕੀਤਾ। ਅਗਲੀ ਗੱਲ ਕਿ ਆਪਣੀ ਨਵੀਂ ਪੀੜ੍ਹੀ ਨੂੰ ਕਨੇਡਾ ਵਿੱਚ ਸਥਾਪਿਤ ਕਰ ਰੋਟੀ ਕਮਾਉਣ ਦੇ ਪੰਜਾਬ ਵਿੱਚ ਹਲਾਤਾਂ ਤੋ ਬਚਾਇਆ। ਬਾਕੀ ਪੰਜਾਬੀ ਸੋਸ਼ਲ ਮੀਡੀਆ ਤੇ ਮਨਜੀਤ ਸਿੰਘ ਸਰਾਂ ਦੇ ਪੋਸਟ ਤੇ ਵਿਦੇਸ਼ ਦੀਆਂ ਪੰਜਾਬੀ ਅਖ਼ਬਾਰਾਂ ਵਿੱਚ ਖਾਸ ਫੀਚਰ ਵੀ ਕਾਬਲ ਏ ਤਰੀਫ ਹੁੰਦੇ ਨੇ ਤੇ ਇੱਕ ਦਿਨ ਓਹ ਮੁੜ ਪੰਜਾਬੀ ਫਿਲਮ ਨਿਰਦੇਸ਼ਤ ਕਰ ਸਕਦੇ ਹਨ, ਸ਼ੋਰਟ ਤੇ ਯੂਟਿਊਬ ਮੀਡੀਆ ਰਾਹੀਂ ਵੀ ਉਨ੍ਹਾਂ ਤੋਂ ਪੰਜਾਬੀ ਸੰਗੀਤ,ਫ਼ਿਲਮਜ਼ ਨੂੰ ਉਮੀਦਾਂ ਹਨ।

– ਅੰਮ੍ਰਿਤ ਪਵਾਰ

## 'ਸ਼ੌਂਕ ਨਾਲ ਗੀਤ ਗਾਉਂਦੇ'

ਵਿਗੜਿਆ ਹੋਇਆ ਦੇ ਸ਼ੌਂਕ ਨਾਲ ਗੀਤ ਗਾਉਂਦੇ,
ਕਹਿੰਦੇ "ਇਹਨਾਂ ਦਾ ਸੀ ਸੱਚਾ ਪਿਆਰ ਲੋਕੋ।"

ਕਿੱਸੇ ਲਿਖਕੇ 'ਵਾਰਿਸ ਸ਼ਾਹ' ਵਰਗਿਆਂ ਨੇ,
ਇਹਨਾਂ ਨੂੰ ਦਿੱਤਾ ਅਸਮਾਨੀ ਚਾੜ੍ਹ ਲੋਕੋ।

ਇਹਨਾਂ ਆਸ਼ਕੀ ਹਰਕਤਾਂ ਨੇ ਬੜੇ ਘਰ ਪੱਟੇ,
ਪਾਇਆ ਰਿਸ਼ਤਿਆਂ ਵਿੱਚ ਵਿਗਾੜ ਲੋਕੋ।

'ਵਿੱਦਿਆ ਮੰਦਰਾਂ' ਵਿੱਚ ਵੀ ਪੜ੍ਹਾਉਣ ਲੱਗੇ,
ਨਾ ਕੋਈ ਰੋਕਣ ਲਈ ਤਿਆਰ ਲੋਕੋ।

ਇਹਨਾਂ ਨੂੰ ਪੜ੍ਹਕੇ ਤੇ ਅਮਲ ਕਰਕੇ,
ਕੀ ਬਣੂ ਮੁੰਡਾ ਅਤੇ ਮੁਟਿਆਰ ਲੋਕੋ ?

'ਮੇਜਰ' ਨਾਲ਼ੇ ਐਸੇ ਸੱਚੇ ਆਸ਼ਕਾਂ ਨੂੰ,
ਕੋਈ ਚਾਹੁੰਦਾ ਨਾ ਵਿੱਚ ਪਰਿਵਾਰ ਲੋਕੋ।



**ਮੇਜਰ ਸਿੰਘ ਬੁਢਲਾਡਾ 94176 42327**

# NSB Insurance

# NIRMAL SINGH BADHAN

for Insurance Call:
NIRMAL SINGH BADHAN
707-228-2020



Lic #0144676

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

www.nsbinsures.com

1519 Gary CT., Rohnert Park, CA 94928

# RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

# Dil Nijjar REALTOR ®

CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004



Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd #
100 Sacramento, CA 95834

# Raja SWEETS & CATERING

AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets

# Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ




ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

# KASH FABRICS



ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138